# ਲਾਜ਼ਮੀ ਪੰਜਾਬੀ

## ਗਿਆਰ੍ਹਵੀਂ ਸ਼੍ਰੇਣੀ ਲਈ

M8H1S3

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2022-23 ............... 2,31,500 ਕਾਪੀਆਂ

All rights, including those of translation, reproduction and annotation etc., are reserved by the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ।(ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)

2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ-ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਦੀਪਕ ਆਰਟ ਪ੍ਰਿੰਟਰਜ਼, ਮਥੁਰਾ ਦੁਆਰਾ ਛਾਪੀ ਗਈ।

## ਦੋ ਸ਼ਬਦ

ਸਕੂਲੀ ਸਿੱਖਿਆ ਦੇ ਮਿਆਰੀਕਰਨ ਲਈ ਪੰਜਾਬ ਸਕੂਲ ਸਿੱਖਿਆ ਬੋਰਡ 1969 'ਚ ਹੋਂਦ ਵਿੱਚ ਆਇਆ। ਸੰਸਥਾ ਵੱਲੋਂ ਸਕੂਲ-ਸਿੱਖਿਆ ਦਾ ਪੱਧਰ ਉਚਿਆਉਣ ਦੀ ਜ਼ੁੰਮੇਵਾਰੀ ਨੂੰ ਨਿਭਾਉਂਦਿਆਂ ਸਮੇਂ-ਸਮੇਂ 'ਤੇ ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆਉਣ ਦਾ ਕਾਰਜ ਨਿਭਾਇਆ ਅਤੇ ਇਹਨਾਂ 'ਤੇ ਆਧਾਰਿਤ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕੀਤੇ ਗਏ।

ਇਸ ਸਿਲਸਿਲੇ ਅਧੀਨ ਪੀ.ਸੀ.ਐੱਫ. 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਸੈਕੰਡਰੀ ਸ਼੍ਰੇਣੀ ਦੀਆਂ ਪੰਜਾਬੀ ਵਿਸ਼ੇ ਦੇ ਨਵੇਂ ਪਾਠ-ਕ੍ਰਮ ਅਤੇ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਜੀਵਨ ਤੇ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਜਾਣਕਾਰੀ ਅਤੇ ਇਹਨਾਂ ਦਾ ਮਹੱਤਵ ਇਹਨਾਂ ਪਾਠ-ਪੁਸਤਕਾਂ ਦੀ ਸਾਂਝੀ ਸਿਫ਼ਤ ਹੈ।

ਗਿਆਰ੍ਹਵੀਂ ਸ਼੍ਰੇਣੀ ਦੀ 'ਲਾਜ਼ਮੀ ਪੰਜਾਬੀ-11' ਦੀ ਇਹ ਪਾਠ-ਪੁਸਤਕ ਐੱਨ.ਸੀ.ਐੱਫ 2005 ਅਤੇ ਪੀ.ਸੀ.ਐੱਫ. 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀ ਗਈ ਹੈ। ਇਹ ਪੰਜਾਬੀ ਪਾਠ-ਪੁਸਤਕ-11 (ਲਾਜ਼ਮੀ ਵਿਸ਼ਾ) ਦਾ ਸੋਧਿਆ ਅਤੇ ਨਵਿਆਇਆ ਰੂਪ ਹੈ।

ਪਾਠ-ਕ੍ਰਮ ਅਨੁਸਾਰ ਵਿਹਾਰਿਕ ਪੰਜਾਬੀ ਭਾਵ ਵਿਦਿਆਰਥੀਆਂ ਦੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਅਨੁਸਾਰ ਦਫ਼ਤਰੀ ਸ਼ਬਦਾਵਲੀ, ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ ਤੇ ਵਾਕਾਂ ਆਦਿ ਦਾ ਅੰਗਰੇਜ਼ੀ ਤੇ ਪੰਜਾਬੀ ਰੂਪ, ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਣਾ, ਖ਼ਬਰ-ਪੱਟੀ ਲਿਖਣੀ, ਇਸ਼ਤਿਹਾਰ ਅਤੇ ਸਮਾਗਮਾਂ ਲਈ ਸੱਦਾ-ਪੱਤਰ ਤਿਆਰ ਕਰਨਾ, ਪੈਰਾ-ਰਚਨਾ, ਨੀਤੀ-ਕਥਾਵਾਂ, ਦੰਤ-ਕਥਾਵਾਂ, ਪਰੀ-ਕਥਾਵਾਂ, ਪ੍ਰੀਤ-ਕਥਾਵਾਂ ਅਤੇ ਪੰਜਾਬੀ ਦੇ ਕਾਵਿ-ਰੂਪਾਂ ਅਧੀਨ ਚੋਣਵੇਂ ਲੋਕ-ਗੀਤ ਦਿੱਤੇ ਗਏ ਹਨ।

ਸਾਡਾ ਯਕੀਨ ਹੈ ਕਿ ਇਸ ਪਾਠ-ਪੁਸਤਕ ਦੀ ਸਮਗਰੀ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਦੀ ਪੂਰਤੀ ਕਰੇਗੀ ਅਤੇ ਉਹਨਾਂ ਦੇ ਮਾਨਸਿਕ ਦਿਸਹੱਦੇ ਨੂੰ ਵਿਸ਼ਾਲ ਕਰਨ ਵਿੱਚ ਸਹਾਈ ਹੋਵੇਗੀ। ਲੋਕ-ਸਾਹਿਤ ਦੀਆਂ ਵੰਨਗੀਆਂ ਉਹਨਾਂ ਨੂੰ ਆਪਣੇ ਵਿਰਸੇ ਨਾਲ਼ ਜੋੜਨਗੀਆਂ ਅਤੇ ਇਹਨਾਂ ਤੋਂ ਪ੍ਰੇਰਿਤ ਹੋ ਕੇ ਵਿਦਿਆਰਥੀ ਵਿਰਸੇ ਨੂੰ ਸੰਭਾਲ਼ਨ ਤੇ ਵਿਸਤਾਰਨ ਲਈ ਰੁਚਿਤ ਹੋਣਗੇ।

ਇਹ ਪਾਠ-ਪੁਸਤਕ ਉੱਪ-ਸਕੱਤਰ (ਅਕਾਦਮਿਕ), ਸ੍ਰੀਮਤੀ ਅਮਰਜੀਤ ਕੌਰ ਦਾਲਮ ਦੀ ਨਿਗਰਾਨੀ ਹੇਠ ਵਿਸ਼ਾ-ਮਾਹਰ ਸ੍ਰੀਮਤੀ ਪਰਮਿੰਦਰ ਕੌਰ ਵੱਲੋਂ ਤਿਆਰ ਕੀਤੀ ਗਈ ਹੈ। ਇਸ ਪਾਠ-ਪੁਸਤਕ ਨੂੰ ਬਿਹਤਰ

ਬਣਾਉਣ ਲਈ ਅਨੁਭਵੀ, ਵਿਦਵਾਨ ਅਧਿਆਪਕਾਂ ਨਾਲ਼ ਨਿਰੰਤਰ ਵਿਚਾਰ-ਵਟਾਂਦਰਾ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਡਾ. ਸਰਬਜੀਤ ਬੇਦੀ, ਡਾ. ਰਜਿੰਦਰ ਪਾਲ ਸਿੰਘ ਬਰਾੜ, ਡਾ. ਬਲਜੀਤ ਕੌਰ, ਡਾ. ਜਗੀਰ ਸਿੰਘ ਨੂਰ, ਡਾ. ਸਰਬਜੀਤ ਕੌਰ ਸੋਹਲ, ਸ੍ਰੀਮਤੀ ਗੁਰਿੰਦਰ ਕੌਰ, ਸ੍ਰੀ ਤਰਸੇਮ ਸਿੰਘ ਬੁੱਟਰ ਅਤੇ ਡਾ. ਪਰਮਜੀਤ ਕੌਰ ਨੇ ਸਹਿਯੋਗ ਦਿੱਤਾ। ਇਹ ਵਿਦਵਾਨ ਅਤੇ ਅਧਿਆਪਕ ਬੋਰਡ ਵੱਲੋਂ ਧੰਨਵਾਦ ਦੇ ਪਾਤਰ ਹਨ।

ਸੋਧੇ ਹੋਏ ਸੰਸਕਰਨ ਵਿੱਚ ਲੋੜ ਅਨੁਸਾਰ ਪਾਠ-ਸਮਗਰੀ ਨੂੰ ਵਧੇਰੇ ਸਪਸ਼ਟ ਅਤੇ ਤਰਕ-ਸੰਗਤ ਬਣਾਇਆ ਗਿਆ ਹੈ। ਪਾਠ-ਅਭਿਆਸਾਂ ਵਿੱਚ ਵੀ ਲੁੜੀਂਦੀ ਸੁਧਾਈ ਕੀਤੀ ਗਈ ਹੈ ਤਾਂਜੋ ਪਾਠ-ਸਮਗਰੀ ਨੂੰ ਚੰਗੇਰੀ ਤਰ੍ਹਾਂ ਸਮਝਣ ਵਿੱਚ ਸਹਾਈ ਹੋਣ ਦੇ ਨਾਲ਼-ਨਾਲ਼ ਪਰੀਖਿਆ ਦੀਆਂ ਲੋੜਾਂ ਨੂੰ ਵੀ ਪੂਰਾ ਕਰਨ।

ਇਸ ਸੋਧੇ ਸੰਸਕਰਨ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਲਾਭ ਹਿਤ ਪਾਠ-ਕ੍ਰਮ, ਅਗਵਾਈ-ਲੀਹਾਂ ਅਤੇ ਨਮੂਨੇ ਦੇ ਪ੍ਰਸ਼ਨ-ਪੱਤਰ ਸ਼ਾਮਲ ਕੀਤੇ ਗਏ ਹਨ।

ਇਸ ਪੁਸਤਕ ਨੂੰ ਹੋਰ ਚੰਗੇਰਾ ਤੇ ਵਿਹਾਰਿਕ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਦਾ ਸੁਆਗਤ ਕੀਤਾ ਜਾਵੇਗਾ।

ਚੇਅਰਮੈਨ

**ਪੰਜਾਬ ਸਕੂਲ ਸਿੱਖਿਆ ਬੋਰਡ**

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ**

# ਵਿਸ਼ਾ-ਸੂਚੀ


| ਕ੍ਰਮ | ਪਾਠ | | | ਪੰਨਾ ਨੰ. |
|---|---|---|---|---|
| (ੳ) | ਇਸ ਪਾਠ-ਪੁਸਤਕ ਨੂੰ ਪੜ੍ਹਾਉਣ ਸੰਬੰਧੀ | | | |

## ਪਹਿਲਾ ਭਾਗ

| | | | | |
|---|---|---|---|---|
| (ਅ) | ਅਧਿਆਇ | 1. | ਪੰਜਾਬੀ ਲੋਕ-ਸਾਹਿਤ | 1 |
| | | | ਸੁਹਾਗ | 2 |
| | | | ਘੋੜੀਆਂ | 12 |
| | | | ਸਿੱਠਣੀਆਂ | 21 |
| | | | ਟੱਪਾ | 25 |
| | | | ਬੋਲੀਆਂ (ਲੰਮੀਆਂ) | 29 |
| | | | ਢੋਲਾ | 39 |
| | | | ਮਾਹੀਆ | 46 |
| | | | ਬੁਝਾਰਤਾਂ | 50 |
| | | | ਮਿਥ-ਕਥਾਵਾਂ | 54 |
| | | | ਪਰੀ-ਕਥਾਵਾਂ | 60 |
| | | | ਨੀਤੀ-ਕਥਾਵਾਂ | 68 |
| | | | ਦੰਤ-ਕਥਾਵਾਂ | 71 |
| | | | ਪ੍ਰੀਤ-ਕਥਾਵਾਂ | 80 |

## ਦੂਜਾ ਭਾਗ

| | | | | |
|---|---|---|---|---|
| (ੲ) | ਅਧਿਆਇ | 2. | ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ | 84 |
| (ਸ) | ਅਧਿਆਇ | 3. | ਅਖ਼ਬਾਰ ਦੇ ਸੰਪਾਦਕ ਨੂੰ ਪੱਤਰ | 106 |
| (ਹ) | ਅਧਿਆਇ | 4. | ਇਸ਼ਤਿਹਾਰ/ਸੱਦਾ-ਪੱਤਰ | 127 |
| (ਕ) | ਅਧਿਆਇ | 5. | ਪੈਰਾ-ਰਚਨਾ | 141 |
| (ਖ) | ਅਧਿਆਇ | 6. | ਮੁਹਾਵਰੇ | 153 |

## ਇਸ ਪਾਠ-ਪੁਸਤਕ ਨੂੰ ਪੜ੍ਹਾਉਣ ਸੰਬੰਧੀ

ਇਸ ਪਾਠ-ਪੁਸਤਕ ਨੂੰ ਪੜ੍ਹਾਉਣ ਸੰਬੰਧੀ ਹੇਠਾਂ ਦਿੱਤੀਆਂ ਕੁਝ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਲਾਹੇਵੰਦ ਹੋ ਸਕਦਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਸ਼ੇ ਦੇ ਪਾਠ-ਕ੍ਰਮਾਂ ਨੂੰ ਇੱਕ ਵਿਕਾਸ-ਕ੍ਰਮ ਵਿੱਚ ਵੇਖਣਾ ਜ਼ਰੂਰੀ ਹੈ। ਪਹਿਲੀ ਸ਼੍ਰੇਣੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਸਾਰੇ ਪਾਠ-ਕ੍ਰਮਾਂ ਨੂੰ ਇੱਕ ਸਮੁੱਚਤਾ ਅਤੇ ਵਿਕਾਸ-ਲੜੀ ਵਿੱਚ ਵੇਖਣ ਨਾਲ਼ ਕਿਸੇ ਵੀ ਸ਼੍ਰੇਣੀ ਦੇ ਪਾਠ-ਕ੍ਰਮ ਜਾਂ ਉਸ ਦੇ ਕਿਸੇ ਅੰਸ਼ ਦੀ ਅਤੇ ਇਵੇਂ ਹੀ ਉਸ ਨਾਲ਼ ਸੰਬੰਧਿਤ ਪਾਠ-ਪੁਸਤਕ ਦੀ ਸਾਰਥਿਕਤਾ ਜ਼ਿਆਦਾ ਉੱਘੜਦੀ ਹੈ।

ਇਹ ਪਾਠ-ਪੁਸਤਕ ਲਾਜ਼ਮੀ ਪੰਜਾਬੀ ਵਿਸ਼ੇ ਦੀ ਹੈ। ਇਸ ਵਿੱਚ ਵਿਹਾਰਿਕ ਪੰਜਾਬੀ ਨਾਲ਼ ਸੰਬੰਧਿਤ ਪਾਠ-ਸਮਗਰੀ ਹੈ। ਇਸ ਤੋਂ ਇਲਾਵਾ ਪੰਜਾਬੀ ਲੋਕ-ਸਾਹਿਤ ਦੀ ਵੰਨਗੀ ਵੀ ਦਿੱਤੀ ਗਈ ਹੈ। ਪੰਜਾਬੀ ਸਾਹਿਤ ਨਾਲ਼ ਸੰਬੰਧਿਤ ਪੰਜਾਬੀ ਦੀ ਪੜ੍ਹਾਈ 'ਚੋਣਵਾਂ ਵਿਸ਼ਾ' ਪੰਜਾਬੀ ਦੇ ਘੇਰੇ ਵਿੱਚ ਰੱਖੀ ਗਈ ਹੈ।

ਪੰਜਾਬੀ ਲੋਕ-ਸਾਹਿਤ ਵਾਲ਼ੇ ਭਾਗ ਵਿੱਚ ਵੱਖ-ਵੱਖ ਵੰਨਗੀ ਦੀਆਂ ਕਥਾਵਾਂ ਅਤੇ ਪ੍ਰਮੁੱਖ ਕਾਵਿ-ਰੂਪਾਂ ਅਧੀਨ ਆਉਂਦੇ ਚੋਣਵੇਂ ਲੋਕ-ਗੀਤ ਦਿੱਤੇ ਗਏ ਹਨ। ਹਰ ਵੰਨਗੀ ਦੀ ਕਥਾ ਅਤੇ ਹਰ ਕਾਵਿ-ਰੂਪ ਬਾਰੇ ਸੰਖੇਪ ਵਿੱਚ ਦੱਸਿਆ ਗਿਆ ਹੈ। ਪਾਠ-ਕ੍ਰਮ ਵਿੱਚ ਕਥਾ-ਰੂਪਾਂ ਅਤੇ ਕਾਵਿ-ਰੂਪਾਂ ਬਾਰੇ ਸਿਧਾਂਤਿਕ ਜਾਣਕਾਰੀ ਇਸ ਪੱਧਰ ਉੱਤੇ ਲੁੜੀਂਦੀ ਨਹੀਂ ਹੁੰਦੀ, ਇਸ ਕਰਕੇ ਇਹ ਜਾਣਕਾਰੀ ਛੱਡ ਦਿੱਤੀ ਗਈ ਹੈ। ਇਸ ਪਾਠ-ਪੁਸਤਕ ਵਿੱਚ ਦਿੱਤੀ ਕਿਸੇ ਵੀ ਕਥਾ ਬਾਰੇ ਦਿੱਤੀ ਜਾਣਕਾਰੀ ਕੇਵਲ ਮੁਢਲੀ ਜਾਣਕਾਰੀ ਹੀ ਕਹੀ ਜਾ ਸਕਦੀ ਹੈ। ਨਿਸ਼ਚੇ ਹੀ, ਹਰ ਕਥਾ ਬਾਰੇ ਅਨੇਕ ਬਰੀਕ ਵੇਰਵੇ ਵੀ ਮਿਲ਼ਦੇ ਹਨ, ਨਾਲ਼ ਹੀ ਕਈ ਥਾਂਈਂ ਇਹਨਾਂ ਵੇਰਵਿਆਂ ਬਾਰੇ ਮੱਤ-ਭੇਦ ਵੀ ਮਿਲ਼ਦੇ ਹਨ ਪਰ ਕਿਸੇ ਕਥਾ ਬਾਰੇ ਵਿਸਤਾਰ ਵਿੱਚ ਦੱਸਣਾ ਇਸ ਪੱਧਰ ਉੱਤੇ ਜ਼ਰੂਰੀ ਨਹੀਂ ਹੈ। ਇਸ ਲਈ ਹਰ ਕਥਾ ਦੀ ਇੱਕ ਤਰ੍ਹਾਂ ਨਾਲ਼ ਰੂਪ-ਰੇਖਾ ਹੀ ਦਿੱਤੀ ਗਈ ਹੈ।

ਲੋਕ-ਗੀਤਾਂ ਦੀ ਚੋਣ ਬਾਰੇ ਵੀ ਕੁਝ ਕਹਿਣਾ ਜ਼ਰੂਰੀ ਹੈ। ਪਾਠ-ਕ੍ਰਮ ਵਿੱਚ ਲੋਕ-ਗੀਤ ਦੇ ਕੇਵਲ ਸੱਤ ਕਾਵਿ-ਰੂਪ ਰੱਖੇ ਗਏ ਹਨ। ਇਹ ਕਾਵਿ-ਰੂਪ ਦੀ ਵੰਨਗੀ ਮਾਤਰ ਹੀ ਦਿੱਤੀ ਗਈ ਹੈ। ਮਨੋਰਥ ਕੇਵਲ ਏਨਾ ਹੀ ਹੈ ਕਿ ਵਿਦਿਆਰਥੀ ਆਪਣੇ ਲੋਕ-ਸਾਹਿਤ ਦੇ ਵਿਰਸੇ ਦੀ ਹੋਂਦ ਤੋਂ ਚੇਤਨ ਹੋਵੇ ਅਤੇ ਪਾਠ-ਪੁਸਤਕ ਵਿੱਚ ਦਿੱਤੀਆਂ ਇਸ ਦੀਆਂ ਵੰਨਗੀਆਂ ਤੋਂ ਉਸ ਨੂੰ ਹੋਰ ਪੜ੍ਹਨ ਅਤੇ ਜਾਣਨ ਦੀ ਜਾਗ ਲੱਗੇ। ਪੰਜਾਬੀ ਦੇ ਇਸ ਮਹਾਨ ਵਿਰਸੇ ਬਾਰੇ ਕੋਈ ਇੱਕ, ਦੋ ਜਾਂ ਤਿੰਨ ਗ੍ਰੰਥ ਵੀ ਕੋਰਸ ਵਿੱਚ ਨਿਯਤ ਕਰਨੇ ਕਾਫ਼ੀ ਨਹੀਂ ਹੋਣਗੇ। ਸ੍ਵੈ-ਅਧਿਐਨ ਰਾਹੀਂ ਹੀ ਲੋਕ-ਸਾਹਿਤ ਦੇ ਅਮੁੱਕ ਭੰਡਾਰ ਤੱਕ ਪਹੁੰਚਿਆ ਜਾ ਸਕਦਾ ਹੈ। ਇਹੋ ਹੀ ਜੀਵਨ ਭਰ ਸਿੱਖਦੇ ਰਹਿਣ ਦਾ ਤਰੀਕਾ ਹੈ। ਲੋਕ-ਸਾਹਿਤ 'ਚ ਗਿਆਨ ਦਾ ਖ਼ਜ਼ਾਨਾ, ਬੁਝਾਰਤਾਂ, ਵਿਦਿਆਰਥੀਆਂ ਦੀ ਦਿਮਾਗ਼ੀ ਕਸਰਤ ਤੇ ਗਿਆਨ 'ਚ ਵਾਧਾ ਕਰਨ ਲਈ ਮੁਹੱਈਆ ਕੀਤਾ ਗਿਆ ਹੈ।

ਲੋਕ-ਸਾਹਿਤ ਨੂੰ ਪੜ੍ਹਦੇ ਹੋਏ ਜੇ ਵਿਦਿਆਰਥੀ ਇਸ ਦੇ ਸੁਹਜ ਨੂੰ ਮਾਣਨ ਤਾਂ ਸਮਝੋ ਉਦੇਸ਼-ਪੂਰਤੀ ਹੋ ਗਈ ਹੈ। ਲੋਕ-ਸਾਹਿਤ ਦੀ ਮੁਢਲੀ ਜਾਣਕਾਰੀ ਤੇ ਸਮਝ ਇਸ ਦੀ ਸਲਾਹੁਤਾ ਦੇ ਕਾਰਜ ਨੂੰ ਸੁਖਾਲ਼ਾ ਬਣਾ ਦਿੰਦੀ ਹੈ। ਏਨਾ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਲੋਕ-ਸਾਹਿਤ ਦੀ ਸਿਰਜਣਾ ਸਹਿਜੇ-ਸਹਿਜੇ ਅਨੇਕਾਂ ਪੀੜ੍ਹੀਆਂ ਨੇ ਕੀਤੀ ਹੈ। ਕੁਦਰਤੀ ਹੀ ਇਸ ਸਾਹਿਤ ਨੂੰ ਸਿਰਜਣ, ਸੁਆਰਨ ਤੇ ਨਿਖਾਰਨ ਵਾਲ਼ਿਆਂ ਦੇ ਅਨੁਭਵ, ਅਕਾਂਖਿਆਵਾਂ ਅਤੇ ਜੀਵਨ ਤੇ ਸੰਸਾਰ ਬਾਰੇ ਕਲਪਨਾ ਆਦਿ ਇਸ ਸਾਹਿਤ ਵਿੱਚ ਝਲਕਦੇ ਮਿਲ਼ਦੇ ਹਨ। ਮਿਥ-ਕਥਾਵਾਂ, ਪਰੀ-ਕਥਾਵਾਂ, ਦੰਤ-ਕਥਾਵਾਂ ਆਦਿ ਨੂੰ ਪੜ੍ਹਦਿਆਂ ਇਹਨਾਂ ਦੇ ਕਈ ਅੰਸ਼ ਅੱਜ ਸਾਨੂੰ ਬੇਸ਼ੱਕ ਓਪਰੇ ਲੱਗਣ ਪਰ ਇਹ ਪ੍ਰਾਚੀਨ ਸਮੇਂ ਤੋਂ ਹੀ ਸਾਰੇ ਲੋਕਾਂ ਦਾ ਸੱਚ ਰਹੇ ਹਨ। ਇਹਨਾਂ ਕਥਾਵਾਂ ਵਿੱਚ ਆਈ ਹਰ ਗੱਲ, ਖ਼ਾਸ ਅਰਥਾਂ ਦੀ ਧਾਰਨੀ ਹੈ। ਇਸ ਲਈ ਇਹਨਾਂ ਨੂੰ ਸਾਹਿਤਿਕ ਵਿਰਸੇ ਵਜੋਂ ਬੀਤੇ ਸਮੇਂ ਦੇ ਪ੍ਰਸੰਗ ਵਿੱਚ ਰੱਖ ਕੇ ਪੜ੍ਹਿਆ ਜਾਵੇ।

ਦਫ਼ਤਰੀ ਸ਼ਬਦਾਵਲੀ, ਤਕਨੀਕੀ ਸ਼ਬਦਾਵਲੀ ਅਤੇ ਬੈਂਕ, ਰੇਲਵੇ, ਡਾਕ, ਬੀਮਾ, ਕੰਪਿਊਟਰ ਆਦਿ ਸੇਵਾਵਾਂ ਨਾਲ਼ ਸੰਬੰਧਿਤ ਵਾਕਾਂ ਦੇ ਅੰਗਰੇਜ਼ੀ ਰੂਪ ਦੇ ਨਾਲ਼ ਪੰਜਾਬੀ ਰੂਪ ਦਿੱਤੇ ਗਏ ਹਨ। ਕਈ ਅੰਗਰੇਜ਼ੀ ਸ਼ਬਦਾਂ ਦੇ ਇੱਕ ਤੋਂ ਵਧੇਰੇ ਅਰਥ ਜਾਂ ਪੰਜਾਬੀ ਰੂਪ ਹੋ ਸਕਦੇ ਹਨ ਪਰ ਕਿਸੇ ਸ਼ਬਦ ਦਾ ਹਰ ਪੰਜਾਬੀ ਰੂਪ ਇਸ ਪਾਠ-ਪੁਸਤਕ ਵਿੱਚ ਦੇਣਾ ਪਾਠ-ਪੁਸਤਕ ਦੇ ਆਕਾਰ, ਸੀਮਾ ਅਤੇ ਪਰੀਖਿਆ ਪੱਖੋਂ ਸੰਭਵ ਨਹੀਂ ਸੀ। ਕਿਸੇ ਵੱਡ-ਆਕਾਰੀ ਕੋਸ਼ ਵਿੱਚ ਹੀ ਹਰ ਸ਼ਬਦ ਦੇ ਇੱਕ ਤੋਂ ਵੱਧ ਰੂਪਾਂਤਰਨ ਦਿੱਤੇ ਜਾ ਸਕਦੇ ਹਨ।

ਅਧਿਆਪਕ ਦੀ ਸਮਰੱਥਾ ਹੁੰਦੀ ਹੈ ਕਿ ਉਹ ਪਾਠ-ਪੁਸਤਕ ਦੀ ਸੀਮਾ ਤੋਂ ਕੁਝ ਬਾਹਰ ਜਾ ਸਕੇ। ਇਸ ਲਈ ਜਿੱਥੇ ਅਧਿਆਪਕ ਜ਼ਰੂਰੀ ਸਮਝੇ ਉਹ ਅੰਗਰੇਜ਼ੀ ਦੇ ਕਿਸੇ ਸ਼ਬਦ ਜਾਂ ਵਾਕ ਦਾ ਹੋਰ ਢੁਕਵਾਂ ਰੂਪਾਂਤਰਨ ਵੀ ਦੇ ਸਕਦਾ ਹੈ ਪਰ ਪਰੀਖਿਆ ਪੱਖੋਂ ਪਾਠ-ਪੁਸਤਕ ਵਿੱਚ ਦਿੱਤੇ ਰੂਪਾਂਤਰਨ ਨੂੰ ਗ੍ਰਹਿਣ ਕਰਨ ਲਈ ਵਿਦਿਆਰਥੀ ਨੂੰ ਅਗਵਾਈ ਦੇਣੀ ਬਣਦੀ ਹੈ।

ਇਸ ਪਾਠ-ਪੁਸਤਕ ਵਿੱਚ ਦਿੱਤੇ ਮੁਹਾਵਰੇ ਮੈਟ੍ਰਿਕ ਸ਼੍ਰੇਣੀਆਂ ਦੀ ਪੁਸਤਕ 'ਆਧੁਨਿਕ ਪੰਜਾਬੀ-ਵਿਆਕਰਨ ਤੇ ਲੇਖ-ਰਚਨਾ' ਵਿੱਚ ਦਿੱਤੇ ਮੁਹਾਵਰਿਆਂ ਤੋਂ ਵੱਖਰੇ ਹਨ। ਮੰਤਵ ਇਹ ਹੈ ਕਿ ਵਿਦਿਆਰਥੀ ਵੱਧ ਤੋਂ ਵੱਧ ਮੁਹਾਵਰਿਆਂ ਨੂੰ ਜਾਣੇ ਤੇ ਇਹਨਾਂ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ। ਪਾਠ-ਪੁਸਤਕ ਵਿੱਚ ਦਿੱਤੀ ਮੁਹਾਵਰਿਆਂ ਦੀ ਵਰਤੋਂ ਨੂੰ ਅੰਤਿਮ ਨਾ ਮੰਨ ਕੇ ਵਿਦਿਆਰਥੀ ਨੂੰ ਇਹਨਾਂ ਦੀ ਵੱਖਰੀ ਪਰ ਜਚਵੀਂ ਵਰਤੋਂ ਕਰਨ ਦਾ ਅਭਿਆਸ ਵੀ ਕਰਨਾ ਚਾਹੀਦਾ ਹੈ।

ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਅਤੇ ਪੈਰਾ-ਰਚਨਾ ਦੇ ਅਭਿਆਸ ਰਾਹੀਂ ਵਿਦਿਆਰਥੀ ਦੀ ਲੇਖ-ਰਚਨਾ ਦੀ ਕਰਤਾਰੀ ਸ਼ਕਤੀ ਨੂੰ ਵਿਕਸਿਤ ਕਰਨ ਵੱਲ ਰੁਝਾਨ ਹੋਣਾ ਚਾਹੀਦਾ ਹੈ। ਵਿਦਿਆਰਥੀ ਆਪਣੇ ਅਨੁਭਵ, ਸੋਚ ਤੇ ਕਲਪਨਾ-ਸ਼ਕਤੀ ਨਾਲ਼ ਜੋ ਪ੍ਰਗਟਾਅ ਵਿੱਚ ਕੁਝ ਵਖਰੇਵਾਂ ਵੀ ਵਿਖਾਉਂਦਾ ਹੈ ਤਾਂ ਇਸ ਨੂੰ ਉਸ ਦੀ ਪ੍ਰਤਿਭਾ ਦੀ ਪਛਾਣ ਵਜੋਂ ਹੀ ਮੰਨਿਆ ਜਾਣਾ ਚਾਹੀਦਾ ਹੈ। ਸਾਡਾ ਧਿਆਨ ਲੇਖ-ਰਚਨਾ ਦੇ ਬੁਨਿਆਦੀ ਅਸੂਲਾਂ, ਜਿਵੇਂ: ਸਰਲ ਅਤੇ ਸਪਸ਼ਟ ਰੂਪ ਵਿੱਚ ਆਪਣੀ ਗੱਲ, ਦਲੀਲ ਤੇ ਪ੍ਰਭਾਵਸ਼ਾਲੀ ਢੰਗ ਨਾਲ਼

ਕਹਿਣ ਦੀ ਪਾਲਣਾ ਕਰਵਾਉਣ ਵੱਲ ਹੋਣਾ ਚਾਹੀਦਾ ਹੈ,ਜਿਵੇਂ ਆਮ ਬੋਲ-ਚਾਲ ਵਿੱਚ ਸਲੀਕਾ ਰੱਖਣਾ ਜ਼ਰੂਰੀ ਹੁੰਦਾ ਹੈ,ਤਿਵੇਂ ਹੀ ਅਖ਼ਬਾਰ ਨੂੰ ਲਿਖੇ ਜਾਂਦੇ ਪੱਤਰ ਵਿੱਚ ਭਾਵ, ਸੰਜਮ ਤੇ ਪ੍ਰਗਟਾਅ ਵਿੱਚ ਸ਼ੀਲਤਾ ਤੇ ਸਲੀਕਾ ਰੱਖਣ ਦੀ ਲੋੜ ਹੁੰਦੀ ਹੈ।ਇਸ ਤਰ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਵਿਦਿਆਰਥੀ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਇਸ ਪਾਠ-ਪੁਸਤਕ ਦੀ ਪਾਠ-ਸਮਗਰੀ ਤੋਂ ਪੂਰਾ ਲਾਭ ਲੈ ਸਕੇ।

ਇਸ ਪਾਠ-ਪੁਸਤਕ ਵਿੱਚ ਕੁਝ ਸਿਰਲੇਖਵਾਰ ਇਸ਼ਤਿਹਾਰ ਸ਼ਾਮਲ ਕੀਤੇ ਗਏ ਹਨ। ਅਜਿਹੇ ਇਸ਼ਤਿਹਾਰ ਅਕਸਰ ਅਖ਼ਬਾਰਾਂ ਅਤੇ ਰਿਸਾਲਿਆਂ ਵਿੱਚ ਛਪਦੇ ਹਨ। ਇਹਨਾਂ ਵਿੱਚੋਂ ਕੁਝ ਇਸ਼ਤਿਹਾਰ ਨਿੱਜੀ ਅਤੇ ਕੁਝ ਕਾਰੋਬਾਰ ਦੇ ਵਾਧੇ ਨਾਲ਼ ਸੰਬੰਧਿਤ ਹਨ।ਵਿਦਿਆਰਥੀ-ਵਰਗ ਦਾ ਇਹਨਾਂ ਇਸ਼ਤਿਹਾਰਾਂ ਦੀ ਮਹੱਤਤਾ ਤੇ ਬਣਤਰ ਤੋਂ ਜਾਣੂ ਹੋਣਾ ਅਤਿ ਜ਼ਰੂਰੀ ਹੈ।

ਇਸ ਪਾਠ-ਪੁਸਤਕ ਵਿੱਚ ਵੱਖ-ਵੱਖ ਨਿੱਜੀ, ਸਰਕਾਰੀ ਤੇ ਸਮਾਜਿਕ ਸੱਦਾ-ਪੱਤਰ ਵੀ ਸ਼ਾਮਲ ਕੀਤੇ ਗਏ ਹਨ। ਇਹਨਾਂ ਵੱਖ-ਵੱਖ ਕਿਸਮਾਂ ਦੇ ਸੱਦਾ-ਪੱਤਰਾਂ ਨੂੰ ਲਿਖਣ ਦਾ ਵਿਦਿਆਰਥੀਆਂ ਨੂੰ ਅਭਿਆਸ ਕਰਨਾ ਚਾਹੀਦਾ ਹੈ।ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਇੰਨ-ਬਿੰਨ ਨਕਲ ਕਰਨ ਦੀ ਥਾਂ ਪਾਠ-ਪੁਸਤਕ ਦੀ ਮਦਦ ਲੈਂਦਿਆਂ ਹੋਇਆਂ ਇਸ਼ਤਿਹਾਰ ਤੇ ਸੱਦਾ-ਪੱਤਰ ਆਪਣੀ ਸ਼ਬਦਾਵਲੀ 'ਚ ਮੌਲਿਕਤਾ ਸਹਿਤ ਲਿਖਣ।

ਅੰਤ ਵਿੱਚ ਇਸ ਪਾਠ-ਪੁਸਤਕ ਨੂੰ ਪੰਜਾਬੀ ਦੀ ਦ੍ਰਿਸ਼ਟੀ ਦੇ ਇੱਕ ਸਾਧਨ ਵਜੋਂ ਵਰਤਦੇ ਹੋਏ ਪਾਠ-ਕ੍ਰਮ ਦੀ ਭਾਵਨਾ ਤੇ ਉਦੇਸ਼ਾਂ ਨੂੰ ਸਾਕਾਰ ਕੀਤਾ ਜਾ ਸਕਦਾ ਹੈ। ਇਹ ਠੀਕ ਹੈ ਕਿ ਵਿਦਿਆਰਥੀ ਦੇ ਸਾਮ੍ਹਣੇ ਇੱਕ ਮਨੋਰਥ ਪਰੀਖਿਆ ਪਾਸ ਕਰਨਾ ਹੁੰਦਾ ਹੈ ਅਤੇ ਉਹ ਪਾਠ-ਪੁਸਤਕ ਨੂੰ ਕੇਵਲ ਇਸੇ ਦ੍ਰਿਸ਼ਟੀ ਤੋਂ ਪੜ੍ਹਨ ਵੱਲ ਰੁਚਿਤ ਹੁੰਦਾ ਹੈ ਪਰ ਅਧਿਆਪਕ ਨੇ ਵਿਦਿਆਰਥੀ ਨੂੰ ਪੰਜਾਬੀ ਦੇ ਉਚੇਰੇ ਪੱਧਰ ਨੂੰ ਗ੍ਰਹਿਣ ਕਰਨ ਵੱਲ ਬਰਾਬਰ ਉਤਸ਼ਾਹਿਤ ਕਰਨਾ ਹੁੰਦਾ ਹੈ।ਇਸ ਪਾਠ-ਪੁਸਤਕ ਨੂੰ ਵੀ ਇਸੇ ਆਸ਼ੇ ਨਾਲ਼ ਪੜ੍ਹਾਇਆ ਜਾਣਾ ਚਾਹੀਦਾ ਹੈ।

ਪਰਮਿੰਦਰ ਕੌਰ
**ਵਿਸ਼ਾ-ਮਾਹਰ**
**(ਪੰਜਾਬੀ ਵਿਕਾਸ-ਕੇਂਦਰ)।**

# ਪਹਿਲਾ ਭਾਗ

## ਅਧਿਆਇ 1

## ਪੰਜਾਬੀ ਲੋਕ-ਸਾਹਿਤ

ਪੰਜਾਬੀ ਲੋਕ-ਸਾਹਿਤ ਪੰਜਾਬੀ ਸਾਹਿਤ ਦਾ ਮਹੱਤਵਪੂਰਨ ਅਤੇ ਨਿੱਗਰ ਭਾਗ ਹੈ। ਪੰਜਾਬੀ ਲੋਕ-ਸਾਹਿਤ ਦੀ ਅਸਲ ਅਤੇ ਵਡੇਰੀ ਪਰੰਪਰਾ ਮੌਖਿਕ ਹੈ। ਪਿਛਲੇ ਕੁਝ ਵਰ੍ਹਿਆਂ ਵਿੱਚ ਅੰਸ਼ਿਕ ਰੂਪ ਵਿੱਚ ਇਸ ਨੂੰ ਲਿਪੀਬੱਧ ਕਰਨ ਦੇ ਉਪਰਾਲੇ ਕੀਤੇ ਗਏ।

ਪੰਜਾਬੀ ਲੋਕ-ਸਾਹਿਤ ਵਿੱਚ ਲੋਕ-ਗੀਤ (ਸੁਹਾਗ, ਘੋੜੀਆਂ, ਸਿੱਠਣੀਆਂ, ਢੋਲੇ, ਟੱਪੇ, ਬੋਲੀਆਂ, ਮਾਹੀਏ, ਅਲਾਹੁਣੀਆਂ ਆਦਿ) ਲੋਕ-ਵਾਰਤਕ ਬਿਰਤਾਂਤ : (ਬਾਤਾਂ, ਸਾਖੀਆਂ, ਮਿਥ-ਕਥਾਵਾਂ, ਦੰਤ-ਕਥਾਵਾਂ, ਪਰੀ-ਕਥਾਵਾਂ, ਪ੍ਰੀਤ-ਕਥਾਵਾਂ ਆਦਿ) ਬੁਝਾਰਤਾਂ ਅਤੇ ਅਖਾਣ ਆਦਿ ਸ਼ਾਮਲ ਹਨ।

ਲੋਕ-ਸਾਹਿਤ ਹਮੇਸ਼ਾ ਵਿਸ਼ਿਸ਼ਟ ਸਾਹਿਤ* ਨੂੰ ਪ੍ਰੇਰਨਾ ਤੇ ਸ਼ਕਤੀ ਪ੍ਰਦਾਨ ਕਰਦਾ ਰਿਹਾ ਹੈ ਪਰ ਲੋਕ-ਸਾਹਿਤ ਦੀ ਵਡਿਆਈ ਇਸ ਵਿੱਚ ਝਲਕਦੇ ਸੱਭਿਆਚਾਰਿਕ ਰੰਗ ਕਾਰਨ ਹੁੰਦੀ ਹੈ। ਲੋਕ-ਸਾਹਿਤ ਲੋਕਾਂ ਦੀਆਂ ਸਮੂਹਿਕ ਰੀਝਾਂ, ਉਮੰਗਾਂ ਅਤੇ ਦੁੱਖਾਂ, ਗਮਾਂ, ਵਿਸ਼ਵਾਸਾਂ, ਧਾਰਨਾਵਾਂ, ਰਹੁ-ਰੀਤੀਆਂ ਅਤੇ ਰੂੜ੍ਹੀਆਂ ਆਦਿ ਨਾਲ਼ ਓਤ-ਪੋਤ ਹੁੰਦਾ ਹੈ।

ਲੋਕ-ਸਾਹਿਤ ਦੀ ਕਿਸੇ ਵੀ ਰਚਨਾ ਦਾ ਮੂਲ ਰੂਪ ਵਿੱਚ ਕੋਈ ਨਾ ਕੋਈ ਗੁਮਨਾਮ ਰਚਨਹਾਰ ਹੁੰਦਾ ਹੈ। ਉਹ ਰਚਨਾ ਲੋਕ-ਮਨਾਂ ਨੂੰ ਟੁੰਬਦੀ ਹੈ। ਫਿਰ ਜਿਉਂ-ਜਿਉਂ ਮੌਖਿਕ ਰੂਪ ਵਿੱਚ ਅੱਗੇ ਚੱਲਦੀ ਹੈ, ਇਸ ਵਿੱਚ ਘਾਟੇ-ਵਾਧੇ ਵੀ ਹੋਈ ਜਾਂਦੇ ਹਨ ਅਤੇ ਲੋਕ-ਮਨਾਂ ਅਨੁਸਾਰ ਇਸ ਦਾ ਤਰਾਸ਼ਿਆ ਤੇ ਸੁਆਰਿਆ ਰੂਪ ਵੀ ਬਣਦਾ ਰਹਿੰਦਾ ਹੈ।

ਅਜੋਕੇ ਸਮੇਂ ਵਿੱਚ ਲੋਕ-ਸਾਹਿਤ ਨੂੰ ਲਿਪੀਬੱਧ ਕੀਤਾ ਜਾਣਾ ਸ਼ੁਰੂ ਹੋਇਆ ਹੈ ਪਰ ਇਹ ਗੋੜ੍ਹੇ ਵਿੱਚੋਂ ਇੱਕ ਪੂਣੀ ਕੱਤਣ ਜਿਹੀ ਹੀ ਗੱਲ ਹੈ। ਬਹੁਤ ਸਾਰਾ ਸਾਡਾ ਪੰਜਾਬੀ ਲੋਕ-ਸਾਹਿਤ ਅਜੇ ਸਾਂਭਣ ਵਾਲ਼ਾ ਪਿਆ ਹੈ। ਇਹ ਸਾਡੀ ਭਾਸ਼ਾ ਅਤੇ ਸੱਭਿਆਚਾਰ ਦਾ ਅਮੀਰ ਖ਼ਜ਼ਾਨਾ ਹੈ।

ਇਸ ਪਾਠ-ਪੁਸਤਕ ਵਿੱਚ ਪੰਜਾਬੀ ਲੋਕ-ਸਾਹਿਤ ਦੀ ਵੰਨਗੀ ਵਜੋਂ ਦੋ ਮਿਥ-ਕਥਾਵਾਂ ਪ੍ਰਹਿਲਾਦ ਭਗਤ, ਨਲ-ਦਮਿਅੰਤੀ, ਦੋ ਪਰੀ-ਕਥਾਵਾਂ (ਸਬਜ਼ਪਰੀ, ਨੀਲ ਕਮਲ), ਇੱਕ ਨੀਤੀ-ਕਥਾ (ਲਾਲਸਾ ਦੀ ਚੱਕੀ), ਤਿੰਨ ਦੰਤ-ਕਥਾਵਾਂ (ਪੂਰਨ ਭਗਤ, ਰਾਜਾ ਰਸਾਲੂ, ਦੁੱਲਾ ਭੱਟੀ), ਦੋ ਪ੍ਰੀਤ-ਕਥਾਵਾਂ (ਹੀਰ-ਰਾਂਝਾ, ਮਿਰਜ਼ਾ -ਸਾਹਿਬਾਂ) ਅਤੇ ਕੁਝ ਚੋਣਵੇਂ ਲੋਕ-ਸਾਹਿਤ ਰੂਪ (ਸੁਹਾਗ, ਘੋੜੀਆਂ, ਸਿੱਠਣੀਆਂ, ਢੋਲੇ, ਟੱਪੇ, ਬੋਲੀਆਂ ਅਤੇ ਮਾਹੀਏ) ਦਿੱਤੇ ਗਏ ਹਨ। ਹਰ ਲੋਕ-ਸਾਹਿਤ ਦੀ ਵੰਨਗੀ ਤੋਂ ਪਹਿਲਾਂ ਉਸ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

*ਜਿਹੜੀ ਸਾਹਿਤ-ਰਚਨਾ ਦੇ ਲੇਖਕ ਦੀ ਪਛਾਣ ਹੋ ਸਕਦੀ ਹੈ,ਉਹ ਵਿਸ਼ਿਸ਼ਟ ਸਾਹਿਤ ਰਚਨਾ ਹੈ। ਉਦਾਹਰਨ ਵਜੋਂ ਭਾਈ ਗੁਰਦਾਸ ਦੀਆਂ ਵਾਰਾਂ, ਵਾਰਸ ਸ਼ਾਹ ਦੀ ਹੀਰ, ਨਾਨਕ ਸਿੰਘ ਦੇ ਨਾਵਲ, ਸੁਰਜੀਤ ਪਾਤਰ ਦੀਆਂ ਕਵਿਤਾਵਾਂ ਵਿਸ਼ਿਸ਼ਟ ਸਾਹਿਤ ਹਨ। ਇਹਨਾਂ ਦੇ ਮੁਕਾਬਲੇ ਇਸ ਪਾਠ-ਪੁਸਤਕ ਵਿੱਚ ਦਿੱਤੀਆਂ ਸਾਹਿਤਿਕ ਵੰਨਗੀਆਂ ਲੋਕ-ਸਾਹਿਤ ਹਨ।

# ਸੁਹਾਗ

ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਂਦੇ ਲੋਕ-ਗੀਤ 'ਸੁਹਾਗ' ਅਖਵਾਉਂਦੇ ਹਨ। ਇਹ ਲੋਕ-ਗੀਤ ਵਿਆਹੀ ਜਾਣ ਵਾਲ਼ੀ ਕੁੜੀ ਦੇ ਮਨੋਭਾਵਾਂ, ਵਿਆਹ ਦੀ ਕਾਮਨਾ, ਸੋਹਣੇ ਵਰ ਅਤੇ ਚੰਗੇ ਘਰ ਦੀ ਲੋਚਾ, ਪੇਕੇ ਤੇ ਸਹੁਰੇ ਘਰ ਨਾਲ਼ ਇੱਕ-ਰਸ ਵਿਆਹੁਤਾ ਜ਼ਿੰਦਗੀ ਦੀ ਕਲਪਨਾ, ਮਾਪਿਆਂ ਦਾ ਘਰ ਛੱਡੇ ਜਾਣ ਦਾ ਉਦਰੇਵਾਂ ਅਤੇ ਸੱਭਿਆਚਾਰਿਕ ਪ੍ਰਭਾਵਾਂ ਹੇਠ ਬੁਣੇ ਸੁਪਨਿਆਂ ਆਦਿ ਦੇ ਪ੍ਰਗਟਾਅ ਦਾ ਮਾਧਿਅਮ ਬਣਦੇ ਹਨ।

ਇਹਨਾਂ ਲੋਕ-ਗੀਤਾਂ ਵਿੱਚ ਵਿਆਹੀ ਜਾਣ ਵਾਲ਼ੀ ਕੁੜੀ ਦੇ ਪੇਕੇ ਪਰਿਵਾਰ ਦੇ ਜੀਆਂ ਨਾਲ਼ ਵਿਭਿੰਨ ਰਿਸ਼ਤੇ ਅਤੇ ਫਿਰ ਸਹੁਰੇ ਘਰ ਵਿੱਚ ਨਵੇਂ ਬਣੇ ਰਿਸ਼ਤੇ ਵਾਰ-ਵਾਰ ਆਏ ਹਨ। ਰਿਸ਼ਤਿਆਂ ਦੇ ਇਸ ਤਾਣੇ-ਬਾਣੇ ਵਿੱਚ ਕਿਤੇ ਨਿੱਘ ਹੈ, ਕਿਤੇ ਤਣਾਅ ਹੈ। ਇਹਨਾਂ ਵਿੱਚ ਹੀ ਸਮਾਜਿਕ ਤੇ ਆਰਥਿਕ ਪੱਖ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਅਸਰਦਾਰ ਹੁੰਦੇ ਦਿਸਦੇ ਹਨ।

ਵਿਆਹ ਵਿਅਕਤੀ ਦੀ ਸਮਾਜਿਕ ਜ਼ਿੰਦਗੀ ਦੀ ਮਹੱਤਵਪੂਰਨ ਘਟਨਾ ਹੁੰਦੀ ਹੈ। ਕੁੜੀ ਲਈ ਵਿਆਹ, ਲਾਡਾਂ-ਪਿਆਰਾਂ ਦੇ ਪੇਕੇ ਸੰਸਾਰ ਵਿੱਚੋਂ ਵਿਦਾ ਹੋ ਕੇ ਸਹੁਰੇ-ਘਰ ਦੇ ਅਣਦੇਖੇ ਨਵੇਂ ਸੰਸਾਰ ਵਿੱਚ ਪ੍ਰਵੇਸ਼ ਕਰਨ ਦੀ ਰੀਤ ਦਾ ਨਾਂ ਹੈ। ਪੇਕੇ-ਘਰ ਦੀ ਸੁਰੱਖਿਆ ਦੇ ਮੁਕਾਬਲੇ ਨਵੇਂ ਸਹੁਰੇ-ਘਰ ਦਾ ਓਪਰਾ ਤੇ ਅਨਜਾਣਿਆ ਮਾਹੌਲ ਹੁੰਦਾ ਹੈ ਜਿਸ ਪ੍ਰਤਿ ਕੁੜੀ ਦੇ ਮਨ ਵਿੱਚ ਕਈ ਪ੍ਰਕਾਰ ਦੇ ਸੰਸੇ ਹੁੰਦੇ ਹਨ। ਦੂਜੇ ਬੰਨੇ ਸਮਾਜਿਕ ਪ੍ਰਬੰਧ ਮੁਤਾਬਕ ਉਸ ਨੇ ਸਹੁਰੇ ਘਰ ਜਾਣਾ ਹੀ ਹੁੰਦਾ ਹੈ। ਬਾਲਗ਼ ਇਸਤਰੀ ਲਈ ਸਹੁਰਾ ਘਰ ਨਵੀਆਂ ਭੂਮਿਕਾਵਾਂ ਨਿਭਾਉਣ ਦੇ ਮੌਕੇ ਦਿੰਦਾ ਹੈ, ਇਸ ਲਈ ਉਸ ਦੇ ਮਨ ਵਿੱਚ ਚਾਵਾਂ ਦੇ ਭਾਵ ਵੀ ਰਲ਼ੇ ਹੁੰਦੇ ਹਨ।

ਜਿਹੜੇ ਸਮਾਜਿਕ ਵਾਤਾਵਾਰਨ ਵਿੱਚੋਂ ਸੁਹਾਗ ਦੇ ਇਹ ਲੋਕ-ਗੀਤ ਪੈਦਾ ਹੋਏ ਹਨ, ਉਸ ਵਿੱਚ ਕੁੜੀ ਦੇ ਵਿਆਹ ਦਾ ਨਿਰਨਾ ਬਾਬਲ ਕਰਦਾ ਹੈ। ਬਹੁਤੇ ਸੁਹਾਗ ਧੀ ਵੱਲੋਂ ਬਾਬਲ ਨੂੰ ਹੀ ਸੰਬੋਧਿਤ ਹੁੰਦੇ ਹਨ। ਬਾਬਲ ਲਈ ਧੀ ਦਾ ਵਿਆਹ ਇੱਕ ਅਜਿਹਾ ਕਾਰਜ ਹੁੰਦਾ ਹੈ ਜੋ 'ਧਰਮ' ਕਹਾਉਂਦਾ ਹੈ ਜਿਸ ਦੇ ਕਰਨ 'ਤੇ ਜਸ ਤੇ ਪੁੰਨ ਦੋਵੇਂ ਹੁੰਦੇ ਹਨ। ਦੂਜੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਕਾਰਜ ਲਈ ਸਾਂਝੇ ਪਰਿਵਾਰ ਦੇ ਸਾਰੇ ਮਰਦ-ਕੁੜੀ ਦੇ ਚਾਚੇ, ਤਾਏ, ਮਾਮੇ-ਨਾਨੇ ਅਤੇ ਨੇੜੇ ਦੇ ਰਿਸ਼ਤੇਦਾਰ ਆਦਿ ਨਾਲ਼ ਆ ਜੁੜਦੇ ਹਨ। ਇਸ ਤਰ੍ਹਾਂ ਇਹ ਕਾਰਜ ਪਰਿਵਾਰ ਦੇ ਸਾਕ-ਸੰਬੰਧੀਆਂ ਲਈ ਸਾਂਝੀ ਜ਼ੁੰਮੇਵਾਰੀ ਬਣਿਆ ਹੁੰਦਾ ਹੈ।

ਸੁਹਾਗ ਦੇ ਲੋਕ-ਗੀਤਾਂ ਵਿੱਚ ਧੀ ਲਈ ਬਾਬਲ ਰਾਜਾ ਹੈ, ਉਸ ਦਾ ਘਰ ਮਹਿਲ ਹੈ, ਬਾਹਰ ਬਾਗ਼ ਹੈ ਜਿਸ ਵਿੱਚ ਚੰਨਣ ਦੇ ਰੁੱਖ ਲੱਗੇ ਹੋਏ ਹਨ, ਤਲਾਅ ਹਨ ਤੇ ਚੰਬਾ ਖਿੜਦਾ ਹੈ। ਇਸ ਤਰ੍ਹਾਂ ਬਾਬਲ ਇੱਕ ਰਾਜੇ ਵਾਂਗ ਹੈ ਪਰ ਉਹ ਧੀ ਵਿਆਹੁੰਦਾ ਜਾਣੋ ਨਿਵ ਜਾਂਦਾ ਹੈ। ਧੀ ਦੇ ਪੇਕੇ ਪਰਿਵਾਰ ਤੋਂ ਵਿੱਛੜਨ ਦੀ ਘੜੀ ਬਹੁਤ ਭਾਵਕਤਾ ਵਾਲੀ ਹੁੰਦੀ ਹੈ ਤਦ ਉਸ ਦਾ ਬਾਬਲ ਹੀ ਨਹੀਂ ਸਗੋਂ ਸਾਰਾ ਪਰਿਵਾਰ ਤੇ ਸਾਕ-ਸੰਬੰਧੀ ਛਮ-ਛਮ ਰੋਂਦੇ ਹਨ।

ਸੁਹਾਗ ਦੇ ਗੀਤਾਂ ਨੂੰ ਕੁੜੀਆਂ ਅਤੇ ਇਸਤਰੀਆਂ ਰਲ਼ ਕੇ ਗਾਉਂਦੀਆਂ ਹਨ। ਗਾਉਣ ਦੀਆਂ ਲੋੜਾਂ ਅਨੁਸਾਰ ਇਹਨਾਂ ਵਿੱਚ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਦਾ ਦੁਹਰਾਅ ਹੁੰਦਾ ਹੈ। ਗਾਉਣ ਵਾਲ਼ੇ ਦੀ ਉਪਭਾਸ਼ਾ ਅਨੁਸਾਰ ਸ਼ਬਦਾਂ ਦਾ ਰੂਪ ਕੁਝ ਬਦਲ ਜਾਂਦਾ ਹੈ, ਜਿਵੇਂ : ਦਾਹੜੀ ਤੋਂ ਦਾਅੜੀ, ਦੇਵੀਂ ਤੋਂ ਦੇਈਂ, ਨਿਵਿਆਂ ਤੋਂ ਨਿਮਿਆਂ। ਇਸ ਤਰ੍ਹਾਂ ਰਸ ਦੀ ਲੋੜ ਅਨੁਸਾਰ ਸਾਡੜੇ, (ਸਾਡੇ), ਬੇਟੜੀ (ਬੇਟੀ), ਵੱਡੜਾ (ਵੱਡਾ), ਬਾਹਲੜੇ (ਬਹੁਤੇ), ਡੱਬੜੇ (ਡੱਬੇ), ਹੁੰਦੜੀ (ਹੁੰਦੀ) ਆਦਿ ਸ਼ਬਦ ਵਰਤੇ ਜਾਂਦੇ ਹਨ।

ਸੁਹਾਗ ਦੇ ਗੀਤ ਭਾਵ ਅਤੇ ਬਣਤਰ ਪੱਖੋਂ ਸਰਲ ਹਨ। ਇਹਨਾਂ ਵਿੱਚ ਦੁਹਰਾਅ ਹੈ। ਪ੍ਰਕਿਰਤੀ ਦੀਆਂ ਨਿਰਮਲ ਛੁਹਾਂ ਹਨ ਅਤੇ ਗਾਉਣ ਲਈ ਲੈਅ ਤੇ ਰਵਾਨੀ ਹੈ।

ਇਸ ਪਾਠ-ਪੁਸਤਕ ਲਈ ਵੰਨਗੀ ਵਜੋਂ ਪੰਜਾਬੀ ਦੇ ਅੱਠ ਸੁਹਾਗ ਚੁਣੇ ਗਏ ਹਨ।

1.

# ਚੜ੍ਹ ਚੁਬਾਰੇ ਸੁੱਤਿਆ

ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ।
ਤੂੰ ਸੁੱਤਾ ਲੋਕੀਂ ਜਾਗਦੇ, ਘਰ ਬੇਟੜੀ ਹੋਈ ਮੁਟਿਆਰ।
ਛੰਨਾ ਤਾਂ ਭਰਿਆ ਦੁੱਧ ਦਾ ਵਾਰੀ, ਨ੍ਹਾਵਣ ਚੱਲੀ ਆਂ ਤਲਾਅ।
ਮੈਲ਼ ਹੋਵੇ ਝੱਟ ਝੜ ਜਾਵੇ ਵਾਰੀ, ਰੂਪ ਨਾ ਝੜਿਆ ਜਾ।
ਮਾਂਏਂ ਨੀ ਸੁਣ ਮੇਰੀਏ ਵਾਰੀ, ਬਾਬਲ ਮੇਰੇ ਨੂੰ ਸਮਝਾ।
ਸਾਡੇ ਤਾਂ ਹਾਣ ਦੀਆਂ ਸਾਵਰੇ ਵਾਰੀ, ਸਾਡੜੇ ਮਨ ਵਿੱਚ ਚਾਅ।
ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ, ਮਾਈ ਨੇ ਦਰਿਆ ਚਲਾ।
ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ, ਭਾਬੋ ਦੇ ਮਨ ਵਿੱਚ ਚਾਅ।
ਚੜ੍ਹ ਚੁਬਾਰੇ ਸੁੱਤਿਆ ਚਾਚਾ, ਆਈ ਬਨੇਰੇ ਦੀ ਛਾਂ।
ਤੂੰ ਸੁੱਤਾ ਲੋਕੀਂ ਜਾਗਦੇ, ਘਰ ਭਤੀਜੀ ਹੋਈ ਮੁਟਿਆਰ।
ਛੰਨਾ ਤਾਂ ਭਰਿਆ ਦੁੱਧ ਦਾ ਵਾਰੀ, ਨ੍ਹਾਵਣ ਚੱਲੀ ਆਂ ਤਲਾਅ।
ਮੈਲ਼ ਹੋਵੇ ਝੱਟ ਝੜ ਜਾਵੇ ਵਾਰੀ, ਰੂਪ ਨਾ ਝੜਿਆ ਜਾ।
ਚਾਚੀ ਨੀ ਸੁਣ ਮੇਰੀਏ ਵਾਰੀ, ਚਾਚੇ ਮੇਰੇ ਨੂੰ ਸਮਝਾ।
ਸਾਡੇ ਤਾਂ ਹਾਣ ਦੀਆਂ ਸਾਵਰੇ ਵਾਰੀ, ਸਾਡੜੇ ਮਨ ਵਿੱਚ ਚਾਅ।
ਚਾਚੇ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ, ਚਾਚੀ ਨੇ ਦਰਿਆ ਚਲਾ।
ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ, ਭਾਬੋ ਦੇ ਮਨ ਵਿੱਚ ਚਾਅ।

❋ ❋ ❋

**ਸਾਵਰੇ**—ਸਹੁਰੇ ਘਰ। **ਮਾਈ**—ਮਾਂ। **ਬੇਟੜੀ**—ਬੇਟੀ। **ਸਾਡੜੇ**—ਸਾਡੇ। **ਛੰਨਾ**—ਇੱਕ ਬਰਤਨ ਦਾ ਨਾਂ।

2.

# ਬੇਟੀ, ਚੰਨਣ ਦੇ ਓਹਲੇ

ਬੇਟੀ, ਚੰਨਣ ਦੇ ਓਹਲੇ-ਓਹਲੇ ਕਿਉਂ ਖੜ੍ਹੀ ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਬਾਰ,
ਬਾਬਲ, ਵਰ ਲੋੜੀਏ।
ਬੇਟੀ, ਕਿਹੋ-ਜਿਹਾ ਵਰ ਲੋੜੀਏ ?
ਨੀ ਜਾਈਏ, ਕਿਹੋ-ਜਿਹਾ ਵਰ ਲੋੜੀਏ ?
ਬਾਬਲ, ਜਿਉਂ ਤਾਰਿਆਂ ਵਿੱਚੋਂ ਚੰਨ,
ਚੰਨਾਂ ਵਿੱਚੋਂ ਕਾਹਨ - ਕਨ੍ਹੱਈਆ ਵਰ ਲੋੜੀਏ।
ਬੇਟੀ ਚੰਨਣ ਦੇ ਓਹਲੇ-ਓਹਲੇ ਕਿਉਂ ਖੜ੍ਹੀ ?
ਮੈਂ ਤਾਂ ਖੜ੍ਹੀ ਸਾਂ ਮਾਮਾ ਜੀ ਦੇ ਬਾਰ,
ਮਾਮਾ, ਵਰ ਲੋੜੀਏ।
ਬੇਟੀ ਕਿਹਾ-ਜਿਹਾ ਵਰ ਲੋੜੀਏ ?
ਨੀ ਜਾਈਏ ਕਿਹਾ-ਜਿਹਾ ਵਰ ਲੋੜੀਏ ?
ਮਾਮਾ, ਜਿਉਂ ਤਾਰਿਆਂ ਵਿੱਚੋਂ ਚੰਨ,
ਚੰਨਾਂ ਵਿੱਚੋਂ ਕਾਹਨ-ਕਨ੍ਹੱਈਆ ਵਰ ਲੋੜੀਏ।

❋ ❋ ❋

ਚੰਨਣ—**ਚੰਦਨ ਦਾ ਰੁੱਖ।** ਬਾਬਲ—**ਪਿਤਾ, ਪਿਓ।** ਬਾਰ—**ਦਰਵਾਜ਼ਾ।** ਕਾਹਨ—**ਕਨ੍ਹੱਈਆ, ਕ੍ਰਿਸ਼ਨ ਜੀ।** ਜਾਈਏ—**ਧੀਏ।**

3.

# ਦੇਈਂ-ਦੇਈਂ ਵੇ ਬਾਬਲਾ

ਦੇਈਂ-ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਸੱਸ ਭਲੀ ਪ੍ਰਧਾਨ, ਸਹੁਰਾ ਸਰਦਾਰ ਹੋਵੇ।
ਡਾਹ ਪੀਹੜਾ ਬਹਿੰਦੀ ਸਾਮ੍ਹਣੇ,
ਵੇ ਮੱਥੇ ਕਦੇ ਨਾ ਪਾਂਦੀ ਵੱਟ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

ਦੇਈਂ-ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਸੱਸ ਦੇ ਬਾਹਲੜੇ ਪੁੱਤ, ਇੱਕ ਮੰਗੀਏ, ਇੱਕ ਵਿਆਹੀਏ।
ਵੇ ਮੈਂ ਸ਼ਾਦੀਆਂ ਵੇਖਾਂ ਨਿੱਤ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

ਦੇਈਂ-ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਬੂਰੀਆਂ ਝੋਟੀਆਂ ਸੱਠ।
ਇੱਕ ਰਿੜਕਾਂ ਇੱਕ ਜਮਾਇਸਾਂ,
ਵੇ ਮੇਰਾ ਚਾਟੀਆਂ ਦੇ ਵਿੱਚ ਹੱਥ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

ਦੇਈਂ-ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਦਰਜ਼ੀ ਸੀਵੇ ਪੱਟ।
ਇੱਕ ਪਾਵਾਂ, ਇੱਕ ਟੰਗਣੇ,
ਵੇ ਮੇਰਾ ਵਿੱਚ ਸੰਦੂਕਾਂ ਦੇ ਹੱਥ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

ਦੇਈਂ-ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਘਾੜ ਘੜੇ ਸੁਨਿਆਰ।
ਇੱਕ ਪਾਵਾਂ, ਦੂਜਾ ਡੱਬੜੇ,
ਵੇ ਮੇਰਾ ਡੱਬਿਆਂ ਦੇ ਵਿੱਚ ਹੱਥ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

❋ ❋ ❋

ਵੱਡੜਾ—**ਵੱਡਾ**। ਜਸ—**ਵਡਿਆਈ**। ਪੱਟ—**ਰੇਸ਼ਮ**। ਡੱਬੜੇ—**ਡੱਬੇ**।

4.

# ਅੱਸੂ ਦਾ ਕਾਜ ਰਚਾ

ਮੈਂ ਤੈਨੂੰ ਆਖਦੀ ਬਾਬਲਾ, ਮੇਰਾ ਅੱਸੂ ਦਾ ਕਾਜ ਰਚਾ ਵੇ ਹਾਂ।
ਅੰਨ ਨਾ ਤਰੱਕੇ ਕੋਠੜੀ, ਤੇਰਾ ਦਹੀਂ ਨਾ ਅਮਲਾ ਜਾ ਵੇ।
ਬਾਬਲ ਮੈਂ ਬੇਟੀ ਮੁਟਿਆਰ।
ਵੇ ਬਾਬਲ ਧਰਮੀ, ਮੈਂ ਬੇਟੀ ਮੁਟਿਆਰ।
ਅੰਦਰ ਛੜੀਏ, ਬਾਹਰ ਦਲ਼ੀਏ।
ਦਿੱਤਾ ਸੂ ਕਾਜ ਰਚਾ।
ਬਾਬਲ ਮੈਂ ਬੇਟੀ ਮੁਟਿਆਰ।
ਵੇ ਬਾਬਲ ਧਰਮੀ, ਮੈਂ ਬੇਟੀ ਮੁਟਿਆਰ।
ਬਾਬਲ ਮੇਰੇ ਦਾਜ ਬਹੁਤ ਦਿੱਤਾ।
ਮੋਤੀ ਦਿੱਤੇ ਅਨਤੋਲ।
ਬਾਬਲ ਮੈਂ ਬੇਟੀ ਮੁਟਿਆਰ।
ਵੇ ਬਾਬਲ ਧਰਮੀ, ਮੈਂ ਬੇਟੀ ਮੁਟਿਆਰ।
ਦਾਜ ਤੇ ਦਾਨ ਬਹੁਤ ਦਿੱਤਾ,
ਦਿੱਤੇ ਸੂ ਹਸਤ ਲਦਾ।
ਹਸਤਾਂ ਦੇ ਪੈਰੀਂ ਬਾਬਲ ਝਾਂਜਰਾਂ, ਛਣਕਾਰ ਪੈਂਦੀ ਜਾ।
ਓ ਬਾਬਲ ਮੈਂ ਬੇਟੀ ਪਰਨਾ।
ਓ ਬਾਬਲ ਧਰਮੀ, ਮੈਂ ਬੇਟੀ ਪਰਨਾ।

❋ ❋ ❋

ਕਾਜ—**ਵਿਆਹ ਦਾ ਕਾਰਜ।** ਤਰੱਕੇ—**ਖਰਾਬ ਹੋਵੇ।** ਅਨਤੋਲ—**ਬਿਨਾਂ ਤੋਲੇ ਭਾਵ ਬਹੁਤ ਸਾਰੇ।** ਹਸਤ—**ਹਾਥੀ।**

5.

# ਹਰੀਏ ਨੀ ਰਸ ਭਰੀਏ ਖਜੂਰੇ

ਹਰੀਏ ਨੀ ਰਸ ਭਰੀਏ ਖਜੂਰੇ,
ਕਿਨ ਦਿੱਤਾ ਐਡੀ ਦੂਰੇ।
ਬਾਬਲ ਮੇਰਾ ਦੇਸਾਂ ਦਾ ਰਾਜਾ,
ਓਸ ਦਿੱਤਾ ਐਡੀ ਦੂਰੇ।
ਮਾਤਾ ਮੇਰੀ ਮਹਿਲਾਂ ਦੀ ਰਾਣੀ,
ਦਾਜ ਦਿੱਤਾ ਗੱਡ ਪੂਰੇ।
ਹਰੀਏ ਨੀ ਰਸ ਭਰੀਏ ਖਜੂਰੇ,
ਕਿਨ ਦਿੱਤਾ ਐਡੀ ਦੂਰੇ।
ਚਾਚਾ ਮੇਰਾ ਦੇਸਾਂ ਦਾ ਰਾਜਾ,
ਓਸ ਦਿੱਤਾ ਐਡੀ ਦੂਰੇ।
ਚਾਚੀ ਮੇਰੀ ਮਹਿਲਾਂ ਦੀ ਰਾਣੀ,
ਦਾਜ ਦਿੱਤਾ ਗੱਡ ਪੂਰੇ।
ਹਰੀਏ ਨੀ ਰਸ ਭਰੀਏ ਖਜੂਰੇ,
ਕਿਨ ਦਿੱਤਾ ਐਡੀ ਦੂਰੇ।
ਮਾਮਾ ਮੇਰਾ ਦੇਸਾਂ ਦਾ ਰਾਜਾ,
ਓਸ ਦਿੱਤਾ ਐਡੀ ਦੂਰੇ।
ਮਾਮੀ ਮੇਰੀ ਮਹਿਲਾਂ ਦੀ ਰਾਣੀ,
ਦਾਜ ਦਿੱਤਾ ਗੱਡ ਪੂਰੇ।

ਗੱਡ ਪੂਰੇ—**ਗੱਡੇ ਭਰ ਕੇ (ਭਾਵ ਬਹੁਤ ਜ਼ਿਆਦਾ)।** ਕਿਨ—**ਕਿਸ ਨੇ।** ਰਸ ਭਰੀਏ ਖਜੂਰੇ — **ਵਿਆਹੁਲੀ ਜਵਾਨ ਕੁੜੀ ਲਈ ਵਰਤਿਆ ਗਿਆ ਹੈ।**

6.

# ਨਿਵੇ ਪਹਾੜਾਂ ਤੇ ਪਰਬਤ

ਨਿਵੇ ਪਹਾੜਾਂ ਤੇ ਪਰਬਤ, ਹੋਰ ਨਿਵਿਆ ਨਾ ਕੋਈ।
ਨਿਵਿਆ ਲਾਡੋ ਦਾ ਬਾਬਲ, ਜਿਨ੍ਹੇ ਬੇਟੀ ਵਿਆਹੀ।

ਤੂੰ ਕਿਉਂ ਰੋਇਆ ਬਾਬਲ ਜੀ, ਜੱਗ ਹੁੰਦੜੀ ਆਈ।
ਮੋਰਾਂ ਦੀਆਂ ਪੈਲਾਂ ਦੇਖ ਕੇ ਬਾਬਲ ਛਮ-ਛਮ ਰੋਇਆ।

ਤੂੰ ਕਿਉਂ ਰੋਇਆ ਬਾਬਲ ਜੀ, ਜੱਗ ਹੁੰਦੜੀ ਆਈ।
ਨਿਵੇ ਪਹਾੜਾਂ ਤੇ ਪਰਬਤ, ਹੋਰ ਨਿਵਿਆ ਨਾ ਕੋਈ।
ਨਿਵਿਆ ਲਾਡੋ ਦਾ ਤਾਇਆ, ਜਿਨ੍ਹੇ ਬੇਟੀ ਵਿਆਹੀ।

ਤੂੰ ਕਿਉਂ ਰੋਇਆ ਤਾਇਆ ਜੀ, ਜੱਗ ਹੁੰਦੜੀ ਆਈ।
ਮੋਰਾਂ ਦੀਆਂ ਪੈਲਾਂ ਦੇਖ ਕੇ, ਤਾਇਆ ਛਮ-ਛਮ ਰੋਇਆ।

ਤੂੰ ਕਿਉਂ ਰੋਇਆ ਵੇ ਤਾਇਆ, ਜੱਗ ਹੁੰਦੜੀ ਆਈ।
ਨਿਵੇ ਪਹਾੜਾਂ ਤੇ ਪਰਬਤ, ਹੋਰ ਨਿਵਿਆ ਨਾ ਕੋਈ।

ਵਿਆਹੀ — **ਵਿਆਹੀ** । ਹੁੰਦੜੀ — **ਹੁੰਦੀ** । ਲਾਡੋ — **ਲਾਡਲੀ ਧੀ** । ਜਿਨ੍ਹੇ — **ਜਿਸ ਨੇ** ।

## 7.

# ਸਾਡਾ ਚਿੜੀਆਂ ਦਾ ਚੰਬਾ

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ?

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ਼ਾ ਨਹੀਂ ਲੰਘਦਾ।
ਇੱਕ ਇੱਟ ਪੁਟਾ ਦੇਵਾਂ, ਧੀਏ ਘਰ ਜਾ ਆਪਣੇ।

ਤੇਰੇ ਬਾਗ਼ਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ਼ਾ ਨਹੀਂ ਲੰਘਦਾ।
ਇੱਕ ਟਾਹਲੀ ਪੁਟਾਂ ਦੇਵਾਂ, ਧੀਏ ਘਰ ਜਾ ਆਪਣੇ।

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਗੁੱਡੀਆਂ ਕੌਣ ਖੇਡੇ ?
ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਚਰਖਾ ਕੌਣ ਕੱਤੇ ?
ਮੇਰੀਆਂ ਕੱਤਣ ਪੋਤਰੀਆਂ, ਧੀਏ ਘਰ ਜਾ ਆਪਣੇ।

ਮੇਰਾ ਛੁੱਟਾ ਕਸੀਦਾ ਵੇ, ਬਾਬਲ ਦੱਸ ਕੌਣ ਕੱਢੇ ?
ਮੇਰੀਆਂ ਕੱਢਣ ਪੋਤਰੀਆਂ, ਧੀਏ ਘਰ ਜਾ ਆਪਣੇ।

❋ ❋ ❋

**ਚਿੜੀਆਂ ਦਾ ਚੰਬਾ** – ਚਿੜੀਆਂ ਦੀ ਡਾਰ ਭਾਵ ਕੁੜੀਆਂ ਦਾ ਝੁਰਮਟ।

8.

# ਨਿੱਕੀ ਜਿਹੀ ਸੂਈ ਵੱਟਵਾਂ ਧਾਗਾ

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ,
ਬੈਠ ਕਸੀਦਾ ਕੱਢ ਰਹੀ ਆਂ।
ਨਿੱਕੀ ਜਿਹੀ ਸੂਈ ਵੱਟਵਾਂ ਧਾਗਾ,
ਬੈਠ ਕਸੀਦਾ ਕੱਢ ਰਹੀ ਆਂ।
ਆਉਂਦੇ-ਜਾਂਦੇ ਰਾਹੀ ਪੁੱਛਦੇ ਮੈਨੂੰ,
ਤੂੰ ਕਿਉਂ ਬੀਬੀ ਰੋ ਰਹੀ ਆਂ ?
ਬਾਬਲ ਮੇਰੇ ਕਾਜ ਰਚਾਇਆ,
ਮੈਂ ਪਰਦੇਸਣ ਹੋ ਰਹੀ ਆਂ।

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ,
ਬੈਠ ਕਸੀਦਾ ਕੱਢ ਰਹੀ ਆਂ।
ਆਉਂਦੇ-ਜਾਂਦੇ ਰਾਹੀ ਮੈਨੂੰ ਪੁੱਛਦੇ,
ਤੂੰ ਕਿਉਂ ਬੀਬੀ ਰੋ ਰਹੀ ਆਂ ?
ਚਾਚੇ ਮੇਰੇ ਕਾਜ ਰਚਾਇਆ,
ਮੈਂ ਪਰਦੇਸਣ ਹੋ ਰਹੀ ਆਂ।

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ,
ਬੈਠ ਕਸੀਦਾ ਕੱਢ ਰਹੀ ਆਂ।
ਆਉਂਦੇ-ਜਾਂਦੇ ਰਾਹੀ ਮੈਨੂੰ ਪੁੱਛਦੇ,
ਤੂੰ ਕਿਉਂ ਬੀਬੀ ਰੋ ਰਹੀ ਆਂ ?
ਵੀਰੇ ਮੇਰੇ ਕਾਜ ਰਚਾਇਆ,
ਮੈਂ ਪਰਦੇਸਣ ਹੋ ਰਹੀ ਆਂ।

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ,
ਬੈਠ ਕਸੀਦਾ ਕੱਢ ਰਹੀ ਆਂ।
ਆਉਂਦੇ-ਜਾਂਦੇ ਰਾਹੀ ਮੈਨੂੰ ਪੁੱਛਦੇ,
ਤੂੰ ਕਿਉਂ ਬੀਬੀ ਰੋ ਰਹੀ ਆਂ ?
ਮਾਮੇ ਮੇਰੇ ਕਾਜ ਰਚਾਇਆ,
ਮੈਂ ਪਰਦੇਸਣ ਹੋ ਰਹੀ ਆਂ।

**ਵੱਟਵਾਂ**—ਵੱਟਿਆ ਹੋਇਆ। **ਕਸੀਦਾ**—ਕੱਪੜੇ 'ਤੇ ਸੂਈ ਨਾਲ ਬਰੀਕ ਕਢਾਈ। **ਕਾਜ**—ਕੰਮ, ਕਾਰਜ ('ਸੁਹਾਗ' ਗੀਤ ਅਨੁਸਾਰ ਵਿਆਹ)।

# ਅਭਿਆਸ

1. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ ਅਤੇ ਕਿਉਂ ?
2. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀਹਨੂੰ-ਕੀਹਨੂੰ ਸੰਬੋਧਨ ਕਰਦੀ ਹੈ ?
3. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ 'ਭਾਬੋ ਦੇ ਮਨ ਵਿੱਚ ਚਾਅ' ਕਿਉਂ ਹੈ ?
4. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਧੀ ਆਪਣੇ ਲਈ ਕਿਹੋ-ਜਿਹਾ ਵਰ ਚਾਹੁੰਦੀ ਹੈ ?
5. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਕਿਸ ਵਿਸ਼ੇ 'ਤੇ ਅਤੇ ਕਿਹੜੀਆਂ ਦੋ ਧਿਰਾਂ ਵਿਚਕਾਰ ਵਾਰਤਾਲਾਪ ਹੁੰਦੀ ਹੈ ?
6. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਧੀ ਚੰਦਨ ਦਾ ਓਹਲਾ ਕਿਉਂ ਤਕਾਉਂਦੀ ਹੈ ?
7. 'ਦੇਈਂ-ਦੇਈਂ ਵੇ ਬਾਬਲਾ' ਨਾਂ ਦੇ ਸੁਹਾਗ ਵਿੱਚ ਇੱਕ ਕੁੜੀ ਕਿਹੋ-ਜਿਹਾ ਸੱਸ-ਸਹੁਰਾ ਚਾਹੁੰਦੀ ਹੈ ?
8. 'ਦੇਈਂ-ਦੇਈਂ ਵੇ ਬਾਬਲਾ' ਸੁਹਾਗ ਵਿੱਚ ਕੁੜੀ ਦੀ ਇੱਕ ਖ਼ੁਸ਼ਹਾਲ ਘਰ ਬਾਰੇ ਕੀ ਕਲਪਨਾ ਹੈ ?
9. 'ਦੇਈਂ-ਦੇਈਂ ਵੇ ਬਾਬਲਾ' ਲੋਕ-ਗੀਤ ਵਿੱਚ ਧੀ ਹੇਠ ਲਿਖੀ ਤੁਕ ਮੁੜ-ਮੁੜ ਕਿਉਂ ਸੰਬੋਧਨ ਕਰਦੀ ਹੈ ?
   'ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।'
10. 'ਅੱਸੂ ਦਾ ਕਾਜ ਰਚਾ' ਲੋਕ-ਗੀਤ ਵਿੱਚ ਅੱਸੂ ਮਹੀਨੇ 'ਤੇ ਜ਼ੋਰ ਕਿਉਂ ਦਿੱਤਾ ਗਿਆ ਹੈ ?
11. 'ਅੱਸੂ ਦਾ ਕਾਜ ਰਚਾ' ਵਿੱਚ ਅੰਨ-ਦਹੀਂ ਦਾ ਜ਼ਿਕਰ ਕਿਸ ਪ੍ਰਸੰਗ ਵਿੱਚ ਹੈ ?
12. 'ਹਰੀਏ ਨੀ ਰਸ ਭਰੀਏ ਖਜੂਰੇ' ਲੋਕ-ਗੀਤ ਵਿੱਚ 'ਹਰੀ ਰਸ ਭਰੀ ਖਜੂਰ' ਕਿਸ ਨੂੰ ਕਿਹਾ ਗਿਆ ਹੈ ?
13. 'ਹਰੀਏ ਨੀ ਰਸ ਭਰੀਏ ਖਜੂਰੇ' ਵਿੱਚ ਕੁੜੀ ਦੇ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ ਤੇ ਉਹਨਾਂ ਵਿੱਚ ਵਖਰੇਵੇਂ ਕਿਵੇਂ ਕੀਤੇ ਗਏ ਹਨ ?
14. 'ਹਰੀਏ ਨੀ ਰਸ ਭਰੀਏ ਖਜੂਰੇ' ਵਿੱਚ ਕੁੜੀ ਦੇ ਵਿਰਲਾਪ ਅਤੇ ਢੇਰ ਸਾਰੇ ਦਾਜ ਦਾ ਟਾਕਰਾ ਕਿਉਂ ਪ੍ਰਗਟ ਹੋਇਆ ਹੈ ?
15. 'ਨਿਵੇ ਪਹਾੜਾਂ ਤੇ ਪਰਬਤ' ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਉਸ ਦੇ ਪੇਕੇ ਪਰਿਵਾਰ ਦੇ ਲੋਕ ਕਿਉਂ ਨਿਉਂਦੇ ਵਿਖਾਏ ਗਏ ਹਨ ?
16. 'ਨਿਵੇ ਪਹਾੜਾਂ ਤੇ ਪਰਬਤ' ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਡੋਲ ਰਹੇ ਪੇਕੇ ਪਰਿਵਾਰ ਵਾਲਿਆਂ ਨੂੰ ਕਿਹੜੇ-ਕਿਹੜੇ ਸ਼ਬਦਾਂ ਨਾਲ ਦਿਲਾਸਾ ਦਿੱਤਾ ਗਿਆ ਹੈ ?
17. 'ਨਿਵੇ ਪਹਾੜਾਂ ਤੇ ਪਰਬਤ' ਸੁਹਾਗ ਵਿੱਚ ਭਾਵਾਂ ਦੇ ਪ੍ਰਗਟਾਅ ਲਈ ਪ੍ਰਕਿਰਤਿਕ ਸੰਕੇਤ ਕਿਵੇਂ ਵਰਤੇ ਗਏ ਹਨ ?
18. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਵਿਆਹੀ ਗਈ ਧੀ ਦੇ ਪੇਕੇ-ਘਰ ਦੇ ਮੋਹ ਵਿੱਚੋਂ ਨਿਕਲ਼ਨ ਦੀ ਪੀੜਾ ਕਿਵੇਂ ਪ੍ਰਗਟਾਈ ਗਈ ਹੈ ?
19. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਆਪਣੀ ਵਿਆਹੀ ਗਈ ਧੀ ਦੇ ਪੇਕੇ-ਘਰ ਰਹਿਣ ਲਈ ਕੀਤੇ ਕਿਸੇ ਤਰਲੇ ਨੂੰ ਕਿਉਂ ਨਹੀਂ ਮੰਨ ਰਿਹਾ ?
20. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਧੀ ਆਪਣੇ ਬਾਬਲ ਦੇ ਘਰ ਨੂੰ ਵਡਿਆਉਂਦੀ ਹੈ, ਦੱਸੋ ਕਿਵੇਂ ?
21. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਕਹਿੰਦਾ ਹੈ, 'ਧੀਏ ਘਰ ਜਾ ਆਪਣੇ' ਅਤੇ ਧੀ ਕਹਿੰਦੀ ਹੈ, 'ਬਾਬਲ ਕਿਹੜੇ ਦੇਸ ਜਾਣਾ'। ਇਸ ਸੁਹਾਗ ਵਿੱਚ ਦੱਸੇ ਗਏ ਇਹਨਾਂ ਦੇ ਸੰਸਕਾਰਾਂ ਬਾਰੇ ਨੋਟ ਲਿਖੋ।
22. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਅਤੇ ਧੀ ਵੱਲੋਂ ਕੀਤੀ ਵਾਰਤਾਲਾਪ ਨੂੰ ਵਾਰਤਕ ਵਿੱਚ ਲਿਖੋ।
23. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਧੀ ਆਪਣੇ ਪੇਕੇ ਘਰੋਂ ਨਾ ਜਾਣ ਲਈ ਕਿਹੜੀਆਂ-ਕਿਹੜੀਆਂ ਦਲੀਲਾਂ ਦਿੰਦੀ ਹੈ ?
24. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਕਸੀਦਾ ਕੌਣ ਕੱਢ ਰਹੀ ਹੈ ?
25. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਧੀ ਦੇ ਰੋਣ ਦਾ ਕੀ ਕਾਰਨ ਹੈ ?
26. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ ?
27. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਵਿੱਚ ਕੌਣ ਪਰਦੇਸਣ ਹੋ ਰਹੀ ਹੈ ?

# ਘੋੜੀਆਂ

ਵਿਆਹ ਦੇ ਦਿਨਾਂ ਵਿੱਚ ਮੁੰਡੇ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲ਼ੇ ਲੋਕ-ਗੀਤ 'ਘੋੜੀਆਂ' ਅਖਵਾਉਂਦੇ ਹਨ। 'ਘੋੜੀ' ਲੋਕ-ਗੀਤ ਵਿੱਚ ਮੁੰਡੇ ਦੀ ਮਾਂ, ਭੈਣ ਤੇ ਹੋਰ ਨਜ਼ਦੀਕੀ ਰਿਸ਼ਤੇ ਦੀਆਂ ਇਸਤਰੀਆਂ ਵੱਲੋਂ ਮੁੰਡੇ ਦੇ ਖ਼ਾਨਦਾਨ ਦੀ ਵਡਿਆਈ ਤੇ ਵਿਆਹ ਦੇ ਰੂਪ ਵਿੱਚ ਇਸ ਖ਼ਾਨਦਾਨ ਦੇ ਜਲੌ ਦਾ ਵਰਨਣ ਹੁੰਦਾ ਹੈ। ਮੁੰਡੇ ਨਾਲ਼ ਉਸ ਦੇ ਮਾਪਿਆਂ ਤੇ ਸਾਕ-ਸੰਬੰਧੀਆਂ ਦੇ ਲੰਮੇ ਮੋਹ ਦਾ ਰਿਸ਼ਤਾ ਅਤੇ ਲੁਟਾਇਆ ਜਾਂਦਾ ਲਾਡ-ਪਿਆਰ ਦੱਸਿਆ ਹੁੰਦਾ ਹੈ, ਨਾਲ਼ ਹੀ ਉਸ ਦੇ ਭਵਿਖ ਬਾਰੇ ਸ਼ੁੱਭ ਕਾਮਨਾਵਾਂ ਪ੍ਰਗਟ ਕੀਤੀਆਂ ਹੁੰਦੀਆਂ ਹਨ।

'ਘੋੜੀਆਂ' ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਨੂੰ ਜਨਮ ਤੋਂ ਹੀ ਭਾਗਾਂ ਵਾਲ਼ਾ ਦੱਸਿਆ ਜਾਂਦਾ ਹੈ। ਉਸ ਦੇ ਜਨਮ 'ਤੇ ਸਾਰਿਆਂ ਵੱਲੋਂ ਕਿਵੇਂ ਖ਼ੁਸ਼ੀਆਂ ਮਨਾਈਆਂ ਗਈਆਂ, ਕਿਵੇਂ ਤੋਹਫ਼ੇ ਵੰਡੇ ਗਏ ਆਦਿ ਦਾ ਵਰਨਣ ਘੋੜੀਆਂ ਵਿੱਚ ਆਮ ਮਿਲਦਾ ਹੈ। ਮੁੰਡੇ ਦੇ ਪਰਿਵਾਰ ਦੀ ਆਰਥਿਕ ਖ਼ੁਸ਼ਹਾਲੀ ਅਤੇ ਉੱਚੇ ਸਮਾਜਿਕ ਰੁਤਬੇ ਦੀ ਵਡਿਆਈ ਵੀ ਕੀਤੀ ਜਾਂਦੀ ਹੈ। ਘੋੜੀ ਚੜ੍ਹਨ ਵੇਲ਼ੇ ਦੀ ਸ਼ਾਨ ਨੂੰ ਭਿੰਨ-ਭਿੰਨ ਤਰੀਕਿਆਂ ਨਾਲ਼ ਬਿਆਨਿਆ ਹੁੰਦਾ ਹੈ। ਮੁੰਡੇ ਦੇ ਬਸਤਰ, ਉਸ ਦਾ ਸਿਹਰਾ, ਇੱਥੋਂ ਤੱਕ ਕਿ ਉਸ ਦੀ ਜੁੱਤੀ ਦੀ ਮਹਿਮਾ ਵੀ ਰੱਜ ਕੇ ਕੀਤੀ ਜਾਂਦੀ ਹੈ। ਉਸ ਦੇ ਸਹੁਰੇ ਘਰ ਨੂੰ ਵੀ ਉੱਚਾ ਦੱਸਿਆ ਜਾਂਦਾ ਹੈ ਜਿਸ ਕਰ ਕੇ ਮੁੰਡਾ ਅਤੇ ਉਸ ਦੇ ਪਰਿਵਾਰ ਵਾਲ਼ੇ ਉਚੇਰੇ ਜਾਪਦੇ ਹਨ। ਵਿਆਹ ਕੇ ਲਿਆਂਦੀ ਜਾਣ ਵਾਲ਼ੀ ਕੁੜੀ ਦੀ ਸੁੰਦਰਤਾ ਤੇ ਉਸ ਦੇ ਗੁਣਾਂ ਦੀ ਵੀ ਤਾਰੀਫ਼ ਕੀਤੀ ਜਾਂਦੀ ਹੈ। ਘੋੜੀਆਂ ਵਿੱਚ ਹੋਰ ਨਿੱਕੇ-ਨਿੱਕੇ ਵੇਰਵੇ, ਉਦਾਹਰਨ ਵਜੋਂ : ਘੋੜੀ ਚੜ੍ਹਨ ਵੇਲ਼ੇ ਦੀਆਂ ਰਸਮਾਂ ਅਤੇ ਘੋੜੀ ਦੇ ਸ਼ਿੰਗਾਰ ਆਦਿ ਦੇ ਵੇਰਵੇ ਹੁੰਦੇ ਹਨ। ਸੁਹਾਗ ਵਾਂਗ ਘੋੜੀਆਂ ਵਿੱਚ ਵੀ ਸਾਰੀਆਂ ਰਿਸ਼ਤੇਦਾਰੀਆਂ ਦੇ ਪ੍ਰਸੰਗ ਵਿੱਚ ਘੋੜੀ ਚੜ੍ਹਨ ਦੀ ਰਸਮ ਦਾ ਵਰਨਣ ਹੁੰਦਾ ਹੈ।

'ਘੋੜੀਆਂ' ਨੂੰ ਵੀ ਇਸਤਰੀਆਂ ਰਲ਼ ਕੇ ਗਾਉਂਦੀਆਂ ਹਨ ਅਤੇ ਗਾਏ ਜਾਣ ਦੀ ਲੋੜ ਮੁਤਾਬਕ ਇਹਨਾਂ ਵਿੱਚ ਸ਼ਬਦਾਂ ਅਤੇ ਵਾਕਾਂਸ਼ਾਂ ਵਿੱਚ ਵਾਧੇ-ਘਾਟੇ ਹੁੰਦੇ ਰਹਿੰਦੇ ਹਨ। ਬਾਕੀ ਲੋਕ-ਗੀਤਾਂ ਵਾਂਗ ਘੋੜੀਆਂ ਵੀ ਹਰ ਖ਼ਿੱਤੇ ਦੀ ਆਪਣੀ ਬੋਲੀ ਵਿੱਚ ਹੁੰਦੀਆਂ ਹਨ।

ਸੁਹਾਗ ਵਾਂਗ ਘੋੜੀਆਂ ਵੀ ਭਾਵ ਅਤੇ ਬਣਤਰ ਪੱਖੋਂ ਸਰਲ ਹੁੰਦੀਆਂ ਹਨ। ਦੁਹਰਾਅ, ਪ੍ਰਕਿਰਤਿਕ ਛੁਹਾਂ, ਲੈਅ, ਰਵਾਨੀ ਆਦਿ ਘੋੜੀਆਂ ਦੇ ਹੋਰ ਲੱਛਣ ਹਨ।

ਇਸ ਪਾਠ-ਪੁਸਤਕ ਲਈ ਵੰਨਗੀ ਵਜੋਂ ਪੰਜ ਘੋੜੀਆਂ ਦੀ ਚੋਣ ਕੀਤੀ ਗਈ ਹੈ।

1.

# ਹਰਿਆ ਨੀ ਮਾਲਣ

ਹਰਿਆ ਨੀ ਮਾਲਣ, ਹਰਿਆ ਨੀ ਭੈਣੇ,
ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ,
ਸੋਈਓ ਦਿਹਾੜਾ ਭਾਗੀਂ ਭਰਿਆ।

ਜੰਮਦਾ ਤਾਂ ਹਰਿਆ ਪੱਟ ਲਪੇਟਿਆ,
ਕੁੱਛੜ ਦਿਓ ਨੀ ਮਾਈਆਂ।
ਨ੍ਹਾਤਾ ਤੇ ਧੋਤਾ ਹਰਿਆ ਪੱਟ ਲਪੇਟਿਆ,
ਕੁੱਛੜ ਦਿਓ ਸਕੀਆਂ ਭੈਣਾਂ।

ਕੀ ਕੁਝ ਮਿਲ਼ਿਆ ਦਾਈਆਂ ਤੇ ਮਾਈਆਂ,
ਕੀ ਕੁਝ ਮਿਲ਼ਿਆ ਸਕੀਆਂ ਭੈਣਾਂ।
ਪੰਜ ਰੁਪਏ ਏਨ੍ਹਾਂ ਦਾਈਆਂ ਤੇ ਮਾਈਆਂ,
ਪੱਟ ਦਾ ਤੇਵਰ ਸਕੀਆਂ ਭੈਣਾਂ।

ਪੁੱਛਦੀ-ਪੁਛਾਂਦੀ ਮਾਲਣ ਗਲ਼ੀ 'ਚ ਆਈ,
ਸ਼ਾਦੀ ਵਾਲ਼ਾ ਘਰ ਕਿਹੜਾ ?
ਉੱਚੜੇ ਤੰਬੂ ਮਾਲਣ ਸਬਜ਼ ਕਨਾਤਾਂ,
ਸ਼ਾਦੀ ਵਾਲ਼ਾ ਘਰ ਇਹੋ।
ਆ, ਮੇਰੀ ਮਾਲਣ, ਬੈਠ ਦਲ੍ਹੀਜੇ,
ਕਰ ਨੀ ਸਿਹਰੇ ਦਾ ਮੁੱਲ।

ਇੱਕ ਲੱਖ ਚੰਬਾ ਦੋ ਲੱਖ ਮਰੂਆ,
ਤ੍ਰੈ ਲੱਖ ਸਿਹਰੇ ਦਾ ਮੁੱਲ।
ਲੈ ਮੇਰੀ ਮਾਲਣ, ਬੰਨ੍ਹ ਨੀ ਸਿਹਰਾ,
ਬੰਨ੍ਹ ਨੀ ਲਾਲ ਜੀ ਦੇ ਮੱਥੇ।
ਹਰਿਆ ਨੀ ਮਾਲਣ, ਹਰਿਆ ਨੀ ਭੈਣੇ।
ਹਰਿਆ ਤੇ ਭਾਗੀਂ ਭਰਿਆ।

❋ ❋ ❋

**ਭਾਗੀਂ ਭਰਿਆ**—ਕਿਸਮਤ ਵਾਲਾ। **ਹਰਿਆ**—ਇਹ ਸ਼ਬਦ ਵਿਆਹ ਵਾਲੇ ਮੁੰਡੇ ਲਈ ਵਰਤਿਆ ਹੈ। **ਸ਼ਾਦੀ**—ਵਿਆਹ। **ਤੇਵਰ**—ਤੋਹਫ਼ੇ ਵਜੋਂ ਦਿੱਤੇ ਤਿੰਨ ਕੱਪੜੇ। **ਸਬਜ਼**—ਹਰਾ। **ਲਾਲ**—ਲਾਡਲਾ ਪੁੱਤਰ।

2.

# ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ

ਘੋੜੀ ਤੇਰੀ ਵੇ ਮੱਲਾ ਸੋਹਣੀ,
ਸੋਹਣੀ, ਸੋਂਹਦੀ ਕਾਠੀਆਂ ਦੇ ਨਾਲ਼,
ਕਾਠੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਸੁਰਜਣਾ, ਵਿੱਚ-ਵਿੱਚ ਬਾਗ਼ਾਂ ਦੇ ਤੁਸੀਂ ਆਇਓ,
ਚੋਟ ਨਗਾਰਿਆਂ 'ਤੇ ਲਾਇਓ,
ਖਾਣਾ ਰਾਜਿਆਂ ਦੇ ਖਾਇਓ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਛੈਲ ਨਵਾਬਾਂ ਦੇ ਘਰ ਢੁੱਕਣਾ,
ਢੁੱਕਣਾ, ਉਮਰਾਵਾਂ ਦੀ ਤੇਰੀ ਚਾਲ,
ਵਿੱਚ ਸਰਦਾਰਾਂ ਦੇ ਤੇਰਾ ਬੈਠਣਾ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਚੀਰਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਕਲਗੀਆਂ ਦੇ ਨਾਲ਼,
ਕਲਗੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆਂ ਸੁਰਜਣਾ।

ਕੈਂਠਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਜੁਗਨੀਆਂ ਦੇ ਨਾਲ਼,
ਜੁਗਨੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਜਾਮਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਤਣੀਆਂ ਨਾਲ਼,
ਤਣੀਆਂ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਸੁਰਜਣਾ, ਵਿੱਚ-ਵਿੱਚ ਬਾਗ਼ਾਂ ਦੇ ਤੁਸੀਂ ਆਇਓ,
ਚੋਟ ਨਗਾਰਿਆਂ 'ਤੇ ਲਾਇਓ,
ਖਾਣਾ ਰਾਜਿਆਂ ਦੇ ਖਾਇਓ,
ਧੀ ਸਰਦਾਰਾਂ ਦੀ ਵਿਆਹ ਲਿਆਇਓ,
ਛੈਲ ਨਵਾਬਾਂ ਦੇ ਘਰ ਢੁੱਕਣਾ।

**ਉਮਰਾਵ**—ਅਮੀਰ, ਸਰਦਾਰ। **ਚੀਰਾ**—ਸਿਰ 'ਤੇ ਬੰਨ੍ਹਿਆ ਜਾਣ ਵਾਲ਼ਾ ਖ਼ਾਸ ਤਰ੍ਹਾਂ ਦਾ ਬਸਤਰ, ਪੱਗ। **ਸੁਰਜਣਾ**—ਪੁੱਤਰ ਲਈ ਸੰਬੋਧਨ ਕੀਤਾ ਗਿਆ ਸ਼ਬਦ। **ਛੈਲ**—ਸੁੰਦਰ ਜਵਾਨ ਪੁਰਖ। **ਜੁਗਨੀ**—ਇੱਕ ਗਹਿਣਾ। **ਜਾਮਾ**—ਕੁੜਤਾ। **ਨਗਾਰਾ**—ਦਮਾਮਾ, ਧੌਂਸਾ।

3.

# ਮੱਥੇ 'ਤੇ ਚਮਕਣ ਵਾਲ਼

ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।
ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

ਆ ਵੇ ਬੰਨਾ, ਬੰਨ੍ਹ ਸ਼ਗਨਾਂ ਦਾ ਗਾਨਾ।
ਆ ਵੇ ਬੰਨਾ, ਬੰਨ੍ਹ ਸ਼ਗਨਾਂ ਦਾ ਗਾਨਾ।

ਗਾਨੇ ਦੇ ਫੁੰਮਣ ਚਾਰ, ਮੇਰੇ ਬੰਨੜੇ ਦੇ,
ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

ਆ ਵੇ ਬੰਨਾ, ਲਾ ਸ਼ਗਨਾਂ ਦੀ ਮਹਿੰਦੀ।
ਆ ਵੇ ਬੰਨਾ, ਲਾ ਸ਼ਗਨਾਂ ਦੀ ਮਹਿੰਦੀ।

ਮਹਿੰਦੀ ਦਾ ਰੰਗ ਸੂਹਾ ਲਾਲ, ਮੇਰੇ ਬੰਨੜੇ ਦੇ।
ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

ਆ ਵੇ ਬੰਨਾ, ਬੰਨ੍ਹ ਸ਼ਗਨਾਂ ਦਾ ਸਿਹਰਾ।
ਆ ਵੇ ਬੰਨਾ, ਬੰਨ੍ਹ ਸ਼ਗਨਾਂ ਦਾ ਸਿਹਰਾ।

ਸਿਹਰੇ ਦੀਆਂ ਲੜੀਆਂ ਚਾਰ, ਮੇਰੇ ਬੰਨੜੇ ਦੇ।
ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

ਆ ਵੇ ਬੰਨਾ, ਚੜ੍ਹ ਸ਼ਗਨਾਂ ਦੀ ਘੋੜੀ।
ਆ ਵੇ ਬੰਨਾ, ਚੜ੍ਹ ਸ਼ਗਨਾਂ ਦੀ ਘੋੜੀ।

ਜੋੜੀ ਭਰਾਵਾਂ ਦੀ ਨਾਲ਼, ਮੇਰੇ ਬੰਨੜੇ ਦੇ।
ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

ਆ ਵੇ ਬੰਨਾ, ਲੈ ਸ਼ਗਨਾਂ ਦੀਆਂ ਲਾਂਵਾਂ।
ਆ ਵੇ ਬੰਨਾ, ਲੈ ਸ਼ਗਨਾਂ ਦੀਆਂ ਲਾਂਵਾਂ।

ਨਿੱਕੀ ਜਿਹੀ ਬੰਨੋ ਤੇਰੇ ਨਾਲ਼, ਮੇਰੇ ਬੰਨੜੇ ਦੇ।
ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

ਆ ਵੇ ਬੰਨਾ, ਲਿਆ ਸ਼ਗਨਾਂ ਦਾ ਡੋਲ਼ਾ।
ਆ ਵੇ ਬੰਨਾ, ਲਿਆ ਸ਼ਗਨਾਂ ਦਾ ਡੋਲ਼ਾ।

ਮਾਂ ਨੇ ਪਾਣੀ ਪੀਤਾ ਵਾਰ, ਮੇਰੇ ਬੰਨੜੇ ਦੇ।
ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

❋ ❋ ❋

ਬੰਨੜੇ—ਲਾੜਾ, ਵਿਆਹ ਵਾਲਾ ਮੁੰਡਾ। ਬੰਨੋ—ਲਾੜੀ, ਵਿਆਹੁਲੀ ਕੁੜੀ।

4.

# ਨਿੱਕੀ-ਨਿੱਕੀ ਬੂੰਦੀ

ਨਿੱਕੀ-ਨਿੱਕੀ ਬੂੰਦੀ
ਵੇ ਨਿੱਕਿਆ, ਮੀਂਹ ਵੇ ਵਰ੍ਹੇ।
ਵੇ ਨਿੱਕਿਆ, ਮਾਂ ਵੇ ਸੁਹਾਗਣ
ਤੇਰੇ ਸ਼ਗਨ ਕਰੇ।

ਮਾਂ ਵੇ ਸੁਹਾਗਣ
ਤੇਰੇ ਸ਼ਗਨ ਕਰੇ।
ਵੇ ਨਿੱਕਿਆ, ਦੰਮਾਂ ਦੀ ਬੋਰੀ
ਤੇਰਾ ਬਾਬਾ ਫੜੇ।

ਦੰਮਾਂ ਦੀ ਬੋਰੀ
ਤੇਰਾ ਬਾਬਾ ਵੇ ਫੜੇ।
ਵੇ ਨਿੱਕਿਆ, ਹਾਥੀਆਂ ਦਾ ਸੰਗਲ਼
ਤੇਰਾ ਬਾਪ ਫੜੇ।

ਹਾਥੀਆਂ ਦਾ ਸੰਗਲ਼
ਤੇਰਾ ਬਾਪ ਫੜੇ।
ਵੇ ਨਿੱਕਿਆ, ਨੀਲੀ ਵੇ ਘੋੜੀ
ਮੇਰਾ ਨਿੱਕੜਾ ਚੜ੍ਹੇ।

ਨੀਲੀ-ਨੀਲੀ ਵੇ ਘੋੜੀ
ਮੇਰਾ ਨਿੱਕੜਾ ਚੜ੍ਹੇ।
ਵੇ ਨਿੱਕਿਆ, ਭੈਣ ਵੇ ਸੁਹਾਗਣ
ਤੇਰੀ ਵਾਗ ਫੜੇ।

ਭੈਣ ਵੇ ਸੁਹਾਗਣ
ਤੇਰੀ ਵਾਗ ਫੜੇ।
ਵੇ ਨਿੱਕਿਆ, ਪੀਲ਼ੀ-ਪੀਲ਼ੀ ਦਾਲ਼
ਤੇਰੀ ਘੋੜੀ ਚਰੇ।

ਪੀਲ਼ੀ-ਪੀਲ਼ੀ ਦਾਲ਼
ਤੇਰੀ ਘੋੜੀ ਚਰੇ।
ਵੇ ਨਿੱਕਿਆ, ਭਾਬੀ ਵੇ ਸੁਹਾਗਣ
ਤੈਨੂੰ ਸੁਰਮਾ ਪਾਵੇ।

ਭਾਬੀ ਵੇ ਸੁਹਾਗਣ
ਤੈਨੂੰ ਸੁਰਮਾ ਪਾਵੇ।
ਵੇ ਨਿੱਕਿਆ, ਰੱਤਾ-ਰੱਤਾ ਡੋਲ਼ਾ
ਮਹਿਲੀਂ ਆ ਵੇ ਵੜੇ।

ਰੱਤਾ-ਰੱਤਾ ਡੋਲ਼ਾ
ਮਹਿਲੀਂ ਆ ਵੇ ਵੜੇ।
ਵੇ ਨਿੱਕਿਆ, ਮਾਂ ਵੇ ਸੁਹਾਗਣ
ਪਾਣੀ ਵਾਰ ਪੀਵੇ।

❋ ❋ ❋

**ਦੰਮ**—ਪੈਸੇ। **ਰੱਤਾ**—ਸੂਹਾ ਲਾਲ। **ਵਾਗ**—ਲਗਾਮ ਦੀ ਡੋਰ।

5.

# ਸਤਿਗੁਰਾਂ ਕਾਜ ਸਵਾਰਿਆ ਈ

ਜੇ ਵੀਰ ਆਇਆ ਮਾਂਏ ਲੰਮੀ-ਲੰਮੀ ਰਾਹੀਂ ਨੀ
ਘੋੜਾ ਤਾਂ ਬੱਧਾ ਵੀਰ ਨੇ ਹੇਠ ਫਲਾਹੀਂ ਨੀ
ਭੈਣਾਂ ਨੇ ਵੀਰ ਸ਼ਿੰਗਾਰਿਆ ਈ
ਭੈਣਾਂ ਨੇ ਵੀਰ ਸ਼ਿੰਗਾਰਿਆ ਮਾਂਏਂ ਨੀ
ਭਾਬੀਆਂ ਦੇਵਰ ਘੋੜੀ ਚਾੜ੍ਹਿਆ ਈ
ਭਾਬੀਆਂ ਦੇਵਰ ਘੋੜੀ ਚਾੜ੍ਹਿਆ ਮਾਂਏਂ ਨੀ
ਸਤਿਗੁਰਾਂ ਕਾਜ ਸਵਾਰਿਆ ਈ।
ਜੇ ਵੀਰ ਆਇਆ ਮਾਂਏਂ ਨਦੀਏ ਕਿਨਾਰੇ ਨੀ
ਨਦੀ ਤਾਂ ਦਿੰਦੀ ਵੀਰ ਨੂੰ ਠੰਢੇ ਹੁਲਾਰੇ ਨੀ
ਭੈਣਾਂ ਨੇ ਵੀਰ ਸ਼ਿੰਗਾਰਿਆ ਈ
ਭੈਣਾਂ ਨੇ ਵੀਰ ਸ਼ਿੰਗਾਰਿਆ ਮਾਂਏਂ ਨੀ
ਭਾਬੀਆਂ ਦੇਵਰ ਘੋੜੀ ਚਾੜ੍ਹਿਆ ਈ
ਭਾਬੀਆਂ ਦੇਵਰ ਘੋੜੀ ਚਾੜ੍ਹਿਆ ਮਾਂਏਂ ਨੀ
ਸਤਿਗੁਰਾਂ ਕਾਜ ਸਵਾਰਿਆ ਈ।
ਜੇ ਵੀਰ ਆਇਆ ਮਾਂਏਂ ਸਹੁਰੇ ਦੀਆਂ ਗਲ਼ੀਆਂ ਨੀ
ਸੱਸ ਤਾਂ ਚੁੰਮੇ ਵੀਰ ਦੇ ਸਿਹਰੇ ਦੀਆਂ ਕਲੀਆਂ ਨੀ
ਭੈਣਾਂ ਨੇ ਵੀਰ ਸ਼ਿੰਗਾਰਿਆ ਈ
ਭੈਣਾਂ ਨੇ ਵੀਰ ਸ਼ਿੰਗਾਰਿਆ ਮਾਂਏਂ ਨੀ
ਭਾਬੀਆਂ ਦੇਵਰ ਘੋੜੀ ਚਾੜ੍ਹਿਆ ਈ
ਭਾਬੀਆਂ ਦੇਵਰ ਘੋੜੀ ਚਾੜ੍ਹਿਆ ਮਾਂਏਂ ਨੀ
ਸਤਿਗੁਰਾਂ ਕਾਜ ਸਵਾਰਿਆ ਈ।

❋ ❋ ❋

**ਰਾਹੀਂ**—ਰਸਤੇ। **ਬੱਧਾ**—ਬੰਨ੍ਹਿਆ। **ਦੇਵਰ**—ਦਿਓਰ। **ਕਾਜ**—ਕੰਮ, ਕਾਰਜ। ਘੋੜੀ (ਲੋਕ-ਗੀਤ ਮੁੰਡੇ ਦੇ ਵਿਆਹ ਸਮੇਂ ਗਾਏ ਜਾਣ ਵਾਲ਼ੇ ਲੋਕ-ਗੀਤ ਦੀ ਇੱਕ ਵੰਨਗੀ)

# ਅਭਿਆਸ

1. 'ਹਰਿਆ ਨੀ ਮਾਲਣ' ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਨੂੰ ਕਿਵੇਂ ਵਿਸ਼ੇਸ਼ ਅਤੇ ਵਿਲੱਖਣ ਦਰਸਾਇਆ ਗਿਆ ਹੈ ?
2. 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜੰਮਣ ਉੱਤੇ ਕੀਹਨੂੰ-ਕੀਹਨੂੰ ਅਤੇ ਕਿਹੜੇ-ਕਿਹੜੇ ਤੋਹਫ਼ੇ ਦਿੱਤੇ ਗਏ ?
3. 'ਹਰਿਆ ਨੀ ਮਾਲਣ' ਘੋੜੀ ਵਿੱਚ ਮਾਲਣ ਨੇ ਵਿਆਂਹਦੜ ਲਈ ਕਿਸ ਪ੍ਰਕਾਰ ਦਾ ਵਿਸ਼ੇਸ਼ ਸਿਹਰਾ ਤਿਆਰ ਕੀਤਾ ?
4. 'ਹਰਿਆ ਨੀ ਮਾਲਣ' ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਤੇ ਉਸ ਦੇ ਪਰਿਵਾਰ ਦੀ ਵਡਿਆਈ ਕਿਵੇਂ ਦੱਸੀ ਗਈ ਹੈ ?
5. 'ਮੈਂ ਬਲਿਹਾਰੀ ਵੇ ਮਾਂ ਦਿਆਂ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ ਹੈ ?
6. 'ਮੈਂ ਬਲਿਹਾਰੀ ਵੇ ਮਾਂ ਦਿਆਂ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੇ ਪਹਿਰਾਵੇ ਬਾਰੇ ਕੀ ਕੁਝ ਕਿਹਾ ਗਿਆ ਹੈ ?
7. 'ਮੈਂ ਬਲਿਹਾਰੀ ਵੇ ਮਾਂ ਦਿਆਂ ਸੁਰਜਣਾ' ਘੋੜੀ ਵਿੱਚ ਕਿਸ ਸ਼ਾਨ ਨਾਲ਼ ਜੰਞ ਚੜ੍ਹਨ ਲਈ ਕਿਹਾ ਗਿਆ ਹੈ ?
8. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਸਿਹਰਾ ਕਿਸ ਦੇ ਸਿਰ 'ਤੇ ਸਜਾਇਆ ਜਾਣਾ ਹੈ ?
9. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਸ਼ਗਨਾਂ ਦਾ ਗਾਨਾ ਅਤੇ ਮਹਿੰਦੀ ਕਿਸ ਦੇ ਲਾਈ ਜਾਣੀ ਹੈ ?
10. 'ਨਿੱਕੀ ਜਿਹੀ ਬੰਨੋ' ਤੋਂ ਕੀ ਭਾਵ ਹੈ ?
11. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਡੋਲ਼ਾ ਲਿਆਉਣ ਤੋਂ ਬਾਅਦ ਪਾਣੀ ਕਿਸ ਨੇ ਵਾਰ ਕੇ ਪੀਤਾ ?
12. 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੇ ਪਰਿਵਾਰ ਦੀ ਖ਼ੁਸ਼ਹਾਲੀ ਕਿਵੇਂ ਦੱਸੀ ਗਈ ਹੈ ?
13. 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੀ ਭੈਣ ਤੇ ਭਰਜਾਈ ਕਿਹੜੀ-ਕਿਹੜੀ ਰਸਮ ਅਦਾ ਕਰਦੀਆਂ ਹਨ ?
14. 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਮਾਂ ਕਦੋਂ ਪਾਣੀ ਵਾਰ ਕੇ ਪੀਂਦੀ ਹੈ ?
15. 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਪ੍ਰਕਿਰਤੀ ਨੂੰ ਵਿਆਹ ਦੀ ਖ਼ੁਸ਼ੀ ਨਾਲ਼ ਕਿਵੇਂ ਜੋੜਿਆ ਗਿਆ ਹੈ ?
16. 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਕੁਝ ਰੰਗਾਂ ਦੇ ਨਾਂ ਖ਼ੁਸ਼ੀ ਦੇ ਵਾਤਾਵਰਨ ਨੂੰ ਪ੍ਰਗਟ ਕਰਨ ਲਈ ਦੁਹਰਾਏ ਗਏ ਹਨ, ਦੱਸੋ ਕਿਵੇਂ ?
17. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਭੈਣਾਂ ਕਿਸ ਨੂੰ ਸ਼ਿੰਗਾਰਨ ਦੀ ਗੱਲ ਕਰਦੀਆਂ ਹਨ ?
18. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਭਾਬੀਆਂ ਕਿਸ ਨੂੰ ਘੋੜੀ ਚੜ੍ਹਾਉਂਦੀਆਂ ਹਨ ?
19. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਵੀਰ ਦੇ ਸਿਹਰੇ ਦੀਆਂ ਕਲੀਆਂ ਨੂੰ ਕੌਣ ਚੁੰਮਦਾ ਹੈ ?

# ਸਿੱਠਣੀਆਂ

ਲੋਕ-ਕਾਵਿ ਦਾ ਇੱਕ ਰੂਪ ਸਿੱਠਣੀ ਹੈ ਜੋ ਵਿਆਹ ਦੀਆਂ ਰਸਮਾਂ ਨਾਲ਼ ਸੰਬੰਧਿਤ ਹੈ। ਇਹ ਔਰਤਾਂ ਦੇ ਲੋਕ-ਗੀਤ ਹਨ। ਕੁੜੀ ਦੇ ਵਿਆਹ ਵੇਲ਼ੇ ਮੇਲਣਾਂ ਸਿੱਠਣੀਆਂ ਰਾਹੀਂ ਲਾੜੇ ਨੂੰ ਉਸ ਦੇ ਮਾਪਿਆਂ, ਸਾਕ-ਸੰਬੰਧੀਆਂ ਅਤੇ ਜਾਂਞੀਆਂ ਨੂੰ ਸੰਬੋਧਨ ਕਰ ਕੇ ਨੋਕ-ਝੋਕ ਅਤੇ ਮਖੌਲ ਕਰਦੀਆਂ ਹਨ। ਸਿੱਠਣੀਆਂ ਇੱਕ ਤਰ੍ਹਾਂ ਮਿੱਠੀਆਂ ਗਾਲ਼ਾਂ ਹਨ। ਲੋਕ-ਗੀਤ ਦੀ ਇਹ ਵੰਨਗੀ ਸਦਾ ਨਿਵਦੀ ਰਹੀ ਕੁੜੀ ਵਾਲ਼ਿਆਂ ਦੀ ਧਿਰ ਵੱਲੋਂ ਗੁਭ-ਗਭਾਟ ਕੱਢਣ ਦਾ ਵਸੀਲਾ ਬਣਦੀਆਂ ਹਨ। ਉਂਞ ਵੀ ਸਿੱਠਣੀਆਂ ਹਾਸ-ਰਸ ਨਾਲ਼ ਭਰਪੂਰ ਹੋਣ ਕਾਰਨ ਮਾਹੌਲ ਨੂੰ ਸਾਂਵਾਂ ਅਤੇ ਸੁਖਾਵਾਂ ਬਣਾ ਦਿੰਦੀਆਂ ਹਨ। ਇਹਨਾਂ ਵਿੱਚ ਲੁਕੇ ਵਿਅੰਗ, ਕਟਾਖਸ਼ ਤੇ ਮਸ਼ਕਰੀਆਂ ਵਿਆਹ ਦੀ ਖ਼ੁਸ਼ੀ ਦੇ ਵਾਤਾਵਰਨ ਨੂੰ ਵਿਸ਼ੇਸ਼ ਰੰਗ ਵਿੱਚ ਰੰਗ ਦਿੰਦੀਆਂ ਹਨ। ਵਿਆਹ ਦਾ ਮੌਕਾ ਸਿੱਠਣੀਆਂ ਦਿੰਦੀਆਂ ਔਰਤਾਂ ਨੂੰ ਸਦਾਚਾਰਿਕ ਬੰਧੇਜਾਂ ਤੇ ਸੰਕੋਚਾਂ ਤੋਂ ਕੁਝ ਖੁੱਲ੍ਹ ਵੀ ਦੇ ਦਿੰਦਾ ਹੈ।

ਸਿੱਠਣੀਆਂ ਵਿੱਚ ਆਮ ਤੌਰ 'ਤੇ ਮੁੰਡੇ ਵਾਲ਼ਿਆਂ ਦੇ ਪਹਿਰਾਵੇ, ਖਾਣ-ਪੀਣ ਦੀਆਂ ਆਦਤਾਂ ਅਤੇ ਉਹਨਾਂ ਦੇ ਰੰਗ-ਵੰਨ ਉੱਤੇ ਟਕੋਰਾਂ ਕੱਸੀਆਂ ਜਾਂਦੀਆਂ ਹਨ। ਇਹਨਾਂ ਵਿੱਚ ਵਿਆਹ ਵਾਲੇ ਮੁੰਡੇ ਅਤੇ ਉਸ ਦੇ ਪਿਓ ਨੂੰ ਤਾਂ ਸਿੱਧੇ ਤੌਰ 'ਤੇ ਮਖੌਲ ਕੀਤਾ ਹੀ ਜਾਂਦਾ ਹੈ, ਨਾਲ਼ ਹੀ ਉਸ ਦੇ ਘਰ ਬੈਠੀਆਂ ਭੈਣਾਂ, ਮਾਂ ਅਤੇ ਹੋਰ ਨੇੜਲੇ ਰਿਸ਼ਤੇ ਦੀਆਂ ਇਸਤਰੀਆਂ ਨੂੰ ਵੀ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ। ਇਹ ਸਾਰਾ ਕੁਝ ਕਲਪਿਤ ਅਤੇ ਫ਼ਰਜ਼ੀ ਹੁੰਦਾ ਹੈ ਇਸ ਲਈ ਸਿੱਠਣੀਆਂ ਰਾਹੀਂ ਕੀਤੇ ਵਿਅੰਗ ਦੀ ਕੋਈ ਸੀਮਾ ਨਹੀਂ ਹੁੰਦੀ। ਮੁੰਡੇ ਦੇ ਮਾਂ-ਪਿਓ ਦੀ ਸਰੀਰਿਕ ਬਣਤਰ, ਉਸ ਦੇ ਪਿਛੋਕੜ ਬਾਰੇ ਅਤੇ ਉਸ ਦੇ ਘਰ ਦੀ ਕੰਜੂਸੀ, ਆਲਸ, ਮੂਰਖਤਾ ਆਦਿ ਬਾਰੇ ਚੋਭਾਂ ਮਾਰੀਆਂ ਜਾਂਦੀਆਂ ਹਨ। ਵਿਆਹ-ਸੰਬੰਧਾਂ ਰਾਹੀ ਬਣੇ ਉਚੇਚੇ ਰਿਸ਼ਤੇਦਾਰਾਂ ਜਿਨ੍ਹਾਂ ਦੀਆਂ ਉਂਞ ਸੌ-ਸੌ ਖ਼ਾਤਰਾਂ ਕੀਤੀਆਂ ਜਾਂਦੀਆਂ ਹਨ, ਨੂੰ ਸਿੱਠਣੀਆਂ ਦੇ ਕੇ ਉਹਨਾਂ ਪ੍ਰਤਿ ਸੰਕੋਚ ਤੇ ਝਿਜਕ ਨੂੰ ਘਟਾਇਆ ਜਾਂਦਾ ਹੈ।

ਸਿੱਠਣੀਆਂ ਔਰਤਾਂ ਵੱਲੋਂ ਰਲ਼ ਕੇ ਦਿੱਤੀਆਂ ਜਾਂਦੀਆਂ ਹਨ ਇਸ ਲਈ ਗਾਉਣ ਦੀ ਲੋੜ ਮੁਤਾਬਕ ਇਹਨਾਂ ਵਿੱਚ ਮੌਕੇ ਅਨੁਸਾਰ ਵਾਧਾ-ਘਾਟਾ ਕਰ ਲਿਆ ਜਾਂਦਾ ਹੈ। ਇਸ ਵੰਨਗੀ ਦੇ ਲੋਕ-ਗੀਤ ਦੀ ਮਹੱਤਤਾ ਇਸ ਕਾਰਨ ਵੀ ਹੈ ਕਿ ਇਹ ਪੰਜਾਬੀਆਂ ਦੇ ਖੁੱਲ੍ਹੇ-ਡੁੱਲ੍ਹੇ ਤੇ ਹਾਸ-ਰਸ ਨਾਲ਼ ਭਰਪੂਰ ਸੁਭਾਅ ਦੇ ਅਨੁਕੂਲ ਹੋਣ ਦੇ ਨਾਲ਼-ਨਾਲ਼ ਲੋਕ-ਮਨ ਦੀਆਂ ਕਈ ਅਣਫਰੋਲ਼ੀਆਂ ਡੂੰਘੀਆਂ ਪਰਤਾਂ ਨੂੰ ਉਜਾਗਰ ਕਰਦੇ ਹਨ।

ਇਸ ਪਾਠ-ਪੁਸਤਕ ਵਿੱਚ ਤੇਰਾਂ ਚੋਣਵੀਆਂ ਸਿੱਠਣੀਆਂ ਵੰਨਗੀ ਵਜੋਂ ਦਿੱਤੀਆਂ ਹਨ।

❋ ❋ ❋

# ਸਿੱਠਣੀਆਂ

1. ਜਾਂਞੀ ਓਸ ਪਿੰਡੋਂ ਆਏ, ਜਿੱਥੇ ਰੁੱਖ ਵੀ ਨਾ।
ਇਹਨਾਂ ਦੇ ਤੌੜਿਆਂ ਵਰਗੇ ਮੂੰਹ, ਉੱਤੇ ਮੁੱਛ ਵੀ ਨਾ।
ਜਾਂਞੀ ਓਸ ਪਿੰਡੋਂ ਆਏ, ਜਿੱਥੇ ਤੂਤ ਵੀ ਨਾ।
ਇਹਨਾਂ ਦੇ ਖੋਪੜਾਂ ਵਰਗੇ ਮੂੰਹ, ਉੱਤੇ ਰੂਪ ਵੀ ਨਾ।
ਜਾਂਞੀ ਓਸ ਪਿੰਡੋਂ ਆਏ, ਜਿੱਥੇ ਟਾਹਲੀ ਵੀ ਨਾ।
ਇਹਨਾਂ ਦੇ ਪੀਲ਼ੇ ਡੱਡੂ ਮੂੰਹ, ਉੱਤੇ ਲਾਲੀ ਵੀ ਨਾ।

2. ਬਾਰਾਂ ਮਹੀਨੇ ਅਸਾਂ ਤੱਕਣ ਤੱਕਿਆ,
ਫੇਰ ਵੀ ਲਾੜਾ ਤੁਸੀਂ ਕਾਲ਼ਾ ਈ ਰੱਖਿਆ।
ਸਾਬਣ ਲਾਣਾ ਸੀ।
ਸਾਬਣ ਲਾਣਾ ਸੀ।
ਨਿਲੱਜਿਓ, ਲੱਜ ਤੁਹਾਨੂੰ ਨਹੀਂ।

3. ਕੋਰੀ ਤੇ ਤੌੜੀ ਅਸਾਂ ਰਿੰਨ੍ਹੀਆਂ ਗੁੱਲੀਆਂ,
ਭੁੱਖ ਤੇ ਲੱਗੀ ਲਾੜੇ ਕੱਢੀਆਂ ਬੁੱਲ੍ਹੀਆਂ।
ਰੋਟੀ ਖਵਾਉਣੀ ਪਈ,
ਨਿਲੱਜਿਓ, ਲੱਜ ਤੁਹਾਨੂੰ ਨਹੀਂ।

4. ਬਾਰਾਂ ਮਹੀਨੇ ਸੁਨਿਆਰ ਬਿਠਾਇਆ,
ਚਾਂਦੀ ਦੇ ਗਹਿਣਿਆਂ 'ਤੇ
ਪਾਣੀ ਫਿਰਾਇਆ।
ਪਿੱਤਲ਼ ਪਾਉਣਾ ਸੀ।
ਪਿੱਤਲ਼ ਪਾਉਣਾ ਸੀ।
ਨਿਲੱਜਿਓ, ਲੱਜ ਤੁਹਾਨੂੰ ਨਹੀਂ।

5. ਪੈਸਾ-ਪੈਸਾ ਸਾਡੇ ਪਿੰਡ ਦਿਓ ਪਾਓ,
ਲਾੜੇ ਜੋਗਾ ਤੁਸੀਂ ਵਾਜਾ ਮੰਗਾਓ।
ਜੰਞ ਤੇ ਸਜਦੀ ਨਹੀਂ,
ਨਿਲੱਜਿਓ, ਲੱਜ ਤੁਹਾਨੂੰ ਨਹੀਂ।

6. ਵਾਹ-ਵਾਹ ਨੀ ਚਰਖਾ ਚਮਕਦਾ,
ਹੋਰ ਤਾਂ ਲਾੜਾ ਚੰਗਾ ਭਲਾ,
ਢਿੱਡ ਉਹਦਾ ਲਮਕਦਾ।

7. ਵਾਹ-ਵਾਹ ਨੀ ਚਰਖੇ ਪੀੜ੍ਹੀਆਂ।
ਹੋਰ ਤਾਂ ਕੁੜਮ ਚੰਗਾ ਭਲਾ,
ਅੱਖਾਂ ਟੀਰਮ ਟੀਰੀਆਂ।

8. ਅਸਾਂ ਨੇ ਕੀ ਕਰਨੇ ਬੇਬਹਾਰੇ ਕੱਦੂ।
ਲਾੜਾ ਬੈਠਾ ਐਂ ਜਾਪੇ,
ਜਿਉਂ ਛੱਪੜ ਕੰਢੇ ਡੱਡੂ।
ਅਸਾਂ ਨੇ ਕੀ ਕਰਨੇ, ਪੱਤਾਂ ਬਾਝ ਕਰੇਲੇ,
ਅਸਾਂ ਨੇ ਕੀ ਕਰਨੇ, ਪੱਤਾਂ ਬਾਝ ਕਰੇਲੇ,
ਲਾੜੇ ਦਾ ਚਾਚਾ ਐਂ ਝਾਕੇ, ਜਿਵੇਂ ਚਾਮਚੜਿੱਕ ਦੇ ਡੇਲੇ।

9. ਜਾਂਞੀਓ-ਮਾਂਞੀਓ, ਕਿਹੜੇ ਵੇਲ਼ੇ ਹੋਏ ਨੇ।
ਖਾ-ਖਾ ਕੇ ਰੱਜੇ ਨਾ, ਢਿੱਡ ਨੇ ਕਿ ਟੋਏ ਨੇ।
ਨਿੱਕੇ-ਨਿੱਕੇ ਮੂੰਹ ਨੇ, ਢਿੱਡ ਨੇ ਕਿ ਖੂਹ ਨੇ।
ਖਾ ਰਹੇ ਹੋ ਤਾਂ ਉੱਠੋ ਸਹੀ।

10. ਜਾਂਞੀਆਂ ਨੂੰ ਖਲ਼ ਕੁੱਟ ਦਿਓ, ਜਿਨ੍ਹਾਂ ਤੌਣ ਪੱਚੀ ਸੇਰ ਖਾਣਾ,
ਸਾਨੂੰ ਪੂਰੀਆਂ ਜੀ ਜਿਨ੍ਹਾਂ ਮੁਸ਼ਕ ਨਾਲ਼ ਰੱਜ ਜਾਣਾ।

11. ਬੀਬੀ ਲਾਡਲੀ ਨੀ ਰੋਟੀ ਪਿੱਛੋਂ ਮੰਗੇ ਖੀਰ।
ਬੀਬੀ ਦਾ ਬਾਪੂ ਐਂ ਬੈਠਾ, ਜਿਉਂ ਰਾਜਿਆਂ ਵਿੱਚ ਵਜ਼ੀਰ।

12. ਸਭ ਗੈਸ ਬੁਝਾ ਦਿਓ ਜੀ,
ਸਾਡਾ ਕੁੜਮ ਬੈਟਰੀ ਵਰਗਾ।
ਸਭ ਮਿਰਚਾਂ ਘੋਟੋ ਜੀ,
ਸਾਡਾ ਕੁੜਮ ਘੋਟਣੇ ਵਰਗਾ।
ਮਣ ਮੱਕੀ ਪਿਹਾ ਲਓ ਜੀ,
ਸਾਡਾ ਕੁੜਮ ਵਹਿੜਕੇ ਵਰਗਾ।

13. ਛੱਜ ਓਹਲੇ ਛਾਣਨੀ, ਪਰਾਤ ਓਹਲੇ ਡੋਈ ਵੇ,
ਨਾਨਕੀਆਂ ਦਾ ਮੇਲ਼ ਆਇਆ,
ਚੱਜ ਦੀ ਨਾ ਕੋਈ ਵੇ।

❋ ❋ ❋

## ਅਭਿਆਸ

1. ਸਿੱਠਣੀਆਂ ਕਿਹੜੇ ਮੌਕੇ ਉੱਤੇ ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ ?
2. ਸਿੱਠਣੀਆਂ ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ ?
3. ਸਿੱਠਣੀਆਂ ਵਿੱਚ ਹਾਸੇ-ਮਜ਼ਾਕ ਲਈ ਕਿਹੜੇ-ਕਿਹੜੇ ਵਿਸ਼ੇ ਚੁਣੇ ਜਾਂਦੇ ਹਨ ?
4. 'ਜਾਂਞੀਆਂ ਨੂੰ ਖਲ਼ ਕੁੱਟ ਦਿਓ' .............. ਇਸ ਸਿੱਠਣੀ ਵਿੱਚ ਕਿਸ ਉੱਤੇ ਕਿਹੜੀ-ਕਿਹੜੀ ਗੱਲੋਂ ਵਿਅੰਗ ਕੱਸਿਆ ਗਿਆ ਹੈ ?
5. ਸਿੱਠਣੀਆਂ ਵਿੱਚ ਖਾਣ-ਪੀਣ ਸੰਬੰਧੀ ਕੀ ਮਖੌਲ ਕੀਤਾ ਹੁੰਦਾ ਹੈ ? ਅਜਿਹੀ ਕਿਸੇ ਇੱਕ ਸਿੱਠਣੀ ਦੀ ਉਦਾਹਰਨ ਦਿਓ।
6. ਜਾਂਞੀਆਂ ਦੀ ਲਾਜ ਦੇ ਭਾਵ ਨੂੰ ਕਿਹੜੀ-ਕਿਹੜੀ ਗੱਲ ਕਹਿ ਕੇ ਟੁੰਬਿਆ ਗਿਆ ਹੈ ?
7. ਸਿੱਠਣੀਆਂ ਵਿੱਚ ਕਿਹੜੇ-ਕਿਹੜੇ ਪ੍ਰਕਿਰਤਿਕ ਹਵਾਲੇ ਮਿਲ਼ਦੇ ਹਨ ?

# ਟੱਪਾ

ਇਹ ਇਕਹਿਰੀ ਤੁਕ ਵਾਲ਼ਾ ਲੋਕ-ਗੀਤ ਹੈ। ਇਸ ਨੂੰ ਢੋਲਕੀ ਨਾਲ਼ ਗਿੱਧੇ ਜਾਂ ਨਾਚ ਵਿੱਚ ਗਾਇਆ ਜਾਂਦਾ ਹੈ। ਇਹ ਗਿੱਧੇ ਦੀਆਂ ਬੋਲੀਆਂ ਦੀ ਇੱਕ ਵੰਨਗੀ ਹੈ। ਇਸ ਨੂੰ ਇੱਕ-ਤੁਕੀ ਜਾਂ ਇਕਹਿਰੀ ਬੋਲੀ ਵੀ ਕਿਹਾ ਜਾਂਦਾ ਹੈ।

ਜਦੋਂ ਗਿੱਧਾ ਜਾਂ ਭੰਗੜਾ ਮੱਧਮ ਚਾਲ ਵਿੱਚ ਹੋਵੇ ਤਾਂ ਨਾਲ਼ੋ-ਨਾਲ਼ ਉਚਾਰੇ ਜਾਂਦੇ ਟੱਪੇ ਖ਼ੂਬ ਰੰਗ ਬੰਨ੍ਹਦੇ ਹਨ। ਟੱਪੇ ਨੂੰ ਲਮਕਾ ਕੇ ਗਾਉਣ ਲਈ ਕਈ ਵਾਰ ਬੱਲੇ-ਬੱਲੇ ਵੀ ਜੋੜ ਲਿਆ ਜਾਂਦਾ ਹੈ।

ਟੱਪੇ ਵਿੱਚ ਅਕਸਰ ਇੱਕ ਬਿੰਬ ਅਰਥਾਤ ਇੱਕ ਸ਼ਾਬਦਿਕ ਚਿੱਤਰ ਹੁੰਦਾ ਹੈ ਜਿਸ ਕਾਰਨ ਟੱਪੇ ਵਿੱਚ ਕਾਵਿਕਤਾ ਝਲਕ-ਝਲਕ ਪੈਂਦੀ ਹੈ। ਆਮ ਤੌਰ 'ਤੇ ਟੱਪੇ ਦੇ ਪਹਿਲੇ ਅੱਧ ਤੇ ਅੰਤ ਉੱਤੇ ਦੀਰਘ ਸੁਰ ਆਉਂਦਾ ਹੈ। ਇੱਥੇ ਠਹਿਰਾਅ ਆਉਂਦਾ ਹੈ। ਇਸ ਨਾਲ਼ ਟੱਪੇ ਨੂੰ ਦੋਹਾਂ ਪਾਸਿਆਂ ਤੋਂ ਚੁੱਕਿਆ ਜਾ ਸਕਦਾ ਹੈ, ਜਿਵੇਂ–

ਪੱਕੀ ਰਹਿਗੀ ਵੇ ਤਵੇ 'ਤੇ ਰੋਟੀ,  
ਬਸਰੇ ਨੂੰ ਤੁਰ ਚੱਲਿਆ।

ਇਸ ਨੂੰ ਇਉਂ ਵੀ ਉਚਾਰਿਆ ਜਾ ਸਕਦਾ ਹੈ–

ਬਸਰੇ ਨੂੰ ਤੁਰ ਚੱਲਿਆ,  
ਪੱਕੀ ਰਹਿਗੀ ਤਵੇ 'ਤੇ ਰੋਟੀ।

ਟੱਪੇ ਵਿੱਚ ਇਕਹਿਰਾ ਭਾਵ ਪ੍ਰਗਟ ਹੋਇਆ ਹੁੰਦਾ ਹੈ। ਰਚਨਾ ਪੱਖੋਂ ਇਸ ਵਿੱਚ ਸੰਜਮ, ਸਹਿਜ, ਸਰਲਤਾ ਤੇ ਅਜੀਬ ਤਿੱਖਾਪਣ ਹੁੰਦਾ ਹੈ। ਵੱਖ-ਵੱਖ ਟੱਪਿਆਂ ਵਿੱਚ ਜੀਵਨ ਦੇ ਅਨੇਕ ਰੰਗਾਂ ਤੇ ਸਥਿਤੀਆਂ ਬਾਰੇ ਨਿੱਕੀਆਂ-ਨਿੱਕੀਆਂ ਟਿੱਪਣੀਆਂ ਹੁੰਦੀਆਂ ਹਨ। ਲੋਕ-ਸਿਆਣਪਾਂ, ਲੋਕ-ਨੀਤੀਆਂ, ਜੀਵਨ ਦੀ ਅਸਥਿਰਤਾ, ਵੱਖ-ਵੱਖ ਰਿਸ਼ਤਿਆਂ ਦਾ ਨਿੱਘ ਤੇ ਤਣਾਅ, ਅਸੰਗਤੀਆਂ ਅਤੇ ਜੀਵਨ ਦੀਆਂ ਖ਼ੂਬਸੂਰਤੀਆਂ ਦੀ ਨਿੱਕੀ-ਨਿੱਕੀ ਝਲਕ ਇਹਨਾਂ ਟੱਪਿਆਂ ਵਿੱਚ ਪ੍ਰਗਟ ਹੁੰਦੀ ਹੈ।

ਕਈ ਟੱਪੇ ਅਖਾਉਤਾਂ ਤੇ ਵਿਸ਼ੇਸ਼ ਕਾਵਿ-ਤੁਕਾਂ ਵਾਂਗ ਵੱਖ-ਵੱਖ ਸਥਿਤੀਆਂ ਵਿੱਚ ਜ਼ਿਕਰਯੋਗ ਵੀ ਹੁੰਦੇ ਹਨ। ਇਸ ਪਾਠ-ਪੁਸਤਕ ਲਈ 30 ਚੋਣਵੇਂ ਟੱਪੇ ਵੰਨਗੀ ਵਜੋਂ ਚੁਣੇ ਗਏ ਹਨ।

# ਟੱਪੇ

1. ਤੂੰ ਕਿਹੜਿਆਂ ਰੰਗਾਂ ਵਿੱਚ ਖੇਲੇਂ,
ਮੈਂ ਕੀ ਜਾਣਾ ਤੇਰੀ ਸਾਰ ਨੂੰ।

2. ਤੇਰੇ ਦਿਲ ਦੀ ਮੈਲ਼ ਨਾ ਜਾਵੇ,
ਨ੍ਹਾਉਂਦਾ ਫਿਰੇਂ ਤੀਰਥਾਂ 'ਤੇ।

3. ਕਿੱਥੋਂ ਭਾਲਦੈਂ ਬਜੌਰ ਦੀਆਂ ਦਾਖਾਂ,
ਕਿੱਕਰਾਂ ਦੇ ਬੀਜ, ਬੀਜ ਕੇ।

4. ਜਿਹੜੇ ਕਹਿੰਦੇ ਸੀ ਮਰਾਂਗੇ ਨਾਲ਼ ਤੇਰੇ,
ਛੱਡ ਕੇ ਮੈਦਾਨ ਭੱਜ ਗਏ।

5. ਜਿਹੜੇ ਕਹਿੰਦੇ ਸੀ ਰਹਾਂਗੇ ਦੁੱਧ ਬਣ ਕੇ,
ਪਾਣੀ ਨਾਲ਼ੋਂ ਪੈਗੇ ਪਤਲੇ।

6. ਉੱਥੇ ਅਮਲਾਂ ਦੇ ਹੋਣਗੇ ਨਿਬੇੜੇ,
ਜਾਤ ਕਿਸੇ ਪੁੱਛਣੀ ਨਹੀਂ।

7. ਗੋਰੇ ਰੰਗ ਨੂੰ ਕੋਈ ਨਾ ਪੁੱਛਦਾ,
ਮੁੱਲ ਪੈਂਦੇ ਅਕਲਾਂ ਦੇ।

8. ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲ਼ੀਆਂ,
ਤੈਨੂੰ ਵੀਰਾ ਦੁੱਧ ਦਾ ਛੰਨਾ।

9. ਉੱਚਾ ਹੋ ਗਿਆ ਅੰਬਰ ਦਾ ਰਾਜਾ,
ਰੋਹੀਆਂ 'ਚ ਹਾਅੜ ਬੋਲਿਆ।

10. ਗਿੱਧਿਆਂ 'ਚ ਨੱਚਦੀ ਦਾ,
ਤੇਰਾ ਦੇਵੇ ਰੂਪ ਦੁਹਾਈਆਂ।

11. ਭਾਵੇਂ ਦੇਈਂ ਨਾ ਦਾਜ ਵਿੱਚ ਗਹਿਣੇ,
ਵਿੱਦਿਆ ਪੜ੍ਹਾ ਦੇ ਬਾਬਲਾ।

12. ਦੁੱਧ ਰਿੜਕੇ ਝਾਂਜਰਾ ਵਾਲ਼ੀ,
ਕੈਂਠੇ ਵਾਲ਼ਾ ਧਾਰ ਕੱਢਦਾ।

13. ਚਰਖ਼ੇ ਦੀ ਘੂਕ ਸੁਣ ਕੇ,
ਜੋਗੀ ਉੱਤਰ ਪਹਾੜੋਂ ਆਇਆ।

14. ਭੈਣਾਂ ਵਰਗਾ ਸਾਕ ਨਾ ਕੋਈ।
ਟੁੱਟ ਕੇ ਨਾ ਬਹਿਜੀਂ ਵੀਰਨਾ।

15. ਕਾਲ਼ੀ ਡਾਂਗ ਮੇਰੇ ਵੀਰ ਦੀ,
ਜਿੱਥੇ ਵੱਜਦੀ ਬੱਦਲ਼ ਵਾਂਗੂੰ ਗੱਜਦੀ।

16. ਮੇਰਾ ਵੀਰ ਧਣੀਏ ਦਾ ਬੂਟਾ,
ਆਉਂਦੇ-ਜਾਂਦੇ ਲੈਣ ਵਾਸ਼ਨਾ।

17. ਮਾਂਵਾਂ ਨੂੰ ਪੁੱਤ ਐਂ ਮਿਲ਼ਦੇ,
ਜਿਉਂ ਸੁੱਕੀਆਂ ਵੇਲਾਂ ਨੂੰ ਪਾਣੀ।

18. ਪੁੱਤ ਵੀਰ ਦਾ ਭਤੀਜਾ ਮੇਰਾ,
ਭੂਆ ਕਹਿ ਕੇ ਮੱਥਾ ਟੇਕਦਾ।

19. ਧਨ, ਜੋਬਨ, ਫੁੱਲਾਂ ਦੀਆਂ ਵਾੜੀਆਂ,
ਸਦਾ ਨਹੀਂ ਅਬਾਦ ਰਹਿਣੀਆਂ।

20. ਤਿੰਨ ਰੰਗ ਨਹੀਉਂ ਲੱਭਣੇ,
ਹੁਸਨ, ਜੁਆਨੀ, ਮਾਪੇ।

21. ਨਹੀਉਂ ਲੱਭਣੇ ਲਾਲ ਗੁਆਚੇ,
ਮਿੱਟੀ ਨਾ ਫਰੋਲ਼ ਜੋਗੀਆ।

22. ਕਿਤੇ ਲਿੱਪਣੇ ਨਾ ਪੈਣ ਬਨੇਰੇ,
ਪੱਕਾ ਘਰ ਟੋਲ਼ੀਂ ਬਾਬਲਾ।

23. ਕਿਹੜੇ ਹੌਸਲੇ ਲੰਮਾ ਤੰਦ ਪਾਵਾਂ,
ਪੁੱਤ ਤੇਰਾ ਵੈਲੀ ਸੱਸੀਏ।

24. ਕੱਟ ਦੇ ਫ਼ਰੰਗੀਆਂ ਨਾਮਾ,
ਇੱਕੋ ਪੁੱਤ ਮੇਰੀ ਸੱਸ ਦਾ।

25. ਹਾੜ੍ਹੀ ਵੱਢੂੰਗੀ ਬਰੋਬਰ ਤੇਰੇ,
ਦਾਤੀ ਨੂੰ ਲਵਾ ਦੇ ਘੁੰਗਰੂ।

26. ਚਿੱਟੇ ਚੌਲ਼ ਜਿਨ੍ਹਾਂ ਨੇ ਪੁੰਨ ਕੀਤੇ,
ਰੱਬ ਨੇ ਬਣਾਈਆਂ ਜੋੜੀਆਂ।

27. ਜੱਗ ਜਿਊਂਣ ਵੱਡੀਆਂ ਭਰਜਾਈਆਂ,
ਪਾਣੀ ਮੰਗੇ ਦੁੱਧ ਦਿੰਦੀਆਂ।

28. ਮੁੰਡੇ ਮਰਗੇ ਕਮਾਈਆਂ ਕਰਦੇ,
ਲੱਛੀ ਤੇਰੇ ਬੰਦ ਨਾ ਬਣੇ।

29. ਪਾਣੀ ਡੋਲ੍ਹਗੀ ਝਾਂਜਰਾਂ ਵਾਲ਼ੀ,
ਕੈਂਠੇ ਵਾਲ਼ਾ ਤਿਲ੍ਹਕ ਗਿਆ।

30. ਮੇਰੇ ਵੀਰ ਨੂੰ ਸੁੱਕੀ ਖੰਡ ਪਾਈ,
ਸੱਸੇ ਤੇਰੀ ਮੱਝ ਮਰ ਜੇ।

❋ ❋ ❋

**ਸਾਰ**—ਖ਼ਬਰ, ਭੇਤ। **ਬਜੌਰ**—ਇੱਕ ਇਲਾਕੇ ਦਾ ਨਾਂ। **ਹਾਅੜ**—ਅਣਹੋਈ ਮੌਤੇ ਮਰੇ ਦੀ ਕਲਪਿਤ ਅਵਾਜ਼। **ਰੋਹੀ**—ਉਜਾੜ। **ਅੰਬਰ**—ਅਸਮਾਨ। **ਵਾਸ਼ਨਾ**—ਖ਼ੁਸ਼ਬੋ।

## ਅਭਿਆਸ

1. ਇਸ ਪਾਠ-ਪੁਸਤਕ ਵਿੱਚੋਂ ਲੋਕ-ਸਿਆਣਪ ਤੇ ਲੋਕ-ਨੀਤੀ ਨੂੰ ਪ੍ਰਗਟਾਉਂਦੇ ਤਿੰਨ ਟੱਪੇ ਲਿਖੋ।
2. ਇਸ ਪਾਠ-ਪੁਸਤਕ ਵਿੱਚ ਦਿੱਤੇ ਕਿਨ੍ਹਾਂ ਟੱਪਿਆਂ ਵਿੱਚ ਮਨੁੱਖੀ ਜੀਵਨ ਦੇ ਰੂਪ ਤੇ ਰੰਗ ਬਾਰੇ ਕੀ ਭਾਵ ਪ੍ਰਗਟ ਹੋਏ ਹਨ? ਉਦਾਹਰਨਾਂ ਸਹਿਤ ਦੱਸੋ।
3. ਪਾਠ-ਪੁਸਤਕ ਆਧਾਰਿਤ ਪੰਜਾਬੀ ਦੇ ਕਿਨ੍ਹਾਂ ਟੱਪਿਆਂ ਵਿੱਚ ਮਨੁੱਖੀ ਰਿਸ਼ਤੇ ਵਿਸ਼ਾ ਬਣੇ ਹਨ ? ਇਹ ਵੀ ਦੱਸੋ ਕਿਹੜੇ ਰਿਸ਼ਤੇ ਇਹਨਾਂ ਟੱਪਿਆਂ ਵਿੱਚ ਆਏ ਹਨ ?
4. ਪਾਠ-ਪੁਸਤਕ ਅਧਾਰਤ ਕਿਨ੍ਹਾਂ ਟੱਪਿਆਂ ਵਿੱਚ ਪਤਨੀ ਦੀਆਂ ਕਿਹੜੀਆਂ ਇੱਛਾਵਾਂ ਪ੍ਰਗਟ ਹੋਈਆਂ ਹਨ ?
5. ਪਾਠ-ਪੁਸਤਕ ਵਿੱਚ ਦਿੱਤੇ ਕਿਹੜੇ ਟੱਪਿਆਂ ਵਿੱਚ ਜੀਵਨ ਦਾ ਆਰਥਿਕ ਪੱਖ ਝਲਕਿਆ ਹੈ ?
6. 'ਜੱਗ ਜਿਊਂਣ ਵੱਡੀਆਂ ਭਰਜਾਈਆਂ, ਪਾਣੀ ਮੰਗੇ, ਦੁੱਧ ਦਿੰਦੀਆਂ।' ਇਸ ਟੱਪੇ ਵਿੱਚ ਕਿਹੜੇ ਭਾਵ ਪ੍ਰਗਟ ਹੋਏ ਹਨ ?
7. 'ਨਹੀਓਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ।' ਇਸ ਟੱਪੇ ਵਿੱਚ ਆਏ ਭਾਵ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
8. ਇਸ ਪਾਠ-ਪੁਸਤਕ ਵਿੱਚੋਂ ਆਪਣੀ ਮਨਪਸੰਦ ਦੇ ਤਿੰਨ ਟੱਪੇ ਚੁਣ ਕੇ ਲਿਖੋ ਅਤੇ ਉਹਨਾਂ ਵਿੱਚ ਪ੍ਰਗਟ ਹੋਏ ਭਾਵਾਂ ਬਾਰੇ ਵੀ ਲਿਖੋ।

❋ ❋ ❋

# ਬੋਲੀਆਂ (ਲੰਮੀਆਂ)

'ਲੰਮੀਆਂ ਬੋਲੀਆਂ' ਸਮੂਹਿਕ ਰੂਪ ਵਿੱਚ ਗਾਇਆ ਜਾਣ ਵਾਲ਼ਾ ਲੋਕ-ਕਾਵਿ ਹੈ। ਇਸ ਵਿੱਚ ਪਹਿਲੀਆਂ ਤੁਕਾਂ ਦਾ ਤੋਲ ਅਤੇ ਤੁਕਾਂਤ ਲਗ-ਪਗ ਬਰਾਬਰ ਹੁੰਦਾ ਹੈ। ਆਖ਼ਰੀ ਤੁਕ ਜਿਸ ਨੂੰ ਤੋੜਾ ਕਿਹਾ ਜਾਂਦਾ ਹੈ, ਲਗ-ਪਗ ਅੱਧੀ ਹੁੰਦੀ ਹੈ। ਬੋਲੀ ਨੂੰ ਮਰਦ ਵੀ ਗਾਉਂਦੇ ਹਨ ਅਤੇ ਔਰਤਾਂ ਵੀ। ਮਰਦ ਇਸ ਨੂੰ ਭੰਗੜੇ ਵਿੱਚ ਗਾਉਂਦੇ ਹਨ ਅਤੇ ਔਰਤਾਂ ਗਿੱਧੇ ਵਿੱਚ ਗਾਉਂਦੀਆਂ ਹਨ। ਮਰਦਾਂ ਦੀਆਂ ਬੋਲੀਆਂ ਵਿੱਚ ਮਰਦਾਂ ਦੀ ਦ੍ਰਿਸ਼ਟੀ ਤੋਂ ਸੰਸਾਰ ਨੂੰ ਵੇਖਿਆ ਗਿਆ ਹੈ। ਇਹਨਾਂ ਵਿੱਚ ਇਸਤਰੀ-ਰੂਪ ਦੀ ਵਡਿਆਈ, ਕਿਰਸਾਣੀ ਜੀਵਨ ਦੇ ਅਨੁਭਵ ਵਿੱਚ ਆਉਂਦੀ ਪ੍ਰਕਿਰਤੀ, ਫ਼ਸਲੀ-ਚੱਕਰ, ਮੇਲੇ-ਤਿਉਹਾਰ, ਆਰਥਿਕ ਤੇ ਸਮਾਜਿਕ ਪਹਿਲੂ ਝਲਕਦੇ ਹਨ। ਪੰਜਾਬੀਆਂ ਦਾ ਜੀਵਨ-ਅਨੁਰਾਗ ਅਤੇ ਬ੍ਰਹਿਮੰਡ ਨਾਲ਼ ਇਕਸੁਰਤਾ ਦੀ ਚੇਸ਼ਟਾ ਵੀ ਇਹਨਾਂ  ਬੋਲੀਆਂ ਵਿੱਚ ਪ੍ਰਗਟ ਹੋਈ ਹੈ। ਔਰਤਾਂ ਦੀਆਂ ਬੋਲੀਆਂ ਵਿੱਚ ਉਹਨਾਂ ਦੀ ਹਰ ਜੀਵਨ-ਅਵਸਥਾ ਦੇ ਅਨੁਭਵ ਤੇ ਮਾਨਸਿਕਤਾ ਅਤੇ ਜਜ਼ਬਾਤੀ ਘੁਟਣ ਨੂੰ ਪ੍ਰਗਟਾਵਾ ਮਿਲ਼ਦਾ ਹੈ। ਦੋਂਹਾਂ ਤਰ੍ਹਾਂ ਦੀਆਂ ਬੋਲੀਆਂ ਵਿੱਚ ਕਈ ਥਾਂਈਂ ਅਨੁਭਵ ਦੀ ਸਾਂਝ ਵੀ ਮਿਲ਼ਦੀ ਹੈ।

ਲੰਮੀ ਬੋਲੀ ਗਾਉਣ ਸਮੇਂ ਪਹਿਲਾਂ ਇੱਕ ਜਣਾ ਬੋਲੀ ਸ਼ੁਰੂ ਕਰਦਾ ਹੈ। ਗਾਉਣ ਸਮੇਂ ਟੋਲੀ ਦੇ ਬਾਕੀ ਸਹਿਯੋਗੀ ਨਾਲ਼ੋ-ਨਾਲ਼ ਹੁੰਗਾਰਾ ਭਰਦੇ ਹਨ। ਇਹ ਕਈ ਵਾਰੀ ਪ੍ਰਸ਼ਨ-ਰੂਪ ਵਿੱਚ ਜਾਂ ਵਿਸਮਿਕ ਬੋਲੀ ਦੇ ਰੂਪ ਵਿੱਚ ਹੁੰਦਾ ਹੈ, ਜਿਵੇਂ—ਜਦੋਂ ਬੋਲੀ ਗਾਉਣ ਵਾਲ਼ਾ ਗਾਉਂਦਾ ਹੈ—'ਬਾਰ੍ਹੀਂ ਬਰਸੀਂ ਖੱਟਣ ਗਿਆ', ਬਾਕੀ ਟੋਲੀ ਪੁੱਛਦੀ ਹੈ, 'ਕੀ ਖੱਟ ਲਿਆਂਦਾ ?' ਜਾਂ ਫਿਰ ਉਹ 'ਬੱਲੇ-ਬੱਲੇ' 'ਵਾਹ ਬਈ ਵਾਹ' ਆਦਿ ਬੋਲ ਕੇ ਇਸ ਗਾਇਨ ਨੂੰ ਸਮੂਹਿਕ ਬਣਾਉਂਦੇ ਹਨ। ਜਦੋਂ ਬੋਲੀ ਮੁਕੰਮਲ ਹੋਣ 'ਤੇ ਆਉਂਦੀ ਹੈ ਤਾਂ ਤੋੜੇ ਦੀ ਤੁਕ ਨੂੰ ਭੰਗੜੇ ਜਾਂ ਗਿੱਧੇ ਦੀ ਤਿੱਖੀ ਲੈਅ ਵਿੱਚ ਸਾਰੇ ਰਲ਼ ਕੇ ਗਾਉਂਦੇ ਹਨ। ਇਸ ਨੂੰ ਬੋਲੀ ਗਾਉਣ ਦੀ ਸਿਖਰ ਕਿਹਾ ਜਾਂਦਾ ਹੈ।

ਇਸ ਪਾਠ-ਪੁਸਤਕ ਲਈ ਅੱਠ ਲੰਮੀਆਂ ਬੋਲੀਆਂ ਵੰਨਗੀ ਵਜੋਂ ਸ਼ਾਮਲ ਕੀਤੀਆਂ ਗਈਆਂ ਹਨ।

1.

# ਸਾਡੇ ਪਿੰਡ ਦੇ ਮੁੰਡੇ ਵੇਖ ਲਓ

ਸਾਡੇ ਪਿੰਡ ਦੇ ਮੁੰਡੇ ਵੇਖ ਲਓ,
ਜਿਉਂ ਟਾਹਲੀ ਦੇ ਪਾਵੇ।
ਕੰਨੀਦਾਰ ਇਹ ਬੰਨ੍ਹਦੇ ਚਾਦਰੇ,
ਪਿੰਜਣੀ ਨਾਲ਼ ਸੁਹਾਵੇ।
ਦੂਧੀਆ-ਕਾਸ਼ਨੀ ਬੰਨ੍ਹਦੇ ਸਾਫ਼ੇ,
ਜਿਉਂ ਉੱਡਦਾ ਕਬੂਤਰ ਜਾਵੇ।
ਮਲਮਲ ਦੇ ਤਾਂ ਕੁੜਤੇ ਪਾਉਂਦੇ,
ਜਿਉਂ ਬਗਲਾ ਤਲਾਅ ਵਿੱਚ ਨ੍ਹਾਵੇ।
ਭੰਗੜਾ ਪਾਉਂਦਿਆਂ ਦੀ, ਬਈ ਸਿਫ਼ਤ ਕਰੀ ਨਾ ਜਾਵੇ।
ਭੰਗੜਾ......................।

❋ ❋ ❋

**ਸਿਫ਼ਤ**—ਵਡਿਆਈ। **ਪਿੰਜਣੀ**—ਪਿੰਨੀ। **ਸੁਹਾਵੇ**—ਸੋਹਣੇ ਲੱਗਦੇ।

## 2.

# ਪਿੰਡ ਤਾਂ ਸਾਡੇ

ਪਿੰਡ ਤਾਂ ਸਾਡੇ ਡੇਰਾ ਸਾਧ ਦਾ,
ਮੈਂ ਸੀ ਗੁਰਮੁਖੀ ਪੜ੍ਹਦਾ।
ਬਹਿੰਦਾ ਸਤਿਸੰਗ 'ਚ,
ਮਾੜੇ ਬੰਦੇ ਕੋਲ਼ ਨੀ ਖੜ੍ਹਦਾ।
ਜਿਹੜਾ ਫੁੱਲ ਵਿੱਛੜ ਗਿਆ,
ਮੁੜ ਨੀ ਵੇਲ 'ਤੇ ਚੜ੍ਹਦਾ।
ਬੋਲੀਆਂ ਪੌਣ ਦੀ ਹੋਗੀ ਮਨਸ਼ਾ,
ਆ ਕੇ ਗਿੱਧੇ ਵਿੱਚ ਵੜਦਾ।
ਨਾਲ਼ ਸ਼ੌਕ ਦੇ ਪਾਵਾਂ ਬੋਲੀਆਂ,
ਮੈਂ ਨੀ ਕਿਸੇ ਤੋਂ ਡਰਦਾ।
ਨਾਓਂ ਪਰਮੇਸ਼ਰ ਦਾ,
ਲੈ ਕੇ ਗਿੱਧੇ ਵਿੱਚ ਵੜਦਾ....................।

❋ ❋ ❋

**ਹੋਗੀ**—ਹੋ ਗਈ। **ਬੇਲ**—ਵੇਲ। **ਪੌਣ**—ਪਾਉਣ। **ਮਨਸ਼ਾ**—ਇੱਛਾ। **ਨੀ**—ਨਹੀਂ।

3.

# ਪਿੰਡਾਂ ਵਿੱਚੋਂ ਪਿੰਡ ਸੁਣੀਂਦਾ

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਲੱਲੀਆਂ।
ਉੱਥੋਂ ਦੇ ਦੋ ਬਲ਼ਦ ਸੁਣੀਂਦੇ,
ਗਲ਼ ਉਹਨਾਂ ਦੇ ਟੱਲੀਆਂ।
ਭੱਜ-ਭੱਜ ਕੇ ਉਹ ਮੱਕੀ ਬੀਜਦੇ,
ਗਿੱਠ-ਗਿੱਠ ਲੱਗੀਆਂ ਛੱਲੀਆਂ।
ਮੇਲਾ ਮੁਕਸਰ ਦਾ
ਦੋ ਮੁਟਿਆਰਾਂ ਚੱਲੀਆਂ.................।

❋ ❋ ❋

**ਮੁਕਸਰ—** ਸ੍ਰੀ ਮੁਕਤਸਰ ਸਾਹਿਬ (ਪੰਜਾਬ ਦੇ ਇੱਕ ਇਤਿਹਾਸਿਕ ਸ਼ਹਿਰ ਦਾ ਨਾਂ)।

4.

# ਕਾਲ਼ਿਆ ਹਰਨਾ

ਕਾਲ਼ਿਆ ਹਰਨਾ ਰੋਹੀਏਂ ਫਿਰਨਾ,
ਤੇਰੇ ਪੈਰੀਂ ਝਾਂਜਰਾਂ ਪਾਈਆਂ।
ਸਿੰਗਾਂ ਤੇਰਿਆਂ 'ਤੇ ਕੀ ਕੁਛ ਲਿਖਿਆ,
ਤਿੱਤਰ ਤੇ ਮੁਰਗ਼ਾਈਆਂ।
ਚੱਬਣ ਨੂੰ ਤੇਰੇ ਮੋਠ ਬਾਜਰਾ,
ਪਹਿਨਣ ਨੂੰ ਮੁਗਲਾਈਆਂ।
ਅੱਗੇ ਤਾਂ ਟੱਪਦਾ ਨੌਂ-ਨੌਂ ਕੋਠੇ,
ਹੁਣ ਨੀ ਟੱਪਦੀਆਂ ਖਾਈਆਂ।
ਖਾਈ ਟੱਪਦੇ ਦੇ ਵੱਜਿਆ ਕੰਡਾ,
ਦੇਵੇਂ ਰਾਮ-ਦੁਹਾਈਆਂ।
ਮਾਸ-ਮਾਸ ਤੇਰਾ ਕੁੱਤਿਆਂ ਖਾਧਾ,
ਹੱਡੀਆਂ ਰੇਤ ਰਲ਼ਾਈਆਂ।
ਜਿਊਣੇ ਮੌੜ ਦੀਆਂ
ਸਤਰੰਗੀਆਂ ਭਰਜਾਈਆਂ............।

❋ ❋ ❋

**ਰੋਹੀਏ**—ਰੇਤਲੀ ਧਰਤੀ। **ਮੁਗਲਾਈਆਂ**—ਇੱਕ ਪ੍ਰਕਾਰ ਦਾ ਢਿੱਲਾ ਕੁੜਤਾ।

5.

# ਸੁਣ ਨੀ ਕੁੜੀਏ

ਸੁਣ ਨੀ ਕੁੜੀਏ! ਸੁਣ ਨੀ ਚਿੜੀਏ!
ਤੇਰਾ ਪੁੰਨਿਆ ਤੋਂ ਰੂਪ ਸਵਾਇਆ।
ਵਿੱਚ ਸਖੀਆਂ ਦੇ ਪੈਲਾਂ ਪਾਵੇਂ,
ਤੈਨੂੰ ਨੱਚਣਾ ਕੀਹਨੇ ਸਿਖਾਇਆ।
ਤੂੰ ਹੱਸਦੀ ਦਿਲ ਰਾਜ਼ੀ ਸਭ ਦਾ,
ਜਿਉਂ ਬਿਰਛਾਂ ਦੀ ਛਾਇਆ।
ਨੱਚ-ਨੱਚ ਕੇ ਤੂੰ ਹੋਗੀ ਦੂਹਰੀ,
ਭਾਗ ਗਿੱਧੇ ਨੂੰ ਲਾਇਆ।
ਪਰੀਏ ਰੂਪ ਦੀਏ,
ਤੈਨੂੰ ਰੱਬ ਨੇ ਆਪ ਬਣਾਇਆ...............।

❋ ❋ ❋

**ਪੁੰਨਿਆ**—ਪੂਰਨਮਾਸੀ, ਚਾਨਣੇ ਪੱਖ ਦੀ ਪੰਦਰ੍ਹਵੀਂ ਥਿਤ। **ਰੂਪ ਸਵਾਇਆ**—ਖ਼ੂਬਸੂਰਤੀ ਵਧਣਾ। **ਦਿਲ ਰਾਜ਼ੀ ਹੋਣਾ**—ਦਿਲੋਂ ਖ਼ੁਸ਼ ਹੋਣਾ, ਸਭ ਨੂੰ ਚੰਗਾ ਲੱਗਣਾ।

6.

# ਮਹਿੰਦੀ-ਮਹਿੰਦੀ ਹਰ ਕੋਈ ਕਹਿੰਦਾ

ਮਹਿੰਦੀ-ਮਹਿੰਦੀ ਹਰ ਕੋਈ ਕਹਿੰਦਾ,
ਮੈਂ ਵੀ ਆਖਾਂ ਮਹਿੰਦੀ।
ਬਾਗ਼ਾਂ ਦੇ ਵਿੱਚ ਸਸਤੀ ਮਿਲ਼ਦੀ,
ਹੱਟੀਆਂ 'ਤੇ ਮਿਲ਼ਦੀ ਮਹਿੰਗੀ।
ਹੇਠਾਂ ਕੂੰਡਾ ਉੱਤੇ ਸੋਟਾ,
ਚੋਟ ਦੋਹਾਂ ਦੀ ਸਹਿੰਦੀ।
ਘੋਟ-ਘੋਟ ਮੈਂ ਹੱਥਾਂ 'ਤੇ ਲਾਈ,
ਬੱਤੀਆਂ ਬਣ-ਬਣ ਲਹਿੰਦੀ।
ਮਹਿੰਦੀ ਸ਼ਗਨਾਂ ਦੀ,
ਬਿਨ ਧੋਤਿਆਂ ਨੀ ਲਹਿੰਦੀ............।
ਜਾਂ
ਬੋਲ ਸ਼ਰੀਕਾਂ ਦੇ,
ਮੈਂ ਨਾ ਬਾਬਲਾ ਸਹਿੰਦੀ................।

❋ ❋ ❋

**ਕੂੰਡਾ-ਸੋਟਾ**—ਸੁਨਹਿਰਾ ਅਰਥਾਤ ਕੂੰਡਾ ਤੇ ਘੋਟਣਾ। **ਸ਼ਰੀਕ**—ਭਾਈਵਾਲ, ਹਿੱਸੇਦਾਰ, ਬਰਾਬਰ ਹੱਕ ਰੱਖਦਾ ਆਦਮੀ।

7.

# ਦੇਸ ਮੇਰੇ ਦੇ ਬਾਂਕੇ ਗੱਭਰੂ

ਦੇਸ ਮੇਰੇ ਦੇ ਬਾਂਕੇ ਗੱਭਰੂ,
ਮਸਤ ਅੱਲੜ੍ਹ ਮੁਟਿਆਰਾਂ।
ਨੱਚਦੇ-ਟੱਪਦੇ ਗਿੱਧਾ ਪਾਉਂਦੇ,
ਗਾਉਂਦੇ ਰਹਿੰਦੇ ਵਾਰਾਂ।
ਪ੍ਰੇਮ-ਲੜੀ ਵਿੱਚ ਇੰਵ ਪਰੋਏ,
ਜਿਉਂ ਕੂੰਜਾਂ ਦੀਆਂ ਡਾਰਾਂ।
ਮੌਜ਼ ਨਾਲ਼ ਇਹ ਕਰਨ ਮਖੌਲਾਂ,
ਮਸਤੇ ਵਿੱਚ ਪਿਆਰਾਂ।
ਕੁਦਰਤ ਦੇ ਮੈਂ ਕਾਦਰ ਅੱਗੇ,
ਇਹੋ ਅਰਜ਼ ਗੁਜ਼ਾਰਾਂ।
ਦੇਸ ਪੰਜਾਬ ਦੀਆਂ,
ਖਿੜੀਆਂ ਰਹਿਣ ਬਹਾਰਾਂ.............।

❋ ❋ ❋

ਕਾਦਰ—ਪਰਮਾਤਮਾ, ਰਚਨਹਾਰ।

8.

# ਤਾਰਾਂ-ਤਾਰਾਂ-ਤਾਰਾਂ

ਤਾਰਾਂ-ਤਾਰਾਂ-ਤਾਰਾਂ,
ਬੋਲੀਆਂ ਦਾ ਖੂਹ ਭਰ ਦਿਆਂ,
ਜਿੱਥੇ ਪਾਣੀ ਭਰਨ ਮੁਟਿਆਰਾਂ।
ਬੋਲੀਆਂ ਦੀ ਸੜਕ ਬੰਨ੍ਹਾਂ,
ਜਿੱਥੇ ਚੱਲਦੀਆਂ ਮੋਟਰ-ਕਾਰਾਂ।
ਬੋਲੀਆਂ ਦੀ ਰੇਲ ਭਰਾਂ,
ਜਿੱਥੇ ਦੁਨੀਆ ਚੜ੍ਹੇ ਹਜ਼ਾਰਾਂ।
ਬੋਲੀਆਂ ਦੀ ਕਿੱਕਰ ਭਰਾਂ,
ਜਿੱਥੇ ਕਾਟੋ ਲਵੇ ਬਹਾਰਾਂ।
ਬੋਲੀਆਂ ਦੀ ਨਹਿਰ ਭਰਾਂ,
ਜਿੱਥੇ ਲੱਗਦੇ ਮੋਘੇ, ਨਾਲ਼ਾਂ।
ਜਿਊਂਦੀ ਮੈਂ ਮਰ ਗਈ,
ਕੱਢੀਆਂ ਜੇਠ ਨੇ ਗਾਲ਼ਾਂ............।

❋ ❋ ❋

## ਅਭਿਆਸ

1. 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਪਿੰਡ ਦੇ ਮੁੰਡਿਆਂ ਦੀ ਸਰੀਰਿਕ ਪੱਖੋਂ ਕਿਸ ਨਾਲ਼ ਤੁਲਨਾ ਕੀਤੀ ਗਈ ਹੈ ?
2. 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਪਿੰਡ ਦੇ ਮੁੰਡਿਆਂ ਦਾ ਪਹਿਰਾਵਾ ਕਿਹੋ-ਜਿਹਾ ਹੈ ?
3. 'ਪਿੰਡ ਤਾਂ ਸਾਡੇ' ਬੋਲੀ ਵਿੱਚ ਰਚਨਹਾਰ ਆਪਣੇ ਬਾਰੇ ਕੀ ਕਹਿੰਦਾ ਹੈ ?
4. 'ਪਿੰਡ ਤਾਂ ਸਾਡੇ' ਬੋਲੀ ਵਿੱਚ ਕਿਹੜਾ ਜੀਵਨ-ਸੱਚ ਪੇਸ਼ ਕੀਤਾ ਗਿਆ ਹੈ ?
5. 'ਪਿੰਡਾਂ ਵਿੱਚੋਂ ਪਿੰਡ ਸੁਣੀਂਦਾ' ਬੋਲੀ ਵਿੱਚ ਭਰਪੂਰ ਫ਼ਸਲ ਲੈਂਣ ਲਈ ਕੌਣ-ਕੌਣ ਉਤਸ਼ਾਹ ਨਾਲ਼ ਕੰਮ ਕਰਦੇ ਹਨ ?
6. 'ਪਿੰਡਾਂ ਵਿੱਚੋਂ ਪਿੰਡ ਸੁਣੀਂਦਾ' ਬੋਲੀ ਵਿੱਚ ਕਿਸਾਨ ਦੀ ਕਿਰਤ, ਉਸ ਦੇ ਬਲ਼ਦ, ਭਰਪੂਰ ਫ਼ਸਲ ਤੇ ਤਿਉਹਾਰ ਸਾਰੇ ਇੱਕ-ਮਿੱਕ ਹੋਏ ਹਨ, ਦੱਸੋ ਕਿਵੇਂ ?
7. 'ਕਾਲ਼ਿਆ ਹਰਨਾ' ਬੋਲੀ ਵਿੱਚ ਕਾਲ਼ੇ ਹਰਨ ਦੀ ਸ਼ਾਨ ਕਿਵੇਂ ਚਿਤਰੀ ਗਈ ਹੈ ?
8. 'ਕਾਲ਼ਿਆ ਹਰਨਾ' ਬੋਲੀ ਵਿੱਚ ਮਨੁੱਖੀ ਜੀਵਨ ਦੀ ਕਿਹੜੀ ਸਚਾਈ ਨੂੰ ਸਮਝਾਇਆ ਗਿਆ ਹੈ ?
9. 'ਕਾਲ਼ਿਆ ਹਰਨਾ' ਬੋਲੀ ਵਿੱਚ ਕਾਲ਼ਾ ਹਰਨ ਕਿਹੜੇ ਅਰਥਾਂ ਵਿੱਚ ਆਇਆ ਹੈ ?
10. 'ਕਾਲ਼ਿਆ ਹਰਨਾ' ਬੋਲੀ ਵਿੱਚ ਪ੍ਰਕਿਰਤੀ ਦੀਆਂ ਕਿਹੜੀਆਂ ਝਲਕਾਂ ਮਿਲ਼ਦੀਆਂ ਹਨ ?
11. 'ਸੁਣ ਨੀ ਕੁੜੀਏ' ਬੋਲੀ ਵਿੱਚ ਕੁੜੀ ਦੇ ਕਿਹੜੇ ਗੁਣਾਂ ਦੀ ਸਿਫ਼ਤ ਕੀਤੀ ਗਈ ਹੈ ?
12. 'ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ' ਬੋਲੀ ਵਿੱਚ ਵਕਤਾ ਕੌਣ ਹੈ ? ਮਹਿੰਦੀ ਬਾਰੇ ਉਸ ਨੇ ਆਪਣਾ ਕਿਹੜਾ ਅਨੁਭਵ ਦੱਸਿਆ ਹੈ ?
13. 'ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ' ਬੋਲੀ ਵਿੱਚ ਮਹਿੰਦੀ ਪ੍ਰਾਪਤ ਕਰਨ ਤੋਂ ਲੈ ਕੇ ਇਸ ਨੂੰ ਲਾਉਣ ਅਤੇ ਲਾਹੁਣ ਤੱਕ ਕੀ ਦੱਸਿਆ ਹੈ ?
14. 'ਦੇਸ ਮੇਰੇ ਦੇ ਬਾਂਕੇ ਗੱਭਰੂ' ਬੋਲੀ ਵਿੱਚ ਪੰਜਾਬੀ ਗੱਭਰੂਆਂ ਦੀਆਂ ਕਿਹੜੀਆਂ-ਕਿਹੜੀਆਂ ਸਿਫ਼ਤਾਂ ਕੀਤੀਆਂ ਗਈਆਂ ਹਨ ?
15. 'ਦੇਸ ਮੇਰੇ ਦੇ ਬਾਂਕੇ ਗੱਭਰੂ' ਬੋਲੀ ਵਿੱਚ ਪੰਜਾਬ ਬਾਰੇ ਕੀ ਸ਼ੁੱਭ ਕਾਮਨਾ ਪ੍ਰਗਟ ਕੀਤੀ ਗਈ ਹੈ ?
16. 'ਤਾਰਾਂ-ਤਾਰਾਂ-ਤਾਰਾਂ' ਬੋਲੀ ਵਿੱਚ ਕਿਸ-ਕਿਸ ਚੀਜ਼ ਦਾ ਜ਼ਿਕਰ ਆਇਆ ਹੈ ?
17. 'ਤਾਰਾਂ-ਤਾਰਾਂ-ਤਾਰਾਂ' ਬੋਲੀ ਵਿੱਚ 'ਜਿਉਂਦੀ ਮੈਂ ਮਰ ਗਈ' ਤੋਂ ਕੀ ਭਾਵ ਹੈ ?

❄ ❄ ❄

# ਢੋਲਾ

ਢੋਲਾ ਪੱਛਮੀ ਪੰਜਾਬ ਦਾ ਲੋਕ-ਗੀਤ ਹੈ। ਇਹ ਬਾਰਾਂ ਜਿਵੇਂ ਸਾਂਦਲ ਬਾਰ, ਗੰਜੀ ਬਾਰ, ਰਾਵੀ ਬਾਰ ਵਿੱਚ ਬਹੁਤ ਹਰਮਨ-ਪਿਆਰਾ ਹੈ। ਹੋਰ ਲੋਕ-ਗੀਤਾਂ ਵਾਂਗ ਢੋਲਿਆਂ ਦੇ ਰਚਨਹਾਰੇ ਵੀ ਲੋਕ-ਕਵੀ ਹੀ ਹੁੰਦੇ ਹਨ। ਬਾਰ ਦੇ ਲੋਕ ਇਹਨਾਂ ਨੂੰ ਸ਼ਾਇਰ ਕਹਿੰਦੇ ਹਨ ਪਰ ਇਹਨਾਂ ਢੋਲਿਆਂ ਉੱਤੇ ਕਿਸੇ ਵੀ ਕਵੀ ਦਾ ਨਾਂ ਅੰਕਿਤ ਨਹੀਂ ਹੈ। ਢੋਲਿਆਂ ਵਿੱਚ ਬਾਰਾਂ ਦੇ ਮੱਧ-ਕਾਲੀਨ ਸਮਾਜ ਦਾ ਚਿੱਤਰ ਹੁੰਦਾ ਹੈ। ਢੋਲੇ ਦੀ ਬਣਤਰ ਸਾਦੀ ਹੁੰਦੀ ਹੈ। ਪੋਠੋਹਾਰ, ਧਨੀ ਆਦਿ ਦੇ ਢੋਲੇ ਤਿੰਨ-ਤਿੰਨ ਸਤਰਾਂ ਦੇ ਹੁੰਦੇ ਹਨ ਪਰ ਬਾਰਾਂ ਦੇ ਢੋਲੇ ਲਮੇਰੇ ਹੁੰਦੇ ਹਨ। ਢੋਲੇ ਵਿੱਚ ਕਿਸੇ ਵਿਸ਼ੇਸ਼ ਛੰਦ ਦੀ ਵਰਤੋਂ ਨਹੀਂ ਹੁੰਦੀ। ਇਸ ਨੂੰ ਪੰਜਾਬ ਦੀ ਅਤਿ ਪੁਰਾਤਨ ਖੁੱਲ੍ਹੀ ਕਵਿਤਾ ਕਿਹਾ ਜਾ ਸਕਦਾ ਹੈ। ਇਸ ਵਿੱਚ ਕਹਿਰਾਂ ਦਾ ਜਜ਼ਬਾ ਹੁੰਦਾ ਹੈ ਜਿਸ ਕਰਕੇ ਤੋਲ-ਤੁਕਾਂਤ ਨਾਲ਼ੋਂ ਸੰਗੀਤ ਅਤੇ ਲੈਅ ਦਾ ਵਧੇਰੇ ਧਿਆਨ ਰੱਖਿਆ ਜਾਂਦਾ ਹੈ। ਢੋਲਾ ਕਿਸੇ ਸਾਜ਼ ਨਾਲ਼ ਗਾਇਆ ਜਾਣ ਵਾਲ਼ਾ ਲੋਕ-ਗੀਤ ਨਹੀਂ। ਢੋਲਾ ਗਾਉਣ ਵਾਲ਼ਾ ਆਪਣੇ ਸੱਜੇ ਹੱਥ ਨੂੰ ਕੰਨ 'ਤੇ ਰੱਖ ਕੇ ਗਾਉਂਦਾ ਹੈ। ਢੋਲੇ ਬਾਰ ਦੇ ਸਮੁੱਚੇ ਜੀਵਨ ਨੂੰ ਪੇਸ਼ ਕਰਦੇ ਹਨ।

ਢੋਲਿਆਂ ਦੇ ਵਿਸ਼ੇ ਪਿਆਰ, ਪ੍ਰੇਮੀਆਂ ਦੇ ਗਿਲੇ-ਸ਼ਿਕਵੇ, ਨਿਹੋਰੇ, ਉਲ੍ਹਾਮੇ ਹੀਰ-ਰਾਂਝਾ, ਸੱਸੀ-ਪੁੰਨੂੰ ਆਦਿ ਪਿਆਰ ਕਹਾਣੀਆਂ, ਨੂੰਹ-ਸੱਸ ਦੇ ਰਿਸ਼ਤੇ, ਮੱਝਾਂ, ਊਠ ਤੇ ਘਰ ਦੇ ਹੋਰ ਪਸ਼ੂ, ਜੰਗਲ਼, ਦਰਿਆ ਆਦਿ ਪ੍ਰਕਿਰਤੀ ਦੇ ਦ੍ਰਿਸ਼, ਰਾਠਾਂ ਦੀਆਂ ਲੜਾਈਆਂ ਅਤੇ ਮੌਤ ਆਦਿ ਹਨ। ਕਈ ਢੋਲਿਆਂ ਵਿੱਚ ਪੰਜਾਬ ਦੇ ਇਤਿਹਾਸ ਨਾਲ਼ ਸੰਬੰਧਿਤ ਘਟਨਾਵਾਂ ਅਤੇ ਨਾਇਕ-ਨਾਇਕਾਵਾਂ ਦਾ ਕਲਾਤਮਿਕ ਚਿਤਰਨ ਹੈ। ਇਸ ਵਿੱਚ ਢੋਲਿਆਂ ਨੂੰ ਜਾਂਗਲ਼ੀਆਂ ਦਾ ਮੂੰਹੋਂ ਬੋਲਦਾ ਇਤਿਹਾਸ ਕਿਹਾ ਜਾਂਦਾ ਹੈ। ਕਈ ਢੋਲਿਆਂ ਵਿੱਚ ਸੂਫ਼ੀ ਰੰਗ ਵੀ ਝਲਕਦਾ ਹੈ।

ਇਸ ਪਾਠ-ਪੁਸਤਕ ਵਿੱਚ ਚੋਣਵੇਂ ਪੰਜ ਢੋਲੇ ਵੰਨਗੀ ਵਜੋਂ ਦਿੱਤੇ ਗਏ ਹਨ।

❋ ❋ ❋

1.

# ਕੰਨਾਂ ਨੂੰ ਸੋਹਣੇ ਬੂੰਦੇ

ਕੰਨਾਂ ਨੂੰ ਸੋਹਣੇ ਬੂੰਦੇ,
ਸਿਰ 'ਤੇ ਛੱਤੇ ਲੌਰ ਦੇ।
ਗੋਰੀ ਦੇ ਪੈਰੀਂ ਕਾਢਵੀਂ ਜੁੱਤੀ,
ਰੱਖਦੀ ਪੱਬ ਮਰੋੜ ਕੇ।
ਸੌੜੀਆਂ ਗਲ਼ੀਆਂ ਤੇ ਛੋਹਰਾ ਕਰ ਨਾ ਇੰਜ ਬਖੇੜੇ,
ਲੜ ਸਲਾਰੀ ਦਾ ਛੋੜਦੇ।
ਪਹਿਲੋਂ ਭੰਨੀਆਂ ਨੀਂ ਵੰਗਾਂ,
ਮੁੜ ਬਾਂਹ ਸੁੱਟੀ ਆ ਮਰੋੜ ਕੇ।
ਸੌਦੇ ਦਿਲਾਂ ਦੇ ਹੁੰਦੇ ਨੇ,
ਕਦੀ ਨੇਹੁੰ ਨਾ ਲੱਗਦੇ ਜ਼ੋਰ ਦੇ।
ਤੇਰੇ ਮਗਰ ਛੋੜੇ ਵੱਸਦੇ ਮਾਪੇ,
ਐਹਿ ਸਾਰੇ ਥੇਂ,
ਵੱਸਦੇ ਸਹੇਲੀਆਂ ਦੇ ਕੋਲ਼ ਦੇ।
ਕੀਤਾ ਈ ਨਸ਼ਈ ਮੇਰਾ ਕਮਲ਼ਾ ਢੋਲਾ,
ਪਿਆਲੇ ਪਲ਼ਾਏ ਨੀ ਭੰਗ ਦੇ ਘੋਲ਼ ਕੇ।

❋ ❋ ❋

**ਲੌਰ ਦੇ**—ਲੋਹੜੇ ਦੇ। **ਬਖੇੜੇ**—ਹਾਸੇ। **ਥੇਂ**—ਪਿੰਡ। **ਸਲਾਰੀ**—ਇਸਤਰੀਆਂ ਦੇ ਸਿਰ ਉੱਪਰ ਲੈਣ ਵਾਲਾ ਕੱਪੜਾ।

## 2.

# ਬੁੱਤ ਬਣੋਟਿਆ

ਬੁੱਤ ਬਣੋਟਿਆ
ਤੇਰੀ ਪੀਲ੍ਹ ਲੁੜੀਂਦੀ।
ਕੋਲ਼ ਵਸੰਦਿਆਂ ਦੀਆਂ ਓਟਾਂ ਚੰਗੀਆਂ,
ਮੈਂ ਸਿਰੂੰ ਵਾਰ ਕੇ ਪਾਣੀ ਪੀਂਦੀ।
ਮੈਂ ਮੁੱਠੀ ਮੀਟ ਕੇ ਬਹਿ ਗਈਆਂ,
ਕੋਲੂੰ ਸੱਜਣਾਂ ਦੀ ਝੋਕ ਲਦੀਂਦੀ।
ਮੈਂ ਪੈ ਕਪਰ ਨੂੰ ਪਈਆਂ, ਕੰਧੀ ਦੂਰ ਦਸੀਂਦੀ।
ਅਗਲੇ ਲੱਦੀ ਜਾਂਦੇ ਨੂੰ, ਪਿਛਲਿਆਂ ਦੀ ਰੂੰਗ ਸੁਣੀਂਦੀ।
ਸਈਆਂ ਦੇਵਣ ਤਾਹਨੇ,
ਤਰੱਕਲ਼ਿਆਂ ਦੀ ਚੁੰਜੂ ਮੱਛੀ ਵਾਂਗ ਤਲ਼ੀਂਦੀ।
ਦੁਖਿਆਰੇ ਮਰ ਕਿਓਂ ਨ ਵੈਂਦੇ,
ਕਦੀ ਮੂੰਹ ਮੰਗਿਆਂ ਮੌਤ ਵੀ ਥੀਂਦੀ?
ਇਸ ਜੀਵੇ ਨਾਲੂੰ ਮਰ ਜਾਵਣ ਚੰਗਾ ਹੋਂਦਾ ਏ,
ਘੋਲ਼ ਕੇ ਮਹੁਰਾ ਪੀਂਦੀ।
ਏਹਨਾਂ ਵਣਾਂ ਵਿਚੂੰ ਨਿਕਲਣ ਯਾਰ ਅਸਾਡੇ,
ਮੈਂ ਜੀਂਦੀਆਂ ਸਈਆਂ ਦੇ ਵਿੱਚ ਗਣੀਂਦੀ।

❋ ❋ ❋

**ਬੁੱਤ ਬਣੋਟਿਆ**—ਪਿਆਰਿਆ ਵਣਾਂ-ਬਿਰਖਾ, ਭਾਵ ਕੋਈ ਉੱਤਰ ਨਾ ਦਿੰਦਾ ਨਾਇਕ। **ਪੀਲ੍ਹ**—ਛਿੱਲ। **ਲੁੜੀਂਦੀ**—ਚਾਹੀਦੀ। **ਰੂੰਗ**—ਮੱਧਮ ਅਵਾਜ਼। **ਮਹੁਰਾ**—ਜ਼ਹਿਰ।

3.

# ਉੱਭੇ ਦੇ ਬੱਦਲ਼

ਉੱਭੇ ਦੇ ਬੱਦਲ਼
ਵਾ ਪੁਰੇ ਦੀ ਆਂਦੇ ਨੁ ਚਾ ਕੇ।
ਉਹ ਤਾਂ ਭੈੜੇ ਲੱਦੀ ਜਾਂਦੇ ਨੁ,
ਜਿਨ੍ਹਾਂ ਆਂਦੇ ਨੇ ਸਾਥ ਰਲ਼ਾ ਕੇ।
ਸੱਦਿਆਂ ਸੱਦ ਨਾ ਦੇਂਦੇ,
ਖਲ੍ਹੀਆਂ ਸੱਦ ਬੁਲਾ ਕੇ।
ਛੱਲੇ ਸਾਡੇ ਲਾਹ ਲਿਆ ਨੀਂ,
ਓ ਨੀਂਗਰ ਅਗਲੇ ਵਸਾਹ 'ਤੇ।
ਮਨ ਸਾਡੇ 'ਤੇ ਨਿੱਤ ਅਣਾਈਆਂ,
ਫੁੱਲ ਵੀ ਗਏ ਨੇ ਸਾਵੇ ਕੁਮਾ ਕੇ।
ਰਲ਼ੀਆਂ ਜੋੜੀਆਂ ਨੂੰ, ਰੱਬ ਨ ਘੱਤੇ ਫੋਟੇ,
ਉਹਨਾਂ ਦੀ ਕੂਕ ਵੀ ਸੁਣੀਂਦੀਏ ਵਿੱਚ ਦਰਗਾਹ ਦੇ।
ਏਹਨਾਂ ਵਣਾਂ ਵਿਚੂੰ ਨਿਕਲ਼ ਆਵੀਂ ਓ ਰੰਗੀ ਮੌਲਾ,
ਝਗੜੇ ਜਾਵੀਂ ਓ ਕੁੱਲ ਮੁਕਾ ਕੇ।

❋ ❋ ❋

**ਊੱਭੇ**-ਸੂਰਜ ਨਿਕਲ਼ਨ ਦੀ ਦਿਸ਼ਾ, ਪੂਰਬ, ਪੁਰਾ, ਅਕਾਸ਼। **ਲੱਦਣਾ**-ਜਾਣਾ। **ਖਲ੍ਹੀਆਂ**—ਖੜ੍ਹੀ ਹਾਂ। **ਸੱਦ**—ਅਵਾਜ਼। **ਅਣਾਈਆਂ**—ਆਈਆਂ। **ਕੁਮਾ ਕੇ**—ਕੁਮਲ਼ਾ ਕੇ। **ਫੋਟੇ**—ਫੁੱਟਣਾ, ਵਿਛੜਨਾ।

4.

# ਮੀਆਂ ਰਾਂਝਾ

ਮੁਦ-ਫ਼ਿਕਰ ਹੋ ਕੇ ਟੁਰਿਆ ਸੂ ਮੀਆਂ ਰਾਂਝਾ,
ਕੰਧੀ ਲਈ ਸੂ ਮੱਲ ਝਨਾਂ ਦੀ।
ਭਾਈ ਰਾਂਝਣ ਦੇ ਬਾਹਾਂ ਬੰਨ੍ਹ ਅਰਜ਼ ਕਰੇਂਦੂ ਨੂ,
ਪੀੜ ਵੀ ਉੱਠੀ ਨੇ ਹਾਂ ਦੀ।
ਸੱਤ ਭਰਜਾਈਆਂ ਤਾਬੇਦਾਰ ਓ ਭਾਈ ਰਾਂਝਣ,
ਮੰਨ ਅਰਜ਼ੋਈ ਕਾਈ ਤਾਂ ਕਰੇਂਹਾ ਗੱਲ ਨਿਆਂ ਦੀ।
ਵਿੱਟੀ ਕੀਤੀ ਵੈਨਾਂ ਏਂ ਮਿਲਖ ਪਿਓ ਤੇ ਦਾਦੇ ਦੀ,
ਅਸੀਂ ਦਰੋਹੀ ਪਏ ਦੇਨੇਂ ਆਂ ਅਲਾਹੁ ਦੇ ਨਾਂ ਦੀ।
ਰਾਂਝਾ ਪਿਆ ਆਹੁੰਦਾ ਓ ਭਿਰਾਵੋ,
ਮੇਰਾ ਰੂਹ ਹੀਰ ਕਾਣ ਮੁੜ ਗਿਆ ਹੈ।
ਭੈੜਾ ਦਿਲ ਰਿਹਾੜ ਕਰੇਂਦਾ ਹੈ,
ਮੈਂ ਸਿਆਲਾਂ ਨੂੰ ਵੰਝਣਾ,ਪਰਵਾਹ ਨ ਕਾਈ ਧੁੱਪ ਤੇ ਛਾਂ ਦੀ।

❋ ❋ ❋

**ਮੁਦ-ਫ਼ਿਕਰ**—ਫ਼ਿਕਰਮੰਦ। **ਵਿੱਟੀ**—ਛੱਡੀ। **ਵੈਨਾਂ ਏਂ**—ਜਾ ਰਿਹੇ। **ਮਿਲਖ**—ਜਾਇਦਾਦ। **ਦਰੋਹੀ**—ਦੁਹਾਈ। **ਅਲਾਹੁ**—ਰੱਬ। **ਵੰਝਣਾ**—ਜਾਣਾ। **ਕਾਣ**—ਵਿੱਚ। **ਮੁੜ**—ਲੱਗ ਗਿਆ। **ਰਿਹਾੜ**—ਜ਼ਿਦ ਕਰਨੀ।

5.

# ਕੈਲ਼ੀਆਂ ਤੇ ਕਾਲ਼ੀਆਂ ਮੱਝਾਂ

ਕੈਲ਼ੀਆਂ ਤੇ ਕਾਲ਼ੀਆਂ ਮੱਝਾਂ,
ਅੱਲਾ ਅਰਸ਼ਾਂ ਤੋਂ ਆਂਦੀਆਂ।
ਦਰਯਾ ਪਏ ਸੋਹਣੇ ਲਗਦੇ ਨੇ,
ਜਿਸ ਵੇਲ਼ੇ ਚਰ-ਚਰ ਕੇ ਬੇਲੇ 'ਚੋਂ
ਪੱਤਣਾਂ 'ਤੇ ਲਾਹੁੰਦੀਆਂ।
ਮਾਰਨ ਟੁੱਭੀਆਂ, ਲੈਣ ਤਾਰੀਆਂ,
ਜਿਵੇਂ ਝਾਬਾਂ ਨਾਲ਼ ਪਕੇ ਦੇ ਖਾਂਹਦੀਆਂ।
ਛੇੜੂਆਂ ਗੋਡੇ ਮਾਰ ਉਠਾਲ਼ੀਆਂ,
ਸਾਵਣ ਮਾਹ ਖਾੜੀ ਜਾਣ ਉਗਲ਼ਾਂਦੀਆਂ
ਸਵਾਣੀਆਂ ਨੂੰ ਟੁੱਕਰ ਨ ਰੁਚਦਾ,
ਜਿਸ ਵੇਲ਼ੇ ਵੇਖਣ ਭੁੱਖੀਆਂ ਤੇ ਮਾਂਦੀਆਂ।
ਖੜੀਆਂ ਤੇ ਮੋਈਆਂ ਦੀਆਂ ਸੱਟਾਂ ਉਹ ਝਲਦੇ ਨੇ।
ਜਿਨ੍ਹਾਂ ਦੀਆਂ ਪੱਸਲ਼ੀਆਂ ਸਾਰ ਦੀਆਂ।
ਮੱਝੀਂ ਮਾਲ ਵਰਿਆਮਾਂ ਦਾ,
ਮਾੜਿਆਂ ਕੋਲ਼ ਨ ਰਹਿੰਦੀਆਂ।
ਮੱਝੀਆਂ ਉਭਾਰ ਪਰੀਆਂ ਦਾ,
ਨਾਲ਼ ਨਸੀਬੇ ਦੇ ਆਂਦੀਆਂ।

❋ ❋ ❋

**ਕੈਲ਼ੀਆਂ**—ਭੂਰੀਆਂ। **ਛੇੜੂਆਂ**—ਮੱਝਾਂ ਚਾਰਨ ਵਾਲ਼ੇ। **ਵਰਿਆਮ** — ਬਹਾਦਰ । **ਨਸੀਬੇ**—ਕਿਸਮਤ।

## ਅਭਿਆਸ

1. 'ਕੰਨਾਂ ਨੂੰ ਸੋਹਣੇ ਬੂੰਦੇ' ਢੋਲੇ ਵਿੱਚ ਨਾਇਕਾ ਦਾ ਚਿਤਰਨ ਕਿਵੇਂ ਪੇਸ਼ ਕੀਤਾ ਗਿਆ ਹੈ ?
2. 'ਕੰਨਾਂ ਨੂੰ ਸੋਹਣੇ ਬੂੰਦੇ' ਢੋਲੇ ਵਿੱਚ ਇਸ ਤੁਕ ਦਾ ਕੀ ਭਾਵ ਹੈ, 'ਕਦੀ ਨੇਹੁੰ ਨ ਲੱਗਦੇ ਜ਼ੋਰ ਦੇ।'
3. 'ਬੁੱਤ ਬਣੌਟਿਆ' ਢੋਲੇ ਵਿੱਚ ਨਾਇਕਾ ਦਾ ਬਿਰਹਾ-ਵਰਨਣ ਕਿਵੇਂ ਕੀਤਾ ਗਿਆ ਹੈ ?
4. 'ਬੁੱਤ ਬਣੌਟਿਆ' ਢੋਲੇ ਵਿੱਚ ਇਸ ਤੁਕ ਦਾ ਕੀ ਭਾਵ ਹੈ, 'ਦੁਖਿਆਰੇ ਮਰ ਕਿਉਂ ਨ ਵੈਂਦੇ।'
5. 'ਬੁੱਤ ਬਣੌਟਿਆ' ਢੋਲੇ ਵਿੱਚ ਇਸ ਤੁਕ ਦਾ ਕੀ ਭਾਵ ਹੈ, 'ਕੋਲ਼ ਵਸੰਦਿਆਂ ਦੀਆਂ ਓਟਾਂ ਚੰਗੀਆਂ।
6. 'ਉੱਭੇ ਦੇ ਬੱਦਲ਼' ਢੋਲੇ ਵਿੱਚ ਨਾਇਕਾ ਦੀ ਬੇਵੱਸੀ ਦਾ ਵਰਨਣ ਕਿਵੇਂ ਕੀਤਾ ਗਿਆ ਹੈ ?
7. 'ਉੱਭੇ ਦੇ ਬੱਦਲ਼' ਢੋਲੇ ਵਿੱਚ ਨਾਇਕਾ ਕੀ ਕਾਮਨਾ ਕਰਦੀ ਹੈ ?
8. 'ਉੱਭੇ ਦੇ ਬੱਦਲ਼' ਢੋਲੇ ਵਿੱਚ ਵਿਸਾਹਘਾਤ ਕਿਵੇਂ ਪ੍ਰਗਟ ਹੋਇਆ ਹੈ ?
9. 'ਮੀਆਂ ਰਾਂਝਾ' ਢੋਲੇ ਵਿੱਚ ਰਾਂਝੇ ਦੀ ਮਾਨਸਿਕ ਹਾਲਤ ਕਿਹੋ-ਜਿਹੀ ਸੀ ?
10. 'ਮੀਆਂ ਰਾਂਝਾ' ਢੋਲੇ ਵਿੱਚ ਰਾਂਝੇ ਦੇ ਭਰਾਵਾਂ ਨੇ ਕੀ ਕਿਹਾ ?
11. 'ਮੀਆਂ ਰਾਂਝਾ' ਢੋਲੇ ਵਿੱਚ ਰਾਂਝੇ ਨੇ ਆਪਣੇ ਭਰਾਵਾਂ ਨੂੰ ਕੀ ਕਿਹਾ ?
12. 'ਕੈਲ਼ੀਆਂ ਤੇ ਕਾਲ਼ੀਆਂ ਮੱਝਾਂ' ਢੋਲੇ ਵਿੱਚ ਮੱਝਾਂ ਦਾ ਸੁਹੱਪਣ ਕਿਵੇਂ ਦੱਸਿਆ ਗਿਆ ਹੈ ?
13. 'ਕੈਲ਼ੀਆਂ ਤੇ ਕਾਲ਼ੀਆਂ ਮੱਝਾਂ' ਢੋਲੇ ਵਿੱਚ ਦਰਿਆ ਵਿੱਚ ਮੱਝਾਂ ਦਾ ਦ੍ਰਿਸ਼ ਕਿਵੇਂ ਚਿਤਰਿਆ ਗਿਆ ਹੈ ?
14. 'ਕੈਲ਼ੀਆਂ ਤੇ ਕਾਲ਼ੀਆਂ ਮੱਝਾਂ' ਢੋਲੇ ਵਿੱਚ ਮੱਝਾਂ ਪ੍ਰਤਿ ਉਹਨਾਂ ਨੂੰ ਪਾਲਣ ਵਾਲ਼ਿਆਂ ਦਾ ਸੰਬੰਧ ਕਿਵੇਂ ਦੱਸਿਆ ਗਿਆ ਹੈ ?
15. 'ਮੱਝੀਂ ਮਾਲ ਵਰਿਆਮਾਂ ਦਾ, ਮਾੜਿਆਂ ਕੋਲ਼ ਨਾ ਰਹਿੰਦੀਆਂ' ਇਹਨਾਂ ਤੁਕਾਂ ਤੋਂ ਕੀ ਭਾਵ ਹੈ ?

❋ ❋ ❋

# ਮਾਹੀਆ

ਇਸ ਕਾਵਿ-ਰੂਪ ਨੂੰ ਮਾਹੀਆ-ਬਾਲੋ ਵੀ ਕਿਹਾ ਜਾਂਦਾ ਹੈ। ਆਮ ਤੌਰ 'ਤੇ ਮਾਹੀਏ ਨੂੰ ਇਸਤਰੀਆਂ ਅਤੇ ਬਾਲੋ ਨੂੰ ਮਰਦ ਗਾਉਂਦੇ ਹਨ। ਬਹੁਤ ਵਾਰੀ ਇਹਨਾਂ ਵਿੱਚ ਸਵਾਲ-ਜਵਾਬ ਹੁੰਦੇ ਹਨ।

ਇਹ ਕਾਵਿ-ਰੂਪ ਜ਼ਿਆਦਾ ਕਰਕੇ ਪੱਛਮੀ ਪੰਜਾਬ ਵਿੱਚ ਪ੍ਰਚਲਿਤ ਰਿਹਾ ਹੈ। ਇਸ ਦਾ ਨਾਂ 'ਮਾਹੀ' ਅਰਥਾਤ 'ਮੱਝਾਂ ਚਾਰਨ ਵਾਲ਼ੇ' ਦੇ ਨਾਂ ਤੋਂ ਪਿਆ ਜਾਪਦਾ ਹੈ।

ਮਾਹੀਆ ਤਿੰਨ ਸਤਰਾਂ ਦਾ ਕਾਵਿ-ਰੂਪ ਹੈ। ਇਹ ਛੋਟੇ ਆਕਾਰ ਦਾ, ਦੋ ਸਤਰਾਂ ਦਾ ਗੀਤ ਹੁੰਦਾ ਹੈ। ਪਹਿਲੀ ਸਤਰ ਦੂਜੀ ਨਾਲ਼ੋਂ ਅੱਧੀ ਹੁੰਦੀ ਹੈ। ਜੇ ਦੂਜੀ ਲੰਮੀ ਤੁਕ ਨੂੰ ਦੋ ਸਤਰਾਂ ਵਿੱਚ ਲਿਖ ਦਿੱਤਾ ਜਾਵੇ ਤਾਂ ਇਹ ਤਿੰਨ ਸਤਰਾਂ ਦਾ ਗੀਤ ਬਣ ਜਾਂਦਾ ਹੈ।

ਪਹਿਲੀ ਛੋਟੀ ਤੁਕ ਕਈ ਵਾਰੀ ਤੁਕਾਂਤ ਮੇਲ਼ਨ ਲਈ ਹੀ ਹੁੰਦੀ ਹੈ ਪਰ ਕਈ ਵਾਰੀ ਇਸ ਤੁਕ ਦੀ ਲੰਮੀ ਤੁਕ ਵਿੱਚ ਪ੍ਰਗਟ ਹੋਏ ਭਾਵ ਨਾਲ਼ ਸਾਂਝ ਵੀ ਹੁੰਦੀ ਹੈ। ਉਂਝ ਪਹਿਲੀ ਤੁਕ ਵਿੱਚ ਕਿਸੇ ਦੇ ਮਨ ਦੀ ਭੁੱਖ, ਇੱਛਾ ਜਾਂ ਮਨੋਬਿਰਤੀ ਦਾ ਮਨੋ-ਭਾਵ, ਉਛਾਲ਼, ਵੇਦਨਾ ਜਾਂ ਹੁਲਾਸ ਸੰਜਮ ਨਾਲ਼ ਪ੍ਰਗਟਾਇਆ ਹੁੰਦਾ ਹੈ। ਮਾਹੀਆ ਕਾਵਿ-ਰੂਪ ਵਿੱਚ ਆਮ ਤੌਰ 'ਤੇ ਪ੍ਰੇਮ-ਭਾਵਾਂ ਦੀਆਂ ਨਿੱਕੀਆਂ-ਨਿੱਕੀਆਂ ਛੁਹਾਂ ਹੁੰਦੀਆਂ ਹਨ।

ਸਧਾਰਨ ਦ੍ਰਿਸ਼ਟੀ ਤੋਂ ਮਾਹੀਆ ਅਤੇ ਟੱਪਾ ਮਿਲ਼ਦੇ-ਜੁਲ਼ਦੇ ਕਾਵਿ-ਰੂਪ ਜਾਪਦੇ ਹਨ ਪਰ ਧਿਆਨ ਨਾਲ਼ ਵੇਖਿਆਂ ਇਹਨਾਂ ਵਿਚਲਾ ਅੰਤਰ ਸਪਸ਼ਟ ਹੋ ਜਾਂਦਾ ਹੈ। ਮਾਹੀਏ ਦਾ ਟੱਪੇ ਨਾਲ਼ੋਂ ਇੱਕ ਫ਼ਰਕ ਤਾਂ ਰੂਪ ਪੱਖੋਂ ਹੈ। ਮਾਹੀਏ ਵਿੱਚ ਤਿੰਨ ਸਤਰਾਂ ਹੁੰਦੀਆਂ ਹਨ। ਜੇ ਇਹਨਾਂ ਨੂੰ ਦੋ ਤੁਕਾਂ ਕਹਿ ਲਈਏ ਤਾਂ ਪਹਿਲੀ ਤੁਕ ਛੋਟੀ ਅਤੇ ਦੂਜੀ ਲੰਮੀ ਹੁੰਦੀ ਹੈ। ਪਹਿਲੀ ਤੁਕ ਸੁਤੰਤਰ ਵੀ ਹੋ ਸਕਦੀ ਹੈ। ਟੱਪੇ ਵਿੱਚ ਦੋ ਤੁਕਾਂ ਹੀ ਹੁੰਦੀਆਂ ਹਨ। ਦੋਵੇਂ ਇੱਕੋ ਭਾਵ ਨੂੰ ਪ੍ਰਗਟ ਕਰਦੀਆਂ ਹਨ। ਦੋਹਾਂ ਦਾ ਤੁਕਾਂਤ ਮਿਲ਼ਨਾ ਜ਼ਰੂਰੀ ਨਹੀਂ ਹੈ। ਦੂਜਾ ਫ਼ਰਕ ਵਿਸ਼ੇ ਪੱਖੋਂ ਹੈ। ਟੱਪਿਆਂ ਵਿੱਚ ਬਹੁਭਾਂਤੀ ਵਿਸ਼ੇ ਮਿਲ਼ਦੇ ਹਨ, ਮਾਹੀਏ ਵਿੱਚ ਜ਼ਿਆਦਾਤਰ ਪ੍ਰੇਮ-ਭਾਵਾਂ ਦਾ ਰੰਗ ਹੀ ਮਿਲ਼ਦਾ ਹੈ।

ਇਸ ਪਾਠ-ਪੁਸਤਕ ਵਿੱਚ ਪੰਦਰਾਂ ਚੋਣਵੇਂ ਮਾਹੀਏ ਵੰਨਗੀ ਵਜੋਂ ਦਿੱਤੇ ਗਏ ਹਨ।

❋ ❋ ❋

# ਮਾਹੀਏ

1. ਭੁੰਨੇ ਹੋਏ ਚੱਬੇ ਦਾਣੇ।
ਅਸਾਂ ਦਿਲ ਦੇ ਛੱਡਿਆ,
ਤੇਰੇ ਦਿਲ ਦੀਆਂ ਰੱਬ ਜਾਣੇ।

2. ਮੈਂ ਔਂਸੀਆਂ ਪਾਨੀ ਆਂ।
ਉਹ ਕਦੋਂ ਘਰ ਆਵੇ,
ਬੈਠੀ ਕਾਗ ਉਡਾਨੀ ਆਂ।

3. ਕੋਠੇ 'ਤੇ ਗਲਾਸੀ ਏ।
ਆਏ ਦੀਆਂ ਲੱਖ ਖ਼ੁਸ਼ੀਆਂ,
ਤੁਰ ਜਾਣ ਦੀ ਉਦਾਸੀ ਏ।

4. ਲੰਮੀਆਂ ਰਾਤਾਂ ਨੇ।
ਉਮਰਾਂ ਮੁੱਕ ਜਾਣੀਆਂ,
ਨਹੀਓਂ ਮੁੱਕਣੀਆਂ ਬਾਤਾਂ ਨੇ।

5. ਕੋਠੇ 'ਤੇ ਕਿੱਲ ਮਾਹੀਆ।
ਲੋਕਾਂ ਦੀਆਂ ਰੋਣ ਅੱਖੀਆਂ,
ਸਾਡਾ ਰੋਂਦਾ ਏ ਦਿਲ ਮਾਹੀਆ।

6. ਚਾਨਣੀਆਂ ਰਾਤਾਂ ਨੇ।
ਦੁਨੀਆ 'ਚ ਸਭ ਸੋਹਣੇ,
ਦਿਲ ਮਿਲ਼ੇ ਦੀਆਂ ਬਾਤਾਂ ਨੇ।

7. ਸਿਰ ਚੋਟਾਂ ਲੱਗੀਆਂ ਨੇ।
ਅਸਲ ਨਿਭਾਉਂਦੇ ਨੇ,
ਨੀਚ ਕਰਦੇ ਠੱਗੀਆਂ ਨੇ।

8. ਰੰਗ ਖੁਰ ਗਿਆ ਖੇਸੀ ਦਾ।
ਅਸਾਂ ਇੱਥੋਂ ਟੁਰ ਜਾਣਾ,
ਕੀ ਮਾਣ ਪਰਦੇਸੀ ਦਾ?

9. ਹੱਥ ਸੁਰਖ਼ ਬਟੇਰਾ ਈ।
ਅਸਾਂ ਕਿਹੜਾ ਨਿੱਤ ਆਵਣਾ,
ਸਾਡਾ ਜੋਗੀ ਵਾਲ਼ਾ ਫੇਰਾ ਈ।

10. ਦੋ ਪੱਤਰ ਅਨਾਰਾਂ ਦੇ।
ਸਾਡੀ ਗਲ਼ੀ ਲੰਘ ਮਾਹੀਆ,
ਦੁੱਖ ਟੁੱਟਣ ਬਿਮਾਰਾਂ ਦੇ।

11. ਤੁਸੀਂ ਜੱਗ ਤੋਂ ਨਿਰਾਲੇ ਓ।
ਅਸੀਂ ਪਰਦੇਸੀ ਹਾਂ,
ਤੁਸੀਂ ਦੇਸਾਂ ਵਾਲ਼ੇ ਓ।

12. ਕੋਠੇ 'ਤੇ ਕਾਂ ਬੋਲੇ।
ਚਿੱਠੀ ਮੇਰੇ ਮਾਹੀਏ ਦੀ,
ਵਿੱਚ ਮੇਰਾ ਨਾਂ ਬੋਲੇ।

13. ਤੰਦੂਰੀ ਤਾਈ ਹੋਈ ਆ,
ਖ਼ਸਮਾਂ ਨੂੰ ਖਾਣ ਰੋਟੀਆਂ,
ਚਿੱਠੀ ਮਾਹੀਏ ਦੀ ਆਈ ਹੋਈ ਆ।

14. ਕੋਠੇ ਤੋਂ ਆ ਮਾਹੀਆ।
ਫੁੱਲਾਂ ਦਿਆ ਬਹੁੰ ਸ਼ੌਕੀ,
ਵਿਹੜੇ ਬਾਗ਼ ਲਵਾ ਮਾਹੀਆ।

15. ਬਾਗ਼ੇ ਵਿੱਚ ਖੱਜੀਆਂ ਨੇ,
ਮਿਲ਼ਨਾ ਤਾਂ ਮਿਲ਼ ਬਾਲੋ,
ਅਸਾਂ ਝੋਕਾਂ ਲੱਦੀਆਂ ਨੇ।

❋ ❋ ❋

**ਖੱਜੀਆਂ**—ਖਜੂਰਾਂ। **ਝੋਕਾਂ**—ਡੇਰਾ। **ਲੱਦੀਆਂ**—ਜਾਣਾ।

## ਅਭਿਆਸ

1. ਇਸ ਪਾਠ-ਪੁਸਤਕ ਵਿੱਚ ਦਿੱਤੇ ਕਿਹੜੇ ਮਾਹੀਏ ਵਿੱਚ ਨਾਇਕਾ ਦੀ ਬੇਵੱਸੀ ਵਾਲ਼ੀ ਸਥਿਤੀ ਪ੍ਰਗਟ ਹੋਈ ਹੈ ?
2. ਇਸ ਪਾਠ-ਪੁਸਤਕ ਵਿੱਚ ਦਿੱਤੇ ਕਿਹੜੇ-ਕਿਹੜੇ ਮਾਹੀਏ ਵਿੱਚ 'ਪਰਦੇਸੀ' ਸ਼ਬਦ ਆਇਆ ਹੈ ? ਆਪਣੇ-ਆਪ ਨੂੰ ਪਰਦੇਸੀ ਦੱਸ ਕੇ ਵਕਤਾ ਕੀ ਭਾਵ ਪ੍ਰਗਟ ਕਰਨਾ ਚਾਹੁੰਦਾ ਹੈ ?
3. ਪੰਜਾਬੀ ਦੇ ਕਈ ਮਾਹੀਏ ਅਜਿਹੇ ਹਨ ਜਿਨ੍ਹਾਂ ਵਿੱਚ ਇੱਕ ਧਿਰ ਦੂਜੀ ਧਿਰ ਪ੍ਰਤਿ ਨਿਹੋਰੇ ਤੇ ਗਿਲੇ-ਸ਼ਿਕਵੇ ਪ੍ਰਗਟ ਕਰਦੀ ਹੈ। ਇਸ ਵਿਸ਼ੇ ਨਾਲ਼ ਸੰਬੰਧਿਤ ਇਸ ਪਾਠ-ਪੁਸਤਕ ਵਿੱਚੋਂ ਦੋ ਮਾਹੀਏ ਚੁਣ ਕੇ ਲਿਖੋ ਅਤੇ ਉਹਨਾਂ ਦਾ ਭਾਵ ਵੀ ਦੱਸੋ।
4. ਇਸ ਪਾਠ-ਪੁਸਤਕ ਵਿੱਚੋਂ ਪਰਸਪਰ ਵਫ਼ਾਦਾਰੀ ਦੀ ਮੰਗ ਨੂੰ ਪ੍ਰਗਟ ਕਰਦੇ ਦੋ ਮਾਹੀਏ ਚੁਣੋ ਅਤੇ ਉਹਨਾਂ ਦਾ ਭਾਵ ਵੀ ਦੱਸੋ।
5. ਇਸ ਪਾਠ-ਪੁਸਤਕ ਵਿੱਚ ਕੁਝ ਮਾਹੀਏ ਅਜਿਹੇ ਹਨ ਜਿਨ੍ਹਾਂ ਵਿੱਚ ਉਡੀਕ ਦਾ ਜ਼ਿਕਰ ਆਉਂਦਾ ਹੈ। ਉਹਨਾਂ ਦਾ ਹਵਾਲਾ ਦੇ ਕੇ ਭਾਵ ਲਿਖੋ।
6. ਹੇਠਾਂ ਦਿੱਤੇ ਮਾਹੀਏ ਦੇ ਭਾਵ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**ਮੈਂ ਔਸੀਆਂ ਪਾਨੀ ਆਂ।**
**ਉਹ ਕਦੋਂ ਘਰ ਆਵੇ,**
**ਬੈਠੀ ਕਾਗ ਉਡਾਨੀ ਆਂ।**

❋ ❋ ❋

# ਬੁਝਾਰਤਾਂ ਸੰਬੰਧੀ ਸੰਖੇਪ ਜਾਣਕਾਰੀ

'ਬੁਝਾਰਤ' ਤੋਂ ਭਾਵ ਬੁੱਝਣਯੋਗ ਇਬਾਰਤ ਤੋਂ ਹੈ। ਇਸ ਵਿੱਚ ਜੀਵਨ ਦੇ ਕਿਸੇ ਪੱਖ ਨੂੰ ਸੂਤਰਿਕ ਸ਼ੈਲੀ ਰਾਹੀਂ ਅੜਾਉਣੀ ਦੇ ਰੂਪ 'ਚ ਪ੍ਰਸਤੁਤ ਕੀਤਾ ਜਾਂਦਾ ਹੈ। ਬੁਝਾਰਤ ਰਾਹੀਂ ਮਨੁੱਖੀ ਸੂਝ-ਬੂਝ ਤੇ ਦਿਮਾਗੀ ਚੁਸਤੀ-ਫੁਰਤੀ ਦੀ ਪਰਖ ਕੀਤੀ ਜਾਂਦੀ ਹੈ। ਮੂਲ ਰੂਪ ਵਿੱਚ ਬੁਝਾਰਤਾਂ ਨੂੰ ਪਦ (ਕਵਿਤਾ) ਤੇ ਗਦ (ਵਾਰਤਕ) ਰੂਪਾਂ 'ਚ ਵੰਡਿਆ ਜਾ ਸਕਦਾ ਹੈ। ਪਦ-ਰੂਪ ਕਿਸਮ ਦੀ ਬੁਝਾਰਤ 'ਚ ਸਤਰਾਂ ਦੇ ਅੰਤ ਵਿੱਚ ਤੁਕਾਂਤ-ਮੇਲ਼ ਹੁੰਦਾ ਹੈ ਜਦੋਂਕਿ ਗੱਦ-ਰੂਪੀ ਬੁਝਾਰਤਾਂ ਸ਼ਬਦਾਂ ਦੇ ਤੋਲ-ਤੁਕਾਂਤ ਤੋਂ ਰਹਿਤ ਵਾਰਤਕ ਰੂਪ 'ਚ ਹੁੰਦੀਆਂ ਹਨ। ਜੇਕਰ ਗ਼ੌਰ ਨਾਲ਼ ਵੇਖਿਆ/ਸੁਣਿਆ ਜਾਵੇ ਤਾਂ ਬੁਝਾਰਤਾਂ ਦਾ ਉੱਤਰ ਵੀ ਪਾਈ ਗਈ ਬੁਝਾਰਤ ਵਿੱਚ ਹੀ ਲੁਕਿਆ ਹੁੰਦਾ ਹੈ। ਦਰਅਸਲ ਬੁਝਾਰਤਾਂ ਲੋਕ-ਸਾਹਿਤ ਦਾ ਵਡਮੁੱਲਾ ਖ਼ਜ਼ਾਨਾ ਹੋਣ ਦੇ ਨਾਲ਼-ਨਾਲ਼ ਗਿਆਨ-ਬੋਧ ਦਾ ਵੀ ਵੱਡਾ ਸ੍ਰੋਤ ਹਨ। ਬਚਪਨ ਦੀ ਅਣਭੋਲ ਅਵਸਥਾ ਤੋਂ ਲੈ ਕੇ ਬੁਢਾਪੇ ਦੇ ਅੰਤਿਮ ਚਰਨ ਤੱਕ ਦੇ ਜੀਵਨ ਵਿੱਚ ਇਹਨਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ।

ਮਨੁੱਖ ਜੀਵਨ ਭਰ ਵਿੱਚ ਵਾਪਰਨ ਵਾਲ਼ੀਆਂ ਜਾਂ ਨਜਿੱਠਣਯੋਗ ਗੁੰਝਲਾਂ ਨੂੰ ਤਦ ਹੀ ਖੋਲ੍ਹ ਜਾਂ ਸਮਝ ਸਕਣ ਦੇ ਸਮਰੱਥ ਹੁੰਦਾ ਹੈ ਜੇਕਰ ਉਹ ਪਹਿਲਾਂ ਬੁਝਾਰਤਾਂ ਨੂੰ ਸਮਝਣ/ਬੁੱਝਣ ਦੇ ਸਮਰੱਥ ਹੋ ਚੁੱਕਾ ਹੋਵੇ। ਬੁਝਾਰਤਾਂ ਕਿਸੇ ਸੱਭਿਆਚਾਰ ਦੇ ਸੁਹਜਮਈ ਪੱਖਾਂ ਨੂੰ ਰੋਚਕ ਤਰੀਕੇ ਨਾਲ਼ ਪੇਸ਼ ਕਰਦੀਆਂ ਹੋਈਆਂ ਬਹੁਤ ਸਾਰੇ ਦ੍ਰਿਸ਼-ਚਿੱਤਰਾਂ ਨਾਲ਼ ਅਲੋਕਾਰ ਕਿਸਮ ਦੇ ਬਿੰਬ ਵੀ ਉਭਾਰਦੀਆਂ ਹਨ। ਨਿਰਸੰਦੇਹ ਮਨੁੱਖੀ ਗਿਆਨ-ਜਗਿਆਸਾ ਦੀ ਇਹ ਅਰੰਭਿਕ ਜੁਗਤ ਹਨ। ਹੋਰ ਜਾਣਕਾਰੀ ਪ੍ਰਾਪਤ ਕਰਨ ਵਾਲ਼ੀ ਮਾਨਵ ਦੀ ਪ੍ਰਬਲ ਰੁਚੀ ਜਦੋਂ ਨਿੱਜ ਤੋਂ ਪਰ ਦੀਆਂ ਵਸਤੂਆਂ, ਪ੍ਰਕਿਰਤਕ ਅਜੂਬਿਆਂ, ਦੇਸਾਂ, ਥਾਂਵਾਂ, ਬਨਸਪਤੀ, ਸ੍ਰਿਸ਼ਟੀ, ਰੱਬ ਭਾਵ ਅਸਮਾਨ ਤੋਂ ਪਤਾਲ਼ ਤੱਕ ਦੀਆਂ ਚੀਜ਼ਾਂ ਦੀਆਂ ਲੱਭਤਾਂ ਜਾਂ ਜਾਣਕਾਰੀਆਂ ਨੂੰ ਹੋਰਨਾਂ ਕੋਲ਼ੋਂ ਪੁੱਛਣਾ ਜਾਂ ਜਾਣਨਾ ਚਾਹੁੰਦਾ ਹੈ, ਉਦੋਂ ਬੁਝਾਰਤਾਂ ਦਾ ਅਰੰਭ ਹੁੰਦਾ ਹੈ।

ਬੁਝਾਰਤਾਂ ਇੱਕ ਵਿਅਕਤੀ ਵੱਲੋਂ ਦੂਜੇ ਵਿਅਕਤੀ ਨੂੰ ਸੰਬੋਧਨੀ ਸ਼ੈਲੀ 'ਚ ਪੁੱਛੀਆਂ ਜਾਂਦੀਆਂ ਹਨ। ਬੁੱਝਣ ਜਾਂ ਉੱਤਰ ਦੇਣ ਵਾਲ਼ੀ ਧਿਰ, ਦਿਮਾਗੀ ਸੂਝ ਦੇ ਬਲਬੂਤੇ 'ਤੇ ਪਹਿਲੀ ਧਿਰ ਨੂੰ ਜਵਾਬ ਦਿੰਦੀ ਹੈ। ਕਾਵਿਕ-ਮੁਹਾਵਰੇ 'ਚ ਸੁੰਦਰ ਸੰਖੇਪ ਅਤੇ ਭਾਵਪੂਰਤ ਸ਼ਬਦ-ਜੜਤ ਰਾਹੀਂ ਗੁੰਦੇ ਹੋਏ ਸ਼ਬਦ ਬੁਝਾਰਤ ਦੀ ਵਿਸ਼ੇਸ਼ਤਾ ਬਣਦੇ ਹਨ। ਹਰ ਉਮਰ, ਹਰ ਵਰਗ ਦਾ ਮਨੁੱਖ ਬੁਝਾਰਤ ਪਾ ਸਕਦਾ ਹੈ, ਬੁੱਝ ਸਕਦਾ ਹੈ। ਆਮ ਤੌਰ 'ਤੇ ਇਹਨਾਂ ਦੇ ਪੁੱਛਣ ਜਾਂ ਬੁੱਝਣ ਦਾ ਸਮਾਂ ਰਾਤ ਨੂੰ ਸੌਣ ਤੋਂ ਪਹਿਲਾਂ ਦਾ ਹੁੰਦਾ ਹੈ। ਪੰਜਾਬ ਵਿੱਚ ਬੁਝਾਰਤਾਂ ਪਾਉਣ ਅਤੇ ਬੁੱਝਣ ਦੇ ਕਾਲ-ਖੰਡ ਨੂੰ ਇਤਿਹਾਸਿਕ ਸਮਿਆਂ ਤੋਂ ਪਹਿਲਾਂ ਮਿਥਿਹਾਸਿਕ ਕਾਲ ਨਾਲ਼ ਜੋੜਿਆ ਜਾ ਸਕਦਾ ਹੈ ਜਦੋਂ ਮਨੁੱਖ ਨੇ ਸੂਝ ਜਾਂ ਗਿਆਨ ਦਾ ਪੱਲਾ ਫੜਿਆ ਸੀ।

ਪ੍ਰਕਿਰਤੀ ਪੱਖੋਂ ਆਮ ਤੌਰ 'ਤੇ ਬੁਝਾਰਤਾਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ— ਛੋਟੀਆਂ, ਮੱਧ ਆਕਾਰ ਦੀਆਂ, ਵੱਡੇ ਆਕਾਰ ਦੀਆਂ। ਉਦਾਹਰਨ ਲਈ ਇੱਥੇ ਵੀਹ ਬੁਝਾਰਤਾਂ ਉੱਤਰਾਂ ਸਮੇਤ ਸ਼ਾਮਲ ਕੀਤੀਆਂ ਗਈਆਂ ਹਨ।

# ਬੁਝਾਰਤਾਂ

1. ਨਿੱਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ।

2. ਇੱਕ ਜਾਨਵਰ ਐਸਾ, ਜਿਸ ਦੀ ਦੁੰਮ ਪਰ ਪੈਸਾ।

3. ਹਰੀ ਸੀ, ਮਨ ਭਰੀ ਸੀ, ਮੋਤੀਆਂ ਨਾਲ਼ ਜੜੀ ਸੀ,
ਬਾਬਾ ਜੀ ਦੇ ਬਾਗ਼ ਵਿੱਚ, ਕੰਧ ਓਹਲੇ ਖੜ੍ਹੀ ਸੀ।

4. ਚੋਰ ਦਾ ਦੁਸ਼ਮਣ, ਬੰਦੇ ਦਾ ਯਾਰ,
ਪੀਵੇ ਇਹ ਦੁੱਧ, ਮਾਰੇ ਸ਼ਿਕਾਰ।

5. ਆਰ ਢਾਂਗਾ ਪਾਰ ਢਾਂਗਾ, ਵਿੱਚ ਟੱਲ-ਮਟੱਲੀਆਂ,
ਆਉਣ ਕੂੰਜਾਂ ਦੇਣ ਬੱਚੇ, ਨਦੀ ਨ੍ਹਾਉਣ ਚੱਲੀਆਂ,
ਨਦੀ ਦਾ ਇਸ਼ਨਾਨ ਕੀਤਾ, ਭੰਨ ਚਰਖ਼ਾ ਖੜ੍ਹਾ ਕੀਤਾ,
ਗੋਹੜਿਆਂ ਨੂੰ ਅੱਗ ਲਾਈ, ਪੂਣੀਆਂ ਦਾ ਧੜਾ ਕੀਤਾ,
ਲਾਲ ਚੂੜੇ ਵਾਲ਼ੀਏ, ਤੇਰਾ ਲਾਲ ਚੂੜਾ ਹਿੱਲਿਆ,
ਦਰਿਆਓਂ ਪਾਣੀ ਢਿੱਲਿਆ।

6. ਚੌਦਾਂ ਕੂਟਾਂ, ਚੌਦਾਂ ਚੁਬਾਰੇ ਉੱਤੇ ਖੇਡਣ ਦੋ ਵਣਜਾਰੇ,
ਮੌਤ ਕੋਲ਼ੋਂ ਮਰਦੇ ਨਹੀਂ ਉਹ, ਕਿਸੇ ਕੋਲ਼ੋਂ ਡਰਦੇ ਨਹੀਂ ਉਹ।

7. ਸਾਵਣ-ਭਾਦੋਂ ਬਹੁਤ ਚਲਤ ਹੈ, ਪੋਹ-ਮਾਘ ਵਿੱਚ ਥੋੜ੍ਹੀ।

8. ਤੁਰਦੀ ਹਾਂ ਪਰ ਪੈਰ ਨਹੀਂ, ਦੇਵਾਂ ਸਭ ਨੂੰ ਜਾਨ,
ਦੋ ਲਫ਼ਜ਼ਾਂ ਦੀ ਚੀਜ਼ ਹਾਂ, ਬੁੱਝੋ ਮੇਰਾ ਨਾਮ।

9. ਹਰੀ-ਹਰੀ ਗੰਦਲ਼ ਕੱਚ ਦਾ ਕੋਠਾ, ਕਚਨਾਰ ਦੀਆਂ ਫਲ਼ੀਆਂ,
ਸ਼ਰਬਤ ਦੇ ਘੁੱਟ ਮਿਸ਼ਰੀ ਦੀਆਂ ਡਲ਼ੀਆਂ।

10. ਦੋ ਕਬੂਤਰ ਕੋਲ਼ੋਂ-ਕੋਲ਼ੀ, ਖੰਭ ਉਹਨਾਂ ਦੇ ਕਾਲ਼ੇ,
ਨਾ ਕੁਝ ਖਾਂਦੇ ਨਾ ਕੁਝ ਪੀਂਦੇ, ਰੱਬ ਉਹਨਾਂ ਨੂੰ ਪਾਲ਼ੇ।

11. ਊਠ ਤੇ ਚੜ੍ਹੇਂਦੀਏ, ਹਿਕੇਂਦਾ ਤੇਰਾ ਕੀ ਲੱਗਦਾ ?
ਉਹਦਾ ਤਾਂ ਮੈਂ ਨਾਂ ਨਹੀਂ ਲੈਣਾ,
ਮੇਰਾ ਨਾਂ ਈ ਜੀਆਂ।
ਉਹਦੀ ਸੱਸ ਤੇ ਮੇਰੀ ਸੱਸ, ਦੋਵੇਂ ਮਾਂਵਾਂ-ਧੀਆਂ।

12. ਇੱਕ ਥਾਲ਼ ਮੋਤੀਆਂ ਭਰਿਆ,
ਸਭ ਦੇ ਸਿਰ ਪਰ ਉਲਟਾ ਧਰਿਆ,
ਚਾਰੇ ਪਾਸੇ ਥਾਲ਼ ਉਹ ਫਿਰੇ, ਮੋਤੀ ਉਸ 'ਚੋਂ ਇੱਕ ਨਾ ਕਿਰੇ।

13. ਨਿੱਕੀ ਜਿਹੀ ਕੋਲੀ, ਜਾ ਕਨੇਡਾ ਬੋਲੀ।

14. ਧਰਤੀ ਤੋਂ ਮੈਂ ਰੀਂਗ ਕੇ, ਹਵਾ ਵਿੱਚ ਤਾਰੀ ਲਾਵਾਂ,
ਤੱਕ ਕੇ ਆਪਣਾ ਥਾਂ-ਟਿਕਾਣਾ, ਫਿਰ ਧਰਤੀ 'ਤੇ ਆਵਾਂ।

15. ਲੋਹੇ ਦੀ ਭੰਬੀਰੀ, ਪੀਵੇ ਇਹ ਤੇਲ,
ਦੌੜੇ ਇਹ ਜਦੋਂ ਮਾਤ ਕਰੇ ਰੇਲ।

16. ਤਿੰਨ ਪਿੰਨੀਆਂ, ਘਿਓ ਭੁੰਨੀਆਂ,
ਸੱਸ, ਨੂੰਹ, ਨਣਦ, ਭਰਜਾਈ।
ਮਾਂਵਾਂ-ਧੀਆਂ, ਇੱਕ-ਇੱਕ ਆਈ।

17. ਨ੍ਹੇਰ ਘੁੱਪ, ਨ੍ਹੇਰ ਘੁੱਪ,
ਨੂੰਹ ਨੇ ਮਾਰੀ ਟੱਕਰ,
ਸਹੁਰਾ ਫੇਰ ਚੁੱਪ।

18. ਡੱਬ-ਖੜੱਬੀ ਬੱਕਰੀ, ਡੱਬੀ ਉਹਦੀ ਛਾਂ,
ਚੱਲ ਮੇਰੀ ਬੱਕਰੀ, ਕੱਲ੍ਹ ਵਾਲ਼ੀ ਥਾਂ।

19. ਥੱਲੇ ਗੋਹੇ ਦੀ ਪੰਸੇਰੀ,
ਉੱਤੇ ਲੋਹੇ ਦੀ ਪੰਸੇਰੀ,
ਉੱਤੇ ਗੁਦਗੁਦੀਆ।

20. ਬਾਤ ਪਾਵਾਂ, ਬਤੋਲੀ ਪਾਵਾਂ,
ਬਾਤ ਨੂੰ ਲਾਵਾਂ ਆਰੀਆਂ,
ਜਿਉਂ-ਜਿਉਂ ਉਹਦੇ ਕੰਨ ਮਰੋੜਾਂ,
ਗੱਲਾਂ ਕਰੇ ਕਰਾਰੀਆਂ।

❋ ❋ ❋

**ਉੱਤਰ—** 1. ਸੂਈ 2. ਮੋਰ 3. ਮੱਕੀ ਦੀ ਛੱਲੀ 4. ਕੁੱਤਾ, 5. ਚੱਲਦਾ (ਗਿੜਦਾ) ਖੂਹ 6. ਚੰਨ-ਸੂਰਜ 7. ਮੀਂਹ (ਬਰਸਾਤ) 8. ਹਵਾ 9. ਹਦਵਾਣਾ, (ਤਰਬੂਜ਼, ਮਤੀਰਾ) 10. ਅੱਖਾਂ 11. ਨੂੰਹ-ਸਹੁਰਾ 12. ਅਕਾਸ਼ 13. ਟੈਲੀਫ਼ੋਨ 14. ਹਵਾਈ ਜਹਾਜ਼ 15. ਮੋਟਰ-ਕਾਰ 16. ਸੱਸ, ਨੂੰਹ ਅਤੇ ਧੀ 17. ਕੁੰਜੀ ਅਤੇ ਜਿੰਦਰਾ 18. ਮੰਜਾ 19. ਪਾਥੀਆਂ, ਤਵਾ ਅਤੇ ਰੋਟੀ 20. ਰੇਡੀਓ।

## ਅਭਿਆਸ

1. (ੳ) ਬੁਝਾਰਤ ਤੋਂ ਕੀ ਭਾਵ ਹੈ ? ਬੁਝਾਰਤਾਂ ਦੀਆਂ ਮੂਲ ਕਿਸਮਾਂ ਬਾਰੇ ਲਿਖੋ।
   (ਅ) ਬੁਝਾਰਤਾਂ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ ?
   (ੲ) ਬੁਝਾਰਤਾਂ ਕਿਸੇ ਸੱਭਿਆਚਾਰ ਦੇ ਸੁਹਜਮਈ ਪੱਖਾਂ ਨੂੰ ਕਿਵੇਂ ਉਜਾਗਰ ਕਰਦੀਆਂ ਹਨ ?
   (ਸ) ਬੁਝਾਰਤਾਂ ਬੁੱਝਣ ਅਤੇ ਪੁੱਛਣ ਦਾ ਸਮਾਂ ਕਿਹੜਾ ਹੁੰਦਾ ਹੈ ?
2. ਬੁਝਾਰਤਾਂ 'ਤੇ ਆਧਾਰਿਤ ਨਿਮਨ-ਲਿਖਿਤ ਖ਼ਾਲੀ ਥਾਂਵਾਂ ਪੂਰੀਆਂ ਕਰੋ—
   (ੳ) ਨਿੱਕੀ ਜਿਹੀ ਕੁੜੀ............................।
   (ਅ) ............................, ਪੋਹ-ਮਾਘ ਵਿੱਚ ਥੋੜ੍ਹੀ।
   (ੲ) ਦੋ ਕਬੂਤਰ ਕੋਲੋ-ਕੋਲ਼ੀ, ਖੰਭ ਉਹਨਾਂ ਦੇ ਕਾਲ਼ੇ।
   ....................................................।
   (ਸ) ਨ੍ਹੇਰ ਘੁੱਪ, ਨ੍ਹੇਰ ਘੁੱਪ,
   ਨੂੰਹ ਨੇ ਮਾਰੀ ਟੱਕਰ,
   .....................।
   (ਹ) ............................
   ਚੱਲ ਮੇਰੀ ਬੱਕਰੀ, ਕੱਲ੍ਹ ਵਾਲ਼ੀ ਥਾਂ।

❋ ❋ ❋

# ਮਿਥ-ਕਥਾਵਾਂ

'ਮਿਥ-ਕਥਾਵਾਂ' ਕਥਾ-ਸਾਹਿਤ ਦਾ ਮੁਢਲਾ ਰੂਪ ਤੇ ਮਹੱਤਵਪੂਰਨ ਹਿੱਸਾ ਹਨ। ਮਿਥ-ਕਥਾ ਅਸਲ ਵਿੱਚ ਇੱਕ ਕਹਾਣੀ ਹੀ ਹੁੰਦੀ ਹੈ। ਪ੍ਰਾਚੀਨ ਕਾਲ ਤੋਂ ਹੀ ਮਨੁੱਖ ਦੀ ਕੋਸ਼ਸ਼ ਪ੍ਰਕਿਰਤੀ ਦੇ ਰਹੱਸਾਂ ਨੂੰ ਸਮਝਣ ਦੀ ਰਹੀ ਹੈ। ਮੁਢਲੇ ਪੜਾਵਾਂ ਉੱਤੇ ਮਨੁੱਖ ਨੇ ਪ੍ਰਕਿਰਤਿਕ ਵਰਤਾਰਿਆਂ ਬਾਰੇ ਆਪਣੀ ਸਮਝ ਨੂੰ ਕਲਪਨਾਤਮਿਕ ਕਹਾਣੀਆਂ ਦੇ ਰੂਪ ਵਿੱਚ ਪੇਸ਼ ਕੀਤਾ ਜਿਨ੍ਹਾਂ ਨੂੰ ਅਸੀਂ ਮਿਥ-ਕਥਾਵਾਂ ਦਾ ਰੂਪ ਮੰਨਦੇ ਹਾਂ। ਮੁਢਲੇ ਮਨੁੱਖ ਨੇ ਬੇਜਾਨ ਪ੍ਰਕਿਰਤਿਕ ਵਸਤਾਂ, ਜੀਵ-ਜੰਤੂਆਂ ਅਤੇ ਫੁੱਲ-ਬੂਟਿਆਂ ਨੂੰ ਜਾਨਦਾਰ ਮਨੁੱਖਾਂ ਵਾਂਗ ਸਮਝਦੇ ਹੋਏ ਇਹਨਾਂ ਨੂੰ ਆਪਣੇ ਕਥਾ-ਸੰਸਾਰ ਦਾ ਅੰਗ ਬਣਾਇਆ। ਮਨੁੱਖ ਨੇ ਆਪਣੀ ਕਲਪਨਾ, ਸੁਪਨਿਆਂ, ਇੱਛਾਵਾਂ ਤੇ ਡਰਾਂ ਨੂੰ ਵੱਖ-ਵੱਖ ਪ੍ਰਕਾਰ ਦੇ ਮਨੁੱਖੀ ਪਾਤਰਾਂ, ਜਿਵੇਂ : ਦੇਵੀ-ਦੇਵਤੇ, ਜਿੰਨ-ਪਰੀਆਂ, ਭੂਤਾਂ-ਪ੍ਰੇਤਾਂ ਦੇ ਰੂਪ ਵਿੱਚ ਚਿਤਰਿਆ ਹੈ। ਇਸ ਤਰ੍ਹਾਂ ਇਹ ਮਿਥ-ਕਥਾਵਾਂ ਘਟਨਾਵਾਂ ਦੀ ਅਸਲ ਵਾਸਤਵਿਕਤਾ ਨੂੰ ਭਾਵੇਂ ਪੇਸ਼ ਨਾ ਕਰਦੀਆਂ ਹੋਣ ਪਰ ਇਹ ਉਸ ਵੇਲ਼ੇ ਦੇ ਮਨੁੱਖ ਦੇ ਜੀਵਨ ਬਾਰੇ ਸਮਝ ਅਤੇ ਸੂਝ ਨੂੰ ਜ਼ਰੂਰ ਪੇਸ਼ ਕਰਦੀਆਂ ਹਨ।

ਮਿਥ ਵਿੱਚ ਦੱਸੀ ਕਹਾਣੀ ਦੀ ਘਟਨਾ ਬੀਜ-ਰੂਪ ਵਿੱਚ ਪੂਰਵ ਇਤਿਹਾਸਿਕ ਕਾਲ ਵਿੱਚ ਕਦੇ ਨਾ ਕਦੇ ਵਾਪਰੀ ਵੀ ਹੋ ਸਕਦੀ ਹੈ ਅਤੇ ਨਹੀਂ ਵੀ ਪਰ ਸਮਾਂ ਬੀਤਣ ਨਾਲ ਇਸ ਕਹਾਣੀ ਵਿੱਚ ਬਹੁਤ ਕੁਝ ਮਿਥਿਆ ਜੁੜ ਜਾਂਦਾ ਹੈ। ਆਮ ਤੌਰ 'ਤੇ ਮਿਥ-ਕਥਾ ਕਿਸੇ ਦੇਵ-ਪੁਰਖ ਨਾਲ਼ ਜੁੜੀ ਹੁੰਦੀ ਹੈ। ਮਿਥ ਦੇ ਵੇਰਵਿਆਂ ਵਿੱਚ ਉਸ ਜਾਤੀ ਦੀਆਂ ਰਹੁ-ਰੀਤਾਂ, ਸੰਸਕਾਰਾਂ ਅਤੇ ਧਾਰਮਿਕ ਸੰਸਥਾਵਾਂ ਦਾ ਵਖਿਆਨ ਹੁੰਦਾ ਹੈ। ਇਸੇ ਲਈ ਮਿਥ-ਕਥਾਵਾਂ ਸ਼ਰਧਾ ਵੀ ਜਗਾਉਂਦੀਆਂ ਹਨ ਅਤੇ ਜਾਤੀ-ਵਿਸ਼ੇਸ਼ ਦੇ ਧਾਰਮਿਕ ਵਿਸ਼ਵਾਸਾਂ ਦਾ ਅਨਿੱਖੜਵਾਂ ਅੰਗ ਵੀ ਬਣ ਜਾਂਦੀਆਂ ਹਨ।

ਪੰਜਾਬੀ ਕਥਾ-ਸਾਹਿਤ ਮਿਥ-ਕਥਾਵਾਂ ਨਾਲ਼ ਭਰਪੂਰ ਹੈ। ਇਸ ਪਾਠ-ਪੁਸਤਕ ਲਈ ਇਸ ਭੰਡਾਰ ਵਿੱਚੋਂ ਵੰਨਗੀ ਹਿਤ ਦੋ ਮਿਥ-ਕਥਾਵਾਂ ਚੁਣੀਆਂ ਗਈਆਂ ਹਨ : 'ਪ੍ਰਹਿਲਾਦ ਭਗਤ' ਅਤੇ 'ਨਲ ਦਮਿਅੰਤੀ'। 'ਪ੍ਰਹਿਲਾਦ ਭਗਤ' ਕਥਾ ਦਾ ਮੁੱਖ ਪਾਤਰ ਪ੍ਰਹਿਲਾਦ ਇੱਕ ਬਾਲਕ ਹੈ ਜੋ ਕਿ ਨੇਕੀ ਦਾ ਪ੍ਰਤੀਕ ਹੈ। ਇਸ ਵਿੱਚ ਵਿਰੋਧੀ ਅਤੇ ਬੁਰਾਈ ਜਾਂ ਬਦੀ ਦਾ ਪ੍ਰਤੀਕ ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਹੈ। ਅਨੇਕਾਂ ਕਠਨਾਈਆਂ ਅਤੇ ਵਿਰੋਧਾਂ ਦੇ ਬਾਵਜੂਦ ਅੰਤ ਵਿੱਚ ਪ੍ਰਹਿਲਾਦ ਦੀ ਜਿੱਤ ਹੁੰਦੀ ਹੈ।

ਇਹ ਕਥਾ ਏਨੀ ਹਰਮਨ-ਪਿਆਰੀ ਹੈ ਕਿ ਇਸ ਦਾ ਹਵਾਲਾ ਗੁਰੂ ਸਾਹਿਬਾਨ ਨੇ ਭਗਤਾਂ ਅਤੇ ਕਵੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਇਸ ਬਾਰੇ ਹੇਠ ਲਿਖੀ ਪਉੜੀ ਲਿਖੀ—

ਘਰਿ ਹਰਣਾਖਸ਼ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦ।
ਸਿਮਰੈ ਮਨ ਵਿਚਿ ਰਾਮ-ਨਾਮ ਗਾਵੈ ਸ਼ਬਦੁ ਅਨਾਹਦ ਨਾਦ।
ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਏ ਰਹੇ ਵਿਸਮਾਦੁ।
ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦ।
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ
ਜੈ ਜੈ ਕਾਰ ਕਰਨਿ ਬ੍ਰਹਮਾਦਿ॥

ਇਸੇ ਤਰ੍ਹਾਂ ਨਲ ਅਤੇ ਦਮਿਅੰਤੀ ਦੀ ਪ੍ਰਾਚੀਨ ਮਿਥ-ਕਥਾ ਹੈ। ਇਸ ਦਾ ਜ਼ਿਕਰ 'ਮਹਾਂਭਾਰਤ' ਵਿੱਚ ਆਉਂਦਾ ਹੈ। ਜਦੋਂ ਯੁਧਿਸ਼ਟਰ ਜੂਏ ਵਿੱਚ ਸਭ ਕੁਝ ਹਾਰ ਕੇ ਬਹੁਤ ਨਿਰਾਸ ਹੁੰਦਾ ਹੈ ਤਾਂ ਬ੍ਰਿਹਦਸ਼ਵ ਨਾਂ ਦਾ ਪਾਤਰ ਉਸ ਨੂੰ ਇਹ ਕਥਾ ਸੁਣਾ ਕੇ ਉਸ ਦਾ ਧੀਰਜ ਬਨ੍ਹਾਉਂਦਾ ਹੈ। ਇਸ ਕਥਾ ਵਿੱਚ ਨਲ ਤੇ ਦਮਿਅੰਤੀ ਅਨੇਕਾਂ ਦੁੱਖ ਕੱਟਦੇ ਹਨ, ਔਖੀਆਂ ਪਰਿਸਥਿਤੀਆਂ ਵਿੱਚ ਪੈਂਦੇ ਹਨ, ਵਿੱਛੜਦੇ ਹਨ ਪਰ ਅੰਤ ਨੂੰ ਇਕੱਠੇ ਹੋ ਜਾਂਦੇ ਹਨ। ਉਹਨਾਂ ਦਾ ਪਰਸਪਰ ਪ੍ਰੇਮ ਤੇ ਵਿਸ਼ਵਾਸ ਅਡਿੱਗ ਰਹਿੰਦਾ ਹੈ ਅਤੇ ਸਾਹਸ ਬਣਿਆ ਰਹਿੰਦਾ ਹੈ। ਇਸ ਮਿਥ-ਕਥਾ ਵਿੱਚ ਮਨੁੱਖੀ ਗੁਣਾਂ ਅਤੇ ਚੰਗਿਆਈ ਦੀ ਜਿੱਤ ਦਰਸਾਈ ਗਈ ਹੈ।

1

# ਪ੍ਰਹਿਲਾਦ ਭਗਤ

ਹਰਨਾਖਸ਼ ਅਤੇ ਪਰਨਾਖਸ਼ ਨਾਂ ਦੇ ਦੋ ਭਰਾ ਬੈਕੁੰਠ ਵਿੱਚ ਰਹਿੰਦੇ ਸਨ। ਦੇਵਤਿਆਂ ਦੇ ਸ੍ਰਾਪ ਕਾਰਨ ਇਹਨਾਂ ਨੂੰ ਬੈਕੁੰਠ ਵਿੱਚੋਂ ਨਿਕਲਣਾ ਪੈ ਗਿਆ। ਹਰਨਾਖਸ਼ ਬਹੁਤ ਬਲਵਾਨ ਸੀ। ਉਹ ਧਰਤੀ ਉੱਤੇ ਆ ਕੇ ਰਾਜ ਕਰਨ ਲੱਗ ਪਿਆ। ਅਚਾਨਕ ਪਰਨਾਖਸ਼ ਦੀ ਮੌਤ ਹੋ ਗਈ। ਹਰਨਾਖਸ਼ ਭਾਵੇਂ ਬਲਵਾਨ ਸੀ ਪਰ ਉਸ ਨੂੰ ਮੌਤ ਤੋਂ ਬਹੁਤ ਡਰ ਲੱਗਦਾ ਸੀ। ਉਹ ਮੌਤ ਉੱਤੇ ਕਾਬੂ ਪਾਉਣਾ ਚਾਹੁੰਦਾ ਸੀ। ਉਹ ਆਪਣਾ ਰਾਜ-ਭਾਗ ਛੱਡ ਕੇ ਹਿਮਾਲਾ ਪਰਬਤ 'ਤੇ ਜਾ ਕੇ ਤਪੱਸਿਆ ਕਰਨ ਲੱਗ ਪਿਆ। ਉਹਦੀ ਕਠਨ ਸਾਧਨਾ ਅਤੇ ਤਪੱਸਿਆ ਤੋਂ ਪ੍ਰਭਾਵਿਤ ਹੋ ਕੇ ਪਰਮਾਤਮਾ ਉਸ ਦੇ ਸਾਮ੍ਹਣੇ ਪ੍ਰਗਟ ਹੋਇਆ। ਹਰਨਾਖਸ਼ ਨੇ ਪਰਮਾਤਮਾ ਪਾਸੋਂ ਹੇਠ ਲਿਖੇ ਵਰ ਮੰਗੇ:

ਮੈਂ ਨਾ ਦਿਨ ਨੂੰ ਮਰਾਂ, ਨਾ ਰਾਤ ਨੂੰ ਮਰਾਂ।
ਮੈਂ ਨਾ ਅੰਦਰ ਮਰਾਂ, ਨਾ ਬਾਹਰ ਮਰਾਂ।
ਮੈਂ ਨਾ ਧਰਤੀ 'ਤੇ ਮਰਾਂ, ਨਾ ਅਕਾਸ਼ 'ਤੇ ਮਰਾਂ।
ਮੈਂ ਨਾ ਬਿਮਾਰੀ ਨਾਲ਼ ਮਰਾਂ, ਨਾ ਹਥਿਆਰ ਨਾਲ਼ ਮਰਾਂ।
ਮੈਂ ਨਾ ਮਨੁੱਖ ਤੋਂ ਮਰਾਂ, ਨਾ ਪਸ਼ੂ ਤੋਂ ਮਰਾਂ।

ਪਰਮਾਤਮਾ ਨੇ ਇਹ ਵਰ ਹਰਨਾਖਸ਼ ਨੂੰ ਦੇ ਦਿੱਤੇ। ਹਰਨਾਖਸ਼ ਬੜਾ ਖ਼ੁਸ਼ ਹੋਇਆ। ਉਹ ਧਰਤੀ 'ਤੇ ਆ ਕੇ ਮੁੜ ਰਾਜ ਕਰਨ ਲੱਗਾ। ਹੁਣ ਉਸ ਨੂੰ ਕਿਸੇ ਦਾ ਡਰ ਨਹੀਂ ਸੀ। ਉਹ ਧਰਤੀ ਦੇ ਲੋਕਾਂ ਨੂੰ ਆਪਣੀ ਹੀ ਈਨ ਮਨਾਉਣ ਲੱਗ ਪਿਆ। ਉਸ ਨੇ ਹੰਕਾਰ ਵਿੱਚ ਆ ਕੇ ਜ਼ੁਲਮ ਕਰਨੇ ਅਰੰਭ ਕਰ ਦਿੱਤੇ। ਇੱਥੋਂ ਤੱਕ ਕਿ ਉਸ ਨੇ ਲੋਕਾਂ ਨੂੰ ਪਰਮਾਤਮਾ ਦੀ ਥਾਂ ਆਪਣਾ ਨਾਂ ਜਪਣ ਦਾ ਹੁਕਮ ਦੇ ਦਿੱਤਾ।

ਕੁਝ ਸਮੇਂ ਬਾਅਦ ਹਰਨਾਖਸ਼ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ। ਉਸ ਦਾ ਨਾਂ ਪ੍ਰਹਿਲਾਦ ਰੱਖਿਆ ਗਿਆ। ਪ੍ਰਹਿਲਾਦ ਕੁਝ ਵੱਡਾ ਹੋਇਆ ਤਾਂ ਉਹਨੂੰ ਪਾਠਸ਼ਾਲਾ ਪੜ੍ਹਨ ਲਈ ਭੇਜਿਆ ਗਿਆ। ਪਾਠਸ਼ਾਲਾ ਦੇ ਪਾਂਧੇ ਨੇ ਪ੍ਰਹਿਲਾਦ ਨੂੰ ਹਰਨਾਖਸ਼ ਦਾ ਨਾਂ ਜਪਣ ਦੀ ਸਿੱਖਿਆ ਦਿੱਤੀ ਪਰ ਪ੍ਰਹਿਲਾਦ ਹਰਨਾਖਸ਼ ਦੀ ਥਾਂ ਪਰਮਾਤਮਾ ਦਾ ਨਾਂ ਜਪਦਾ ਸੀ। ਉਹ ਪਰਮਾਤਮਾ ਨੂੰ ਹਰਨਾਖਸ਼ ਨਾਲ਼ੋਂ ਵੱਡਾ ਸਮਝਦਾ ਸੀ।

ਪਾਂਧੇ ਨੇ ਪ੍ਰਹਿਲਾਦ ਦੀ ਹਰਨਾਖਸ਼ ਕੋਲ਼ ਸ਼ਿਕਾਇਤ ਕੀਤੀ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਬੁਲਾ ਕੇ ਪੁੱਛਿਆ ਕਿ ਉਹ ਆਪਣੇ ਪਿਤਾ ਦਾ ਨਾਂ ਜਪਣ ਦੀ ਥਾਂ ਪਰਮਾਤਮਾ ਦਾ ਨਾਂ ਕਿਉਂ ਜਪਦਾ ਹੈ ?

ਪ੍ਰਹਿਲਾਦ ਨੇ ਕਿਹਾ, "ਈਸ਼ਵਰ ਸਰਬ-ਸ਼ਕਤੀਮਾਨ ਹੈ। ਉਸ ਨੇ ਹੀ ਸਾਰੀ ਕੁਦਰਤ ਨੂੰ ਰਚਿਆ ਹੈ।" ਆਪਣੇ ਪੁੱਤਰ ਦਾ ਉੱਤਰ ਸੁਣ ਕੇ ਹਰਨਾਖਸ਼ ਲੋਹਾ-ਲਾਖਾ ਹੋ ਗਿਆ। ਉਸ ਨੂੰ ਖ਼ਤਰਾ ਪੈਦਾ ਹੋ ਗਿਆ ਕਿ ਕਿਤੇ ਬਾਕੀ ਦੇ ਲੋਕ ਵੀ ਉਸ ਤੋਂ ਆਕੀ ਨਾ ਹੋ ਜਾਣ। ਉਸ ਨੇ ਗਰਜ ਕੇ ਕਿਹਾ, "ਮੈਂ ਹੀ ਸਭ ਤੋਂ ਵੱਧ ਸ਼ਕਤੀਸ਼ਾਲੀ ਹਾਂ। ਮੈਨੂੰ ਕੋਈ ਨਹੀਂ ਮਾਰ ਸਕਦਾ। ਮੈਂ ਤੈਨੂੰ ਹੁਣੇ ਖ਼ਤਮ ਕਰ ਸਕਦਾ ਹਾਂ।" ਉਸ ਦੀ ਅਵਾਜ਼ ਸੁਣ ਕੇ ਪ੍ਰਹਿਲਾਦ ਦੀ ਮਾਂ ਵੀ ਉੱਥੇ ਆ ਗਈ। ਉਸ ਨੇ ਹਰਨਾਖਸ਼ ਦਾ ਤਰਲਾ ਕਰਦੇ ਹੋਏ ਕਿਹਾ, "ਤੁਸੀਂ ਇਸ ਨੂੰ ਨਾ ਮਾਰੋ। ਮੈਂ ਸਮਝਾਉਣ ਦਾ ਜਤਨ ਕਰਦੀ ਹਾਂ।" ਉਹ ਪ੍ਰਹਿਲਾਦ ਨੂੰ ਆਪਣੇ ਕੋਲ਼ ਬਿਠਾ ਕੇ ਕਹਿਣ ਲੱਗੀ, "ਤੇਰੇ ਪਿਤਾ ਜੀ ਇਸ ਧਰਤੀ 'ਤੇ ਸਭ ਤੋਂ ਸ਼ਕਤੀਸ਼ਾਲੀ ਹਨ। ਉਹਨਾਂ ਨੂੰ ਅਮਰ ਰਹਿਣ ਦਾ ਵਰ ਮਿਲ਼ਿਆ ਹੋਇਆ ਹੈ। ਇਹਨਾਂ ਦੀ ਗੱਲ ਮੰਨ ਜਾ।"

ਪ੍ਰਹਿਲਾਦ ਬੋਲਿਆ, "ਮਾਤਾ ਜੀ ਮੈਂ ਮੰਨਦਾ ਹਾਂ ਕਿ ਮੇਰੇ ਪਿਤਾ ਜੀ ਬੜੇ ਤਾਕਤਵਰ ਹਨ ਪਰ ਸਭ ਤੋਂ ਵੱਧ ਬਲਵਾਨ ਭਗਵਾਨ ਹੈ ਜਿਸ ਨੇ ਸਾਨੂੰ ਸਾਰਿਆਂ ਨੂੰ ਬਣਾਇਆ ਹੈ। ਪਿਤਾ ਜੀ ਨੂੰ ਵੀ ਉਸ ਨੇ ਹੀ ਬਣਾਇਆ ਹੈ।" ਪ੍ਰਹਿਲਾਦ ਦਾ ਇਹ ਉੱਤਰ ਸੁਣ ਕੇ ਉਸ ਦੀ ਮਾਂ ਬੇਵੱਸ ਹੋ ਗਈ। ਪ੍ਰਹਿਲਾਦ ਆਪਣੇ ਵਿਸ਼ਵਾਸ ਵਿੱਚ ਦ੍ਰਿੜ੍ਹ ਰਿਹਾ। ਇਹ ਵੇਖ ਕੇ ਹਰਨਾਖਸ਼ ਨੂੰ ਹੋਰ ਗ਼ੁੱਸਾ ਚੜ੍ਹ ਗਿਆ। ਉਸ ਨੇ ਆਪਣੇ ਜੱਲਾਦਾਂ ਨੂੰ ਹੁਕਮ ਦਿੱਤਾ ਕਿ ਉਹ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਡੋਬ ਕੇ ਮਾਰ ਦੇਣ। ਜੱਲਾਦ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਸੁੱਟਣ ਲਈ ਲੈ ਗਏ। ਉਹਨਾਂ ਨੇ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਸੁੱਟਿਆ ਪਰ ਸਮੁੰਦਰ ਦੀ ਇੱਕ ਲਹਿਰ ਨੇ ਪ੍ਰਹਿਲਾਦ ਨੂੰ ਕਿਨਾਰੇ 'ਤੇ ਸੁੱਟ ਦਿੱਤਾ। ਜੱਲਾਦਾਂ ਨੇ ਪ੍ਰਹਿਲਾਦ ਨੂੰ ਫਿਰ ਸਮੁੰਦਰ ਵਿੱਚ ਸੁੱਟਿਆ। ਪ੍ਰਹਿਲਾਦ ਫਿਰ ਬਾਹਰ ਆ ਗਿਆ। ਜੱਲਾਦਾਂ ਨੇ ਆ ਕੇ ਹਰਨਾਖਸ਼ ਨੂੰ ਦੱਸਿਆ ਤਾਂ ਉਸ ਨੇ ਕਿਹਾ ਕਿ ਇਸ ਨੂੰ ਕਿਸੇ ਉੱਚੇ ਪਰਬਤ ਤੋਂ ਹੇਠਾਂ ਸੁੱਟ ਕੇ ਮਾਰ ਦਿੱਤਾ ਜਾਵੇ। ਜੱਲਾਦਾਂ ਨੇ ਇਵੇਂ ਹੀ ਕੀਤਾ ਪਰ ਪ੍ਰਹਿਲਾਦ ਇੱਕ ਸੰਘਣੇ ਰੁੱਖ ਉੱਤੇ ਆ ਡਿੱਗਿਆ ਜਿਸ ਕਾਰਨ ਉਸ ਨੂੰ ਕੋਈ ਚੋਟ ਨਾ ਲੱਗੀ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਇੱਕ ਪਾਗਲ ਹਾਥੀ ਅੱਗੇ ਸੁੱਟਿਆ ਤਾਂਜੋ ਹਾਥੀ ਉਸ ਨੂੰ ਆਪਣੇ ਪੈਰਾਂ ਹੇਠ ਕੁਚਲ ਦੇਵੇ ਪਰ ਹਾਥੀ ਨੇ ਪ੍ਰਹਿਲਾਦ ਨੂੰ ਕੁਝ ਨਾ ਕਿਹਾ। ਲੱਗਦਾ ਸੀ,ਜਿਵੇਂ ਸਾਰੀ ਕੁਦਰਤ ਪ੍ਰਹਿਲਾਦ ਦੀ ਮਦਦ ਕਰ ਰਹੀ ਹੋਵੇ।

ਹਰਨਾਖਸ਼ ਦੀ ਇੱਕ ਭੈਣ ਸੀ ਜਿਸ ਦਾ ਨਾਂ ਹੋਲਿਕਾ ਸੀ। ਹੋਲਿਕਾ ਆਪਣੇ ਭਰਾ ਹਰਨਾਖਸ਼ ਦੀ ਪਰੇਸ਼ਾਨੀ ਦੂਰ ਕਰਨਾ ਚਾਹੁੰਦੀ ਸੀ। ਹੋਲਕਾ ਨੂੰ ਵਰ ਕਾਰਨ ਅੱਗ ਨਹੀਂ ਸੀ ਸਾੜ ਸਕਦੀ। ਉਸ ਨੇ ਆਪਣੇ ਭਰਾ ਨੂੰ ਕਿਹਾ ਕਿ ਉਹ ਪ੍ਰਹਿਲਾਦ ਨੂੰ ਆਪਣੀ ਬੁੱਕਲ਼ ਵਿੱਚ ਲੈ ਕੇ ਅੱਗ ਵਿੱਚ ਬੈਠ ਜਾਵੇਗੀ। ਵਰ ਕਾਰਨ ਉਹ ਆਪ ਅੱਗ ਵਿੱਚ ਸੜਨ ਤੋਂ ਬਚ ਜਾਵੇਗੀ ਪਰ ਪ੍ਰਹਿਲਾਦ ਸੜ ਜਾਵੇਗਾ। ਇਸ ਤਰ੍ਹਾਂ ਹੀ ਕੀਤਾ ਗਿਆ। ਬਹੁਤ ਸਾਰਾ ਬਾਲਣ ਇਕੱਠਾ ਕਰ ਲਿਆ ਗਿਆ। ਤਦ ਹੋਲਿਕਾ ਪ੍ਰਹਿਲਾਦ ਨੂੰ ਕੁੱਛੜ ਵਿੱਚ ਲੈ ਕੇ ਬਾਲਣ ਵਿੱਚ ਬੈਠ ਗਈ। ਬਾਲਣ ਨੂੰ ਅੱਗ ਲਾ ਦਿੱਤੀ ਗਈ। ਇਸ ਅੱਗ ਵਿੱਚ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਹੋਲਿਕਾ ਨੇ ਜਦੋਂ ਵਰਦਾਨ ਵਿੱਚ ਮਿਲੀ ਸ਼ਕਤੀ ਦੀ ਮਾੜੀ ਵਰਤੋਂ ਕੀਤੀ ਤਾਂ ਉਹ ਵਰਦਾਨ ਉਸ ਲਈ ਸ੍ਰਾਪ ਬਣ ਗਿਆ।

ਇਸ ਘਟਨਾ ਕਰਕੇ ਹਰਨਾਖਸ਼ ਗ਼ੁੱਸੇ ਵਿੱਚ ਇੱਕ ਤਰ੍ਹਾਂ ਪਾਗਲ ਹੀ ਹੋ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ ? ਉਸ ਨੇ ਇੱਕ ਲੋਹੇ ਦੇ ਥੰਮ੍ਹ ਨੂੰ ਗਰਮ ਕਰਵਾਇਆ। ਜਦੋਂ ਥੰਮ੍ਹ ਗਰਮ ਹੋ ਕੇ ਲਾਲ ਹੋ ਗਿਆ ਤਾਂ ਉਸ ਨੇ ਪ੍ਰਹਿਲਾਦ ਨੂੰ ਬੁਲਾ ਕੇ ਪੁੱਛਿਆ, "ਤੇਰਾ ਪਰਮਾਤਮਾ ਕਿੱਥੇ ਹੈ ?" ਪ੍ਰਹਿਲਾਦ ਨੇ ਉੱਤਰ ਦਿੱਤਾ, "ਪਰਮਾਤਮਾ ਤਾਂ ਕਣ-ਕਣ ਵਿੱਚ ਸ਼ਾਮਲ ਹੈ। ਉਹ ਮੇਰੇ ਵਿੱਚ, ਤੁਹਾਡੇ ਵਿੱਚ ਤੇ ਸਭ ਵਿੱਚ ਹੈ।"

ਹਰਨਾਖਸ਼ ਨੇ ਕਿਹਾ, "ਕੀ ਪਰਮਾਤਮਾ ਇਸ ਥੰਮ੍ਹ ਵਿੱਚ ਵੀ ਹੈ।"

ਪ੍ਰਹਿਲਾਦ ਨੇ 'ਹਾਂ' ਵਿੱਚ ਉੱਤਰ ਦਿੱਤਾ। ਤਦ ਹਰਨਾਖਸ਼ ਨੇ ਪ੍ਰਹਿਲਾਦ ਨੂੰ ਕਿਹਾ ਕਿ ਜੇ ਪਰਮਾਤਮਾ ਇਸ ਗਰਮ ਥੰਮ੍ਹ ਵਿੱਚ ਵੀ ਹੈ ਤਾਂ ਉਹ ਇਸ ਥੰਮ੍ਹ ਨੂੰ ਜੱਫੀ ਪਾ ਲਵੇ। ਇਸ ਤੋਂ ਪਹਿਲਾਂ ਕਿ ਪ੍ਰਹਿਲਾਦ ਇਸ ਗਰਮ ਥੰਮ੍ਹ ਨੂੰ ਵੇਖ ਕੇ ਡੋਲ ਜਾਂਦਾ, ਉਸ ਨੂੰ ਥੰਮ੍ਹ ਉੱਤੇ ਇੱਕ ਕੀੜੀ ਤੁਰਦੀ ਨਜ਼ਰ ਆਈ। ਤਦ ਪ੍ਰਹਿਲਾਦ ਨੇ ਨਿਡਰ ਹੋ ਕੇ ਗਰਮ ਥੰਮ੍ਹ ਨੂੰ ਜੱਫੀ ਪਾ ਲਈ। ਉਸ ਦਾ ਕੁਝ ਵੀ ਨਾ ਵਿਗੜਿਆ।

ਅਖੀਰ ਹਰਨਾਖਸ਼ ਨੇ ਗ਼ੁੱਸੇ ਵਿੱਚ ਅੰਨ੍ਹੇ ਹੋ ਕੇ ਤਲਵਾਰ ਕੱਢ ਲਈ। ਉਸ ਨੇ ਤਲਵਾਰ ਨਾਲ਼ ਪ੍ਰਹਿਲਾਦ 'ਤੇ ਵਾਰ ਕੀਤਾ। ਤਲਵਾਰ ਥੰਮ੍ਹ ਨੂੰ ਜਾ ਵੱਜੀ ਤੇ ਥੰਮ੍ਹ ਟੁੱਟ ਗਿਆ। ਕਹਿੰਦੇ ਹਨ ਉਸ ਸਮੇਂ ਉਸ ਵਿੱਚੋਂ ਪਰਮਾਤਮਾ ਨਰਸਿੰਘ ਦੇ ਰੂਪ ਵਿੱਚ ਆ ਪ੍ਰਗਟ ਹੋਇਆ। ਪਰਮਾਤਮਾ ਦੇ ਇਸ ਰੂਪ ਦਾ ਅੱਧਾ ਧੜ ਮਨੁੱਖ ਦਾ ਅਤੇ ਅੱਧਾ ਸ਼ੇਰ ਦਾ ਸੀ। ਉਸ ਨੇ ਹਰਨਾਖਸ਼ ਨੂੰ ਚੁੱਕ ਲਿਆ ਅਤੇ ਦਹਿਲੀਜ਼ 'ਤੇ ਬੈਠ ਕੇ ਉਸ ਨੂੰ ਆਪਣੇ ਪੱਟਾਂ 'ਤੇ ਰੱਖ ਲਿਆ। ਹਰਨਾਖਸ਼ ਨੂੰ ਅਹਿਸਾਸ ਹੋਇਆ ਕਿ ਉਸ ਦਾ ਅੰਤ ਨੇੜੇ ਹੈ। ਉਸ ਨੇ ਨਰਸਿੰਘ ਨੂੰ ਕਿਹਾ ਕਿ ਉਸ ਨੂੰ ਤਾਂ ਵਰਦਾਨ ਪ੍ਰਾਪਤ ਹੋਇਆ ਹੈ ਕਿ ਉਸ ਨੂੰ ਕੋਈ ਮਾਰ ਨਹੀਂ ਸਕੇਗਾ। ਨਰਸਿੰਘ ਨੇ ਕਿਹਾ ਕਿ ਉਸ ਦੇ ਵਰ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਕੇ ਮਾਰਿਆ ਜਾ ਰਿਹਾ ਹੈ।

ਇਹ ਕਹਿ ਕੇ ਨਰਸਿੰਘ ਨੇ ਹਰਨਾਖਸ਼ ਨੂੰ ਆਪਣੀਆਂ ਨਹੁੰਦਰਾਂ ਨਾਲ਼ ਮਾਰ ਦਿੱਤਾ। ਇਸ ਸਮੇਂ ਨਾ ਦਿਨ ਸੀ, ਨਾ ਰਾਤ। ਦੋਵੇਂ ਵਕਤ ਮਿਲ਼ਦੇ ਸਨ ਭਾਵ ਸ਼ਾਮ ਦਾ ਸਮਾਂ ਸੀ। ਮਰਨ ਸਮੇਂ ਹਰਨਾਖਸ਼ ਨਾ ਅੰਦਰ ਸੀ, ਨਾ ਬਾਹਰ, ਉਹ ਦਹਿਲੀਜ਼ ਉੱਤੇ ਸੀ। ਉਸ ਸਮੇਂ ਉਹ ਧਰਤੀ 'ਤੇ ਨਹੀਂ ਸੀ, ਅਤੇ ਨਾ ਹੀ ਅਕਾਸ਼ ਵਿੱਚ, ਉਹ ਨਰਸਿੰਘ ਦੇ ਪੱਟਾਂ ਉੱਤੇ ਸੀ। ਹਰਨਾਖਸ਼ ਦੀ ਮੌਤ ਨਾ ਬਿਮਾਰੀ ਨਾਲ਼ ਹੋਈ, ਨਾ ਕਿਸੇ ਹਥਿਆਰ ਨਾਲ਼। ਨਰ ਸਿੰਘ ਦੀਆਂ ਨਹੁੰਦਰਾਂ ਨੇ ਉਸ ਨੂੰ ਸਦਾ ਦੀ ਨੀਂਦ ਸੁਆਂ ਦਿੱਤਾ ਸੀ। ਉਸ ਨੂੰ ਮਾਰਨ ਵਾਲ਼ਾ ਨਾ ਪੂਰਾ ਮਨੁੱਖੀ ਰੂਪ ਵਿੱਚ ਸੀ ਅਤੇ ਨਾ ਪਸ਼ੂ ਰੂਪ ਵਿੱਚ। ਇਸ ਤਰ੍ਹਾਂ ਹਰਨਾਖਸ਼ ਨੂੰ ਵਰ ਵਿੱਚ ਮਿਲ਼ੀਆਂ ਸ਼ਰਤਾਂ ਵੀ ਉਸ ਨੂੰ ਬਚਾ ਨਾ ਸਕੀਆਂ।

ਪਰਮਾਤਮਾ ਨੇ ਸਾਰੀਆਂ ਗੱਲਾਂ ਪੂਰੀਆਂ ਕਰਦਿਆਂ ਹੋਇਆਂ ਜ਼ੁਲਮ ਦਾ ਨਾਸ ਕਰਨ ਲਈ ਹਰਨਾਖਸ਼ ਦਾ ਅੰਤ ਕਰ ਦਿੱਤਾ। ਪਿਤਾ ਹਰਨਾਖਸ਼ ਦੀ ਮੌਤ ਤੋਂ ਬਾਅਦ ਪ੍ਰਹਿਲਾਦ ਧਰਤੀ 'ਤੇ ਰਾਜ ਕਰਨ ਲੱਗਾ। ਉਸ ਦੇ ਰਾਜ ਵਿੱਚ ਸਾਰੇ ਸੁਖੀ ਸਨ।

❋ ❋ ❋

2

# ਨਲ ਅਤੇ ਦਮਿਅੰਤੀ

ਨਿਸ਼ਧ ਦੇਸ ਦੇ ਵੀਰ ਸੈਨ ਨਾਂ ਦੇ ਰਾਜੇ ਦਾ ਇੱਕ ਪੁੱਤਰ ਸੀ, ਨਲ। ਉਹ ਤੇਜੱਸਵੀ, ਗੁਣਵਾਨ, ਸੁੰਦਰ ਅਤੇ ਬਲਵਾਨ ਸੀ। ਘੋੜੇ ਦੁੜਾਉਣ ਵਿੱਚ ਉਸ ਦੀ ਖ਼ਾਸ ਮੁਹਾਰਤ ਸੀ। ਇਸੇ ਤਰ੍ਹਾਂ ਵਿਦਰਭ ਨਾਂ ਦੇ ਦੇਸ ਵਿੱਚ ਭੀਮ ਨਾਂ ਦਾ ਇੱਕ-ਰਾਜਾ ਰਾਜ ਕਰਦਾ ਸੀ। ਉਸ ਦੀ ਇੱਕ ਰਾਜਕੁਮਾਰੀ ਸੀ ਜਿਸ ਦਾ ਨਾਂ ਦਮਿਅੰਤੀ ਸੀ। ਉਹ ਰੂਪਮਤੀ, ਬੁੱਧੀਮਾਨ ਅਤੇ ਹੋਰ ਅਨੇਕਾਂ ਗੁਣਾਂ ਦੀ ਮਾਲਕ ਸੀ।

ਨਲ ਅਤੇ ਦਮਿਅੰਤੀ ਆਪਣੇ ਗੁਣਾਂ ਕਾਰਨ ਛੇਤੀ ਹੀ ਲੋਕਾਂ ਵਿੱਚ ਜਾਣੇ ਜਾਣ ਲੱਗ ਪਏ। ਉਹਨਾਂ ਨੂੰ ਆਪ ਵੀ ਇੱਕ-ਦੂਜੇ ਦੀ ਵਡਿਆਈ ਦਾ ਪਤਾ ਲੱਗ ਗਿਆ। ਇਸ ਤਰ੍ਹਾਂ ਬਿਨਾਂ ਇੱਕ-ਦੂਜੇ ਨੂੰ ਮਿਲ਼ੇ ਹੀ,ਹੌਲ਼ੀ-ਹੌਲ਼ੀ ਉਹ ਇੱਕ-ਦੂਜੇ ਨਾਲ਼ ਲਗਾਅ ਮਹਿਸੂਸ ਕਰਨ ਲੱਗ ਪਏ।

ਦਮਿਅੰਤੀ ਦੇ ਜਵਾਨ ਹੋਣ 'ਤੇ ਉਸ ਦੇ ਪਿਤਾ ਨੇ ਉਸ ਦਾ ਵਿਆਹ ਕਰਨ ਲਈ ਇੱਕ ਸੁੰਬਰ ਦਾ ਆਯੋਜਨ ਕੀਤਾ। ਦਮਿਅੰਤੀ ਨਾਲ਼ ਵਿਆਹ ਕਰਨ ਦੀ ਇੱਛਾ ਲੈ ਕੇ ਦੂਰ-ਦੁਰਾਡੇ ਤੋਂ ਰਾਜੇ ਅਤੇ ਰਾਜਕੁਮਾਰ ਪਹੁੰਚੇ। ਹੋਰ ਤਾਂ ਹੋਰ ਕਈ ਦੇਵਤੇ ਵੀ ਰਾਜਿਆਂ ਦਾ ਰੂਪ ਧਾਰ ਕੇ ਉਸ ਸੁੰਬਰ ਵਿੱਚ ਪਹੁੰਚੇ। ਦਮਿਅੰਤੀ ਪਹਿਲਾਂ ਹੀ ਮਨੋ-ਮਨੀ ਨਲ ਨੂੰ ਆਪਣੇ ਪਤੀ ਵਜੋਂ ਸ੍ਵੀਕਾਰ ਕਰ ਚੁੱਕੀ ਸੀ। ਅਚੰਭਾ ਇਹ ਹੋਇਆ ਕਿ ਜਦੋਂ ਸੁੰਬਰ ਸਮੇਂ ਉਹ ਰਾਜੇ ਨਲ ਨੂੰ ਪਛਾਣਨ ਦੀ ਕੋਸ਼ਸ਼ ਕਰਨ ਲੱਗੀ ਤਾਂ ਉਸ ਨੂੰ ਇੱਕ ਨਹੀਂ, ਕਈ ਰਾਜੇ ਨਲ ਉੱਥੇ ਬੈਠੇ ਦਿਖਾਈ ਦਿੱਤੇ। ਕਈ ਦੇਵਤਿਆਂ ਨੇ ਰਾਜਾ ਨਲ ਦਾ ਰੂਪ ਧਾਰਨ ਕੀਤਾ ਹੋਇਆ ਸੀ ਪਰ ਜਦੋਂ ਉਹਨੇ ਬਹੁਤ ਧਿਆਨ ਨਾਲ਼ ਇਕਾਗਰ-ਚਿੱਤ ਹੋ ਕੇ ਵੇਖਿਆ ਤਾਂ ਉਸ ਨੂੰ ਅਸਲੀ ਨਲ ਲੱਭਣ ਵਿੱਚ ਔਖ ਨਾ ਹੋਈ। ਉਸ ਨੇ ਵੇਖਿਆ ਕਿ ਦੇਵਤਿਆਂ ਦੇ ਸਰੀਰ ਉੱਪਰ ਮੁੜ੍ਹਕੇ ਦੀ ਕੋਈ ਬੂੰਦ ਨਹੀਂ ਸੀ। ਉਹਨਾਂ ਦੀਆਂ ਪਲਕਾਂ ਵੀ ਨਹੀਂ ਸਨ ਝਪਕਦੀਆਂ। ਉਹਨਾਂ ਦੇ ਪੈਰ ਵੀ ਧਰਤੀ ਨੂੰ ਨਹੀਂ ਸੀ ਛੂੰਹਦੇ ਅਤੇ ਨਾ ਹੀ ਉਹਨਾਂ ਦਾ ਕੋਈ ਪਰਛਾਂਵਾਂ ਸੀ।

ਦਮਿਅੰਤੀ ਨੇ ਵਰ-ਮਾਲ਼ਾ ਨਲ ਦੇ ਗਲ਼ ਵਿੱਚ ਪਾ ਦਿੱਤੀ। ਸਾਰਿਆਂ ਨੇ ਉਸ ਦੀ ਚੋਣ ਉੱਤੇ ਖ਼ੁਸ਼ੀ ਪ੍ਰਗਟ ਕੀਤੀ। ਦੇਵਤਿਆਂ ਨੇ ਵੀ ਅਸ਼ੀਰਵਾਦ ਦਿੱਤੇ।

ਵਿਆਹ ਤੋਂ ਬਾਅਦ ਨਲ ਅਤੇ ਦਮਿਅੰਤੀ ਦੋਵੇਂ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗੇ। ਉਹਨਾਂ ਦੇ ਘਰ ਇੱਕ ਲੜਕੇ ਅਤੇ ਇੱਕ ਲੜਕੀ ਨੇ ਜਨਮ ਲਿਆ। ਪਰ ਕਲਜੁਗ ਤੋਂ ਉਹਨਾਂ ਦੀ ਖ਼ੁਸ਼ੀ ਬਰਦਾਸ਼ਤ ਨਾ ਹੋਈ। ਉਸ ਨੇ ਰੰਗ ਵਿੱਚ ਭੰਗ ਪਾਉਣ ਦੀ ਸੋਚੀ। ਉਸ ਨੇ ਕਿਹਾ ਕਿ ਮੈਂ ਨਲ ਦੇ ਅੰਦਰ ਨਿਵਾਸ ਕਰਾਂਗਾ ਅਤੇ ਆਪਣੀ ਚਾਲ ਚੱਲ ਕੇ ਉਸ ਨੂੰ ਰਾਜ-ਭਾਗ ਤੋਂ ਵਾਂਝਾ ਕਰ ਦੇਵਾਂਗਾ। ਫਿਰ ਉਸ ਨੂੰ ਦਮਿਅੰਤੀ ਵੀ ਪਿਆਰ ਨਹੀਂ ਕਰ ਸਕੇਗੀ।

ਸਮਾਂ ਪਾ ਕੇ ਰਾਜਾ ਨਲ ਦੇ ਮਨ 'ਤੇ ਜੂਆ ਖੇਡਣ ਦਾ ਭੂਤ ਸਵਾਰ ਹੋਇਆ ਤੇ ਉਹ ਆਪਣੇ ਛੋਟੇ ਭਰਾ ਪੁਸ਼ਕਰ ਦੇ ਨਾਲ਼ ਜੂਆ ਖੇਡਣ ਲੱਗ ਪਿਆ। ਕਲਜੁਗ ਦੇ ਪ੍ਰਭਾਵ ਸਦਕਾ ਨਲ ਜੂਏ ਵਿੱਚ ਹਾਰਦਾ ਚਲਾ ਗਿਆ ਤੇ ਪੁਸ਼ਕਰ ਜਿੱਤਦਾ ਚਲਾ ਗਿਆ। ਜਦੋਂ ਦਮਿਅੰਤੀ ਨੂੰ ਇਸ ਭਾਣੇ ਦਾ ਪਤਾ ਲੱਗਾ ਤਾਂ ਉਸ ਨੇ ਨਲ ਨੂੰ ਹੋਰ ਜੂਆ ਖੇਡਣ ਤੋਂ ਰੋਕਣ ਦੀ ਕੋਸ਼ਸ਼ ਕੀਤੀ ਪਰ ਨਲ ਦੇ ਮਨ ਦੀ ਹਾਲਤ ਅਜਿਹੀ ਸੀ ਕਿ ਉਹ ਇਸ ਸਮੇਂ ਕਿਸੇ ਚੰਗੀ ਸਲਾਹ ਨੂੰ ਸੁਣ ਹੀ ਨਹੀਂ ਸੀ ਰਿਹਾ।

ਦਮਿਅੰਤੀ ਨੇ ਆਉਣ ਵਾਲ਼ੇ ਮਾੜੇ ਸਮੇਂ ਦਾ ਅਨੁਮਾਨ ਕਰਕੇ ਆਪਣੇ ਦੋਹਾਂ ਬੱਚਿਆਂ ਨੂੰ ਆਪਣੇ ਪਿਤਾ ਕੋਲ਼ ਭੇਜ ਦਿੱਤਾ। ਹੁਣ ਨਲ ਆਪਣਾ ਸਭ ਕੁਝ ਜੂਏ ਵਿੱਚ ਹਾਰ ਚੁੱਕਾ ਸੀ। ਬੱਸ, ਉਹ ਆਪ ਸੀ ਅਤੇ ਇੱਕ ਦਮਿਅੰਤੀ ਸੀ। ਦੋਹਾਂ ਕੋਲ਼ ਇੱਕ-ਇੱਕ ਬਸਤਰ ਸੀ। ਪੁਸ਼ਕਰ ਨੇ ਨਲ ਦਾ ਰਾਜ ਜਿੱਤਣ ਪਿੱਛੋਂ ਜਨਤਾ ਨੂੰ ਹੁਕਮ ਕਰ ਦਿੱਤਾ ਕਿ ਨਲ ਅਤੇ ਦਮਿਅੰਤੀ ਨੂੰ ਕਿਸੇ ਪ੍ਰਕਾਰ ਦੀ ਸਹਾਇਤਾ ਨਾ ਦਿੱਤੀ ਜਾਵੇ, ਇੱਥੋਂ ਤੱਕ ਕਿ ਅੰਨ-ਪਾਣੀ ਵੀ ਨਾ ਦਿੱਤਾ ਜਾਵੇ।

ਨਲ ਆਪਣਾ ਰਾਜ ਛੱਡ ਕੇ ਜੰਗਲ਼ ਜਾਣ ਲਈ ਤੁਰ ਪਿਆ ਤਾਂ ਦਮਿਅੰਤੀ ਵੀ ਉਸ ਦੇ ਨਾਲ਼ ਤੁਰ ਪਈ। ਨਲ ਨੇ ਉਸ ਨੂੰ ਆਪਣੇ ਨਾਲ਼ ਆਉਣ ਤੋਂ ਰੋਕਦਿਆਂ ਕਿਹਾ ਕਿ ਉਹ ਆਪਣੇ ਪਿਤਾ ਕੋਲ਼ ਚਲੀ ਜਾਵੇ, ਜੰਗਲ਼ ਵਿੱਚ ਰਹਿਣਾ ਬੜਾ ਕਠਨ ਹੋਵੇਗਾ। ਰਸਤੇ ਵਿੱਚ ਅਨੇਕਾਂ ਔਕੜਾਂ ਆਉਣਗੀਆਂ। ਇਸ ਲਈ ਚੰਗਾ ਹੋਵੇਗਾ ਕਿ ਉਹ ਇਸ ਔਕੜ ਦੀ ਘੜੀ ਆਪਣੇ ਪਿਤਾ ਕੋਲ਼ ਜਾ ਕੇ ਰਹੇ। ਅੱਗੋਂ ਦਮਿਅੰਤੀ ਨੇ ਕਿਹਾ ਕਿ ਉਹਨਾਂ ਦੋਹਾਂ ਨੇ ਵਿਆਹ ਸਮੇਂ ਦੁੱਖ-ਸੁੱਖ ਵਿੱਚ ਇਕੱਠਿਆਂ ਰਹਿਣ ਦਾ ਪ੍ਰਣ ਲਿਆ ਸੀ। ਇਸ ਲਈ ਉਹ ਵੀ ਹਰ ਹਾਲ ਨਲ ਦੇ ਨਾਲ਼ ਹੀ ਰਹੇਗੀ। ਉਹ ਕਦੇ ਵੀ ਆਪਣੇ ਪਤੀ ਨਲ ਤੋਂ ਜੁਦਾਈ ਬਰਦਾਸ਼ਤ ਨਹੀਂ ਕਰ ਸਕੇਗੀ। ਅੰਤ ਉਹ ਦੋਵੇਂ ਜੰਗਲ਼ ਨੂੰ ਤੁਰ ਪਏ।

ਨਲ ਅਤੇ ਦਮਿਅੰਤੀ ਕਈ ਦਿਨਾਂ ਤੱਕ ਭੁੱਖੇ-ਭਾਣੇ ਰਹੇ। ਸਫ਼ਰ ਦੀ ਥਕਾਵਟ ਨੇ ਉਹਨਾਂ ਨੂੰ ਹਾਲੋਂ-ਬੇਹਾਲ ਕਰ ਦਿੱਤਾ। ਇੱਕ ਸ਼ਾਮ ਉਹ ਇੱਕ ਧਰਮਸ਼ਾਲ਼ਾ ਦੇ ਨੇੜੇ ਠਹਿਰੇ ਹੋਏ ਸਨ। ਬਹੁਤ ਜ਼ਿਆਦਾ ਥਕਾਵਟ ਕਾਰਨ ਦਮਿਅੰਤੀ ਘੂਕ ਸੌਂ ਗਈ ਪਰ

ਚਿੰਤਾ ਕਰ ਕੇ ਰਾਜੇ ਨਲ ਨੂੰ ਨੀਂਦ ਨਾ ਆਈ। ਰਾਜਾ ਨਲ ਸੋਚਣ ਲੱਗਾ ਕਿ ਉਸ ਨਾਲ਼ ਰਹਿੰਦਿਆਂ ਦਮਿਅੰਤੀ ਨੂੰ ਪਤਾ ਨਹੀਂ ਹੋਰ ਕਿਹੜੇ-ਕਿਹੜੇ ਦੁੱਖ ਝੱਲਣੇ ਪੈਣਗੇ। ਨਾਲ਼ ਹੀ ਉਸ ਦੇ ਮਨ ਵਿੱਚ ਇਹ ਵਿਚਾਰ ਆਇਆ ਕਿ ਜੇ ਉਹ ਦਮਿਅੰਤੀ ਨੂੰ ਸੁੱਤੀ ਪਈ ਨੂੰ ਛੱਡ ਗਿਆ ਤਾਂ ਉਹ ਉਸ ਨੂੰ ਬੇਵਫ਼ਾ ਸਮਝੇਗੀ। ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਨਲ ਨੇ ਦਮਿਅੰਤੀ ਨੂੰ ਸੁੱਤੀ ਪਈ ਛੱਡ ਕੇ ਇਕੱਲੇ ਤੁਰ ਜਾਣਾ ਬਿਹਤਰ ਸਮਝਿਆ।

ਸਵੇਰ ਹੋਣ 'ਤੇ ਜਦੋਂ ਦਮਿਅੰਤੀ ਦੀ ਜਾਗ ਖੁੱਲ੍ਹੀ ਤਾਂ ਆਪਣੇ ਨਾਲ਼ ਰਾਜਾ ਨਲ ਨੂੰ ਨਾ ਵੇਖ ਕੇ ਉਸ ਦਾ ਮਨ ਤ੍ਰਾਟ-ਤ੍ਰਾਟ ਹੋ ਗਿਆ। ਉਹ ਬਾਵਲੀ ਹੋਈ ਉਸ ਨੂੰ ਢੂੰਡਣ ਲਈ ਜੰਗਲ਼ ਵੱਲ ਨੂੰ ਤੁਰ ਪਈ। ਉਹ ਅੰਤਾਂ ਦਾ ਵਿਰਲਾਪ ਕਰਦੀ ਹੋਈ ਕਦੇ ਰਾਜਾ ਨਲ ਨੂੰ ਪੁਕਾਰਦੀ ਕਦੇ ਉੱਚੀ-ਉੱਚੀ ਬੋਲ ਕੇ ਰਾਜਾ ਨਲ ਬਾਰੇ ਪੁੱਛਦੀ ਅਤੇ ਕਦੇ ਆਪਣੇ-ਆਪ ਨੂੰ ਕੋਸਦੀ।

ਤੁਰਦਿਆਂ-ਤੁਰਦਿਆਂ ਰਾਹ ਵਿੱਚ ਦਮਿਅੰਤੀ ਨੂੰ ਇੱਕ ਅਜਗਰ ਮਿਲ਼ਿਆ। ਉਸ ਨੇ ਦਮਿਅੰਤੀ ਨੂੰ ਪੈਰਾਂ ਵੱਲੋਂ ਨਿਗਲ਼ਨਾ ਸ਼ੁਰੂ ਕਰ ਲਿਆ। ਉਸੇ ਸਮੇਂ ਇੱਕ ਸ਼ਿਕਾਰੀ ਆਇਆ ਜਿਸ ਨੇ ਤਲਵਾਰ ਨਾਲ਼ ਅਜਗਰ ਨੂੰ ਮਾਰ ਕੇ ਦਮਿਅੰਤੀ ਦੀ ਜਾਨ ਬਚਾਈ। ਦਮਿਅੰਤੀ ਦੀ ਬਿਪਤਾ ਇੱਥੇ ਹੀ ਨਾ ਮੁੱਕੀ। ਜਿਹੜੇ ਸ਼ਿਕਾਰੀ ਨੇ ਉਸ ਦੀ ਜਾਨ ਬਚਾਈ ਸੀ ਉਸ ਦੇ ਮਨ ਵਿੱਚ ਦਮਿਅੰਤੀ ਪ੍ਰਤਿ ਮੰਦ-ਭਾਵਨਾ ਆ ਗਈ ਪਰ ਉੱਚੇ ਆਚਰਨ ਵਾਲ਼ੀ ਦਮਿਅੰਤੀ ਵਿੱਚ ਇੱਕ ਅਥਾਹ ਸ਼ਕਤੀ ਪੈਦਾ ਹੋ ਗਈ ਤੇ ਉਸ ਨੇ ਸ਼ਿਕਾਰੀ ਨੂੰ ਮਾਰ ਮੁਕਾਇਆ।

ਰਾਜਾ ਨਲ ਦੀ ਭਾਲ਼ ਵਿੱਚ ਦਮਿਅੰਤੀ ਰੋਂਦੀ-ਕੁਰਲਾਉਂਦੀ ਜੰਗਲ਼ ਵਿੱਚ ਭਟਕਦੀ ਰਹੀ। ਉਸ ਦੇ ਮਨ ਦੀ ਹਾਲਤ ਅਜਿਹੀ ਹੋ ਗਈ ਕਿ ਉਹ ਜੰਗਲ਼ ਦੇ ਬਿਰਖਾਂ, ਬੂਟਿਆਂ ਅਤੇ ਪਰਬਤਾਂ ਅੱਗੇ ਪੁਕਾਰ-ਪੁਕਾਰ ਕੇ ਰਾਜਾ ਨਲ ਬਾਰੇ ਪੁੱਛਦੀ। ਜੰਗਲ਼ ਵਿੱਚ ਉਸ ਨੂੰ ਕਈ ਰਿਸ਼ੀ-ਮੁਨੀ ਮਿਲੇ ਜਿਨ੍ਹਾਂ ਨੇ ਉਸ ਦਾ ਹਾਲ ਸੁਣ ਕੇ ਉਸ ਦਾ ਧੀਰਜ ਬਨ੍ਹਾਉਣ ਦੀ ਕੋਸ਼ਿਸ਼ ਕੀਤੀ। ਅੰਤ ਇੱਕ ਕਾਫ਼ਲੇ ਨਾਲ ਰਲ਼ ਕੇ ਉਹ ਚੇਦੀ ਰਾਜ ਦੀ ਰਾਜਧਾਨੀ ਪਹੁੰਚ ਗਈ। ਇੱਥੋਂ ਦੀ ਰਾਜ-ਮਾਤਾ ਦਮਿਅੰਤੀ ਦੀ ਮਾਸੀ ਸੀ। ਉਸ ਨੇ ਦਮਿਅੰਤੀ ਨੂੰ ਅਪਣੱਤ ਤੇ ਪਿਆਰ ਨਾਲ਼ ਆਪਣੇ ਕੋਲ਼ ਰੱਖਿਆ।

ਕੁਝ ਦਿਨਾਂ ਪਿੱਛੋਂ ਰਾਜ-ਮਾਤਾ ਨੇ ਦਮਿਅੰਤੀ ਨੂੰ ਉਸ ਦੇ ਪਿਤਾ ਕੋਲ਼ ਪਹੁੰਚਾ ਦਿੱਤਾ। ਦਮਿਅੰਤੀ ਦੇ ਪਿਤਾ ਨੇ ਆਪਣੇ ਰਾਜ-ਦਰਬਾਰ ਦੇ ਬ੍ਰਾਹਮਣ, ਰਾਜਾ ਨਲ ਦੀ ਭਾਲ਼ ਵਿੱਚ ਚਾਰ-ਚੁਫ਼ੇਰੇ ਤੋਰ ਦਿੱਤੇ।

ਉੱਧਰ ਰਾਜਾ ਨਲ ਅਨੇਕ ਤਰ੍ਹਾਂ ਦੇ ਕਸ਼ਟ ਝੱਲਦਾ ਹੋਇਆ ਰਾਜਾ ਰਿਤੂਪਰਣ ਕੋਲ਼ ਚਲਾ ਗਿਆ। ਰਾਜਾ ਨਾਲ ਘੋੜੇ ਹਿੱਕਣ ਦਾ ਮਾਹਰ ਹੋਣ ਕਰ ਕੇ, ਭੇਸ ਬਦਲ ਕੇ, ਘੋੜਿਆ ਦੇ ਵਾਹਕ ਵਜੋਂ ਨੌਕਰੀ ਕਰਨ ਲੱਗਾ। ਅਨੇਕਾਂ ਮੁਸ਼ਕਲਾਂ ਨੂੰ ਝੱਲਦਿਆਂ ਹੁਣ ਉਸ ਦੀ ਹਾਲਤ ਬਹੁਤ ਖ਼ਰਾਬ ਹੋ ਚੁੱਕੀ ਸੀ। ਉਸ ਦਾ ਖ਼ੂਬਸੂਰਤ ਸਰੀਰ ਬੇਪਛਾਣ ਹੋ ਗਿਆ ਸੀ। ਇਸ ਦੌਰਾਨ ਰਾਜਾ ਭੀਮ ਦਾ ਇੱਕ ਬ੍ਰਾਹਮਣ ਰਾਜਾ ਰਿਤੂਪਰਣ ਕੋਲ਼ ਆਇਆ। ਰਾਜਾ ਨਲ ਜੋ ਉੱਥੇ ਘੋੜਿਆਂ ਦੇ ਵਾਹਕ ਦੇ ਭੇਸ ਵਿੱਚ ਰਹਿੰਦਾ ਸੀ, ਨਾਲ਼ ਗੱਲ-ਬਾਤ ਕਰਦਿਆਂ ਉਸ ਬ੍ਰਾਹਮਣ ਨੂੰ ਸ਼ੱਕ ਪੈ ਗਿਆ ਕਿ ਇਹ ਰਾਜਾ ਨਲ ਹੈ। ਉਸ ਨੇ ਵਾਪਸ ਜਾ ਕੇ ਉਸ ਦਾ ਹੁਲੀਆ ਦਮਿਅੰਤੀ ਨੂੰ ਦੱਸ ਦਿੱਤਾ। ਦਮਿਅੰਤੀ ਨੇ ਰਾਜਾ ਨਲ ਨੂੰ ਮੁੜ ਮਿਲਨ ਲਈ ਅਤੇ ਉਸ ਦੇ ਰਾਜਾ ਨਲ ਹੋਣ ਬਾਰੇ ਪੂਰੀ ਤਸੱਲੀ ਕਰਨ ਲਈ ਸੁੰਬਰ ਦਾ ਐਲਾਨ ਕੀਤਾ। ਇਸ ਸੁੰਬਰ ਵਿੱਚ ਪਹੁੰਚਣ ਲਈ ਕੇਵਲ ਇੱਕ ਦਿਨ ਦਾ ਸਮਾਂ ਦਿੱਤਾ ਗਿਆ ਸੀ। ਇਸ ਨੇ ਸੁੰਬਰ ਦਾ ਸੁਨੇਹਾ ਕੇਵਲ ਰਾਜਾ ਰਿਤੂਪਰਣ ਨੂੰ ਹੀ ਭੇਜਿਆ। ਰਿਤੂਪਰਣ ਬੜਾ ਹੈਰਾਨ ਹੋਇਆ ਕਿਉਂਕਿ ਸੁੰਬਰ ਵਿੱਚ ਪਹੁੰਚਣ ਲਈ ਸਮਾਂ ਤਾਂ ਇੱਕ ਦਿਨ ਦਾ ਹੀ ਸੀ। ਰਾਜਾ ਨਲ ਨੇ ਰਿਤੂਪਰਣ ਨੂੰ ਕਿਹਾ ਕਿ ਉਹ ਫ਼ਿਕਰ ਨਾ ਕਰੇ। ਉਹ ਰਿਤੂਪਰਣ ਨੂੰ ਸੁੰਬਰ ਵਿੱਚ ਠੀਕ ਸਮੇਂ ਪੁਚਾ ਦੇਵੇਗਾ।

ਅਸਲ ਵਿੱਚ ਦਮਿਅੰਤੀ ਨੇ ਇਹ ਸੁੰਬਰ ਰਾਜਾ ਨਲ ਦੀ ਪਛਾਣ ਕਰਨ ਲਈ ਹੀ ਰੱਖਿਆ ਸੀ। ਦਮਿਅੰਤੀ ਨੂੰ ਭਰੋਸਾ ਸੀ ਕਿ ਰਾਜਾ ਨਲ ਹੀ ਐਨੇ ਥੋੜ੍ਹੇ ਸਮੇਂ ਵਿੱਚ ਇਤਨੀ ਦੂਰ ਘੋੜਿਆਂ ਨੂੰ ਭਜਾ ਕੇ ਲਿਆ ਸਕਦਾ ਹੈ।

ਜਦੋਂ ਰਿਤੂਪਰਣ ਨੇ ਨਲ ਨੂੰ ਇਤਨੀ ਤੇਜ਼ ਘੋੜੇ ਦੁੜਾਉਂਦਿਆਂ ਵੇਖਿਆ ਤਾਂ ਉਹ ਉਸ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਨਲ ਨੂੰ ਕਿਹਾ ਕਿ ਉਹ ਘੋੜੇ ਦੁੜਾਉਣ ਦੀ ਕਲਾ ਉਸ ਨੂੰ ਸਿਖਾ ਦੇਵੇ। ਇਸ ਦੇ ਬਦਲੇ ਵਿੱਚ ਉਹ ਰਾਜਾ ਨਲ ਨੂੰ ਜੂਆ ਖੇਡਣ ਦੀ ਕਲਾ ਸਿਖਾਵੇਗਾ। ਰਿਤੂਪਰਣ ਜੂਆ ਖੇਡਣ ਵਿੱਚ ਬਹੁਤ ਮਾਹਰ ਸੀ। ਰਿਤੂਪਰਣ ਨੇ ਰਾਜਾ ਨਲ ਨੂੰ ਜੂਏ ਦੇ ਗੁਰ ਦੱਸੇ ਅਤੇ ਨਲ ਨੇ ਉਸ ਨੂੰ ਘੋੜੇ ਦੁੜਾਉਣ ਦਾ ਭੇਤ ਦੱਸਿਆ।

ਅਖੀਰ, ਸਮੇਂ ਸਿਰ ਰਿਤੂਪਰਣ ਅਤੇ ਰਾਜਾ ਨਲ ਜੋ ਉਸ ਵੇਲ਼ੇ ਵਾਹਕ ਦੇ ਰੂਪ ਵਿੱਚ ਸੀ, ਰਾਜਾ ਭੀਮ ਦੀ ਨਗਰੀ ਪੁੱਜ ਗਏ। ਉੱਥੇ ਰਾਜਾ ਨਲ ਨੂੰ ਕੋਈ ਪਛਾਣ ਨਾ ਸਕਿਆ। ਇੱਥੇ ਦਮਿਅੰਤੀ ਨੇ ਇੱਕ ਦਾਸੀ ਰਾਹੀਂ ਰਾਜਾ ਨਲ ਨਾਲ਼ ਸੰਪਰਕ ਕੀਤਾ। ਰਾਜਾ ਨਲ ਦਮਿਅੰਤੀ ਦੇ ਸੁੰਬਰ ਰਚਣ 'ਤੇ ਬੜਾ ਦੁਖੀ ਸੀ ਪਰ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਦਮਿਅੰਤੀ ਨੇ ਇਹ ਸਾਰੀ ਯੋਜਨਾ ਉਸ ਨੂੰ ਲੱਭਣ ਲਈ ਹੀ ਬਣਾਈ ਸੀ ਤਾਂ ਉਸ ਦੇ ਸ਼ੱਕ ਦੂਰ ਹੋ ਗਏ। ਰਾਜਾ ਨਲ ਦੇ ਦਮਿਅੰਤੀ ਅਤੇ ਬੱਚਿਆਂ ਨਾਲ਼ ਪੁਨਰ ਮੇਲ਼ ਹੋਣ 'ਤੇ ਸਾਰੇ ਬੜੇ ਖ਼ੁਸ਼ ਹੋਏ। ਇਸ ਖ਼ੁਸ਼ੀ ਵਿੱਚ ਰਾਜਾ ਭੀਮ ਨੇ ਕਈ ਸਮਾਗਮ ਕੀਤੇ।

ਕੁਝ ਸਮੇਂ ਪਿੱਛੋਂ ਰਾਜਾ ਨਲ ਆਪਣੇ ਭਰਾ ਪੁਸ਼ਕਰ ਕੋਲ਼ ਗਿਆ ਅਤੇ ਉਸ ਨੂੰ ਮੁੜ ਜੂਆ ਖੇਡਣ ਲਈ ਵੰਗਾਰਿਆ। ਜੂਏ ਦੀ ਨਵੀਂ ਸਿੱਖੀ ਕਲਾ ਕਾਰਨ ਉਸ ਨੇ ਪੁਸ਼ਕਰ ਤੋਂ ਨਾ ਕੇਵਲ ਆਪਣਾ ਹਾਰਿਆ ਹੋਇਆ ਰਾਜ-ਭਾਗ ਮੁੜ ਜਿੱਤ ਲਿਆ ਸਗੋਂ ਪੁਸ਼ਕਰ ਦਾ ਵੀ ਸਾਰਾ ਰਾਜ ਹਾਸਲ ਕਰ ਲਿਆ ਪਰ ਰਾਜਾ ਨਲ ਪੁਸ਼ਕਰ ਵਾਂਗ ਦੁਸ਼ਟ ਨਹੀਂ ਸੀ। ਉਸ ਨੇ ਸੱਜਣਤਾ ਦਿਖਾਉਂਦੇ ਹੋਏ ਪੁਸ਼ਕਰ ਨੂੰ ਉਸ ਦਾ ਰਾਜ ਵਾਪਸ ਕਰ ਦਿੱਤਾ।

ਇਸ ਪਿੱਛੋਂ ਸਾਰੇ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗ ਪਏ। ਦਮਿਅੰਤੀ ਅਤੇ ਨਲ ਦਾ ਆਪਸੀ ਪਿਆਰ ਏਨੇ ਦੁੱਖਾਂ-ਕਸ਼ਟਾਂ ਵਿੱਚੋਂ ਲੰਘ ਕੇ ਸਗੋਂ ਹੋਰ ਵੀ ਵਧ ਗਿਆ।

❋ ❋ ❋

## ਅਭਿਆਸ

1. ਪ੍ਰਹਿਲਾਦ ਭਗਤ ਨੂੰ ਕਿਹੜੀਆਂ-ਕਿਹੜੀਆਂ ਮੁਸੀਬਤਾਂ ਵਿੱਚੋਂ ਲੰਘਣਾ ਪਿਆ ਅਤੇ ਕਿਉਂ ?
2. ਹਰਨਾਖਸ਼ ਨੇ ਕਿਹੜਾ ਵਰ ਪ੍ਰਾਪਤ ਕੀਤਾ ਸੀ ? ਇਹ ਵਰ ਉਸ ਲਈ ਸ੍ਰਾਪ ਕਿਵੇਂ ਬਣ ਗਿਆ ?
3. ਹਰਨਾਖਸ਼ ਆਪਣੇ ਪੁੱਤਰ ਪ੍ਰਹਿਲਾਦ ਉੱਤੇ ਖ਼ਫ਼ਾ ਕਿਉਂ ਹੁੰਦਾ ਸੀ ? ਉਸ ਨੇ ਪ੍ਰਹਿਲਾਦ ਨੂੰ ਖ਼ਤਮ ਕਰਨ ਲਈ ਕੀ-ਕੀ ਪ੍ਰਬੰਧ ਕਰਵਾਏ ?
4. ਪ੍ਰਹਿਲਾਦ ਦੀ ਭੂਆ ਨੂੰ ਕਿਹੜਾ ਵਰ ਮਿਲ਼ਿਆ ਸੀ ? ਉਸ ਨੇ ਇਸ ਵਰ ਦੀ ਮੰਦੀ ਵਰਤੋਂ ਕਿਵੇਂ ਕਰਨੀ ਚਾਹੀ ਸੀ ?
5. ਨਰਸਿੰਘ ਕਿੱਥੋਂ ਅਤੇ ਕਿਵੇਂ ਪੈਦਾ ਹੋਇਆ ?
6. ਹਰਨਾਖਸ਼ ਦਾ ਅੰਤ ਕਿਵੇਂ ਅਤੇ ਕਿਸ ਨੇ ਕੀਤਾ ?
7. 'ਪ੍ਰਹਿਲਾਦ ਭਗਤ' ਦੀ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
8. ਨਲ ਤੇ ਦਮਿਅੰਤੀ ਵਿੱਚ ਕਿਹੜੇ-ਕਿਹੜੇ ਗੁਣ ਸਨ ?
9. ਨਲ ਤੋਂ ਵਿੱਛੜ ਕੇ ਦਮਿਅੰਤੀ ਨਾਲ਼ ਕੀ ਕੁਝ ਵਾਪਰਦਾ ਹੈ ?
10. ਨਲ ਤੇ ਦਮਿਅੰਤੀ ਇੱਕ-ਦੂਜੇ ਤੋਂ ਕਿਵੇਂ ਵਿੱਛੜਦੇ ਹਨ ?
11. ਨਲ ਨਾਲ਼ ਵਿੱਛੜਨ ਤੋਂ ਬਾਅਦ ਦਮਿਅੰਤੀ ਨਾਲ਼ ਕਿਹੜੀ ਘਟਨਾ ਵਾਪਰਦੀ ਹੈ ?
12. ਨਲ ਤੇ ਦਮਿਅੰਤੀ ਦਾ ਵਿਆਹ ਕਿਵੇਂ ਹੁੰਦਾ ਹੈ ?
13. ਨਲ ਤੇ ਦਮਿਅੰਤੀ ਦਾ ਪੁਨਰ-ਮੇਲ਼ ਕਿਵੇਂ ਹੁੰਦਾ ਹੈ ?
14. ਨਲ ਆਪਣੇ ਭਰਾ ਪੁਸ਼ਕਰ ਨਾਲ਼ੋਂ ਕਿਵੇਂ ਵੱਖਰਾ ਸੀ ?
15. ਨਲ ਅਤੇ ਦਮਿਅੰਤੀ ਦੀ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

❋ ❋ ❋

# ਪਰੀ-ਕਥਾਵਾਂ

ਲੋਕ-ਕਥਾਵਾਂ ਦਾ ਇੱਕ ਮਹੱਤਵਪੂਰਨ ਅੰਗ ਪਰੀ-ਕਥਾਵਾਂ ਹਨ, ਜਿਵੇਂਕਿ ਇਹਨਾਂ ਦੇ ਨਾਂ ਤੋਂ ਹੀ ਸੰਕੇਤ ਮਿਲਦਾ ਹੈ : ਇਹ ਕਹਾਣੀਆਂ ਪਰੀਆਂ, ਸਹਿਜ਼ਾਦਿਆਂ ਆਦਿ ਬਾਰੇ ਹੁੰਦੀਆਂ ਹਨ। ਇਹਨਾਂ ਕਹਾਣੀਆਂ ਵਿੱਚ ਇੱਕ ਕਲਪਨਾ-ਜਗਤ ਉਸਾਰਿਆ ਹੁੰਦਾ ਹੈ। ਜੋ ਗੱਲ ਸਾਨੂੰ ਸਾਡੇ ਜੀਵਨ ਵਿੱਚ ਅਸੰਭਵ ਜਾਪਦੀ ਹੈ ਉਸੇ ਗੱਲ ਨੂੰ ਇਹਨਾਂ ਕਹਾਣੀਆਂ ਦੇ ਕਾਲਪਨਿਕ ਪਾਤਰਾਂ ਵੱਲੋਂ ਸੰਭਵ ਕਰਕੇ ਦਿਖਾਇਆ ਜਾਂਦਾ ਹੈ। ਉਦਾਹਰਨ ਵਜੋਂ ਇੱਕ ਪਰੀ ਅਤੇ ਸ਼ਹਿਜ਼ਾਦਾ ਇੱਕ ਹੰਸ ਉੱਤੇ ਬੈਠ ਕੇ ਪਹਾੜਾਂ, ਦਰਿਆਵਾਂ ਤੇ ਸਮੁੰਦਰਾਂ ਨੂੰ ਪਾਰ ਕਰ ਲੈਂਦੇ ਹਨ। ਇਸੇ ਤਰ੍ਹਾਂ ਕੋਈ ਪਰੀ ਰੂਪ ਵਟਾ ਕੇ ਰੁੱਖ ਜਾਂ ਫੁੱਲ ਬਣ ਜਾਂਦੀ ਹੈ। ਕਿਸੇ ਕਹਾਣੀ ਵਿੱਚ ਕਿਸੇ ਮਨਾਹੀ ਦੀ ਉਲੰਘਣਾ ਕਰਨ 'ਤੇ ਬੰਦੇ ਸੈਲ-ਪੱਥਰ ਹੋ ਜਾਂਦੇ ਹਨ। ਸੋਨੇ ਦੀ ਚਿੜੀ ਬੋਲਣ ਲੱਗਦੀ ਹੈ। ਤੋਤੇ ਮਿੱਤਰਾਂ, ਸਹੇਲੀਆਂ ਵਾਂਗ ਭੇਤ ਸਾਂਝੇ ਕਰਦੇ ਹਨ। ਇਸ ਤਰ੍ਹਾਂ ਇੱਕ ਅਨੂਠੀ ਤੇ ਅਲੌਕਿਕ ਦੁਨੀਆ ਦਾ ਰੰਗ ਇਹਨਾਂ ਕਹਾਣੀਆਂ ਵਿੱਚ ਬੱਝ ਜਾਂਦਾ ਹੈ।

ਕਹਾਣੀ-ਰਸ ਇਹਨਾਂ ਵਿੱਚ ਲੋਹੜੇ ਦਾ ਹੁੰਦਾ ਹੈ ਸ਼ਾਇਦ ਤਦੇ ਹੀ ਮਨੋਰੰਜਨ ਇਹਨਾਂ ਦਾ ਮੁੱਖ ਉਦੇਸ਼ ਰਿਹਾ ਹੈ ਪਰ ਵਿਦਵਾਨਾਂ ਨੂੰ ਇਹਨਾਂ ਕਹਾਣੀਆਂ ਵਿੱਚ ਆਤਮ-ਵਿਸ਼ਵਾਸਾਂ, ਰਹੁ-ਰੀਤੀਆਂ ਅਤੇ ਅਨੇਕਾਂ ਰੂੜ੍ਹੀਆਂ ਵੀ ਪ੍ਰਕਾਸ਼ਮਾਨ ਹੋਈਆਂ ਦਿਸਦੀਆਂ ਹਨ।

ਪਰੀ-ਕਹਾਣੀਆਂ ਵਿੱਚ ਪਾਤਰ ਕਿਸੇ ਤਲਾਸ਼ ਵਿੱਚ ਤੁਰਦੇ ਹਨ, ਮੁਸ਼ਕਲਾਂ ਝੱਲਦੇ ਹਨ। ਫਿਰ ਅਜਿਹੇ ਸੰਜੋਗ ਅਤੇ ਮੌਕਾ-ਮੇਲ ਹੁੰਦੇ ਹਨ ਕਿ ਆਸ਼ੇ ਦੀ ਪ੍ਰਾਪਤੀ ਹੋ ਜਾਂਦੀ ਹੈ। ਪਰੀ-ਕਹਾਣੀਆਂ ਦਾ ਅੰਤ ਸੁਖਾਵਾਂ ਹੁੰਦਾ ਹੈ। ਪਰੀ-ਕਹਾਣੀਆਂ ਮਨੁੱਖੀ ਸੁਭਾਅ ਦੇ ਅਨੇਕ ਪੱਖਾਂ ਉੱਤੇ ਚਾਨਣਾ ਪਾਉਂਦੀਆਂ ਹਨ। ਇਹਨਾਂ ਵਿੱਚ ਅਪਹੁੰਚ ਨੂੰ ਪ੍ਰਾਪਤ ਕੀਤਾ ਜਾਂਦਾ ਹੈ, ਅਨਜਾਣੇ ਨੂੰ ਸਾਹਸ ਅਤੇ ਹਿੰਮਤ ਨਾਲ਼ ਜਾਣ ਲਿਆ ਜਾਂਦਾ ਹੈ।

ਪਰੀ-ਕਹਾਣੀਆਂ ਵਿੱਚ ਪਰੀਆਂ ਜਾਂ ਸ਼ਹਿਜ਼ਾਦੀਆਂ ਏਨੀਆਂ ਸੋਹਣੀਆਂ ਤੇ ਮਸੂਮ ਹੁੰਦੀਆਂ ਹਨ, ਜਿੰਨੀ ਕੁ ਅਸੀਂ ਕਲਪਨਾ ਹੀ ਕਰ ਸਕਦੇ ਹਾਂ। ਜਿਵੇਂ ਉਹਨਾਂ ਦੇ ਰਾਹ ਬਿਖੜੇ ਹੁੰਦੇ ਹਨ, ਤਿਵੇਂ ਉਹਨਾਂ ਦੀਆਂ ਪਰਾ-ਸ਼ਕਤੀਆਂ ਜਾਂ ਸ਼ਹਿਜਾਦੇ ਦਾ ਸਾਹਸ, ਬੀਰਤਾ ਆਦਿ ਉਹਨਾਂ ਨੂੰ ਇਹ ਔਕੜਾਂ ਪਾਰ ਕਰਵਾ ਦਿੰਦੇ ਹਨ।

ਪਰੀ-ਕਹਾਣੀਆਂ ਲਗ-ਪਗ ਹਰ ਭਾਸ਼ਾ ਵਿੱਚ ਮਿਲ਼ ਜਾਂਦੀਆਂ ਹਨ। ਇਵੇਂ ਹੀ ਪੰਜਾਬੀ ਦੀਆਂ ਪਰੀ-ਕਹਾਣੀਆਂ ਹਨ ਜੋ ਆਮ ਪਰੀ-ਕਹਾਣੀਆਂ ਵਰਗੀਆਂ ਹੋ ਕੇ ਵੀ ਨਵੇਕਲੇ ਰੰਗ ਦੀਆਂ ਹਨ। ਇਹਨਾਂ ਕਹਾਣੀਆਂ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਖ਼ੁਸ਼ਬੋ ਅਨੁਭਵ ਕੀਤੀ ਜਾ ਸਕਦੀ ਹੈ। ਪਿਛਲੇ ਕੁਝ ਸਮੇਂ ਤੱਕ ਪਰੀ-ਕਹਾਣੀਆਂ ਮੌਖਿਕ ਸਾਹਿਤ ਹੀ ਸਨ। ਇਸੇ ਕਾਰਨ ਕਿਸੇ ਇੱਕ ਕਹਾਣੀ ਦੇ ਅਨੇਕਾਂ ਰੂਪਾਂਤਰਨ ਮਿਲ਼ ਜਾਂਦੇ ਹਨ। ਪੰਜਾਬੀ ਦੀਆਂ ਪਰੀ-ਕਹਾਣੀਆਂ ਦੇ ਖ਼ਜ਼ਾਨੇ ਵਿੱਚੋਂ ਇੱਥੇ ਅਸੀਂ ਦੋ ਪਰੀ-ਕਹਾਣੀਆਂ ਵੰਨਗੀ ਵਜੋਂ ਦਿੱਤੀਆਂ ਹਨ, 'ਨੀਲ ਕਮਲ' ਅਤੇ 'ਸਬਜ਼-ਪਰੀ'।

1

# ਨੀਲ ਕਮਲ

ਇੱਕ ਸ਼ਹਿਰ ਵਿੱਚ ਇੱਕ ਸੁਦਾਗਰ ਅਤੇ ਉਸ ਦੀ ਪਤਨੀ ਰਹਿੰਦੇ ਸਨ। ਦੋਹਾਂ ਦਾ ਆਪਸ ਵਿੱਚ ਬੜਾ ਪਿਆਰ ਸੀ। ਇੱਕ ਵਾਰੀ ਜਦੋਂ ਸੁਦਾਗਰ ਵਪਾਰ ਕਰਨ ਲਈ ਚੱਲਿਆ ਤਾਂ ਉਸ ਦੀ ਪਤਨੀ ਨੇ ਕਿਹਾ, "ਤੁਸੀਂ ਜਦੋਂ ਬਾਹਰ ਹੋਵੋਗੇ ਤਾਂ ਤੁਹਾਡੇ ਹਾਲ-ਚਾਲ ਦਾ ਮੈਨੂੰ ਕਿਵੇਂ ਪਤਾ ਲੱਗੇਗਾ ?"

ਸੁਦਾਗਰ ਨੇ ਆਪਣੀ ਪਤਨੀ ਨੂੰ ਇੱਕ ਛੁਰੀ ਦਿੰਦੇ ਹੋਏ ਕਿਹਾ, "ਜਿੰਨਾ ਚਿਰ ਇਹ ਛੁਰੀ ਇੰਵ ਚਮਕਦੀ ਰਹੇਗੀ ਤਾਂ ਸਮਝ ਲੈਣਾ ਕਿ ਮੈਂ ਠੀਕ-ਠਾਕ ਹਾਂ। ਜੇ ਇਸ ਛੁਰੀ ਦਾ ਰੰਗ ਕਾਲ਼ਾ ਪੈ ਜਾਵੇ ਤਾਂ ਸਮਝ ਲੈਣਾ ਕਿ ਮੈਂ ਬਿਮਾਰ ਹਾਂ। ਜੇ ਇਸ ਛੁਰੀ ਉੱਤੇ ਲਹੂ ਦੀਆਂ ਬੂੰਦਾਂ ਸਿੰਮ ਆਵਣ ਤਾਂ ਸਮਝ ਲੈਣਾ ਕਿ ਮੈਂ ਮਰ ਗਿਆ ਹਾਂ।"

ਫਿਰ ਸੁਦਾਗਰ ਆਪਣੀ ਪਤਨੀ ਨੂੰ ਕਹਿਣ ਲੱਗਾ, "ਤੁਸੀਂ ਪਿੱਛੇ ਇਕੱਲੇ ਹੋਵੋਗੇ। ਤੁਹਾਡੀ ਸੁੱਖ-ਸਾਂਦ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ ?" ਤਦ ਪਤਨੀ ਉਸੇ ਵੇਲ਼ੇ ਤਲਾਅ 'ਤੇ ਗਈ ਅਤੇ ਨੀਲੇ ਰੰਗ ਦਾ ਇੱਕ ਕਮਲ ਦਾ ਫੁੱਲ ਤੋੜ ਲਿਆਈ। ਉਸ ਨੇ ਇਹ ਫੁੱਲ ਇੱਕ ਕੁੱਜੇ ਵਿੱਚ ਪਾ ਕੇ ਸੁਦਾਗਰ ਨੂੰ ਦੇ ਦਿੱਤਾ ਅਤੇ ਕਿਹਾ, "ਜਦੋਂ ਤੱਕ ਇਹ ਨੀਲ-ਕਮਲ ਖਿੜਿਆ ਰਿਹਾ, ਉਦੋਂ ਤੱਕ ਤੁਸੀਂ ਸਮਝਣਾ, ਮੈਂ ਠੀਕ-ਠਾਕ ਹਾਂ ਜੇ ਇਹ ਮੁਰਝਾ ਗਿਆ ਤਾਂ ਸਮਝ ਲੈਣਾ ਮੈਂ ਮੁਸੀਬਤ ਵਿੱਚ ਹਾਂ।"

ਸੁਦਾਗਰ ਬਹੁਤ ਸਾਰੇ ਹੀਰੇ-ਮੋਤੀ ਅਤੇ ਹੋਰ ਮਾਲ ਲੈ ਕੇ ਵਪਾਰ ਲਈ ਦੂਜੇ ਦੇਸ ਚਲਿਆ ਗਿਆ। ਉਸ ਨੇ ਉੱਥੋਂ ਦੇ ਰਾਜੇ ਨੂੰ ਹੀਰੇ-ਮੋਤੀ ਵੇਚੇ। ਜਦੋਂ ਰਾਜਾ ਹੀਰੇ-ਮੋਤੀ ਵੇਖ ਰਿਹਾ ਸੀ ਤਾਂ ਉਸ ਦੀ ਨਜ਼ਰ ਨੀਲ ਕਮਲ ਫੁੱਲ 'ਤੇ ਪਈ। ਉਹ ਫੁੱਲ ਬੜਾ ਖ਼ੂਬਸੂਰਤ ਅਤੇ ਤਾਜ਼ਾ ਸੀ। ਰਾਜਾ ਹੈਰਾਨ ਰਹਿ ਗਿਆ ਕਿ ਕਮਲ ਬਿਨਾਂ ਪਾਣੀ ਤੋਂ ਕੁੱਜੇ ਵਿੱਚ ਕਿਵੇਂ ਤਾਜ਼ਾ ਰਹਿ ਸਕਦਾ ਹੈ। ਉਸ ਨੇ ਸੁਦਾਗਰ ਨੂੰ ਇਸ ਬਾਰੇ ਪੁੱਛਿਆ ਤਾਂ ਸੁਦਾਗਰ ਨੇ ਨੀਲ-ਕਮਲ ਦੀ ਖ਼ਾਸੀਅਤ ਅਤੇ ਆਪਣੀ ਪਤਨੀ ਦੀ ਸੂਝ ਤੇ ਪਰਸਪਰ ਪ੍ਰੇਮ ਬਾਰੇ ਦੱਸ ਦਿੱਤਾ। ਰਾਜੇ ਨੇ ਸੋਚਿਆ, ਸੁਦਾਗਰ ਦੀ ਪਤਨੀ ਬੜੀ ਸੁੰਦਰ ਅਤੇ ਗੁਣਵਾਨ ਇਸਤਰੀ ਹੋਵੇਗੀ ਜਿਸ ਦੀ ਸ਼ਕਤੀ ਸਦਕਾ ਕਮਲ ਦੀ ਸੁੰਦਰਤਾ ਅਤੇ ਤਾਜ਼ਗੀ ਲਗਾਤਾਰ ਕਾਇਮ ਹੈ। ਰਾਜੇ ਦੇ ਮਨ ਵਿੱਚ ਸੁਦਾਗਰ ਦੀ ਪਤਨੀ ਨੂੰ ਮਿਲ਼ ਕੇ ਵੇਖਣ ਦੀ ਇੱਛਾ ਜਾਗ ਪਈ। ਉਸ ਨੇ ਆਪਣੇ ਮਨ ਦੀ ਹਸਰਤ ਆਪਣੇ ਵਜ਼ੀਰ ਨੂੰ ਦੱਸੀ। ਵਜ਼ੀਰ ਰਾਜੇ ਦੀ ਇੱਛਾ ਪੂਰੀ ਕਰਨ ਲਈ ਕੋਈ ਉਪਾਅ ਸੋਚਣ ਲੱਗਾ। ਅਖ਼ੀਰ ਸੋਚ-ਸੋਚ ਕੇ ਉਸ ਨੇ ਦੋ ਚਾਲਾਂ ਚੱਲੀਆਂ। ਇੱਕ ਤਾਂ ਉਸ ਨੇ ਸੁਦਾਗਰ ਨੂੰ ਹੋਰ ਛੇ ਮਹੀਨੇ ਲਈ ਆਪਣੇ ਰਾਜ ਵਿੱਚ ਠਹਿਰਨ ਲਈ ਮਜਬੂਰ ਕਰ ਲਿਆ। ਦੂਜਾ ਉਸ ਨੇ ਦੋ ਫਫੇ-ਕੁੱਟਣੀਆਂ ਮੰਗਵਾਈਆਂ। ਫਫੇ-ਕੁੱਟਣੀਆਂ ਕਹਿਣ ਲੱਗੀਆਂ ਕਿ ਉਹ ਸੁਦਾਗਰ ਦੀ ਪਤਨੀ ਨੂੰ ਇੱਥੇ ਹੀ ਲੈ ਆਉਣਗੀਆਂ, ਉਹਨਾਂ ਕੋਲ਼ ਤਾਂ ਅਸਮਾਨ ਦੇ ਤਾਰੇ ਤੋੜਨ ਦੀ ਵੀ ਸ਼ਕਤੀ ਹੈ।

ਉਹਨਾਂ ਦੋਹਾਂ ਫਫੇ-ਕੁੱਟਣੀਆਂ ਨੇ ਯੋਜਨਾ ਮੁਤਾਬਕ ਗੇਰੂਏ ਰੰਗ ਦੇ ਕੱਪੜੇ ਪਾਏ ਤੇ ਸੁਦਾਗਰ ਦੇ ਸ਼ਹਿਰ ਵੱਲ ਤੁਰ ਪਈਆਂ। ਸੁਦਾਗਰ ਦੇ ਘਰ ਪਹੁੰਚ ਕੇ ਇੱਕ ਫਫੇ-ਕੁੱਟਣੀ ਉਸ ਦੀ ਪਤਨੀ ਨੂੰ ਕਹਿਣ ਲੱਗੀ, "ਧੀਏ, ਮੈਂ ਤੇਰੀ ਨਾਨੀ ਦੀ ਭੈਣ ਹਾਂ ਇਸ ਕਰ ਕੇ ਮੈਂ ਵੀ ਤੇਰੀ ਨਾਨੀ ਹੋਈ ਤੇ ਇਹ ਮੇਰੀ ਗੁਆਂਢਣ ਹੈ," ਉਸ ਨੇ ਦੂਜੀ ਫਫੇ-ਕੁੱਟਣੀ ਵੱਲ ਇਸ਼ਾਰਾ ਕਰਦਿਆਂ ਕਿਹਾ।

ਸੁਦਾਗਰ ਦੀ ਪਤਨੀ ਬੜੀ ਸਿਆਣੀ ਸੀ। ਉਸ ਨੇ ਕਿਹਾ, "ਮੈਂ ਤਾਂ ਤੁਹਾਨੂੰ ਕਦੀ ਵੇਖਿਆ ਨਹੀਂ।" ਫਫੇ-ਕੁੱਟਣੀ ਬੋਲੀ, "ਧੀਏ, ਤੂੰ ਉਦੋਂ ਬਹੁਤ ਛੋਟੀ ਸੀ, ਜਦੋਂ ਅਸੀਂ ਤੀਰਥਾਂ 'ਤੇ ਚਲੀਆਂ ਗਈਆਂ ਸੀ।" "ਪਰ ਤੁਸੀਂ ਮੈਨੂੰ ਇੰਨੀ ਛੇਤੀ ਕਿਵੇਂ ਪਛਾਣ ਲਿਆ ?" ਸੁਦਾਗਰ ਦੀ ਪਤਨੀ ਨੇ ਪੁੱਛਿਆ। "ਤੇਰੀ ਠੋਡੀ 'ਤੇ ਲੱਗੇ ਤਿਲ ਤੋਂ", ਇੱਕ ਫਫੇ-ਕੁੱਟਣੀ ਨੇ ਇਕਦਮ ਉੱਤਰ ਦਿੱਤਾ।

ਸੁਦਾਗਰ ਦੀ ਪਤਨੀ ਨੂੰ ਯਕੀਨ ਹੋ ਗਿਆ ਕਿ ਇਹ ਔਰਤਾਂ ਝੂਠੀਆਂ ਹਨ ਕਿਉਂਕਿ ਠੋਡੀ ਵਾਲ਼ਾ ਤਿਲ ਤਾਂ ਉਸ ਨੇ ਉਸ ਦਿਨ ਸੁਰਮੇ ਨਾਲ਼ ਬਣਾਇਆ ਸੀ। ਉਹ ਫਫੇ-ਕੁੱਟਣੀਆਂ ਨੂੰ ਕਹਿਣ ਲੱਗੀ, "ਬੜੀ ਮਿਹਰਬਾਨੀ, ਤੁਸੀਂ ਦਰਸ਼ਨ ਦਿੱਤੇ। ਤੁਸੀਂ ਬੈਠੋ, ਮੈਂ ਤੁਹਾਨੂੰ ਸਰ੍ਹੋਂ ਦੇ ਸਾਗ ਨਾਲ਼ ਰੋਟੀ ਖੁਆਉਂਦੀ ਹਾਂ।" ਉਸ ਨੇ ਸਾਗ ਦੇ ਵਿੱਚ ਭੰਗ ਮਿਲ਼ਾ ਦਿੱਤੀ। ਜਦੋਂ ਫਫੇ-ਕੁੱਟਣੀਆਂ ਰੋਟੀ ਖਾ ਰਹੀਆਂ ਸਨ ਤਾਂ ਉਹਨਾਂ ਨੂੰ ਭੰਗ ਦਾ ਨਸ਼ਾ ਚੜ੍ਹਨਾ ਸ਼ੁਰੂ ਹੋ ਗਿਆ। ਉਹ ਉੱਚੀ-ਉੱਚੀ ਗੱਲਾਂ ਕਰਨ ਲੱਗ ਪਈਆਂ, "ਅਸੀਂ ਹੁਣ ਤਾਂ ਰਾਜੇ ਤੋਂ ਬਹੁਤ ਸਾਰਾ ਇਨਾਮ ਲਵਾਂਗੀਆਂ। ਸੁਦਾਗਰ ਦੀ ਪਤਨੀ ਨੂੰ ਅਸੀਂ ਲੈ ਹੀ ਜਾਣਾ ਹੈ।" ਥੋੜ੍ਹੀ ਦੇਰ ਬਾਅਦ ਉਹ ਸੌਂ ਗਈਆਂ। ਸੁਦਾਗਰ ਦੀ ਪਤਨੀ ਨੇ ਉਹਨਾਂ ਨੂੰ ਮੰਜੇ ਨਾਲ਼ ਬੰਨ੍ਹ ਕੇ ਅੰਦਰਲੇ ਕੋਠੇ ਵਿੱਚ ਬੰਦ ਕਰ ਦਿੱਤਾ। ਉੱਥੇ ਉਹ ਫਫੇ-ਕੁੱਟਣੀਆਂ ਨੂੰ ਭੰਗ ਦੇ ਪਕੌੜੇ ਖੁਆਂਉਂਦੀ ਜਾਂਦੀ ਅਤੇ ਉਹ ਸਾਰਾ ਦਿਨ ਘੂਕ ਸੁੱਤੀਆਂ ਰਹਿੰਦੀਆਂ।

ਜਦੋਂ ਕਈ ਦਿਨਾਂ ਮਗਰੋਂ ਫਫੇ-ਕੁੱਟਣੀਆਂ ਵਾਪਸ ਨਾ ਪਰਤੀਆਂ ਤਾਂ ਰਾਜੇ ਨੇ ਦੋ ਠੱਗ ਮੰਗਵਾਏ। ਉਹਨਾਂ ਨੂੰ ਸਾਰੀ ਗੱਲ ਦੱਸੀ। ਠੱਗਾਂ ਨੇ ਕਿਹਾ, "ਲਓ, ਉਸ ਔਰਤ ਨੂੰ ਇੱਥੇ ਲਿਆਉਣਾ ਕਿਹੜੀ ਔਖੀ ਗੱਲ ਹੈ। ਸਾਡੇ ਅੱਗੇ ਤਾਂ ਵੱਡੇ-ਵੱਡੇ ਪਾਣੀ ਭਰਦੇ ਹਨ।"

ਉਹ ਦੋਵੇਂ ਠੱਗ ਸੁਦਾਗਰਾਂ ਦਾ ਭੇਸ ਧਾਰ ਕੇ ਸੁਦਾਗਰ ਦੀ ਪਤਨੀ ਕੋਲ ਪਹੁੰਚੇ। ਉਹਨਾਂ ਨੇ ਜਾ ਕੇ ਸੁਦਾਗਰ ਦੀ ਪਤਨੀ ਨੂੰ ਕਿਹਾ ਕਿ ਉਸ ਦਾ ਪਤੀ ਬਿਮਾਰ ਹੈ। ਉਹ ਮੰਜੇ ਤੋਂ ਉੱਠ ਨਹੀਂ ਸਕਦਾ। ਉਹ ਤੁਹਾਨੂੰ ਮਿਲਨ ਲਈ ਤਰਸ ਰਿਹਾ ਹੈ। ਸੁਦਾਗਰ ਦੀ ਪਤਨੀ ਉਸੇ ਵੇਲੇ ਅੰਦਰ ਗਈ ਅਤੇ ਸੰਦੂਕੜੀ ਵਿੱਚੋਂ ਛੁਰੀ ਕੱਢ ਕੇ ਵੇਖਣ ਲੱਗੀ। ਛੁਰੀ ਪੂਰੀ ਤਰ੍ਹਾਂ ਚਮਕ ਰਹੀ ਸੀ। ਉਹ ਤਾੜ ਗਈ ਸੀ ਕਿ ਉਹ ਦੋਵੇਂ ਬੰਦੇ ਠੱਗ ਹਨ। ਉਸ ਨੇ ਬਾਹਰ ਆ ਕੇ ਠੱਗਾਂ ਨੂੰ ਕਿਹਾ, "ਤੁਸੀਂ ਥੱਕੇ ਆਏ ਹੋ, ਤੁਸੀਂ ਕੁਝ ਖਾ-ਪੀ ਲਓ, ਨਾਲੇ ਮੈਂ ਵੀ ਤਿਆਰ ਹੋ ਜਾਂਦੀ ਹਾਂ।" ਉਸ ਨੇ ਠੱਗਾਂ ਨੂੰ ਵੀ ਖਾਣੇ ਨਾਲ ਭੰਗ ਦੇ ਪਕੌੜੇ ਖੁਆ ਦਿੱਤੇ। ਠੱਗ ਪਕੌੜੇ ਖਾ ਕੇ ਊਲ-ਜਲੂਲ ਬੋਲਣ ਲੱਗ ਪਏ। ਸੁਦਾਗਰ ਦੀ ਪਤਨੀ ਨੇ ਉਹਨਾਂ ਨੂੰ ਦੂਸਰੀ ਕੋਠੜੀ ਵਿੱਚ ਡੱਕ ਦਿੱਤਾ। ਉਹ ਉਹਨਾਂ ਨੂੰ ਵੀ ਭੰਗ ਦੇ ਪਕੌੜੇ ਖੁਆਂਦੀ ਰਹਿੰਦੀ ਤੇ ਉਹ ਸਾਰਾ ਦਿਨ ਊਂਘਦੇ ਰਹਿੰਦੇ।

ਇਸ ਤਰ੍ਹਾਂ ਕਈ ਦਿਨ ਲੰਘ ਗਏ। ਰਾਜੇ ਨੇ ਵਜ਼ੀਰ ਨੂੰ ਬੁਲਾ ਕੇ ਕਿਹਾ, "ਜਾਪਦਾ ਹੈ ਠੱਗ ਵੀ ਆਪਣੇ ਮੰਤਵ ਵਿੱਚ ਕਾਮਯਾਬ ਨਹੀਂ ਹੋਏ। ਹੁਣ ਆਪਾਂ ਦੋਵੇਂ ਚੱਲੀਏ।"

ਤਦ ਰਾਜਾ ਅਤੇ ਵਜ਼ੀਰ ਸੁਦਾਗਰ ਦੀ ਪਤਨੀ ਦੇ ਬੂਹੇ 'ਤੇ ਪਹੁੰਚ ਗਏ। ਉਹਨਾਂ ਨੇ ਦਰਵਾਜ਼ਾ ਖੜਕਾਇਆ ਤਾਂ ਸੁਦਾਗਰ ਦੀ ਪਤਨੀ ਬਾਹਰ ਆਈ। ਵਜ਼ੀਰ ਨੇ ਕਿਹਾ ਕਿ ਉਹਨਾਂ ਨੇ ਸੁਦਾਗਰ ਦੀ ਪਤਨੀ ਨੂੰ ਮਿਲਣਾ ਹੈ। ਸੁਦਾਗਰ ਦੀ ਪਤਨੀ ਕੁਝ ਸੋਚ ਕੇ ਕਹਿਣ ਲੱਗੀ, "ਮੈਂ ਤਾਂ ਉਹਨਾਂ ਦੀ ਦਾਸੀ ਹਾਂ। ਤੁਸੀਂ ਪਹਿਲਾਂ ਬੈਠੋ ਅਤੇ ਭੋਜਨ ਛਕੋ। ਫਿਰ ਤੁਸੀਂ ਮਾਲਕਣ ਨੂੰ ਮਿਲ ਲੈਣਾ।" ਇਸ ਪਿੱਛੋਂ ਉਹ ਉਹਨਾਂ ਨੂੰ ਰੋਟੀ ਖਆਉਣ ਲੱਗੀ। ਜਦੋਂ ਉਹ ਪਾਣੀ, ਸਬਜ਼ੀ ਜਾਂ ਰੋਟੀ ਲੈ ਕੇ ਆਉਂਦੀ ਤਾਂ ਭੇਸ ਵਟਾ ਕੇ ਆਉਂਦੀ।

ਰਾਜਾ ਤੇ ਵਜ਼ੀਰ ਇਹੀ ਸਮਝੀ ਗਏ ਕਿ ਇਹ ਸੁਦਾਗਰ ਦੀ ਪਤਨੀ ਦੀਆਂ ਵੱਖ-ਵੱਖ ਦਾਸੀਆਂ ਹਨ ਅਤੇ ਇਹਨਾਂ ਦੀਆਂ ਸ਼ਕਲਾਂ ਆਪੋ ਵਿੱਚ ਮਿਲਦੀਆਂ ਹਨ। ਜਦੋਂ ਸੁਦਾਗਰ ਦੀ ਪਤਨੀ ਦਾਸੀ ਦੇ ਰੂਪ ਵਿੱਚ ਤੀਜੀ ਵਾਰੀ ਆਈ ਤਾਂ ਵਜ਼ੀਰ ਨੇ ਪੁੱਛ ਹੀ ਲਿਆ, "ਤੁਹਾਡੀਆਂ ਸਾਰੀਆਂ ਦੀਆਂ ਸ਼ਕਲਾਂ ਬਹੁਤ ਮਿਲਦੀਆਂ ਹਨ।" ਸੁਦਾਗਰ ਦੀ ਪਤਨੀ ਕਹਿਣ ਲੱਗੀ, "ਅਸੀਂ ਤਿੰਨੇ ਭੈਣਾਂ ਸੁਦਾਗਰ ਦੀ ਪਤਨੀ ਦੀਆਂ ਦਾਸੀਆਂ ਹਾਂ।" ਵਜ਼ੀਰ ਕਹਿਣ ਲੱਗਾ, "ਜੇ ਤੂੰ ਸਾਡਾ ਇੱਕ ਕੰਮ ਕਰਵਾ ਦੇਵੇਂ ਤਾਂ ਤੈਨੂੰ ਬਹੁਤ ਸਾਰਾ ਇਨਾਮ ਦੇਵਾਂਗੇ।" ਉੱਤੋਂ-ਉੱਤੋਂ ਖ਼ੁਸ਼ ਲੱਗਦੀ ਸੁਦਾਗਰ ਦੀ ਪਤਨੀ ਨੇ ਕਿਹਾ, "ਹੁਕਮ ਕਰੋ।"

ਰਾਜੇ ਨੇ ਕਿਹਾ, "ਮੈਂ ਸੁਦਾਗਰ ਦੀ ਪਤਨੀ ਨੂੰ ਆਪਣੇ ਮਹਿਲਾਂ ਵਿੱਚ ਲਿਜਾਣਾ ਚਾਹੁੰਦਾ ਹਾਂ।" ਦਾਸੀ ਦੇ ਰੂਪ ਵਿੱਚ ਸੁਦਾਗਰ ਦੀ ਪਤਨੀ ਕਹਿਣ ਲੱਗੀ, "ਇਹ ਕੋਈ ਮੁਸ਼ਕਲ ਗੱਲ ਨਹੀਂ। ਤੁਸੀਂ ਇੱਕ ਵੱਡਾ ਸਾਰਾ ਡੋਲ਼ਾ ਤਿਆਰ ਕਰੋ ਜਿਸ ਵਿੱਚ ਸਾਡੀ ਮਾਲਕਣ ਅਤੇ ਤਿੰਨੇ ਗੋਲੀਆਂ ਬੈਠ ਸਕੀਏ ਪਰ ਸ਼ਰਤ ਇਹ ਹੈ ਕਿ ਤੁਸੀਂ ਰਾਹ ਵਿੱਚ ਡੋਲ਼ਾ ਨਾ ਰੋਕਣਾ, ਨਾ ਹੀ ਸਾਡੀ ਮਾਲਕਣ ਨੂੰ ਬੁਲਾਉਣਾ ਹੈ,ਬੱਸ, ਡੋਲ਼ਾ ਮਹਿਲਾਂ ਵਿੱਚ ਜਾ ਕੇ ਹੀ ਖੋਲ੍ਹਣਾ। ਮੈਂ ਸੁਦਾਗਰ ਦੀ ਪਤਨੀ ਨੂੰ ਕਿਵੇਂ ਨਾ ਕਿਵੇਂ ਤਿਆਰ ਕਰਦੀ ਹਾਂ।" ਇਹ ਕਹਿ ਕੇ ਉਹ ਅੰਦਰ ਚਲੀ ਗਈ। ਵਜ਼ੀਰ ਨੇ ਡੋਲ਼ਾ ਤਿਆਰ ਕਰਵਾ ਕੇ ਲੈ ਆਂਦਾ। ਦਾਸੀ ਬਣੀ ਸੁਦਾਗਰ ਦੀ ਪਤਨੀ ਨੇ ਡੋਲ਼ਾ ਵਿਹੜੇ ਵਿੱਚ ਰਖਵਾ ਕੇ ਵਜ਼ੀਰ ਅਤੇ ਰਾਜੇ ਨੂੰ ਵਿਹੜੇ ਤੋਂ ਬਾਹਰ ਭੇਜ ਦਿੱਤਾ। ਤਦ ਉਸ ਨੇ ਦੋਹਾਂ ਫਫੇ-ਕੁੱਟਣੀਆਂ ਅਤੇ ਦੋਹਾਂ ਠੱਗਾਂ ਨੂੰ ਭੰਗ ਦੇ ਨਸ਼ੇ ਨਾਲ ਬੇਹੋਸ਼ ਕਰਕੇ ਉਹਨਾਂ ਦੇ ਸਿਰ-ਮੂੰਹ ਮੁੰਨ ਕੇ ਅਤੇ ਕਾਲਖ ਮਲ਼ ਕੇ ਡੋਲ਼ੇ ਵਿੱਚ ਸੁੱਟ ਦਿੱਤਾ। ਉਹਨਾਂ ਦੇ ਮੂੰਹ ਬੰਨ੍ਹ ਕੇ ਹੱਥ ਪੈਰ ਨੂੜ ਦਿੱਤੇ ਅਤੇ ਡੋਲ਼ੇ ਨੂੰ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਫਿਰ ਦਾਸੀ ਬਣੀ ਸੁਦਾਗਰ ਦੀ ਪਤਨੀ ਨੇ ਬਾਹਰ ਆ ਕੇ ਰਾਜੇ ਤੇ ਵਜ਼ੀਰ ਨੂੰ ਕਿਹਾ, "ਅਸੀਂ ਸਾਰੀਆਂ ਡੋਲ਼ੇ ਵਿੱਚ ਬੈਠਣ ਲੱਗੀਆਂ ਹਾਂ, ਤੁਸੀਂ ਕੁਹਾਰ ਬੁਲਵਾ ਕੇ ਡੋਲ਼ਾ ਲੈ ਚੱਲੋ।" ਆਪ ਉਹ ਮੁੜ ਆਪਣੇ ਕਮਰੇ ਅੰਦਰ ਆ ਗਈ।

ਰਾਜਾ ਅਤੇ ਵਜ਼ੀਰ ਬੜੇ ਖ਼ੁਸ਼ ਸਨ। ਉਹ ਕਾਹਲ਼ੀ-ਕਾਹਲੀ ਡੋਲ਼ੇ ਨੂੰ ਲੈ ਕੇ ਮਹਿਲਾਂ ਵਿੱਚ ਆ ਗਏ। ਜਦੋਂ ਉਹਨਾਂ ਨੇ ਡੋਲ਼ਾ ਖੋਲ੍ਹਿਆ ਤਾਂ ਉਹ ਹੱਥ ਮਲ਼ਦੇ ਰਹਿ ਗਏ। ਡੋਲ਼ੇ ਵਿੱਚ ਤਾਂ ਫਫੇ-ਕੁੱਟਣੀਆਂ ਅਤੇ ਠੱਗ ਸਨ। ਰਾਜੇ ਨੂੰ ਬੜਾ ਗ਼ੁੱਸਾ ਆਇਆ ਪਰ ਉਹ ਕੀ ਕਰ ਸਕਦਾ ਸੀ? ਅਖੀਰ ਵਜ਼ੀਰ ਨੇ ਇੱਕ ਹੋਰ ਚਾਲ ਚੱਲੀ। ਉਸ ਨੇ ਰਾਜੇ ਨਾਲ ਸਲਾਹ ਕਰ ਕੇ ਸੁਦਾਗਰ ਨੂੰ ਬੁਲਾਇਆ ਤੇ ਕਿਹਾ, "ਰਾਜਾ ਤੈਥੋਂ ਬਹੁਤ ਖ਼ੁਸ਼ ਹੈ। ਉਹ ਤੈਨੂੰ ਆਪਣਾ ਮੰਤਰੀ ਬਣਾਉਣਾ ਚਾਹੁੰਦਾ ਹੈ।" ਸੁਦਾਗਰ ਬੜਾ ਪ੍ਰਸੰਨ ਹੋਇਆ। ਤਦ ਵਜ਼ੀਰ ਨੇ ਸੁਦਾਗਰ ਨੂੰ ਕਿਹਾ, "ਮੰਤਰੀ ਬਣ ਕੇ ਤੂੰ ਹੁਣ ਇੱਥੇ ਹੀ ਰਹਿਣਾ ਹੈ, ਇਸ ਲਈ ਤੂੰ ਆਪਣੀ ਪਤਨੀ ਨੂੰ ਵੀ ਇੱਥੇ ਹੀ ਲੈ ਆ।"

ਸੁਦਾਗਰ ਉਸੇ ਵੇਲੇ ਆਪਣੀ ਪਤਨੀ ਕੋਲ ਗਿਆ ਤੇ ਉਸ ਨੇ ਆਪਣੇ ਮੰਤਰੀ ਬਣਾਏ ਜਾਣ ਦੀ ਗੱਲ ਦੱਸੀ। ਨਾਲ ਹੀ ਰਾਜਧਾਨੀ ਵਿੱਚ ਜਾ ਕੇ ਰਹਿਣ ਦੀ ਗੱਲ ਕੀਤੀ। ਉਸ ਦੀ ਪਤਨੀ ਨੇ ਕਿਹਾ ਕਿ ਇਸ ਵਿੱਚ ਵੀ ਰਾਜੇ ਦੀ ਕੋਈ ਚਾਲ ਹੈ ਪਰ ਸੁਦਾਗਰ ਦੇ ਸਿਰ 'ਤੇ ਮੰਤਰੀ ਬਣਨ ਦਾ ਭੂਤ ਸਵਾਰ ਸੀ। ਉਸ ਨੇ ਆਪਣੀ ਪਤਨੀ ਦੀ ਇੱਕ ਨਾ ਮੰਨੀ ਤੇ ਉਹ ਉਸ ਨੂੰ ਲੈ ਕੇ ਰਾਜੇ ਦੇ ਸ਼ਹਿਰ ਆ ਗਿਆ। ਰਾਜੇ ਨੇ ਸੁਦਾਗਰ ਨੂੰ ਮਹਿਲਾਂ ਦੇ ਨੇੜੇ ਹੀ ਇੱਕ ਹਵੇਲੀ ਦੇ ਦਿੱਤੀ। ਸੁਦਾਗਰ ਅਤੇ ਉਸ ਦੀ ਪਤਨੀ ਉੱਥੇ ਰਹਿਣ ਲੱਗੇ।

ਕੁਝ ਦਿਨ ਹੀ ਬੀਤੇ ਸਨ ਕਿ ਰਾਜੇ ਨੇ ਵਜ਼ੀਰ ਨੂੰ ਕਿਹਾ ਕਿ ਉਹ ਸੁਦਾਗਰ ਦੀ ਪਤਨੀ ਨੂੰ ਮਿਲਣ ਦੀ ਕੋਈ ਬਿਧ ਬਣਾਏ।

ਵਜ਼ੀਰ ਨੇ ਸੁਦਾਗਰ ਨੂੰ ਬੁਲਾ ਕੇ ਕਿਹਾ ਕਿ ਰਾਜੇ ਨੂੰ ਇੱਕ ਚੀਜ਼ ਜਿਸ ਦਾ ਨਾਂ 'ਕੁਝ' ਹੈ, ਦੀ ਸਖ਼ਤ ਲੋੜ ਹੈ,ਉਹ ਉਸ ਚੀਜ਼ ਨੂੰ ਕਿਤੋਂ ਲੈ ਕੇ ਆਵੇ। ਸੁਦਾਗਰ ਬੜੇ ਭਰੋਸੇ ਨਾਲ਼ ਕਹਿਣ ਲੱਗਿਆ ਕਿ ਉਹ ਛੇਤੀ ਹੀ ਇਹ ਵਸਤੂ ਵੀ ਲੈ ਆਵੇਗਾ ਪਰ ਅਸਲ ਵਿੱਚ ਉਸ ਨੂੰ ਇਸ ਵਸਤੂ ਦੀ ਕੋਈ ਸਮਝ ਨਹੀਂ ਸੀ ਪਈ। ਉਸ ਨੇ ਘਰ ਆ ਕੇ ਆਪਣੀ ਪਤਨੀ ਨਾਲ਼ ਗੱਲ ਕੀਤੀ। ਪਤਨੀ ਸਮਝ ਗਈ ਕਿ ਰਾਜੇ ਨੇ ਸੁਦਾਗਰ ਨੂੰ ਕਿਤੇ ਭੇਜਣ ਦੀ ਚਾਲ ਚੱਲੀ ਹੈ। ਉਸ ਨੇ ਆਪਣੇ ਪਤੀ ਨੂੰ ਕਿਹਾ ਕਿ ਇਸ ਵਸਤੂ ਦਾ ਉਸ ਨੂੰ ਪਤਾ ਹੈ ਇਸ ਲਈ ਉਹ ਫ਼ਿਕਰ ਨਾ ਕਰੇ। ਉਸ ਨੇ ਆਪਣੇ ਪਤੀ ਨਾਲ਼ ਮਿਲ਼ ਕੇ ਦੋ ਟੋਏ ਪੁੱਟੇ। ਇੱਕ ਟੋਏ ਵਿੱਚ ਗੁੜ ਦਾ ਸ਼ੀਰਾ ਭਰ ਦਿੱਤਾ ਤੇ ਦੂਜੇ ਟੋਏ ਵਿੱਚ ਪੰਛੀਆਂ ਦੇ ਖੰਭ ਅਤੇ ਰੂੰ ਆਦਿ ਭਰ ਦਿੱਤੇ। ਫਿਰ ਉਸ ਨੇ ਆਪਣੇ ਪਤੀ ਨੂੰ ਕਿਹਾ, "ਹੁਣ ਤੁਸੀਂ ਬਾਹਰ ਸਭ ਨੂੰ ਦੱਸ ਦੇਵੋ ਕਿ ਤੁਸੀਂ ਕਿਸੇ ਹੋਰ ਦੇਸ 'ਕੁਝ' ਲੈਣ ਵਾਸਤੇ ਜਾ ਰਹੇ ਹੋ। ਦਿਹਾੜੀ ਭਰ ਤੁਸੀਂ ਬਾਹਰ ਜੰਗਲ਼ ਵਿੱਚ ਰਹਿ ਲਿਆ ਕਰਨਾ ਤੇ ਰਾਤੀਂ ਆ ਕੇ ਇੱਥੇ ਸੌਂ ਜਾਇਆ ਕਰਨਾ।"

ਪਹਿਲੇ ਹੀ ਦਿਨ ਰਾਜੇ ਨੂੰ ਨੌਕਰਾਂ-ਚਾਕਰਾਂ ਤੋਂ ਪਤਾ ਲੱਗ ਗਿਆ ਕਿ ਸੁਦਾਗਰ ਕਿਸੇ ਦੂਜੇ ਦੇਸ ਲਈ ਰਵਾਨਾ ਹੋ ਗਿਆ ਹੈ। ਰਾਤੀਂ ਰਾਜਾ ਸੁਦਾਗਰ ਦੇ ਘਰ ਜਾ ਪਹੁੰਚਿਆ ਤੇ ਉਸ ਦੀ ਪਤਨੀ ਨੂੰ ਕਹਿਣ ਲੱਗਾ ਕਿ ਉਹ ਉਸ ਦੀ ਸੁੱਖ-ਸਾਂਦ ਪੁੱਛਣ ਆਇਆ ਹੈ। ਸੁਦਾਗਰ ਦੀ ਪਤਨੀ ਨੇ ਉੱਪਰੋਂ ਬੜੀ ਖ਼ੁਸ਼ੀ ਜ਼ਾਹਰ ਕੀਤੀ। ਉਹ ਰਾਜੇ ਨੂੰ ਪਾਣੀ ਆਦਿ ਪਿਆਉਣ ਲੱਗੀ। ਏਨੇ ਨੂੰ ਸੁਦਾਗਰ ਨੇ ਦਰਵਾਜ਼ਾ ਖੜਕਾਇਆ। ਸੁਦਾਗਰ ਦੀ ਪਤਨੀ ਨੇ ਪੁੱਛਿਆ ਕਿ ਉਹ ਵਾਪਸ ਕਿਉਂ ਆ ਗਿਆ ਹੈ ਤਾਂ ਉਸ ਨੇ ਕਿਹਾ ਕਿ ਉਹ ਆਪਣੀ ਤਲਵਾਰ ਘਰ ਭੁੱਲ ਗਿਆ ਸੀ। ਜਦ ਸੁਦਾਗਰ ਦੀ ਪਤਨੀ ਦਰਵਾਜ਼ਾ ਖੋਲ੍ਹਣ ਲੱਗੀ ਤਦ ਰਾਜੇ ਨੇ ਕਿਹਾ, "ਮੈਨੂੰ ਕਿਤੇ ਛੁਪਾ ਦੇ ਨਹੀਂ ਤਾਂ ਮੇਰੀ ਬੜੀ ਬਦਨਾਮੀ ਹੋਵੇਗੀ।" ਸੁਦਾਗਰ ਦੀ ਪਤਨੀ ਨੇ ਉਸ ਨੂੰ ਸੀਰੇ ਵਾਲ਼ੇ ਟੋਏ ਵਿੱਚ ਛੁਪਣ ਲਈ ਕਿਹਾ। ਜਦੋਂ ਰਾਜਾ ਸੀਰੇ ਵਾਲ਼ੇ ਟੋਏ ਵਿੱਚ ਛੁਪਿਆ ਤਾਂ ਸੀਰਾ ਉਹਦੇ ਸਰੀਰ ਨੂੰ ਚਿੰਬੜ ਗਿਆ ਤੇ ਉਹ ਘਬਰਾ ਕੇ ਬਾਹਰ ਆ ਗਿਆ। ਸੁਦਾਗਰ ਦੀ ਪਤਨੀ ਨੇ ਫਿਰ ਉਸ ਨੂੰ ਖੰਭਾਂ ਵਾਲ਼ੇ ਟੋਏ ਵਿੱਚ ਧੱਕ ਦਿੱਤਾ। ਨਾਲ਼ ਹੀ ਉਸ ਨੇ ਦਰਵਾਜ਼ਾ ਖੋਲ੍ਹ ਦਿੱਤਾ। ਸੁਦਾਗਰ ਨੂੰ ਉਸ ਦੀ ਪਤਨੀ ਨੇ ਦੱਸਿਆ, "ਹੁਣ ਤੁਹਾਨੂੰ ਬਾਹਰ ਜਾਣ ਦੀ ਲੋੜ ਨਹੀਂ, ਮੈਂ 'ਕੁਝ' ਫੜ ਲਿਆ ਹੈ।"

ਦੋਹਾਂ ਨੇ ਖੰਭਾਂ ਵਾਲ਼ੇ ਟੋਏ ਵਿੱਚੋਂ ਰਾਜੇ ਨੂੰ ਬਾਹਰ ਕੱਢਿਆ। ਰਾਜੇ ਦੇ ਸਾਰੇ ਸਰੀਰ 'ਤੇ ਖੰਭ ਚੰਬੜ ਗਏ ਸਨ। ਉਸ ਨੂੰ ਪਛਾਣਨਾ ਔਖਾ ਸੀ। ਸੁਦਾਗਰ ਨੇ ਵੀ ਉਸ ਨੂੰ ਨਾ ਪਛਾਣਿਆ। ਰਾਜਾ ਡਰ ਦੇ ਮਾਰੇ ਕੁਝ ਨਾ ਬੋਲ ਸਕਿਆ।

ਸੁਦਾਗਰ ਦੀ ਪਤਨੀ ਨੇ ਰਾਜੇ ਦੇ ਗਲ਼ ਵਿੱਚ ਰੱਸਾ ਪਾ ਕੇ ਕਿਹਾ ਕਿ ਇਸ ਨੂੰ ਵਜ਼ੀਰ ਦੇ ਹਵਾਲੇ ਕਰ ਆਓ। ਸੁਦਾਗਰ ਰਾਜੇ ਨੂੰ ਵਜ਼ੀਰ ਕੋਲ਼ ਲੈ ਗਿਆ ਤੇ ਕਿਹਾ, "ਇਹ ਆਪਣਾ 'ਕੁਝ' ਲੈ ਲਓ। ਹੁਣ ਤੁਹਾਡੀ ਜ਼ੁੰਮੇਵਾਰੀ ਹੈ।" ਜਦੋਂ ਸੁਦਾਗਰ ਘਰ ਆ ਗਿਆ ਤਾਂ ਰਾਜਾ ਉੱਚੀ-ਉੱਚੀ ਰੋਣ ਲੱਗ ਪਿਆ। ਵਜ਼ੀਰ ਨੇ ਰਾਜੇ ਨੂੰ ਪਛਾਣ ਲਿਆ। ਦੋਹਾਂ ਨੇ ਸੁਦਾਗਰ ਦੀ ਪਤਨੀ ਤੋਂ ਤੋਬਾ ਕੀਤੀ।

ਦੂਜੇ ਦਿਨ ਸਵੇਰੇ ਦਰਬਾਰ ਵਿੱਚ ਸੁਦਾਗਰ ਨੇ ਜਾ ਕੇ ਰਾਜੇ ਨੂੰ ਦੱਸਿਆ ਕਿ ਉਸ ਨੇ 'ਕੁਝ' ਵਜ਼ੀਰ ਨੂੰ ਸੌਂਪ ਦਿੱਤਾ ਹੈ। ਰਾਜੇ ਨੇ ਕਿਹਾ ਕਿ ਉਸ ਨੇ ਉਹ 'ਕੁਝ' ਵੇਖ ਲਿਆ ਹੈ। ਉਸ ਨੇ ਸੁਦਾਗਰ ਨੂੰ ਬਹੁਤ ਸਾਰਾ ਧਨ ਦਿੱਤਾ। ਤਦ ਸੁਦਾਗਰ ਨੇ ਰਾਜੇ ਨੂੰ ਕਿਹਾ, "ਮਹਾਰਾਜਾ, ਕਦੀ ਸਾਡੇ ਘਰ ਚਰਨ ਪਾਓ।" ਰਾਜੇ ਦੀ ਥਾਂ ਵਜ਼ੀਰ ਨੇ ਉੱਤਰ ਦਿੱਤਾ, "ਰਾਜਾ ਸਾਹਿਬ ਨੇ ਕਿਸੇ ਦੇ ਵੀ ਘਰ ਨਾ ਜਾਣ ਦੀ ਕਸਮ ਖਾਧੀ ਹੋਈ ਹੈ।"

2

# ਸਬਜ਼-ਪਰੀ

ਇੱਕ ਰਾਜੇ ਦੇ ਤਿੰਨ ਪੁੱਤਰ ਸਨ। ਦੋ ਪੁੱਤਰ ਵਿਆਹੇ ਹੋਏ ਸਨ ਪਰ ਤੀਜਾ ਪੁੱਤਰ ਕੁਆਰਾ ਸੀ ਜਿਸ ਦਾ ਨਾਂ ਮੀਰਜ਼ਾਦਾ ਸੀ। ਮੀਰਜ਼ਾਦੇ ਦੀ ਇੱਕ ਭਰਜਾਈ ਚਾਹੁੰਦੀ ਸੀ ਕਿ ਮੀਰਜ਼ਾਦਾ ਉਸ ਦੀ ਭੈਣ ਨਾਲ਼ ਵਿਆਹ ਕਰ ਲਵੇ ਪਰ ਉਹ ਮੰਨਦਾ ਨਹੀਂ ਸੀ। ਇੱਕ ਦਿਨ ਭਰਜਾਈ ਨੇ ਮਿਹਣਾ ਮਾਰਦਿਆਂ ਕਿਹਾ, "ਜਾਹ ਵੇਖਾਂਗੇ ਜਦੋਂ ਤੂੰ ਕੋਈ ਸਬਜ਼-ਪਰੀ ਵਿਆਹ ਕੇ ਲਿਆਵੇਂਗਾ।" ਇਸ 'ਤੇ ਮੀਰਜ਼ਾਦਾ ਵੀ ਔਖਾ ਹੋ ਕੇ ਕਹਿਣ ਲੱਗਾ, "ਮੈਂ ਹੁਣ ਸ਼ਬਜ਼-ਪਰੀ ਨਾਲ਼ ਹੀ ਵਿਆਹ ਕਰਵਾਵਾਂਗਾ।"

ਉਸ ਵੇਲ਼ੇ ਮੀਰਜ਼ਾਦਾ ਘੋੜੇ ਉੱਤੇ ਬੈਠ ਕੇ ਸਬਜ਼-ਪਰੀ ਲੱਭਣ ਚੱਲ ਪਿਆ। ਚੱਲਦਿਆਂ-ਚੱਲਦਿਆਂ ਉਹ ਇੱਕ ਸੰਘਣੇ ਜੰਗਲ਼ ਵਿੱਚ ਪਹੁੰਚ ਗਿਆ। ਉੱਥੇ ਉਹ ਇੱਕ ਰੁੱਖ ਹੇਠਾਂ ਅਰਾਮ ਕਰਨ ਲੱਗਾ। ਅਚਾਨਕ ਉਸ ਨੂੰ ਇੱਕ ਵੱਡੇ ਸੱਪ ਦੇ ਫੁੰਕਾਰੇ ਦੀ ਅਵਾਜ਼ ਆਈ। ਉਹ ਸੱਪ ਮੀਰਜ਼ਾਦੇ ਨੂੰ ਅਜੇ ਡੰਗਣ ਹੀ ਲੱਗਾ ਸੀ ਕਿ ਮੀਰਜ਼ਾਦੇ ਨੇ ਆਪਣੀ ਤਲਵਾਰ ਨਾਲ਼ ਉਸ ਦੇ ਟੁਕੜੇ-ਟੁਕੜੇ ਕਰ ਦਿੱਤੇ।

ਉਸ ਰੁੱਖ ਉੱਤੇ ਇੱਕ ਹੰਸ ਤੇ ਹੰਸਣੀ ਰਹਿੰਦੇ ਸਨ। ਉਹ ਸੱਪ ਉਹਨਾਂ ਦੇ ਬੱਚਿਆਂ ਨੂੰ ਮਾਰ ਕੇ ਖਾ ਜਾਂਦਾ ਸੀ। ਜਦੋਂ ਹੰਸ ਤੇ ਹੰਸਣੀ ਨੇ ਮੀਰਜ਼ਾਦੇ ਹੱਥੋਂ ਸੱਪ ਨੂੰ ਮਰਦਿਆਂ ਵੇਖਿਆ ਤਾਂ ਉਹਨਾਂ ਨੂੰ ਸੁੱਖ ਦਾ ਸਾਹ ਆਇਆ। ਉਹਨਾਂ ਮੀਰਜ਼ਾਦੇ ਨੂੰ ਕਿਹਾ, "ਹੇ ਭਲੇ ਪੁਰਸ਼, ਤੂੰ ਸਾਡੇ ਉੱਤੇ ਬੜਾ ਉਪਕਾਰ ਕੀਤਾ ਹੈ। ਸਾਨੂੰ ਦੱਸ ਅਸੀਂ ਤੇਰੀ ਕੀ ਮਦਦ ਕਰੀਏ ? " ਮੀਰਜ਼ਾਦੇ ਨੇ ਸਬਜ਼-ਪਰੀ ਨਾਲ਼ ਵਿਆਹ ਕਰਵਾਉਣ ਵਾਲ਼ੀ ਗੱਲ ਹੰਸ-ਜੋੜੇ ਨੂੰ ਦੱਸੀ।

ਹੰਸ ਅਤੇ ਹੰਸਣੀ ਨੂੰ ਸਬਜ਼-ਪਰੀ ਦੇ ਦੇਸ ਦਾ ਪਤਾ ਸੀ। ਉਹ ਕਈ ਵਾਰ ਉੱਡਦਿਆਂ-ਉੱਡਦਿਆਂ ਉੱਧਰ ਗਏ ਸਨ। ਹੰਸ ਨੇ ਕਿਹਾ, "ਮੈਂ ਤੈਨੂੰ ਆਪਣੇ ਖੰਭਾਂ ਉੱਤੇ ਬਿਠਾ ਕੇ ਸਬਜ਼-ਪਰੀ ਦੇ ਦੇਸ ਲੈ ਜਾਵਾਂਗਾ।"

ਅਗਲੇ ਦਿਨ ਹੰਸ ਮੀਰਜ਼ਾਦੇ ਨੂੰ ਆਪਣੇ ਖੰਭਾਂ 'ਤੇ ਬਿਠਾ ਕੇ ਉੱਡ ਪਿਆ। ਪੰਧ ਬੜਾ ਲੰਮਾ ਸੀ। ਰਾਹ ਵਿੱਚ ਅਨੇਕਾਂ ਸਮੁੰਦਰ ਤੇ ਪਹਾੜ ਆਏ। ਉਹ ਕਈ ਦਿਨ ਉੱਡਦਾ ਰਿਹਾ। ਅਖ਼ੀਰ ਉਹ ਸਬਜ਼-ਪਰੀ ਦੇ ਦੇਸ ਪੁੱਜ ਗਏ। ਹੰਸ ਨੇ ਮੀਰਜ਼ਾਦੇ ਨੂੰ ਇੱਕ ਰੁੱਖ ਹੇਠਾਂ ਅਰਾਮ ਕਰਨ ਲਈ ਉਤਾਰ ਦਿੱਤਾ। ਆਪ ਉਹ ਉੱਡ ਕੇ ਆਸੇ-ਪਾਸੇ ਵੇਖਣ ਲੱਗਾ। ਉਸ ਨੇ ਵੇਖਿਆ ਕਿ ਇੱਕ ਨਦੀ ਵਿੱਚ ਪਰੀਆਂ ਨ੍ਹਾ ਰਹੀਆਂ ਹਨ ਤੇ ਉਹਨਾਂ ਦੇ ਖੰਭ ਕਿਨਾਰੇ 'ਤੇ ਪਏ ਹਨ।

ਹੰਸ ਉੱਡ ਕੇ ਇਕਦਮ ਮੀਰਜ਼ਾਦੇ ਕੋਲ਼ ਪੁੱਜਾ। ਉਸ ਨੇ ਮੀਰਜ਼ਾਦੇ ਨੂੰ ਕਿਹਾ, "ਸਬਜ਼-ਪਰੀ ਦੇ ਮਹਿਲ ਤੱਕ ਇਹ ਪਰੀਆਂ ਹੀ ਪਹੁੰਚਾ ਸਕਦੀਆਂ ਹਨ ਪਰ ਉਹ ਐਵੇਂ ਨਹੀਂ ਮੰਨਣਗੀਆਂ। ਤੂੰ ਦਰਿਆ ਦੇ ਕੰਢੇ ਤੋਂ ਉਹਨਾਂ ਦੇ ਖੰਭ ਚੁੱਕ ਲਵੀਂ। ਫਿਰ ਉਹਨਾਂ ਨੂੰ ਆਪਾਂ ਇਸ ਸ਼ਰਤ 'ਤੇ ਖੰਭ ਵਾਪਸ ਦਿਆਂਗੇ ਕਿ ਉਹ ਸਬਜ਼-ਪਰੀ ਨੂੰ ਤੇਰੇ ਨਾਲ਼ ਵਿਆਹ ਕਰਵਾਉਣ ਲਈ ਮਨਾਉਣਗੀਆਂ।"

ਮੀਰਜ਼ਾਦੇ ਨੇ ਦਰਿਆ ਦੇ ਕੰਢੇ ਤੋਂ ਪਰੀਆਂ ਦੇ ਖੰਭ ਚੁੱਕ ਲਏ। ਜਦੋਂ ਪਰੀਆਂ ਨ੍ਹਾ ਕੇ ਬਾਹਰ ਆਈਆਂ ਤਾਂ ਆਪਣੇ ਖੰਭ ਉੱਥੇ ਨਾ ਵੇਖ ਕੇ ਬਹੁਤ ਪਰੇਸ਼ਾਨ ਹੋਈਆਂ। ਮੀਰਜ਼ਾਦੇ ਨੇ ਜੰਗਲ਼ ਵਿੱਚੋਂ ਬਾਹਰ ਆ ਕੇ ਕਿਹਾ ਕਿ ਉਹਨਾਂ ਦੇ ਖੰਭ ਉਸ ਕੋਲ਼ ਹਨ। ਉਹ ਖੰਭ ਵਾਪਸ ਤਾਂ ਕਰੇਗਾ ਜੇ ਸਬਜ਼-ਪਰੀ ਉਸ ਨਾਲ਼ ਵਿਆਹ ਕਰਵਾਏਗੀ।

ਮੀਰਜ਼ਾਦੇ ਨੇ ਇੱਕ ਪਰੀ ਦੇ ਖੰਭ ਵਾਪਸ ਕਰ ਦਿੱਤੇ। ਉਹ ਪਰੀ ਉੱਡ ਕੇ ਸਬਜ਼-ਪਰੀ ਕੋਲ਼ ਗਈ। ਉਸ ਨੇ ਸਬਜ਼-ਪਰੀ ਨੂੰ ਜਾ ਕੇ ਸਾਰੀ ਗੱਲ ਦੱਸੀ। ਸਬਜ਼-ਪਰੀ ਬੜੀ ਹੈਰਾਨ ਹੋਈ ਕਿ ਇਤਨੀ ਦੂਰ ਤੱਕ ਕੋਈ ਲੜਕਾ ਕਿਵੇਂ ਆ ਗਿਆ ? ਉਹ ਉਸੇ ਵੇਲ਼ੇ ਉਸ ਥਾਂ ਪਹੁੰਚੀ ਜਿੱਥੇ ਮੀਰਜ਼ਾਦਾ ਸੀ ।

ਉਸ ਨੇ ਜਦੋਂ ਸੋਹਣੇ ਤੇ ਸਨੁੱਖੇ ਮੀਰਜ਼ਾਦੇ ਨੂੰ ਵੇਖਿਆ ਤਾਂ ਉਹ ਉਸ ਨਾਲ਼ ਵਿਆਹ ਕਰਵਾਉਣ ਲਈ ਤਿਆਰ ਹੋ ਗਈ। ਮੀਰਜ਼ਾਦੇ ਨੇ ਪਰੀਆਂ ਦੇ ਖੰਭ ਵਾਪਸ ਕਰ ਦਿੱਤੇ। ਸਬਜ਼-ਪਰੀ ਨੇ ਮੀਰਜ਼ਾਦੇ ਨਾਲ਼ ਵਿਆਹ ਕਰਵਾਉਣ ਲਈ ਪਰੀਆਂ ਵਾਲ਼ੇ ਕੱਪੜੇ ਅਤੇ ਖੰਭ ਉਤਾਰ ਦਿੱਤੇ ਅਤੇ ਇਨਸਾਨਾਂ ਵਾਲ਼ੇ ਕੱਪੜੇ ਪਹਿਨ ਲਏ। ਹੁਣ ਉਸ ਵਿੱਚ ਪਹਿਲਾਂ ਵਾਲ਼ੀ ਉੱਡਣ ਦੀ ਸ਼ਕਤੀ ਨਹੀਂ ਸੀ ਰਹੀ।

ਹੰਸ ਉਹਨਾਂ ਦੋਹਾਂ ਨੂੰ ਬਿਠਾ ਕੇ ਉੱਡ ਨਹੀਂ ਸੀ ਸਕਦਾ। ਉਹ ਦੋਵੇਂ ਬੇੜੀ ਵਿੱਚ ਬੈਠ ਕੇ ਸਮੁੰਦਰ ਦੇ ਰਸਤੇ ਮੀਰਜ਼ਾਦੇ ਦੇ ਦੇਸ ਵੱਲ ਚੱਲ ਪਏ। ਹੰਸ ਵੀ ਉਹਨਾਂ ਦੇ ਨਾਲ਼ ਹੀ ਸੀ। ਚੱਲਦਿਆਂ-ਚੱਲਦਿਆਂ ਕੁਝ ਦਿਨ ਬੀਤ ਗਏ। ਇੱਕ ਦਿਨ ਬੜਾ ਭਿਆਨਕ ਤੂਫ਼ਾਨ ਆਇਆ। ਇਸ ਵਿੱਚ ਉਹਨਾਂ ਦੀ ਬੇੜੀ ਡੁੱਬ ਗਈ ਅਤੇ ਉਹ ਤਿੰਨੇ ਰੁੜ੍ਹਦੇ ਹੋਏ ਦੂਰ ਚਲੇ ਗਏ ਤੇ ਇੱਕ-ਦੂਜੇ ਤੋਂ ਵਿੱਛੜ ਗਏ। ਸਬਜ਼-ਪਰੀ ਇੱਕ ਸ਼ਹਿਰ ਜਾ ਪਹੁੰਚੀ ਅਤੇ ਮੀਰਜ਼ਾਦਾ ਕਿਸੇ ਦੂਜੇ ਸ਼ਹਿਰ। ਹੰਸ ਉਸ ਸਮੁੰਦਰ ਦੇ ਦੂਜੇ ਕੰਢੇ ਪਹੁੰਚ ਗਿਆ। ਤਿੰਨੇ ਇੱਕ-ਦੂਜੇ ਤੋਂ ਵਿੱਛੜ ਕੇ ਬੜੇ ਉਦਾਸ ਹੋ ਗਏ। ਹੰਸ ਨੇ ਉਹਨਾਂ ਦੋਹਾਂ ਨੂੰ ਲੱਭਣ ਦਾ ਨਿਸ਼ਚਾ ਕੀਤਾ।

ਉੱਧਰ ਜਦੋਂ ਲੋਕਾਂ ਨੇ ਸਬਜ਼-ਪਰੀ ਨੂੰ ਵੇਖਿਆ ਤਾਂ ਉੱਥੋਂ ਦੇ ਰਾਜੇ ਨੂੰ ਉਸ ਦੀ ਸੁੰਦਰਤਾ ਬਾਰੇ ਜਾ ਦੱਸਿਆ। ਰਾਜੇ ਨੇ ਜਦੋਂ ਸਬਜ਼-ਪਰੀ ਨੂੰ ਵੇਖਿਆ ਤਾਂ ਉਹ ਉਸ ਉੱਤੇ ਮੋਹਿਤ ਹੋ ਗਿਆ ਅਤੇ ਉਸ ਨੂੰ ਆਪਣੇ ਮਹਿਲਾਂ ਵਿੱਚ ਲੈ ਗਿਆ। ਉਸ ਨੇ ਸਬਜ਼-ਪਰੀ ਨੂੰ ਆਪਣੇ ਨਾਲ ਵਿਆਹ ਕਰਵਾਉਣ ਲਈ ਕਿਹਾ। ਸਬਜ਼-ਪਰੀ ਨੇ ਕਿਹਾ ਕਿ ਉਹ ਤਾਂ ਪਹਿਲਾਂ ਹੀ ਵਿਆਹੀ ਹੋਈ ਹੈ।

ਰਾਜੇ ਨੇ ਕਿਹਾ ਕਿ ਉਸ ਦਾ ਪਤੀ ਤਾਂ ਮਰ ਚੁੱਕਾ ਹੈ। ਸਬਜ਼-ਪਰੀ ਨੇ ਕਿਹਾ ਕਿ ਉਸ ਦਾ ਮਨ ਇਸ ਗੱਲ ਨੂੰ ਨਹੀਂ ਮੰਨਦਾ। ਫਿਰ ਵੀ ਉਸ ਨੇ ਵਿਆਹ ਬਾਰੇ 'ਹਾਂ' ਕਰਨ ਲਈ ਰਾਜੇ ਕੋਲੋਂ ਇੱਕ ਸਾਲ ਦੀ ਮੁਹਲਤ ਮੰਗ ਲਈ। ਤਦ ਰਾਜੇ ਨੇ ਸਬਜ਼-ਪਰੀ ਨੂੰ ਇੱਕ ਵੱਖਰੇ ਮਹਿਲ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ ਅਤੇ ਨੌਕਰਾਂ-ਚਾਕਰਾਂ ਨੂੰ ਕਹਿ ਦਿੱਤਾ ਕਿ ਉਹ ਸਬਜ਼-ਪਰੀ ਦਾ ਹਰ ਹੁਕਮ ਮੰਨਣ।

ਸਬਜ਼-ਪਰੀ ਨੇ ਸੋਚ-ਸੋਚ ਕੇ ਆਪਣੇ ਪਤੀ ਅਤੇ ਹੰਸ ਨੂੰ ਲੱਭਣ ਲਈ ਇੱਕ ਤਰਕੀਬ ਸੋਚੀ। ਉਸ ਨੇ ਆਪਣੇ ਮਹਿਲ ਦੀ ਛੱਤ ਉੱਤੇ ਪੰਛੀਆਂ ਲਈ ਭਾਂਤ-ਭਾਂਤ ਦੇ ਚੋਗੇ ਖਿਲਾਰ ਦਿੱਤੇ ਅਤੇ ਨਾਲ ਹੀ ਸੁੱਚੇ ਮੋਤੀਆਂ ਦੀ ਢੇਰੀ ਲਾ ਦਿੱਤੀ। ਅਜਿਹਾ ਕਰਕੇ ਉਹ ਪਹਿਲਾਂ ਹੰਸ ਨੂੰ ਲੱਭਣਾ ਚਾਹੁੰਦੀ ਸੀ। ਉਸ ਨੂੰ ਪਤਾ ਸੀ ਕਿ ਉਹ ਹੰਸ ਸੁੱਚੇ ਮੋਤੀ ਖਾ ਕੇ ਭੁੱਖ ਮਿਟਾਉਂਦਾ ਸੀ। ਇਸ ਲਈ ਇੱਕ ਨਾ ਇੱਕ ਦਿਨ ਉਹ ਉੱਥੇ ਚੋਗਾ ਚੁਗਣ ਜ਼ਰੂਰ ਆਵੇਗਾ।

ਹਰ ਰੋਜ਼ ਭਾਂਤ-ਭਾਂਤ ਦੇ ਪੰਛੀ ਆਉਂਦੇ ਅਤੇ ਚੋਗਾ ਚੁਗ ਕੇ ਚਲੇ ਜਾਂਦੇ। ਪੰਛੀਆਂ ਨੇ ਚੋਗੇ ਦੀ ਖ਼ਬਰ ਦੂਰ-ਦੂਰ ਤੱਕ ਫੈਲਾ ਦਿੱਤੀ। ਇਸ ਤਰ੍ਹਾਂ ਚੋਗੇ ਲਈ ਦੂਰ-ਦੂਰ ਤੋਂ ਵੀ ਪੰਛੀ ਆਉਣ ਲੱਗੇ। ਇੱਕ ਦਿਨ ਹੰਸ ਭੁੱਖਾ-ਭਾਣਾ ਸੁੱਚੇ ਮੋਤੀਆਂ ਦੀ ਤਲਾਸ਼ ਕਰ ਰਿਹਾ ਸੀ ਕਿ ਉੱਧਰੋਂ ਪੰਛੀਆਂ ਦੀ ਇੱਕ ਡਾਰ ਲੰਘੀ। ਪੰਛੀਆਂ ਨੇ ਹੰਸ ਨੂੰ ਦੱਸਿਆ ਕਿ ਇੱਕ ਥਾਂ 'ਤੇ ਬਹੁਤ ਸਾਰੇ ਸੁੱਚੇ ਮੋਤੀ ਪਏ ਹਨ। ਤਦ ਹੰਸ ਉਹਨਾਂ ਨਾਲ ਉੱਡ ਕੇ ਸਬਜ਼-ਪਰੀ ਦੇ ਮਹਿਲ ਆ ਗਿਆ। ਉਸ ਨੇ ਬੜੇ ਚਾਅ ਨਾਲ ਸੁੱਚੇ ਮੋਤੀ ਚੁਗੇ। ਅਚਾਨਕ ਸਬਜ਼-ਪਰੀ ਦੀ ਨਜ਼ਰ ਹੰਸ 'ਤੇ ਪਈ। ਹੰਸ ਅਤੇ ਸਬਜ਼-ਪਰੀ ਨੇ ਇੱਕ ਦੂਜੇ ਨੂੰ ਪਛਾਣ ਲਿਆ। ਦੋਵੇਂ ਇੱਕ ਦੂਜੇ ਨੂੰ ਮਿਲ ਕੇ ਬੜੇ ਖ਼ੁਸ਼ ਹੋਏ। ਹੁਣ ਉਹ ਮੀਰਜ਼ਾਦੇ ਨੂੰ ਲੱਭਣਾ ਚਾਹੁੰਦੇ ਸਨ। ਹੰਸ ਹਰ ਰੋਜ਼ ਸਵੇਰੇ ਮੀਰਜ਼ਾਦੇ ਨੂੰ ਲੱਭਣ ਲਈ ਉੱਡਦਾ ਅਤੇ ਦੂਰ-ਦੂਰ ਤੱਕ ਜਾਂਦਾ ਪਰ ਉਸ ਨੂੰ ਨਿਰਾਸ ਹੀ ਪਰਤਣਾ ਪੈਂਦਾ।

ਉੱਧਰ ਮੀਰਜ਼ਾਦਾ ਇੱਕ ਭਠਿਆਰਨ ਦੇ ਘਰ ਜਾ ਪੁੱਜਾ। ਉਸ ਦੇ ਕੱਪੜੇ ਫਟ ਗਏ ਸਨ। ਉਸ ਕੋਲ ਖਾਣ ਨੂੰ ਕੁਝ ਨਹੀਂ ਸੀ ਉਸ ਨੇ ਭਠਿਆਰਨ ਨੂੰ ਕਿਹਾ, "ਮਾਈ ਤੂੰ ਮੈਨੂੰ ਕੁਝ ਖਾਣ ਨੂੰ ਦੇ ਦਿਆ ਕਰ। ਮੈਂ ਤੈਨੂੰ ਜੰਗਲ ਵਿੱਚੋਂ ਬਾਲਣ ਲਈ ਲੱਕੜਾਂ ਲਿਆ ਦਿਆਂ ਕਰਾਂਗਾ।" ਭਠਿਆਰਨ ਨੂੰ ਉਸ 'ਤੇ ਬੜਾ ਤਰਸ ਆਇਆ। ਉਸ ਨੇ ਮੀਰਜ਼ਾਦੇ ਨੂੰ ਖਾਣ ਲਈ ਰੋਟੀ ਦਿੱਤੀ। ਮੀਰਜ਼ਾਦਾ ਸਬਜ਼-ਪਰੀ ਤੋਂ ਬਿਨਾਂ ਆਪਣੇ ਦੇਸ ਨਹੀਂ ਸੀ ਜਾਣਾ ਚਾਹੁੰਦਾ ਇਸ ਲਈ ਉਹ ਉੱਥੇ ਹੀ ਰਹਿ ਗਿਆ।

ਇੱਕ ਦਿਨ ਉਹ ਜੰਗਲ ਵਿੱਚ ਲੱਕੜਾਂ ਕੱਟ ਰਿਹਾ ਸੀ। ਉੱਧਰੋਂ ਹੰਸ ਵੀ ਮੀਰਜ਼ਾਦੇ ਦੀ ਭਾਲ ਲਈ ਜੰਗਲ-ਜੰਗਲ, ਪਿੰਡ-ਪਿੰਡ ਉੱਡ ਰਿਹਾ ਸੀ। ਹੰਸ ਨੇ ਮੀਰਜ਼ਾਦੇ ਨੂੰ ਵੇਖਿਆ। ਭਾਵੇਂ ਮੀਰਜ਼ਾਦਾ ਬਹੁਤ ਲਿੱਸਾ ਹੋ ਗਿਆ ਸੀ ਪਰ ਹੰਸ ਨੇ ਉਸ ਨੂੰ ਪਛਾਣ ਲਿਆ। ਮੀਰਜ਼ਾਦੇ ਨੇ ਵੀ ਹੰਸ ਨੂੰ ਪਛਾਣ ਲਿਆ। ਹੰਸ ਨੇ ਮੀਰਜ਼ਾਦੇ ਨੂੰ ਸਬਜ਼-ਪਰੀ ਦੀ ਵਿਥਿਆ ਸੁਣਾਈ। ਮੀਰਜ਼ਾਦਾ ਹੰਸ ਦੇ ਖੰਭਾਂ ਉੱਤੇ ਬੈਠ ਕੇ ਸਬਜ਼-ਪਰੀ ਕੋਲ ਪੁੱਜਾ। ਦੋਵੇਂ ਮਿਲ ਕੇ ਬੜੇ ਖ਼ੁਸ਼ ਹੋਏ।

ਮੀਰਜ਼ਾਦਾ ਅਤੇ ਸਬਜ਼-ਪਰੀ ਹੰਸ ਦੀ ਮਦਦ ਨਾਲ ਰਾਤ ਨੂੰ ਰਾਜੇ ਤੋਂ ਚੋਰੀ, ਮਹਿਲ ਵਿੱਚੋਂ ਨਿਕਲ ਆਏ। ਆਪਣੇ ਸ਼ਹਿਰ ਦੇ ਨੇੜੇ ਪਹੁੰਚ ਕੇ ਮੀਰਜ਼ਾਦੇ ਨੇ ਹੰਸ ਨੂੰ ਵਿਦਾ ਕਰ ਦਿੱਤਾ। ਮੀਰਜ਼ਾਦੇ ਨੇ ਆਪਣੇ ਪਿਓ ਨੂੰ ਸੁਨੇਹਾ ਭੇਜਿਆ ਕਿ ਉਹ ਸਬਜ਼-ਪਰੀ ਵਿਆਹ ਕੇ ਲੈ ਆਇਆ ਹੈ, ਉਸ ਦੇ ਸੁਆਗਤ ਦਾ ਪ੍ਰਬੰਧ ਕੀਤਾ ਜਾਵੇ।

ਉਹ ਦੋਵੇਂ ਉੱਥੇ ਇੱਕ ਬਾਗ਼ ਵਿੱਚ ਅਰਾਮ ਕਰਨ ਲੱਗ ਪਏ। ਸਬਜ਼-ਪਰੀ ਨੂੰ ਪਿਆਸ ਲੱਗੀ। ਉਹ ਬਾਗ਼ ਵਿਚਲੇ ਖੂਹ 'ਤੇ ਪਾਣੀ ਪੀਣ ਗਈ। ਉੱਥੇ ਇੱਕ ਮਾਲਣ ਰਹਿੰਦੀ ਸੀ। ਮਾਲਣ ਬੜੀ ਚਲਾਕ ਸੀ। ਉਸ ਨੇ ਸਬਜ਼-ਪਰੀ ਨੂੰ ਪੁੱਛਿਆ ਕਿ ਉਹ ਕੌਣ ਹੈ। ਸਬਜ਼-ਪਰੀ ਨੇ ਜਦੋਂ ਉਸ ਨੂੰ ਦੱਸਿਆ ਕਿ ਉਹ ਮੀਰਜ਼ਾਦੇ ਦੀ ਪਤਨੀ ਹੈ ਤਾਂ ਮਾਲਣ ਨੇ ਉਸੇ ਵੇਲੇ ਇੱਕ ਸਾਜ਼ਸ਼ ਸੋਚ ਲਈ। ਉਸ ਨੇ ਸਬਜ਼-ਪਰੀ ਨੂੰ ਕਿਹਾ, "ਤੂੰ ਬੇਫ਼ਿਕਰ ਹੋ ਕੇ ਨ੍ਹਾ-ਧੋ ਲੈ, ਇੱਧਰ ਕੋਈ ਨਹੀਂ ਆਉਂਦਾ।"

ਜਦੋਂ ਸਬਜ਼-ਪਰੀ ਨ੍ਹਾਉਣ ਲੱਗੀ ਤਾਂ ਮਾਲਣ ਨੇ ਉਸ ਨੂੰ ਖੂਹ ਵਿੱਚ ਧੱਕਾ ਦੇ ਦਿੱਤਾ। ਸਬਜ਼-ਪਰੀ ਪਾਣੀ ਵਿੱਚ ਗੋਤੇ ਖਾਣ ਲੱਗੀ। ਮਾਲਣ ਨੇ ਉਸ ਦੇ ਕੱਪੜੇ ਪਹਿਨ ਲਏ ਅਤੇ ਉਹਦੇ ਵਾਂਗ ਹੀ ਹਾਰ-ਸ਼ਿੰਗਾਰ ਕਰ ਕੇ ਬਾਗ਼ ਵਿੱਚ ਮੀਰਜ਼ਾਦੇ ਕੋਲ ਆ ਗਈ। ਜਦੋਂ ਮੀਰਜ਼ਾਦੇ ਨੇ ਉਸ ਦੇ ਚਿਹਰੇ ਵੱਲ ਵੇਖਿਆ ਤਾਂ ਹੈਰਾਨ ਹੋ ਕੇ ਪੁੱਛਣ ਲੱਗਾ, "ਤੈਨੂੰ ਕੀ ਹੋ ਗਿਆ ? ਤੇਰਾ ਰੰਗ-ਰੂਪ ਕਿਉਂ ਬਦਲ ਗਿਆ ? " ਮਾਲਣ ਨੇ ਰੋਂਦਿਆਂ ਹੋਇਆਂ ਕਿਹਾ, "ਮੈਨੂੰ ਸੱਪ ਨੇ ਡੰਗ ਮਾਰ ਦਿੱਤਾ ਹੈ। ਸ਼ਾਇਦ ਉਸ ਦੇ ਜ਼ਹਿਰ ਨਾਲ ਹੀ ਮੇਰਾ ਰੰਗ ਕਾਲ਼ਾ ਹੋ ਗਿਆ। ਕੁਝ ਸਮੇਂ ਪਿੱਛੋਂ ਆਪੇ ਹੀ ਠੀਕ ਹੋ ਜਾਵੇਗਾ।"

ਮੀਰਜ਼ਾਦੇ ਨੂੰ ਕੁਝ ਸਮਝ ਨਾ ਪਈ। ਕੁਝ ਦੇਰ ਬਾਅਦ ਮੀਰਜ਼ਾਦੇ ਦਾ ਪਿਤਾ ਵਾਜਿਆਂ-ਗਾਜਿਆਂ ਨਾਲ਼ ਆਪਣੇ ਪੁੱਤਰ ਅਤੇ ਨੂੰਹ ਨੂੰ ਲੈਣ ਆ ਗਿਆ। ਲੋਕ ਸਬਜ਼-ਪਰੀ ਬਣੀ ਮਾਲਣ ਦੇ ਕੱਪੜਿਆਂ ਵੱਲ ਵੇਖ ਕੇ 'ਵਾਹ-ਵਾਹ' ਕਰਦੇ ਰਹੇ ਪਰ ਮੀਰਜ਼ਾਦਾ ਉਦਾਸ ਹੋ ਗਿਆ ਸੀ। ਉਸ ਨੂੰ ਸਬਜ਼-ਪਰੀ ਦਾ ਕੋਈ ਚਾਅ ਨਹੀਂ ਸੀ ਰਿਹਾ। ਇਸ ਤਰ੍ਹਾਂ ਦਿਨ ਬੀਤਦੇ ਗਏ।

ਇੱਕ ਦਿਨ ਮੀਰਜ਼ਾਦਾ ਉਸ ਬਾਗ਼ ਦੇ ਖੂਹ ਨੇੜੇ ਘੁੰਮ ਰਿਹਾ ਸੀ ਜਿੱਥੇ ਮਾਲਣ ਨੇ ਸਬਜ਼-ਪਰੀ ਨੂੰ ਖੂਹ ਵਿੱਚ ਧੱਕਾ ਦਿੱਤਾ ਸੀ। ਮੀਰਜ਼ਾਦੇ ਨੂੰ ਉੱਥੇ ਇੱਕ ਸੱਪ ਨਜ਼ਰ ਆਇਆ। ਮੀਰਜ਼ਾਦੇ ਨੇ ਸਮਝਿਆ ਕਿ ਇਹ ਉਹ ਸੱਪ ਹੈ ਜਿਸ ਨੇ ਸਬਜ਼-ਪਰੀ ਨੂੰ ਡੰਗਿਆ ਸੀ। ਸੱਪ ਤੇਜ਼ੀ ਨਾਲ਼ ਖੂਹ ਵੱਲ ਚਲਾ ਗਿਆ। ਮੀਰਜ਼ਾਦਾ ਜਦੋਂ ਖੂਹ ਕੋਲ਼ ਪੁੱਜਾ ਤਾਂ ਉਸ ਨੂੰ ਖੂਹ ਵਿੱਚ ਇੱਕ ਬੜਾ ਸੁੰਦਰ ਫੁੱਲ ਨਜ਼ਰ ਆਇਆ। ਜਦੋਂ ਮੀਰਜ਼ਾਦੇ ਨੇ ਫੁੱਲ ਤੋੜਨ ਲਈ ਹੱਥ ਵਧਾਇਆ ਤਾਂ ਫੁੱਲ ਨੀਵਾਂ ਹੋ ਗਿਆ। ਮੀਰਜ਼ਾਦਾ ਹਾਰ ਕੇ ਜਦੋਂ ਵਾਪਸ ਜਾਣ ਲੱਗਾ ਤਾਂ ਫੁੱਲ ਆਪਣੇ-ਆਪ ਹੀ ਉਸ ਦੇ ਹੱਥ ਵਿੱਚ ਆ ਗਿਆ। ਮੀਰਜ਼ਾਦਾ ਫੁੱਲ ਲੈ ਕੇ ਆਪਣੇ ਮਹਿਲਾਂ ਵਿੱਚ ਆ ਗਿਆ। ਜਦੋਂ ਮਾਲਣ ਨੇ ਇਹ ਅਲੌਕਿਕ ਫੁੱਲ ਵੇਖਿਆ ਤਾਂ ਸਮਝ ਗਈ ਕਿ ਇਹ ਸਬਜ਼-ਪਰੀ ਦਾ ਹੀ ਕੌਤਕ ਹੈ। ਉਹ ਉਸੇ ਵੇਲ਼ੇ ਸਿਰ ਫੜ ਕੇ ਬਹਿ ਗਈ ਤੇ ਲੱਗੀ ਜ਼ਾਰ-ਜ਼ਾਰ ਰੋਣ। ਮੀਰਜ਼ਾਦੇ ਦੇ ਪੁੱਛਣ 'ਤੇ ਕਹਿਣ ਲੱਗੀ, "ਇਸ ਫੁੱਲ ਨੂੰ ਵੇਖ ਕੇ ਮੇਰੇ ਸਿਰ ਵਿੱਚ ਬਹੁਤ ਪੀੜ ਹੋਣ ਲੱਗ ਪਈ ਹੈ। ਇਹ ਫੁੱਲ ਨਹਿਸ਼ ਹੈ। ਇਸ ਫੁੱਲ ਨੂੰ ਤੋੜ-ਮਰੋੜ ਕੇ ਦੂਰ ਜੰਗਲ਼ ਵਿੱਚ ਸੁੱਟ ਆਓ। ਮੀਰਜ਼ਾਦੇ ਨੇ ਉਵੇਂ ਹੀ ਕੀਤਾ।"

ਕੁਝ ਦਿਨਾਂ ਬਾਅਦ ਮੀਰਜ਼ਾਦਾ ਸ਼ਿਕਾਰ ਖੇਡਦਾ-ਖੇਡਦਾ ਜੰਗਲ਼ ਦੇ ਉਸ ਪਾਸੇ ਚਲਾ ਗਿਆ ਜਿੱਥੇ ਉਸ ਨੇ ਫੁੱਲ ਤਰੋੜ-ਮਰੋੜ ਕੇ ਸੁੱਟਿਆ ਸੀ। ਉਸ ਨੇ ਵੇਖਿਆ ਕਿ ਉਸ ਥਾਂ 'ਤੇ ਫੁੱਲਾਂ ਦਾ ਬੜਾ ਸੁੰਦਰ ਬਗ਼ੀਚਾ ਬਣਿਆ ਹੋਇਆ ਸੀ। ਉਹ ਉੱਥੇ ਥੋੜ੍ਹੀ ਦੇਰ ਹੀ ਬੈਠਾ ਸੀ ਕਿ ਉਹਦੀ ਅੱਖ ਲੱਗ ਗਈ। ਅਚਾਨਕ ਉਸ ਦੇ ਕੰਨਾਂ ਵਿੱਚ ਨੱਚਣ-ਗਾਉਣ ਦੀ ਅਵਾਜ਼ ਆਈ। ਉਹ ਉਸ ਅਵਾਜ਼ ਵਾਲ਼ੇ ਪਾਸੇ ਗਿਆ, ਕੀ ਵੇਖਦਾ ਹੈ ਕਿ ਉੱਥੇ ਬਹੁਤ ਸਾਰੀਆਂ ਪਰੀਆਂ ਨੱਚ ਰਹੀਆਂ ਹਨ। ਜਦੋਂ ਪਰੀਆਂ ਨੱਚ ਕੇ ਉੱਡਣ ਲੱਗੀਆਂ ਤਾਂ ਇੱਕ ਪਰੀ ਨੇ ਕਿਹਾ, "ਸਖੀਓ ! ਜਾਣ ਤੋਂ ਪਹਿਲਾਂ ਮੇਰੀ ਇੱਕ ਨਸੀਹਤ ਲੈ ਕੇ ਜਾਇਓ। ਕਦੀ ਵੀ ਆਦਮ-ਜ਼ਾਤ 'ਤੇ ਭਰੋਸਾ ਨਾ ਕਰਿਓ। ਇਹਨਾਂ ਨਾਲ਼ ਕਦੇ ਪਿਆਰ ਨਾ ਪਾਉਣਾ। ਇਹ ਬੜੇ ਧੋਖੇਬਾਜ਼ ਹੁੰਦੇ ਹਨ।"

ਮੀਰਜ਼ਾਦੇ ਨੇ ਅਵਾਜ਼ ਪਛਾਣ ਲਈ। ਇਹ ਤਾਂ ਸਬਜ਼-ਪਰੀ ਸੀ। ਉਹ ਦੌੜ ਕੇ ਉਸ ਕੋਲ਼ ਗਿਆ ਤੇ ਕਹਿਣ ਲੱਗਾ, "ਤੂੰ ਇੱਥੇ ਹੈਂ ਤਾਂ ਮੇਰੇ ਕੋਲ਼ ਕੌਣ ਰਹਿ ਰਿਹਾ ਹੈ ? " ਸਬਜ਼-ਪਰੀ ਕਹਿਣ ਲੱਗੀ, "ਮੈਂ ਤੇਰੇ ਪਿੱਛੇ ਆਪਣਾ ਦੇਸ ਅਤੇ ਸੁੱਖ-ਚੈਨ ਛੱਡਿਆ ਪਰ ਤੂੰ ਮਾਲਣ ਅਤੇ ਸਬਜ਼-ਪਰੀ ਵਿੱਚ ਫ਼ਰਕ ਹੀ ਨਹੀਂ ਸਮਝ ਸਕਿਆ। ਮੈਂ ਫੁੱਲ ਬਣ ਕੇ ਤੇਰੇ ਕੋਲ਼ ਆਈ ਪਰ ਤੂੰ ਮੈਨੂੰ ਤੋੜ-ਮਰੋੜ ਕੇ ਬਾਹਰ ਸੁੱਟ ਦਿੱਤਾ।" ਇਹ ਕਹਿੰਦਿਆਂ ਸਬਜ਼-ਪਰੀ ਨੇ ਆਪਣੀ ਦੁੱਖ-ਭਰੀ ਸਾਰੀ ਕਹਾਣੀ ਸੁਣਾਈ। ਮੀਰਜ਼ਾਦੇ ਨੂੰ ਬੜਾ ਗ਼ੁੱਸਾ ਚੜ੍ਹਿਆ। ਉਹ ਉਸੇ ਵੇਲ਼ੇ ਸਬਜ਼-ਪਰੀ ਨੂੰ ਮਹਿਲਾਂ ਵਿੱਚ ਲੈ ਆਇਆ। ਮਾਲਣ ਨੂੰ ਉਸ ਨੇ ਘਰੋਂ ਬਾਹਰ ਕੱਢ ਦਿੱਤਾ। ਫਿਰ ਉਹ ਸਬਜ਼-ਪਰੀ ਨਾਲ਼ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗਾ।

* * *

## ਅਭਿਆਸ

1. ਸੁਦਾਗਰ ਅਤੇ ਉਸ ਦੀ ਪਤਨੀ ਨੇ ਆਪਣੀ-ਆਪਣੀ ਸੁੱਖ-ਸਾਂਦ ਦੱਸਣ ਲਈ ਕਿਹੜਾ-ਕਿਹੜਾ ਢੰਗ ਲੱਭਿਆ ?
2. ਰਾਜੇ ਦੇ ਮਨ ਵਿੱਚ ਸੁਦਾਗਰ ਦੀ ਪਤਨੀ ਨੂੰ ਮਿਲ਼ਨ ਦੀ ਇੱਛਾ ਕਿਵੇਂ ਪੈਦਾ ਹੋਈ ?
3. ਰਾਜੇ ਨੇ ਸੁਦਾਗਰ ਦੀ ਪਤਨੀ ਨੂੰ ਪ੍ਰਾਪਤ ਕਰਨ ਲਈ ਕਿਹੜੇ-ਕਿਹੜੇ ਹੱਥ-ਕੰਡੇ ਵਰਤੇ ?
4. ਸੁਦਾਗਰ ਦੀ ਪਤਨੀ ਨੇ ਫਫੇ-ਕੁੱਟਣੀਆਂ ਅਤੇ ਠੱਗਾਂ ਨਾਲ਼ ਕਿਵੇਂ ਨਜਿੱਠਿਆ ?
5. 'ਨੀਲ-ਕਮਲ' ਕਹਾਣੀ ਵਿੱਚ ਸੁਦਾਗਰ ਦੀ ਪਤਨੀ ਦੀ ਸਿਆਣਪ ਕਿੱਥੇ ਪ੍ਰਗਟ ਹੁੰਦੀ ਹੈ।
6. ਵਜ਼ੀਰ ਨੇ ਕਿਹਾ, "ਰਾਜਾ ਸਾਹਿਬ ਨੇ ਕਿਸੇ ਦੇ ਵੀ ਘਰ ਨਾ ਜਾਣ ਦੀ ਕਸਮ ਖਾਧੀ ਹੋਈ ਹੈ।" ਨੀਲ-ਕਮਲ ਕਹਾਣੀ ਦੇ ਪ੍ਰਸੰਗ ਵਿੱਚ ਇਸ ਕਥਨ ਦਾ ਕੀ ਅਰਥ ਹੈ ?
7. 'ਨੀਲ-ਕਮਲ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

8. ਮੀਰਜ਼ਾਦਾ ਪਰੀਆਂ ਦੇ ਦੇਸ ਕਿਵੇਂ ਪਹੁੰਚਦਾ ਹੈ ?

9. ਮੀਰਜ਼ਾਦਾ ਤੇ ਸਬਜ਼-ਪਰੀ ਕਿਵੇਂ ਮਿਲਦੇ ਤੇ ਫਿਰ ਕਿਵੇਂ ਵਿੱਛੜਦੇ ਹਨ ?

10. ਮੀਰਜ਼ਾਦੇ ਨੂੰ ਹੰਸ ਕਿਵੇਂ ਮਿਲ਼ਿਆ ਅਤੇ ਹੰਸ ਮੀਰਜ਼ਾਦੇ ਲਈ ਕਿਵੇਂ ਮਦਦਗਾਰ ਬਣਿਆ ?

11. ਮਾਲਣ ਨੇ ਸਬਜ਼-ਪਰੀ ਨਾਲ਼ ਕਿਵੇਂ ਧੋਖਾ ਕੀਤਾ ?

12. ਮੀਰਜ਼ਾਦੇ ਤੋਂ ਵਿੱਛੜ ਕੇ ਸਬਜ਼-ਪਰੀ ਨੇ ਉਸ ਨੂੰ ਮੁੜ ਕਿਵੇਂ ਲੱਭਿਆ ?

13. 'ਸਬਜ਼-ਪਰੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਨੀਤੀ-ਕਥਾਵਾਂ

ਉਹ ਕਥਾਵਾਂ ਜਿਨ੍ਹਾਂ ਰਾਹੀਂ ਸ੍ਰੋਤਿਆਂ ਜਾਂ ਪਾਠਕਾਂ ਨੂੰ ਜੀਵਨ ਵਿੱਚ ਕੰਮ ਆਉਣ ਵਾਲ਼ੀਆਂ ਨੀਤੀਆਂ, ਜੁਗਤਾਂ ਤੇ ਚਾਲਾਂ ਸਮਝਾਉਣ ਦਾ ਜਤਨ, ਹੋਵੇ ਉਹ ਨੀਤੀ-ਕਥਾਵਾਂ ਕਹਾਉਂਦੀਆਂ ਹਨ। ਜਿਵੇਂ ਲੋਕ-ਸਾਹਿਤ ਦਾ ਇੱਕ ਅੰਗ ਲੋਕ-ਕਹਾਣੀਆਂ ਹਨ, ਤਿਵੇਂ ਲੋਕ-ਕਹਾਣੀਆਂ ਦਾ ਇੱਕ ਅੰਗ ਨੀਤੀ-ਕਥਾਵਾਂ ਹਨ। ਨੀਤੀ-ਕਥਾਵਾਂ ਵਿੱਚ ਸਿੱਖਿਆ ਜਾਂ ਉਪਦੇਸ਼ ਨੂੰ ਸਿੱਧੇ ਤੌਰ 'ਤੇ ਦੇਣ ਦੀ ਥਾਂ ਕਹਾਣੀ ਵਿੱਚ ਪਰੋ ਕੇ ਦਿੱਤਾ ਜਾਂਦਾ ਹੈ। ਨੀਤੀ-ਕਥਾਵਾਂ ਵਿੱਚ ਕਹਾਣੀ-ਰਸ ਪ੍ਰਧਾਨ ਹੋਣ ਕਾਰਨ ਇਹ ਮਨੋਰੰਜਕ ਹੁੰਦੀਆਂ ਹਨ। ਇਹਨਾਂ ਕਥਾਵਾਂ ਵਿੱਚ ਵਿਚਿੱਤਰਤਾ ਅਤੇ ਵਾਸਤਵਿਕਤਾ ਦਾ ਬੜਾ ਸੁੰਦਰ ਮੇਲ਼ ਹੁੰਦਾ ਹੈ।

ਨੀਤੀ-ਕਥਾਵਾਂ ਦੇ ਪ੍ਰਾਚੀਨ ਗ੍ਰੰਥਾਂ,'ਪੰਚ-ਤੰਤਰ' ਅਤੇ 'ਹਿਤੋ-ਉਪਦੇਸ਼' ਵਿੱਚ ਸ਼ਾਮਲ ਕਹਾਣੀਆਂ ਨੂੰ ਪੰਜਾਬ ਦੀਆਂ ਨੀਤੀ-ਕਥਾਵਾਂ ਹੀ ਮੰਨਿਆਂ ਜਾਂਦਾ ਹੈ। 'ਕਥਾ ਸਾਹਿਤ ਸਾਗਰ' ਨਾਂ ਦਾ ਗ੍ਰੰਥ ਵੀ ਅਜਿਹੀਆਂ ਕਥਾਵਾਂ ਦਾ ਭੰਡਾਰ ਹੈ।

ਨੀਤੀ-ਕਥਾਵਾਂ ਦਾ ਮੁੱਖ ਲੱਛਣ ਇਹ ਹੈ ਕਿ ਇਹਨਾਂ ਦੇ ਪਾਤਰ ਜਿੱਥੇ ਮਨੁੱਖ ਹਨ; ਉੱਥੇ ਪਸ਼ੂ, ਪੰਛੀ ਅਤੇ ਬੇਜਾਨ ਵਸਤਾਂ ਵੀ ਹਨ। ਇਹ ਮਨੁੱਖਾਂ ਵਾਂਗ ਬੋਲਦੇ, ਕਾਰਜ ਕਰਦੇ, ਰਿਸ਼ਤੇ ਬਣਾਉਂਦੇ, ਦੁਸ਼ਮਣੀਆਂ ਪਾਲ਼ਦੇ ਅਤੇ ਮਿੱਤਰਤਾ ਨਿਭਾਉਂਦੇ ਹਨ। ਇਸ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਮੂਲ ਤੌਰ 'ਤੇ ਰਾਜ-ਘਰਾਣੇ ਦੇ ਬੱਚਿਆਂ, ਭਾਵ ਰਾਜਕੁਮਾਰਾਂ ਨੂੰ ਰਾਜਨੀਤੀ ਸਿਖਾਉਣ ਲਈ ਇਹ ਕਥਾਵਾਂ ਘੜੀਆਂ ਗਈਆਂ ਸਨ। ਇਸੇ ਲਈ ਇਹਨਾਂ ਵਿੱਚ ਪਸ਼ੂ-ਪੰਛੀਆਂ ਆਦਿ ਦੇ ਮਾਧਿਅਮ ਰਾਹੀਂ ਮਨੁੱਖੀ-ਸੁਭਾਅ ਦੀਆਂ ਬਰੀਕੀਆਂ ਸਮਝਾਈਆਂ ਗਈਆਂ ਹਨ। ਕਈਆਂ ਥਾਂਵਾਂ 'ਤੇ ਨੀਤੀ-ਸੂਤਰ ਕਹਾਣੀ ਦੇ ਅੰਤ ਵਿੱਚ ਸਪਸ਼ਟ ਰੂਪ ਵਿੱਚ ਦਿੱਤਾ ਹੁੰਦਾ ਹੈ। ਆਮ ਤੌਰ 'ਤੇ ਇਹ ਸੂਤਰ ਸ਼ੁਰੂ ਤੋਂ ਹੀ ਉੱਘੜਨਾ ਸ਼ੁਰੂ ਹੋ ਜਾਂਦਾ ਹੈ।

ਇਹਨਾਂ ਕਥਾਵਾਂ ਰਾਹੀਂ ਸਮਝਾਈਆਂ ਕਈ ਨੀਤੀਆਂ ਅਜੋਕੇ ਸਮੇਂ ਦੇ ਪ੍ਰਸੰਗ ਵਿੱਚ ਵੇਖਿਆਂ ਸਰਲ ਜਾਂ ਵਕਤ ਵਿਹਾ ਚੁੱਕੀਆਂ ਵੀ ਜਾਪ ਸਕਦੀਆਂ ਹਨ ਪਰ ਇਹਨਾਂ ਨੂੰ ਮੱਧ-ਕਾਲ ਦੀਆਂ ਪਰਿਸਥਿਤੀਆਂ ਵਿੱਚ ਰੱਖ ਕੇ ਵੇਖਿਆ ਜਾਵੇ ਤਾਂ ਇਹ ਓੜਕ ਦੀਆਂ ਪ੍ਰਭਾਵਸ਼ਾਲੀ ਜਾਪਦੀਆਂ ਹਨ। ਪੰਜਾਬੀ ਦੀਆਂ ਨੀਤੀ-ਕਥਾਵਾਂ ਦਾ ਰੰਗ ਸਿੱਧੇ-ਅਸਿੱਧੇ ਰੂਪ ਵਿੱਚ ਸਾਡੇ ਅਜੋਕੇ ਬਾਲ-ਸਾਹਿਤ ਉੱਤੇ ਵੀ ਪਿਆ ਹੈ। ਆਮ ਜ਼ਿੰਦਗੀ ਵਿੱਚ ਵੀ ਟੋਟਕਿਆਂ ਅਤੇ ਹਵਾਲਿਆਂ ਵਜੋਂ ਇਹ ਨੀਤੀ-ਕਥਾਵਾਂ ਵਰਤੀਆਂ ਜਾਂਦੀਆਂ ਹਨ।

ਇਸ ਪਾਠ-ਪੁਸਤਕ ਲਈ 'ਲਾਲਸਾ ਦੀ ਚੱਕੀ' ਨਾਂ ਦੀ ਨੀਤੀ-ਕਥਾ ਵੰਨਗੀ ਵਜੋਂ ਚੁਣੀ ਗਈ ਹੈ।

# ਲਾਲਸਾ ਦੀ ਚੱਕੀ

ਇੱਕ ਸ਼ਹਿਰ ਵਿੱਚ ਇੱਕ ਬੰਦਾ ਰਹਿੰਦਾ ਸੀ। ਉਹ ਬੜਾ ਲਾਲਚੀ ਸੀ। ਉਸ ਨੇ ਸੁਣਿਆ ਕਿ ਜੇ ਸਾਧੂ-ਸੰਤਾਂ ਦੀ ਸੇਵਾ ਕਰੀਏ ਤਾਂ ਬੜਾ ਧਨ ਪ੍ਰਾਪਤ ਹੁੰਦਾ ਹੈ। ਇਹ ਸੋਚ ਕੇ ਉਸ ਨੇ ਸਾਧਾਂ-ਸੰਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇੱਕ ਵਾਰ ਦੀ ਗੱਲ ਹੈ ਕਿ ਉਸ ਦੇ ਘਰ ਬੜੀ ਕਰਨੀ ਵਾਲ਼ੇ ਇੱਕ ਸੰਤ ਆਏ। ਉਹਨਾਂ ਨੇ ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਸ ਨੂੰ ਚਾਰ ਦੀਵੇ ਦਿੱਤੇ ਅਤੇ ਕਿਹਾ, "ਇਹਨਾਂ ਵਿੱਚੋਂ ਇੱਕ ਦੀਵਾ ਬਾਲ਼ ਕੇ ਪੂਰਬ ਦਿਸ਼ਾ ਵੱਲ ਤੁਰ ਪੈਣਾ। ਜਿੱਥੇ ਦੀਵਾ ਬੁਝ ਜਾਵੇ, ਉੱਥੋਂ ਧਰਤੀ ਪੁੱਟ ਲੈਣਾ, ਉੱਥੋਂ ਤੈਨੂੰ ਕਾਫ਼ੀ ਧਨ ਮਿਲ ਜਾਵੇਗਾ। ਜੇ ਫਿਰ ਤੈਨੂੰ ਦੌਲਤ ਦੀ ਲੋੜ ਪਵੇ ਤਾਂ ਦੂਜਾ ਦੀਵਾ ਬਾਲ਼ ਕੇ ਪੱਛਮ ਵੱਲ ਨੂੰ ਤੁਰ ਪੈਣਾ। ਜਿੱਥੇ ਦੀਵਾ ਬੁਝੇ ਤਾਂ ਉੱਥੇ ਜ਼ਮੀਨ ਪੁੱਟ ਲੈਣਾ, ਤੈਨੂੰ ਮਨ-ਚਾਹੀ ਮਾਇਆ ਮਿਲ਼ੇਗੀ। ਜੇ ਫਿਰ ਵੀ ਸੰਤੁਸ਼ਟੀ ਨਾ ਹੋਵੇ ਤਾਂ ਤੀਜਾ ਦੀਵਾ ਬਾਲ਼ ਕੇ ਦੱਖਣ ਵੱਲ ਨੂੰ ਜਾਣਾ। ਉਸੇ ਤਰ੍ਹਾਂ ਦੀਵਾ ਬੁਝਣ 'ਤੇ ਜਦੋਂ ਤੂੰ ਜ਼ਮੀਨ ਪੁੱਟੇਂਗਾ ਤਾਂ ਤੈਨੂੰ ਬੇਓੜਕ ਧਨ ਮਿਲ਼ੇਗਾ। ਤਦ ਤੇਰੇ ਕੋਲ਼ ਕੇਵਲ ਇੱਕ ਦੀਵਾ ਬਚ ਜਾਵੇਗਾ ਅਤੇ ਇੱਕ ਉੱਤਰ ਦੀ ਦਿਸ਼ਾ ਰਹਿ ਜਾਵੇਗੀ। ਤੂੰ ਇਹ ਦੀਵਾ ਨਹੀਂ ਬਾਲਣਾ ਅਤੇ ਨਾ ਹੀ ਇਸ ਨੂੰ ਉੱਤਰ ਵੱਲ ਲੈ ਕੇ ਜਾਣਾ।"

ਇਹ ਕਹਿ ਕੇ ਸੰਤ ਚਲੇ ਗਏ। ਉਹ ਲਾਲਚੀ ਬੰਦਾ ਉਸੇ ਵੇਲ਼ੇ ਪਹਿਲਾ ਦੀਵਾ ਬਾਲ਼ ਕੇ ਪੂਰਬ ਦਿਸ਼ਾ ਵੱਲ ਤੁਰ ਪਿਆ। ਦੂਰ ਜੰਗਲ਼ ਵਿੱਚ ਜਾ ਕੇ ਦੀਵਾ ਬੁਝ ਗਿਆ। ਉਸ ਬੰਦੇ ਨੇ ਉਹ ਥਾਂ ਪੁੱਟੀ ਤੇ ਉਸ ਨੂੰ ਪੈਸਿਆਂ ਨਾਲ਼ ਭਰੀ ਇੱਕ ਗਾਗਰ ਮਿਲ਼ੀ। ਉਹ ਬੜਾ ਖ਼ੁਸ਼ ਹੋਇਆ। ਉਸ ਨੇ ਸੋਚਿਆ ਕਿ ਇਸ ਗਾਗਰ ਨੂੰ ਅੱਜੇ ਇੱਥੇ ਹੀ ਰਹਿਣ ਦਿੰਦਾ ਹਾਂ, ਫਿਰ ਲੈ ਜਾਵਾਂਗਾ। ਪਹਿਲਾਂ ਮੈਨੂੰ ਛੇਤੀ ਪੱਛਮ ਦਿਸ਼ਾ ਵਾਲ਼ਾ ਧਨ ਵੇਖ ਲੈਣਾ ਚਾਹੀਦਾ ਹੈ। ਇਹ ਸੋਚ ਕੇ ਉਸ ਨੇ ਦੂਜੇ ਦਿਨ ਦੂਜਾ ਦੀਵਾ ਬਾਲ਼ਿਆ ਤੇ ਪੱਛਮ ਦਿਸ਼ਾ ਵੱਲ ਤੁਰ ਪਿਆ। ਦੂਰ ਇੱਕ ਉਜਾੜ ਥਾਂ ਦੀਵਾ ਜਾ ਬੁਝਿਆ। ਉੱਥੇ ਉਸ ਬੰਦੇ ਨੇ ਧਰਤੀ ਪੁੱਟੀ ਤਾਂ ਸੋਨੇ ਦੀਆਂ ਮੋਹਰਾਂ ਨਾਲ਼ ਭਰਿਆ ਇੱਕ ਘੜਾ ਮਿਲ਼ਿਆ। ਉਸ ਨੇ ਉਸ ਘੜੇ ਨੂੰ ਵੀ ਇਹ ਸੋਚ ਕੇ ਉੱਥੇ ਰਹਿਣ ਦਿੱਤਾ ਕਿ ਪਹਿਲਾਂ ਦੱਖਣ ਵੱਲ ਜਾ ਕੇ ਵੇਖ ਲੈਣਾ ਚਾਹੀਦਾ ਹੈ। ਛੇਤੀ ਤੋਂ ਛੇਤੀ ਵੱਧ ਤੋਂ ਵੱਧ ਧਨ ਪ੍ਰਾਪਤ ਕਰਨ ਲਈ ਉਹ ਬੇਚੈਨ ਹੋ ਗਿਆ ਸੀ।

ਅਗਲੇ ਦਿਨ ਉਹ ਦੱਖਣ ਦਿਸ਼ਾ ਵੱਲ ਚੱਲ ਪਿਆ। ਦੀਵਾ ਇੱਕ ਮੈਦਾਨ ਵਿੱਚ ਜਾ ਕੇ ਬੁਝ ਗਿਆ। ਉਸ ਨੇ ਉੱਥੇ ਧਰਤੀ ਪੁੱਟੀ ਤਾਂ ਉਸ ਨੂੰ ਹੀਰੇ-ਮੋਤੀਆਂ ਨਾਲ਼ ਭਰੀਆਂ ਦੋ ਪੇਟੀਆਂ ਨਜ਼ਰ ਆਈਆਂ। ਹੀਰੇ ਮੋਤੀਆਂ ਨਾਲ਼ ਭਰੀਆਂ ਪੇਟੀਆਂ ਦੇਖ ਕੇ ਉਸ ਲਾਲਚੀ ਆਦਮੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਤਦ ਉਹ ਸੋਚਣ ਲੱਗਾ ਕਿ ਜੇ ਇਹਨਾਂ ਤਿੰਨਾਂ ਦਿਸ਼ਾਵਾਂ ਵਿੱਚ ਇਤਨਾ ਧਨ ਪਿਆ ਹੈ ਤਾਂ ਚੌਥੀ ਦਿਸ਼ਾ ਵਿੱਚ ਤਾਂ ਇਸ ਤੋਂ ਵੀ ਵੱਧ ਦੌਲਤ ਹੋਵੇਗੀ। ਫਿਰ ਉਸ ਦੇ ਮਨ ਵਿੱਚ ਖ਼ਿਆਲ ਆਇਆ ਕਿ ਸੰਤਾਂ ਨੇ ਤਾਂ ਉਸ ਨੂੰ ਚੌਥੀ ਦਿਸ਼ਾ ਵੱਲ ਜਾਣ ਤੋਂ ਰੋਕਿਆ ਸੀ। ਦੂਜੇ ਹੀ ਪਲ ਉਸ ਦੇ ਮਨ ਨੇ ਕਿਹਾ, "ਹੋ ਸਕਦਾ ਹੈ, ਉਹ ਦੌਲਤ ਸੰਤ ਆਪ ਰੱਖਣੀ ਚਾਹੁੰਦੇ ਹੋਣ। ਮੈਨੂੰ ਛੇਤੀ ਉਸ 'ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ।" ਹੋਰ-ਹੋਰ ਧਨ ਪ੍ਰਾਪਤ ਕਰਨ ਦੇ ਲਾਲਚ ਨੇ ਉਸ ਨੂੰ ਸੰਤਾਂ ਦੇ ਬਚਨਾਂ ਬਾਰੇ ਮੁੜ ਸੋਚਣ ਹੀ ਨਾ ਦਿੱਤਾ।

ਅਗਲੇ ਦਿਨ ਸਵੇਰੇ ਹੀ ਉਸ ਨੇ ਚੌਥਾ ਦੀਵਾ ਬਾਲ਼ਿਆ ਤੇ ਕਾਹਲ਼ੀ-ਕਾਹਲ਼ੀ ਉੱਤਰ ਵੱਲ ਚੱਲ ਪਿਆ। ਦੂਰ ਅੱਗੇ ਇੱਕ ਮਹਿਲ ਕੋਲ਼ ਜਾ ਕੇ ਦੀਵਾ ਬੁਝ ਗਿਆ। ਮਹਿਲ ਦਾ ਦਰਵਾਜ਼ਾ ਬੰਦ ਸੀ। ਉਸ ਨੇ ਦਰਵਾਜ਼ੇ ਨੂੰ ਧੱਕਾ ਦਿੱਤਾ ਤਾਂ ਦਰਵਾਜ਼ਾ ਖੁੱਲ੍ਹ ਗਿਆ। ਉਹ ਬੜਾ ਖ਼ੁਸ਼ ਹੋਇਆ। ਉਸ ਨੇ ਮਨ ਹੀ ਮਨ ਸੋਚਿਆ ਕਿ ਇਹ ਮਹਿਲ ਉਸ ਲਈ ਹੀ ਹੈ। ਉਹ ਹੁਣ ਪਹਿਲੀਆਂ ਤਿੰਨ ਦਿਸ਼ਾਵਾਂ ਵਿੱਚ ਲੱਭੀ ਦੌਲਤ ਨੂੰ ਵੀ ਇੱਥੇ ਲਿਆ ਕੇ ਰੱਖ ਲਵੇਗਾ ਤੇ ਐਸ਼ ਕਰੇਗਾ।

ਉਹ ਬੰਦਾ ਮਹਿਲ ਦੇ ਇੱਕ-ਇੱਕ ਕਮਰੇ ਵਿੱਚ ਗਿਆ। ਕੋਈ ਕਮਰਾ ਹੀਰੇ ਮੋਤੀਆਂ ਨਾਲ਼ ਭਰਿਆ ਹੋਇਆ ਸੀ। ਕਿਸੇ ਕਮਰੇ ਵਿੱਚ ਸੋਨੇ ਦੇ ਕੀਮਤੀ ਤੋਂ ਕੀਮਤੀ ਗਹਿਣੇ ਭਰੇ ਪਏ ਸਨ। ਇਸੇ ਤਰ੍ਹਾਂ ਹੋਰ ਕਮਰੇ ਵੀ ਬੇਅੰਤ ਧਨ-ਦੌਲਤ ਨਾਲ਼ ਭਰੇ ਪਏ ਸਨ। ਇਹ ਸਭ ਦੇਖ ਉਹ ਬੰਦਾ ਚਕਾ-ਚੌਂਧ ਹੋਈ ਜਾਂਦਾ ਅਤੇ ਆਪਣੇ ਚੰਗੇ ਭਾਗਾਂ ਨੂੰ ਸਲਾਹੁੰਦਾ ਹੋਇਆ ਜ਼ਰਾ ਹੋਰ ਅੱਗੇ ਵਧਿਆ ਤਾਂ ਉਸ ਨੂੰ ਇੱਕ ਕਮਰੇ ਵਿੱਚ ਚੱਕੀ ਚੱਲਣ ਦੀ ਅਵਾਜ਼ ਸੁਣਾਈ ਦਿੱਤੀ। ਉਹ ਉਸ ਕਮਰੇ ਵਿੱਚ ਦਾਖ਼ਲ ਹੋਇਆ ਤਾਂ ਦੇਖਿਆ ਕਿ ਇੱਕ ਬੁੱਢਾ ਆਦਮੀ ਚੱਕੀ ਚਲਾ ਰਿਹਾ ਹੈ। ਲਾਲਚੀ ਬੰਦੇ ਨੇ ਬੁੱਢੇ ਨੂੰ ਕਿਹਾ ਕਿ ਤੂੰ ਇੱਥੇ ਕਿਵੇਂ ਪੁੱਜਾ। ਬੁੱਢੇ ਨੇ ਕਿਹਾ, "ਇੰਞ ਕਰ, ਜ਼ਰਾ ਇਹ ਚੱਕੀ ਚਲਾ, ਮੈਂ ਸਾਹ ਲੈ ਕੇ ਤੈਨੂੰ ਦੱਸਦਾ ਹਾਂ।" ਲਾਲਚੀ ਬੰਦੇ ਨੇ ਚੱਕੀ ਚਲਾਉਣੀ ਸ਼ੁਰੂ ਕਰ ਦਿੱਤੀ। ਬੁੱਢਾ ਚੱਕੀ ਤੋਂ ਹਟ ਕੇ ਉੱਚੀ-ਉੱਚੀ ਹੱਸਣ ਲੱਗਾ। ਲਾਲਚੀ ਬੰਦਾ ਉਸ ਵੱਲ ਹੈਰਾਨੀ ਨਾਲ਼ ਵੇਖਣ ਲੱਗਾ। ਉਹ ਚੱਕੀ ਬੰਦ ਕਰਨ ਹੀ ਲੱਗਿਆ ਸੀ ਕਿ ਬੁੱਢੇ ਨੇ ਉਸ ਨੂੰ ਖ਼ਬਰਦਾਰ ਕਰਦੇ ਹੋਏ ਕਿਹਾ, "ਨਾ-ਨਾ, ਚੱਕੀ ਬੰਦ ਨਾ ਕਰੀਂ।" ਫਿਰ ਬੁੱਢੇ ਨੇ ਕਿਹਾ, "ਇਹ ਮਹਿਲ ਹੁਣ ਤੇਰਾ ਹੈ ਪਰ ਇਹ ਉਤਨੀ ਦੇਰ ਹੀ ਖੜ੍ਹਾ ਰਹੇਗਾ ਜਿਤਨੀ ਦੇਰ ਤੂੰ ਚੱਕੀ ਚਲਾਉਂਦਾ ਰਹੇਂਗਾ। ਜੇ ਚੱਕੀ ਚੱਲਣੀ ਬੰਦ ਹੋ ਗਈ ਤਾਂ ਮਹਿਲ ਡਿਗ ਪਵੇਗਾ ਤੇ ਤੂੰ ਵੀ ਇਸ ਥੱਲੇ ਦਬ ਕੇ ਮਰ ਜਾਵੇਂਗਾ।" ਕੁਝ ਪਲ ਰੁਕ ਕੇ ਬੁੱਢਾ ਫਿਰ ਕਹਿਣ ਲੱਗਾ, "ਮੈਂ ਵੀ ਤੇਰੇ ਵਾਂਗ ਲਾਲਚ ਕਰਕੇ ਸੰਤਾਂ ਦੀ ਗੱਲ ਨਹੀਂ ਸੀ ਮੰਨੀ ਤੇ ਮੇਰੀ ਸਾਰੀ ਜੁਆਨੀ ਇਹ ਚੱਕੀ ਚਲਾਉਂਦਿਆਂ ਹੀ ਬੀਤ ਗਈ।"

ਉਹ ਲਾਲਚੀ ਆਦਮੀ ਬੁੱਢੇ ਦੀ ਗੱਲ ਸੁਣ ਕੇ ਰੋਣ ਲੱਗ ਪਿਆ। ਫਿਰ ਕਹਿਣ ਲੱਗਾ, "ਹੁਣ ਮੇਰਾ ਛੁਟਕਾਰਾ ਕਿਵੇਂ ਹੋਵੇਗਾ ?" ਬੁੱਢੇ ਨੇ ਕਿਹਾ, "ਜਦੋਂ ਮੇਰੇ ਅਤੇ ਤੇਰੇ ਵਾਂਗ ਕੋਈ ਹੋਰ ਲਾਲਚ ਵਿੱਚ ਅੰਨ੍ਹਾ ਹੋਇਆ ਬੰਦਾ ਇੱਥੇ ਆਵੇਗਾ।" ਤਦ ਉਸ ਲਾਲਚ ਆਦਮੀ ਨੇ ਬੁੱਢੇ ਨੂੰ ਆਖ਼ਰੀ ਸਵਾਲ ਪੁੱਛਿਆ, "ਤੂੰ ਹੁਣ ਬਾਹਰ ਜਾ ਕੇ ਕੀ ਕਰੇਂਗਾ ?"

ਬੁੱਢੇ ਨੇ ਕਿਹਾ, "ਮੈਂ ਸਭ ਲੋਕਾਂ ਨੂੰ ਉੱਚੀ-ਉੱਚੀ ਕਹਾਂਗਾ—ਲਾਲਚ ਬੁਰੀ ਬਲਾ ਹੈ।"

## ਅਭਿਆਸ

1. ਲਾਲਚੀ ਬੰਦੇ ਨੇ ਸਾਧੂ-ਸੰਤਾਂ ਦੀ ਸੇਵਾ ਕਿਹੜੇ ਮਨਸ਼ਾ ਨਾਲ ਕਰਨੀ ਸ਼ੁਰੂ ਕੀਤੀ ?
2. ਲਾਲਚੀ ਬੰਦਾ ਬੇਸਬਰੀ ਨਾਲ ਇੱਕ ਤੋਂ ਪਿੱਛੋਂ ਦੂਜੀ ਦਿਸ਼ਾ ਵੱਲ ਦੀਵਾ ਬਾਲ ਕੇ ਕਿਉਂ ਤੁਰ ਪੈਂਦਾ ਸੀ ?
3. ਉੱਤਰ ਅਤੇ ਦੱਖਣ ਦਿਸ਼ਾ ਵਿੱਚ ਲਾਲਚੀ ਬੰਦੇ ਨੂੰ ਕੀ ਕੁਝ ਮਿਲਿਆ ?
4. ਲਾਲਚੀ ਬੰਦੇ ਨੇ ਸੰਤਾਂ ਦੇ ਬਚਨਾਂ ਦੀ ਅਵੱਗਿਆ ਕਿਉਂ ਕੀਤੀ ?
5. ਲਾਲਚੀ ਬੰਦਾ ਚੱਕੀ ਵਾਲੀ ਕੋਠੜੀ ਤੱਕ ਕਿਵੇਂ ਅੱਪੜ ਗਿਆ ?
6. ਧਨ-ਦੌਲਤ ਨਾਲ ਭਰੇ ਮਹਿਲ ਨੂੰ ਪ੍ਰਾਪਤ ਕਰਕੇ ਲਾਲਚੀ ਬੰਦਾ ਕਿਉਂ ਰੋ ਪਿਆ ?
7. 'ਲਾਲਸਾ ਦੀ ਚੱਕੀ' ਨਾਂ ਦੀ ਕਥਾ ਕਿਹੜੀ ਜੀਵਨ-ਨੀਤੀ ਨੂੰ ਦ੍ਰਿੜ੍ਹਾਉਂਦੀ ਹੈ ?

# ਦੰਤ-ਕਥਾਵਾਂ

'ਦੰਤ-ਕਥਾਵਾਂ' ਲੋਕ-ਕਥਾਵਾਂ, ਸਾਹਿਤ ਦਾ ਬਹੁਤ ਰੋਚਕ ਅਤੇ ਵਚਿੱਤਰ ਰੂਪ ਹੈ। ਪੰਜਾਬੀ ਲੋਕ-ਸਾਹਿਤ ਵਿੱਚ ਦੰਤ-ਕਥਾਵਾਂ ਦਾ ਵੱਡਾ ਖ਼ਜ਼ਾਨਾ ਹੈ।

ਦੰਤ-ਕਥਾ ਇਤਿਹਾਸ ਅਤੇ ਗਲਪ ਦਾ ਸੁਮੇਲ ਹੁੰਦੀ ਹੈ। ਦੰਤ-ਕਥਾ ਦੀ ਕਹਾਣੀ ਦਾ ਆਧਾਰ ਇਤਿਹਾਸ ਦਾ ਕੋਈ ਤੱਥ ਹੁੰਦਾ ਹੈ। ਉਹ ਤੱਥ ਲੋਕ-ਮਨ ਨੂੰ ਟੁੰਬਦਾ ਹੈ ਅਤੇ ਫਿਰ ਉਸ ਦੁਆਲ਼ੇ ਹੌਲ਼ੀ-ਹੌਲ਼ੀ ਗਲਪ ਦੀ ਚਾਸ਼ਨੀ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਪੀੜ੍ਹੀ-ਦਰ-ਪੀੜ੍ਹੀ ਦੰਤ-ਕਥਾ ਦੀ ਕਹਾਣੀ ਸੁਣੀ-ਸੁਣਾਈ ਜਾਂਦੀ ਹੈ। ਨਾਲ਼ੋ-ਨਾਲ਼ ਲੋਕ ਆਪਣੀ ਕਲਪਨਾ ਨਾਲ਼ ਇਸ ਕਹਾਣੀ ਵਿੱਚ ਵਾਧੇ-ਘਾਟੇ ਕਰਦੇ ਜਾਂਦੇ ਹਨ। ਇਸ ਤਰ੍ਹਾਂ ਮੂਲ ਕਹਾਣੀ ਨਾਲ਼ ਜੋੜ-ਤੋੜ ਕੇ ਲੋਕ-ਮਨਾਂ ਨੇ ਜਿਹੜਾ ਨਵਾਂ ਸਰੂਪ ਉਸ ਕਹਾਣੀ ਨੂੰ ਬਖ਼ਸ਼ਿਆ ਹੁੰਦਾ ਹੈ, ਉਹ ਲੋਕਾਂ ਦੇ ਭਾਵਾਂ, ਕਲਪਨਾਵਾਂ, ਵਿਸ਼ਵਾਸਾਂ ਅਤੇ ਆਦਰਸ਼ਾਂ ਦਾ ਪ੍ਰਗਟਾਵਾ ਹੋਣ ਕਾਰਨ ਮਹੱਤਵਪੂਰਨ ਹੁੰਦਾ ਹੈ।

ਹਰ ਯੁੱਗ ਦੀਆਂ ਪ੍ਰਧਾਨ ਰੁਚੀਆਂ ਮੁਤਾਬਕ ਦੰਤ-ਕਥਾਵਾਂ ਬਣੀਆਂ ਹੋਈਆਂ ਹਨ। ਇਸ ਕਾਰਨ ਹੀ ਪੰਜਾਬੀ ਦੀਆਂ ਦੰਤ-ਕਥਾਵਾਂ ਅਨੇਕ-ਭਾਂਤੀ ਹਨ। ਪ੍ਰੇਮ-ਭਾਵ ਨੂੰ ਉਜਾਗਰ ਕਰਦੀਆਂ ਦੰਤ-ਕਥਾਵਾਂ ਸਾਡੀਆਂ ਪ੍ਰੀਤ-ਕਹਾਣੀਆਂ ਹਨ। ਜੋਗ ਮਤ ਦੇ ਪ੍ਰਭਾਵ ਹੇਠ ਗੋਪੀ ਨਾਥ, ਭਰਥਰੀ ਹਰੀ, ਗੋਰਖ ਨਾਥ, ਪੂਰਨ ਜੋਗੀ ਜਿਹੀਆਂ ਦੰਤ-ਕਥਾਵਾਂ ਪ੍ਰਚਲਿਤ ਹੋਈਆਂ ਹਨ। ਬੀਰ-ਭਾਵਨਾ ਨੂੰ ਉਜਾਗਰ ਕਰਦੀਆਂ ਰਾਜਾ ਰਸਾਲੂ ਅਤੇ ਦੁੱਲਾ ਭੱਟੀ ਜਿਹੀਆਂ ਦੰਤ-ਕਥਾਵਾਂ ਹਨ।

ਵਿਦਵਾਨਾਂ ਨੇ ਪੰਜਾਬੀ ਦੀਆਂ ਦੰਤ-ਕਥਾਵਾਂ ਦੇ ਕਈ ਵਰਗ ਕੀਤੇ ਹਨ। ਆਮ ਪੰਜਾਬੀਆਂ ਵਿੱਚ ਉਹ ਦੰਤ-ਕਥਾਵਾਂ ਜ਼ਿਆਦਾ ਹਰਮਨ-ਪਿਆਰੀਆਂ ਰਹੀਆਂ ਹਨ ਜਿਨ੍ਹਾਂ ਦੇ ਨਾਇਕਾਂ ਵਿੱਚ ਭਰਪੂਰ ਜੀਵਨ-ਸ਼ਕਤੀ, ਜੀਵਨ-ਪ੍ਰੇਮ, ਸੰਜਮ, ਸਾਹਸ, ਅਣਖ, ਵੀਰਤਾ ਜਿਹੇ ਗੁਣਾਂ ਦਾ ਸੁਮੇਲ ਹੋਵੇ।

ਇਸ ਪਾਠ-ਪੁਸਤਕ ਵਿੱਚ ਪੂਰਨ ਭਗਤ, ਰਾਜਾ ਰਸਾਲੂ ਅਤੇ ਦੁੱਲਾ ਭੱਟੀ ਬਾਰੇ ਦੰਤ-ਕਥਾਵਾਂ ਨੂੰ ਵੰਨਗੀ ਵਜੋਂ ਸ਼ਾਮਲ ਕੀਤਾ ਗਿਆ ਹੈ।

ਪੂਰਨ ਭਗਤ ਦੀ ਲੋਕ-ਕਥਾ ਪੰਜਾਬ ਦੀ ਹਰਮਨ-ਪਿਆਰੀ ਕਥਾ ਹੈ। ਵੱਖ-ਵੱਖ ਸਮਿਆਂ ਵਿੱਚ ਲੇਖਕਾਂ ਨੇ ਇਸ ਕਥਾ ਨੂੰ ਆਪਣੇ-ਆਪਣੇ ਢੰਗ ਨਾਲ਼ ਬਿਆਨ ਕੀਤਾ ਹੈ। ਪ੍ਰਸਿੱਧ ਕਿੱਸਾਕਾਰ ਕਾਦਰਯਾਰ, ਉੱਘੇ ਆਧੁਨਿਕ ਕਵੀ ਪ੍ਰੋਫ਼ੈਸਰ ਪੂਰਨ ਸਿੰਘ ਤੇ ਸ਼ਿਵ ਕੁਮਾਰ ਦੇ ਨਾਂ ਇਸ ਪੱਖੋਂ ਵਰਨਣਯੋਗ ਹਨ। ਹਰ ਕਵੀ ਨੇ ਆਪਣੇ-ਆਪਣੇ ਸਮੇਂ ਤੇ ਨਜ਼ਰੀਏ ਅਨੁਸਾਰ ਇਸ ਕਥਾ ਦੇ ਕਿਸੇ ਇੱਕ ਜਾਂ ਦੂਜੇ ਪੱਖ ਨੂੰ ਜ਼ਿਆਦਾ ਉਘਾੜਿਆ ਹੈ।

ਰਾਜਾ ਰਸਾਲੂ ਪੰਜਾਬੀਆਂ ਦਾ ਹਰਮਨ-ਪਿਆਰਾ ਨਾਇਕ ਹੈ। ਅਨਿਆਂ ਤੇ ਜ਼ੁਲਮ ਦੇ ਖ਼ਿਲਾਫ਼ ਲੜਨ ਵਾਲ਼ੇ ਹਰ ਗ਼ੈਰਤਮੰਦ ਅਤੇ ਜ਼ਿੰਦਗੀ ਨੂੰ ਪਿਆਰ ਕਰਨ ਵਾਲ਼ੇ ਪੰਜਾਬੀ ਨੂੰ ਰਾਜਾ ਰਸਾਲੂ ਦੇ ਕਿਰਦਾਰ ਵਿੱਚ ਆਪਣਾ ਅਕਸ ਦਿਸਦਾ ਹੈ।

ਰਾਜਾ ਰਸਾਲੂ ਨਾਲ਼ ਕਈ ਕਹਾਣੀਆਂ ਜੁੜੀਆਂ ਹਨ ਪਰ ਇਸ ਪਾਠ-ਪੁਸਤਕ ਵਿੱਚ ਇੱਥੇ ਮੁੱਖ ਘਟਨਾਵਾਂ ਹੀ ਦਿੱਤੀਆਂ ਗਈਆਂ ਹਨ। ਰਾਜਾ ਰਸਾਲੂ ਨੂੰ ਆਪਣੇ ਜੀਵਨ ਵਿੱਚ ਜਿਹੜੀਆਂ ਬਲਾਵਾਂ, ਰਾਖਸ਼ ਅਤੇ ਨਾਗ ਆਦਿ ਮਿਲ਼ੇ, ਇਹ ਭੈੜੇ ਤੇ ਜ਼ਾਲਮ ਮਨੁੱਖ ਦੇ ਪ੍ਰਤੀਕ ਹੀ ਜਾਪਦੇ ਹਨ। ਕਈ ਪੰਛੀ, ਜਾਨਵਰ ਤੇ ਬਨਸਪਤੀ ਮਨੁੱਖੀ ਪਿਆਰ ਤੇ ਹਮਦਰਦੀ ਦੇ ਪੁਤਲੇ ਹਨ। ਇਹਨਾਂ ਨਾਲ਼ ਵਿਚਰਦੇ ਹੋਏ ਰਾਜਾ ਰਸਾਲੂ ਦੀ ਸ਼ਖ਼ਸੀਅਤ ਦੇ ਅਨੇਕ ਪਹਿਲੂ ਉਜਾਗਰ ਹੁੰਦੇ ਹਨ। ਰਸਾਲੂ ਦੀ ਸੂਰਬੀਰਤਾ, ਬੁੱਧੀਮਤਾ, ਹੁਸ਼ਿਆਰੀ, ਸੰਜਮ, ਸੰਤੁਲਨ ਆਦਿ ਨੂੰ ਦਰਸਾਉਂਦੇ ਕਈ ਪ੍ਰਸੰਗ ਉਸ ਦੀ ਜੀਵਨ-ਕਥਾ ਵਿੱਚ ਆਏ ਹਨ।

ਇਸੇ ਤਰ੍ਹਾਂ ਦੁੱਲਾ ਭੱਟੀ ਪੰਜਾਬੀ ਦੀ ਇੱਕ ਪ੍ਰਸਿੱਧ ਦੰਤ-ਕਥਾ ਹੈ। ਇਸ ਦਾ ਸ਼ੁਮਾਰ ਪੰਜਾਬ ਦੀਆਂ ਬੀਰ-ਗਾਥਾਵਾਂ ਵਿੱਚ ਵੀ ਹੁੰਦਾ ਹੈ। ਦੁੱਲਾ ਭੱਟੀ ਪੰਜਾਬੀ ਗ਼ੈਰਤ, ਸ੍ਵੈਮਾਣ ਸਾਹਸ ਤੇ ਬਹਾਦਰੀ ਦਾ ਸਰੂਪ ਮੰਨਿਆ ਜਾਂਦਾ ਹੈ। ਪੰਜਾਬ ਦਾ ਇਹ ਨਾਇਕ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ ਹੋਇਆ। ਏਡੀ ਵੱਡੀ ਰਾਜ-ਸ਼ਕਤੀ ਨੂੰ ਲਲਕਾਰਨ ਤੇ ਉਸ ਨਾਲ਼ ਮੱਥਾ ਲਾਉਣ ਦਾ ਜੋ ਹੌਸਲਾ ਦੁੱਲਾ ਭੱਟੀ ਨੇ ਵਿਖਾਇਆ, ਉਸ ਕਾਰਨ ਉਸ ਦਾ ਨਾਂ ਆਮ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਿਆ। ਲੋਕਾਂ ਦਾ ਦਰਦਮੰਦ ਹੋਣ ਕਾਰਨ ਦੁੱਲਾ ਭੱਟੀ ਦਾ ਨਾਂ ਕਈ ਲੋਕ-ਗੀਤਾਂ ਦਾ ਸ਼ਿੰਗਾਰ ਵੀ ਬਣਿਆ ।

❋ ❋ ❋

## 1.

# ਪੂਰਨ ਭਗਤ

ਸਿਆਲਕੋਟ ਦਾ ਇੱਕ ਰਾਜਾ ਸੀ, ਸਲਵਾਨ। ਉਸ ਦੀਆਂ ਦੋ ਰਾਣੀਆਂ ਸਨ। ਇੱਕ ਦਾ ਨਾਂ ਸੀ,ਇੱਛਰਾਂ ਅਤੇ ਦੂਜੀ ਦਾ ਨਾਂ ਸੀ, ਲੂਣਾ। ਸਲਵਾਨ ਦੇ ਘਰ ਰਾਣੀ ਇੱਛਰਾਂ ਦੀ ਕੁੱਖੋਂ ਇੱਕ ਬਾਲਕ ਨੇ ਜਨਮ ਲਿਆ। ਉਸ ਦਾ ਨਾਂ ਪੂਰਨ ਰੱਖਿਆ ਗਿਆ। ਕਹਿੰਦੇ ਹਨ ਕਿ ਜੋਤਸ਼ੀਆਂ ਨੇ ਰਾਜਾ ਸਲਵਾਨ ਨੂੰ ਇਹ ਭਰਮ ਪਾ ਦਿੱਤਾ ਕਿ ਬਾਰਾਂ ਵਰ੍ਹਿਆਂ ਤੱਕ ਪੂਰਨ ਦਾ ਮੂੰਹ ਵੇਖਣਾ ਉਸ ਲਈ ਅਸ਼ੁੱਭ ਹੋਵੇਗਾ। ਇਸ ਕਰ ਕੇ ਰਾਜਾ ਸਲਵਾਨ ਨੇ ਪੂਰਨ ਨੂੰ ਬਾਰਾਂ ਵਰ੍ਹਿਆਂ ਤੱਕ ਭੋਰੇ ਵਿੱਚ ਰੱਖਣ ਦਾ ਹੁਕਮ ਦੇ ਦਿੱਤਾ।

ਬਾਰਾਂ ਵਰ੍ਹੇ ਬੀਤ ਜਾਣ ਪਿੱਛੋਂ ਪੂਰਨ ਭੋਰਿਓਂ ਨਿਕਲ਼ ਕੇ ਆਪਣੇ ਪਿਤਾ ਰਾਜਾ ਸਲਵਾਨ ਨੂੰ ਮਿਲ਼ਨ ਲਈ ਗਿਆ। ਰਾਜਾ ਸਲਵਾਨ ਨੇ ਪੂਰਨ ਨੂੰ ਪਿਆਰ ਕਰਦੇ ਹੋਏ ਆਦੇਸ਼ ਦਿੱਤਾ ਕਿ ਹੁਣ ਉਹ ਆਪਣੀਆਂ ਮਾਂਵਾਂ ਨੂੰ ਮਿਲ਼ ਕੇ ਆਵੇ। ਪਹਿਲਾਂ ਉਹ ਲੂਣਾ ਨੂੰ ਉਸ ਦੇ ਮਹਿਲਾਂ ਵਿੱਚ ਜਾ ਕੇ ਮਿਲ਼ੇ ਅਤੇ ਫਿਰ ਰਾਣੀ ਇੱਛਰਾਂ ਨੂੰ।

ਆਪਣੇ ਪਿਤਾ ਦੀ ਆਗਿਆ ਅਨੁਸਾਰ ਪੂਰਨ ਲੂਣਾ ਨੂੰ ਪ੍ਰਨਾਮ ਕਰਨ ਲਈ ਗਿਆ। ਜਵਾਨ ਹੋਏ ਪੂਰਨ ਦੀ ਸੁੰਦਰਤਾ ਨੂੰ ਵੇਖ ਲੂਣਾ ਦੰਗ ਰਹਿ ਗਈ। ਪੂਰਨ ਉਸ ਤੋਂ ਮਾਂ ਵਾਲ਼ਾ ਅਸ਼ੀਰਵਾਦ ਚਾਹੁੰਦਾ ਸੀ ਪਰ ਲੂਣਾ ਤਾਂ ਉਲਟਾ ਪੂਰਨ ਉੱਤੇ ਮੋਹਿਤ ਹੋ ਚੁੱਕੀ ਸੀ। ਉਹ ਪੂਰਨ ਨੂੰ ਆਪਣੇ ਪੁੱਤਰ ਦੀ ਥਾਂ ਪ੍ਰੇਮੀ ਦੇ ਰੂਪ ਵਿੱਚ ਵੇਖਣ ਲੱਗੀ ਪਰ ਪੂਰਨ ਦੀਆਂ ਨਜ਼ਰਾਂ ਵਿੱਚ ਲੂਣਾ ਕੇਵਲ ਮਾਂ ਹੀ ਸੀ। ਪੂਰਨ ਨੂੰ ਲੂਣਾ ਦੀ ਇਸ ਸੋਚ ਕਾਰਨ ਭਾਰੀ ਨਿਰਾਸ਼ਾ ਹੋਈ ਅਤੇ ਉਹ ਕਾਹਲ਼ੀ-ਕਾਹਲ਼ੀ ਲੂਣਾ ਦੇ ਮਹਿਲ ਵਿੱਚੋਂ ਨਿਕਲ਼ ਆਇਆ। ਦੂਜੇ ਪਾਸੇ ਲੂਣਾ ਨੂੰ ਬਹੁਤ ਗ਼ੁੱਸਾ ਆਇਆ ਕਿ ਪੂਰਨ ਨੇ ਉਸ ਦੀ ਭਾਵਨਾ ਨੂੰ ਠੁਕਰਾ ਦਿੱਤਾ ਹੈ। ਉਸ ਨੇ ਆਪਣੀ ਬੇਇਜ਼ਤੀ ਮਹਿਸੂਸ ਕੀਤੀ ਤੇ ਉਹ ਉਸ ਤੋਂ ਬਦਲਾ ਲੈਣ ਲਈ ਬੇਚੈਨ ਹੋ ਗਈ।

ਲੂਣਾ ਦੇ ਮਹਿਲਾਂ ਵਿੱਚੋਂ ਪੂਰਨ ਦੇ ਵਾਪਸ ਜਾਣ ਪਿੱਛੋਂ ਲੂਣਾ ਨੇ ਇੱਕ ਨਵੀਂ ਸਾਜ਼ਸ਼ ਰਚੀ। ਉਸ ਨੇ ਆਪਣੇ ਕੱਪੜੇ ਪਾੜ ਲਏ ਤੇ ਵਾਲ਼ ਖਿਲਾਰ ਲਏ ਅਤੇ ਰਾਜੇ ਦੇ ਮਹਿਲੀਂ ਪਰਤਣ ਤੱਕ ਮੰਦਾ ਹਾਲ ਕਰ ਕੇ ਪੈ ਗਈ। ਰਾਜੇ ਸਲਵਾਨ ਨੇ ਉਸ ਦੇ ਹਾਲੋਂ-ਬੇਹਾਲ ਹੋਣ ਦਾ ਕਾਰਨ ਪੁੱਛਿਆ। ਲੂਣਾ ਨੇ ਝੂਠੀ ਕਹਾਣੀ ਘੜ ਕੇ ਰੋਂਦੇ-ਪਿੱਟਦੇ ਹੋਏ ਦੱਸਿਆ ਕਿ ਪੂਰਨ ਮਾਂ-ਪੁੱਤਰ ਦੇ ਰਿਸ਼ਤੇ ਦੀ ਮਰਯਾਦਾ ਦਾ ਸਤਿਕਾਰ ਭੁੱਲ ਕੇ ਉਸ ਦੀ ਸੁੰਦਰਤਾ ਵੇਖ ਕੇ ਉਸ 'ਤੇ ਡੁੱਲ੍ਹ ਗਿਆ। ਰਾਜਾ ਸਲਵਾਨ ਨੇ ਲੂਣਾ ਦੀਆਂ ਤੁਹਮਤਾਂ ਨੂੰ ਸੱਚ ਮੰਨ ਲਿਆ ਅਤੇ ਉਸ ਸਮੇਂ ਪੂਰਨ ਨੂੰ ਸੱਦ ਕੇ ਬਿਨਾਂ ਉਸ ਦੀ ਗੱਲ ਸੁਣੇ, ਜੱਲਾਦਾਂ ਦੇ ਹਵਾਲੇ ਕਰ ਕੇ ਹੁਕਮ ਦੇ ਦਿੱਤਾ ਕਿ ਉਹ ਪੂਰਨ ਨੂੰ ਮਾਰ ਕੇ ਕਿਸੇ ਖੂਹ ਵਿੱਚ ਸੁੱਟ ਦੇਣ।

ਰਾਜੇ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜੱਲਾਦ ਭੋਲ਼ੇ-ਭਾਲ਼ੇ ਪੂਰਨ ਨੂੰ ਫੜ ਕੇ ਲੈ ਗਏ ਪਰ ਉਹਨਾਂ ਨੂੰ ਪਤਾ ਸੀ ਕਿ ਪੂਰਨ ਨਿਰਦੋਸ਼ ਹੈ। ਉਹਨਾਂ ਨੂੰ ਮਸੂਮ ਪੂਰਨ ਉੱਤੇ ਤਰਸ ਆ ਗਿਆ। ਸੋ, ਉਹਨਾਂ ਨੇ ਪੂਰਨ ਨੂੰ ਜਾਨੋਂ ਮਾਰਨ ਦੀ ਥਾਂ ਉਸ ਦੇ ਹੱਥ-ਪੈਰ ਕੱਟ ਕੇ ਇੱਕ ਸੁੱਕੇ ਖੂਹ ਵਿੱਚ ਸੁੱਟ ਦਿੱਤਾ। ਰਾਜੇ ਦੀ ਸੰਤੁਸ਼ਟੀ ਲਈ ਉਹਨਾਂ ਨੇ ਪੂਰਨ ਦੇ ਕੁਝ ਲਹੂ ਨਾਲ਼ ਲਿੱਬੜੇ ਕੱਪੜੇ ਰਾਜੇ ਨੂੰ ਵਿਖਾ ਦਿੱਤੇ।

ਸਬੱਬ ਨਾਲ਼ ਉਸ ਰਾਹੋਂ ਜੋਗੀ ਗੋਰਖ ਨਾਥ ਅਤੇ ਉਸ ਦੇ ਚੇਲਿਆਂ ਦੀ ਟੋਲੀ ਲੰਘੀ। ਉਹਨਾਂ ਨੇ ਉਸ ਸੁੰਨੇ ਖੂਹ ਵਿੱਚੋਂ 'ਹਾਏ-ਹਾਏ' ਦੀ ਦਰਦ ਭਰੀ ਅਵਾਜ਼ ਸੁਣੀ। ਖੂਹ ਵਿੱਚ ਤੱਕਣ 'ਤੇ ਉਹਨਾਂ ਨੇ ਪੂਰਨ ਨੂੰ ਵੇਖਿਆ। ਗੁਰੂ ਗੋਰਖ ਨਾਥ ਨੇ ਪੂਰਨ ਤੋਂ ਉਸ ਬਾਰੇ ਪੁੱਛਿਆ। ਪੂਰਨ ਨੇ ਆਪਣੀ ਹੱਡ-ਬੀਤੀ ਜਿਉਂ ਦੀ ਤਿਉਂ ਸੁਣਾ ਦਿੱਤੀ। ਗੁਰੂ ਗੋਰਖ ਨਾਥ ਨੇ ਪੂਰਨ ਨੂੰ ਕਿਹਾ, "ਮੈਂ ਤੇਰਾ ਸੱਚ ਪਰਖਣ ਲਈ ਕੱਚੇ ਸੂਤ ਦਾ ਇੱਕ ਧਾਗਾ ਖੂਹ ਵਿੱਚ ਲਮਕਾਉਂਦਾ ਹਾਂ। ਜੇ ਤੂੰ ਸੱਚਾ ਹੈਂ ਤਾਂ ਇਸ ਨਾਲ਼ ਖੂਹ ਵਿੱਚੋਂ ਬਾਹਰ ਆ ਜਾ।" ਪੂਰਨ ਕੱਚੇ ਧਾਗੇ ਨੂੰ ਫੜ ਕੇ ਹੌਲ਼ੀ-ਹੌਲ਼ੀ ਖੂਹ ਵਿੱਚੋਂ ਬਾਹਰ ਆ ਗਿਆ। ਪੂਰਨ ਦਾ ਸਤਿ ਤੇ ਤੇਜ ਵੇਖ ਕੇ ਜੋਗੀ ਜੈ-ਜੈ ਕਰਨ ਲੱਗੇ। ਤਦ ਗੁਰੂ ਗੋਰਖ ਨਾਥ ਨੇ ਪੂਰਨ ਦੇ ਸਿਰ 'ਤੇ ਹੱਥ ਫੇਰਿਆ ਤੇ ਆਪਣੀ ਸ਼ਕਤੀ ਨਾਲ਼ ਉਸ ਨੂੰ ਨੌ-ਬਰ ਨੌ ਕਰ ਦਿੱਤਾ। ਇਸ ਪਿੱਛੋਂ ਪੂਰਨ ਨੇ ਗੋਰਖ ਨਾਥ ਤੋਂ ਜੋਗ ਧਾਰਿਆ ਤੇ ਉਹ ਇੱਕ ਜੋਗੀ ਬਣ ਗਿਆ।

ਗੋਰਖ ਨਾਥ ਦੇ ਹੋਰ ਚੇਲਿਆਂ ਵਾਂਗ ਪੂਰਨ ਵੀ ਸਮੇਂ-ਸਮੇਂ ਨਗਰਾਂ ਵਿੱਚ ਭਿੱਖਿਆ ਲੈਣ ਜਾਂਦਾ। ਇੱਕ ਵਾਰੀ ਪੂਰਨ ਜੋਗੀ ਰਾਣੀ ਸੁੰਦਰਾਂ ਦੇ ਮਹਿਲੀਂ ਭਿੱਖਿਆ ਮੰਗਣ ਗਿਆ। ਰਾਣੀ ਸੁੰਦਰਾਂ ਨੇ ਮਹਿਲਾਂ ਉੱਤੋਂ ਪੂਰਨ ਨੂੰ ਵੇਖਿਆ। ਉਹ ਪੂਰਨ ਦੇ ਰੂਪ ਅਤੇ ਤੇਜ ਨੂੰ ਵੇਖ ਕੇ ਉਸ ਉੱਤੇ ਡੁੱਲ੍ਹ ਗਈ। ਸੁੰਦਰਾਂ ਨੇ ਮੋਤੀਆਂ ਭਰਿਆ ਥਾਲ਼ ਪੂਰਨ ਦੀ ਝੋਲ਼ੀ ਪਾ ਦਿੱਤਾ। ਪੂਰਨ ਨੇ ਉਹ ਮੋਤੀ ਗੋਰਖ ਨਾਥ ਅੱਗੇ ਜਾ ਢੇਰੀ ਕੀਤੇ। ਗੋਰਖ ਨਾਥ ਨੇ ਪੂਰਨ ਨੂੰ ਕਿਹਾ, "ਇਹ ਮੋਤੀ ਸਾਡੇ ਕਿਸੇ ਕੰਮ ਨਹੀਂ। ਆਪਾਂ ਸਭ ਨੂੰ ਤਾਂ ਕੇਵਲ ਭੋਜਨ ਚਾਹੀਦਾ ਹੈ।" ਪੂਰਨ ਉਹ ਮੋਤੀ ਲੈ ਕੇ ਵਾਪਸ ਸੁੰਦਰਾਂ ਦੇ ਮਹਿਲੀਂ ਜਾ ਪਹੁੰਚਿਆ। ਉਸ ਨੇ ਮੋਤੀ ਵਾਪਸ ਕਰ ਕੇ ਭੋਜਨ ਦੀ ਮੰਗ ਕੀਤੀ। ਸੁੰਦਰਾਂ ਬੜੇ ਚੰਗੇ ਪਕਵਾਨ ਤਿਆਰ ਕਰਵਾ ਕੇ ਆਪ ਗੋਰਖ ਨਾਥ ਦੇ ਡੇਰੇ ਆ ਪੁੱਜੀ। ਉਸ ਨੇ ਬੜੇ ਪਿਆਰ ਨਾਲ਼ ਸਾਰੇ

ਜੋਗੀਆਂ ਨੂੰ ਭੋਜਨ ਛਕਾਇਆ। ਗੋਰਖ ਨਾਥ ਸੁੰਦਰਾਂ ਦੀ ਸ਼ਰਧਾ ਵੇਖ ਕੇ ਤਰੁੱਠ ਪਿਆ। ਉਸ ਨੇ ਸੁੰਦਰਾਂ ਨੂੰ ਕਿਹਾ ਕਿ ਉਹ ਕੋਈ ਵਰਦਾਨ ਮੰਗ ਲਵੇ। ਸੁੰਦਰਾਂ ਨੇ ਕਿਹਾ ਕਿ ਜੇ ਆਪ ਦਿਆਲ ਹੋਏ ਹੋ ਤਾਂ ਆਪਣਾ ਪੂਰਨ ਮੈਨੂੰ ਦੇ ਦਿਓ। ਗੋਰਖ ਨਾਥ ਨੇ ਖ਼ੁਸ਼ ਹੋ ਕੇ ਪੂਰਨ ਨੂੰ ਆਦੇਸ਼ ਦਿੱਤਾ ਕਿ ਉਹ ਸੁੰਦਰਾਂ ਨਾਲ਼ ਚਲਾ ਜਾਵੇ ਤੇ ਗ੍ਰਹਿਸਥ ਧਾਰਨ ਕਰ ਲਵੇ। ਸੁੰਦਰਾਂ ਖ਼ੁਸ਼ੀ-ਖ਼ੁਸ਼ੀ ਪੂਰਨ ਨੂੰ ਨਾਲ਼ ਲੈ ਕੇ ਆਪਣੇ ਮਹਿਲ ਵਿੱਚ ਆ ਗਈ ਪਰ ਪੂਰਨ ਦਾ ਮਨ ਬੜਾ ਉਚਾਟ ਸੀ। ਉਸ ਨੂੰ ਸੁੰਦਰਾਂ ਦੇ ਮਹਿਲੀਂ ਰਹਿਣ ਦੀ ਗੱਲ ਕੋਈ ਖ਼ੁਸ਼ੀ ਨਹੀਂ ਸੀ ਦੇ ਰਹੀ।

ਸੁੰਦਰਾਂ ਨੇ ਪੂਰਨ ਨੂੰ ਕਿਹਾ ਕਿ ਮੈਂ ਤੁਹਾਡੇ ਖ਼ੁਸ਼ ਰਹਿਣ 'ਤੇ ਹੀ ਖ਼ੁਸ਼ ਹੋ ਸਕਾਂਗੀ। ਪੂਰਨ ਨੇ ਇਹਨਾਂ ਸਾਰੇ ਅਡੰਬਰਾਂ ਤੋਂ ਮੁਕਤ ਰਹਿਣ ਦੀ ਆਪਣੀ ਇੱਛਾ ਸੁੰਦਰਾਂ ਨੂੰ ਦੱਸੀ। ਤਦ ਸੁੰਦਰਾਂ ਨੂੰ ਵੀ ਕੋਈ ਉਜਰ ਨਾ ਰਿਹਾ ਤੇ ਪੂਰਨ ਮੁੜ ਗੁਰੂ ਗੋਰਖ ਨਾਥ ਕੋਲ਼ ਆ ਗਿਆ।

ਲੰਮਾ ਸਮਾਂ ਬੀਤ ਜਾਣ 'ਤੇ ਇੱਕ ਵਾਰੀ ਪੂਰਨ ਜੋਗੀ ਦੇ ਰੂਪ ਵਿੱਚ ਸਿਆਲ਼ਕੋਟ ਵਿੱਚ ਗਿਆ। ਉਦੋਂ ਤੱਕ ਉਹ ਭਗਤ ਪੂਰਨ ਵਜੋਂ ਉੱਘਾ ਹੋ ਚੁੱਕਾ ਸੀ। ਕਹਿੰਦੇ ਹਨ ਕਿ ਪੂਰਨ ਦੇ ਜਾਣ ਨਾਲ਼ ਰਾਜੇ ਦਾ ਉਹ ਸੁੱਕਾ ਬਾਗ਼ ਜਿੱਥੇ ਪੂਰਨ ਠਹਿਰਿਆ ਸੀ, ਹਰਾ ਹੋ ਗਿਆ। ਰਾਣੀ ਇੱਛਰਾਂ ਆਪਣੇ ਪੁੱਤਰ ਦੇ ਵਿਯੋਗ ਵਿੱਚ ਰੋ-ਰੋ ਕੇ ਅੰਨ੍ਹੀ ਹੋ ਚੁੱਕੀ ਸੀ। ਸ਼ਹਿਰ ਵਿੱਚ ਪੂਰਨ ਭਗਤ ਦੇ ਪਹੁੰਚਣ ਦੀ ਖ਼ਬਰ ਸੁਣ ਕੇ ਉਹ ਵੀ ਉਸ ਦੇ ਦਰਸ਼ਨਾਂ ਲਈ ਆਈ। ਕਿਹਾ ਜਾਂਦਾ ਹੈ ਕਿ ਪੂਰਨ ਦੇ ਬੋਲ ਸੁਣ ਕੇ ਇੱਛਰਾਂ ਨੇ ਉਸ ਨੂੰ ਪਛਾਣ ਲਿਆ ਅਤੇ ਉਸ ਦੀ ਨਜ਼ਰ ਵਾਪਸ ਆ ਗਈ।

ਉੱਧਰ ਉਲਾਦ ਨਾ ਹੋਣ ਕਾਰਨ ਨਿਰਾਸ ਹੋਈ ਲੂਣਾ ਵੀ ਰਾਜਾ ਸਲਵਾਨ ਨੂੰ ਨਾਲ਼ ਲੈ ਕੇ ਪੂਰਨ ਭਗਤ ਕੋਲ਼ ਆ ਪਹੁੰਚੀ। ਪੂਰਨ ਭਗਤ ਨੇ ਦੱਸਿਆ ਕਿ ਰਾਜਾ ਸਲਵਾਨ ਦੇ ਇੱਕ ਪੁੱਤਰ ਪਹਿਲਾਂ ਹੀ ਸੀ, ਹੁਣ ਉਹ ਦੁਬਾਰਾ ਪੁੱਤਰ ਮੰਗਣ ਕਿਉਂ ਆਏ ਹਨ ? ਪਹਿਲਾਂ ਤਾਂ ਉਹ ਮੁੱਕਰੇ ਪਰ ਫਿਰ ਲੂਣਾ ਨੇ ਆਪਣਾ ਸਾਰਾ ਦੋਸ਼ ਕਬੂਲ ਕਰ ਲਿਆ ਅਤੇ ਪਛਤਾਵੇ ਦਾ ਪ੍ਰਗਟਾਵਾ ਕੀਤਾ। ਤਦ ਪੂਰਨ ਨੇ ਉਹਨਾਂ ਨੂੰ ਅਸ਼ੀਰਵਾਦ ਦਿੰਦਿਆਂ ਚੌਲ਼ਾਂ ਦਾ ਇੱਕ ਦਾਣਾ ਦਿੱਤਾ ਤੇ ਕਿਹਾ ਕਿ ਲੂਣਾ ਇਸ ਨੂੰ ਖਾ ਲਵੇ ਤਾਂ ਉਹਨਾਂ ਦੇ ਘਰ ਇੱਕ ਪੁੱਤਰ ਪੈਦਾ ਹੋਵੇਗਾ, ਉਹ ਵੱਡਾ ਮਹਾਂਬਲੀ ਹੋਵੇਗਾ। ਕਹਿੰਦੇ ਹਨ ਕਿ ਪੂਰਨ ਭਗਤ ਦੇ ਇਸ ਵਰ ਸਦਕਾ ਲੂਣਾ ਦੀ ਕੁੱਖੋਂ ਇੱਕ ਪੁੱਤਰ ਨੇ ਜਨਮ ਲਿਆ ਜੋ ਪਿੱਛੋਂ ਰਾਜਾ ਰਸਾਲੂ ਦੇ ਨਾਂ ਨਾਲ਼ ਮਸ਼ਹੂਰ ਹੋਇਆ।

ਇਸ ਮੁਲਾਕਾਤ ਦੌਰਾਨ ਪੂਰਨ ਭਗਤ ਨੇ ਰਾਜਾ ਸਲਵਾਨ ਨੂੰ ਆਪਣੇ ਬਾਰੇ ਦੱਸ ਦਿੱਤਾ। ਇਹ ਜਾਣ ਕੇ ਰਾਜਾ ਸਲਵਾਨ ਨੇ ਪੂਰਨ ਨੂੰ ਆਪਣਾ ਰਾਜ ਸੰਭਾਲ਼ਨ ਲਈ ਕਿਹਾ ਪਰ ਹੁਣ ਪੂਰਨ ਲਈ ਇਹਨਾਂ ਗੱਲਾਂ ਦਾ ਕੋਈ ਅਰਥ ਨਹੀਂ ਸੀ। ਇਸ ਲਈ ਉਸ ਨੇ ਨਿਮਰਤਾ ਨਾਲ਼ ਕਿਹਾ "ਮੈਂ ਤਾਂ ਹੁਣ ਤਿਆਗੀ ਹਾਂ। ਮਾਇਆ ਦੇ ਇਹਨਾਂ ਬੰਧਨਾਂ ਨਾਲ਼ ਮੈਨੂੰ ਕੋਈ ਮੋਹ ਨਹੀਂ ਹੈ।" ਕੁਝ ਦਿਨ ਉੱਥੇ ਰਹਿ ਕੇ ਪੂਰਨ ਇਹ ਕਹਿੰਦਾ ਅੱਗੇ ਚਲਿਆ ਗਿਆ-"ਜੋਗੀ ਚੱਲਦੇ ਭਲੇ, ਨਗਰ ਵੱਸਦੇ ਭਲੇ।"

❋ ❋ ❋

## 2.

# ਰਾਜਾ ਰਸਾਲੂ

ਪੂਰਨ ਭਗਤ ਦੇ ਅਸ਼ੀਰਵਾਦ ਨਾਲ਼ ਸਿਆਲਕੋਟ ਦੇ ਰਾਜਾ ਸਲਵਾਨ ਦੇ ਘਰ ਰਾਣੀ ਲੂਣਾ ਦੀ ਕੁੱਖੋਂ ਲੋਕ-ਬੀਰ ਰਸਾਲੂ ਦਾ ਜਨਮ ਹੋਇਆ। ਰਾਜੇ ਦੇ ਜੋਤਸ਼ੀਆਂ ਨੇ ਰਾਜੇ ਨੂੰ ਬਾਰਾਂ ਵਰ੍ਹੇ ਤੱਕ ਰਸਾਲੂ ਦਾ ਮੂੰਹ ਵੇਖਣਾ ਅਸ਼ੁੱਭ ਦੱਸਿਆ। ਰਾਜਾ ਸਲਵਾਨ ਨੇ ਜੋਤਸ਼ੀਆਂ ਦਾ ਕਹਿਣਾ ਮੰਨ ਕੇ ਪਹਿਲਾਂ ਪੂਰਨ ਨੂੰ ਬਾਰਾਂ ਸਾਲ ਭੋਰੇ ਵਿੱਚ ਪਾਈ ਰੱਖਿਆ ਸੀ। ਤੇ ਹੁਣ ਰਸਾਲੂ ਨੂੰ ਵੀ ਉਸ ਨੇ ਇੱਕ ਵੱਖਰੇ ਭੋਰੇ ਵਿੱਚ ਰੱਖਣ ਦਾ ਪ੍ਰਬੰਧ ਕਰ ਦਿੱਤਾ।

ਜਿਸ ਦਿਨ ਰਸਾਲੂ ਨੇ ਜਨਮ ਲਿਆ ਸੀ,ਉਸੇ ਦਿਨ ਸਲਵਾਨ ਦੇ ਅਸਤਬਲ ਵਿੱਚ ਇੱਕ ਵਛੇਰਾ ਜੰਮਿਆ ਸੀ। ਉਸ ਦਾ ਨਾਂ ਫ਼ੌਲਾਦੀ ਰੱਖਿਆ ਗਿਆ ਸੀ। ਸ਼ਾਹੀ ਬਾਗ਼ ਵਿੱਚ ਉਸ ਦਿਨ ਇੱਕ ਤੋਤਾ ਵੀ ਜਨਮਿਆ ਸੀ। ਇਹ ਵਛੇਰਾ ਅਤੇ ਤੋਤਾ ਰਸਾਲੂ ਦੇ ਬਚਪਨ ਦੇ ਸਾਥੀ ਬਣੇ। ਇਹ ਦੋਵੇਂ ਸਾਥੀ ਰਸਾਲੂ ਦੇ ਜੀਵਨ-ਸੰਘਰਸ਼ ਵਿੱਚ ਹਮੇਸ਼ਾਂ ਉਸ ਦੇ ਨਾਲ਼ ਰਹੇ।

ਰਸਾਲੂ ਸ਼ੁਰੂ ਤੋਂ ਅਜ਼ਾਦ ਤਬੀਅਤ ਦਾ ਮਾਲਕ ਸੀ। ਇਸ ਲਈ ਉਸ ਨੇ ਗਿਆਰ੍ਹਵੇਂ ਵਰ੍ਹੇ ਵਿੱਚ ਹੀ ਭੋਰੇ ਵਿੱਚੋਂ ਨਿਕਲ਼ਨ ਦਾ ਨਿਸ਼ਚਾ ਕੀਤਾ। ਭੋਰੇ ਤੋਂ ਬਾਹਰ ਦਾ ਖੁੱਲ੍ਹਾ ਜਹਾਨ ਰਸਾਲੂ ਨੂੰ ਬਹੁਤ ਚੰਗਾ ਲੱਗਿਆ। ਰਸਾਲੂ ਬਹੁਤ ਸੁੰਦਰ ਅਤੇ ਜਵਾਨ ਸੀ। ਉਸ ਦੀ ਇੱਕ ਤੱਕਣੀ ਤੋਂ ਹੀ ਵੇਖਣ ਵਾਲ਼ਾ ਕੀਲਿਆ ਜਾਂਦਾ ਸੀ। ਪਹਿਲੇ ਦਿਨ ਹੀ ਜਦੋਂ ਰਸਾਲੂ ਐਕ ਨਦੀ ਵਿੱਚ ਇਸ਼ਨਾਨ ਕਰਨ ਗਿਆ ਤਾਂ ਚੰਦਨ ਦੇਈ ਨਾਂ ਦੀ ਇੱਕ ਰਾਜਕੁਮਾਰੀ ਉਸ ਪ੍ਰਤਿ ਖਿੱਚੀ ਗਈ। ਰਸਾਲੂ ਚੁਫੇਰੇ ਭਰਪੂਰ ਜੀਵਨ ਵੇਖ ਖ਼ੁਸ਼ ਹੁੰਦਾ ਸੀ ਪਰ ਉਹ ਸੰਜਮੀ ਵੀ ਸੀ। ਇਸ ਲਈ ਸੁੰਦਰਤਾ ਦੀ ਖਿੱਚ ਜਾਂ ਕੋਈ ਲਾਲਚ ਉਸ ਨੂੰ ਬੰਨ੍ਹ ਨਹੀਂ ਸਕਦੇ ਸਨ। ਕੁਝ ਦਿਨ ਹੀ ਬੀਤੇ ਸਨ ਕਿ ਰਸਾਲੂ ਦੀ ਸ਼ਿਕਾਇਤ ਰਾਜਾ ਸਲਵਾਨ ਕੋਲ਼ ਪਹੁੰਚੀ ਕਿ ਉਹ ਪਾਣੀ ਭਰਨ ਆਈਆਂ ਕੁੜੀਆਂ ਦੇ ਘੜੇ ਗੁਲੇਲ ਨਾਲ਼ ਤੋੜ ਦਿੰਦਾ ਹੈ ਪਰ ਜੋਤਸ਼ੀਆਂ ਦੇ ਆਖਣ ਅਨੁਸਾਰ ਰਾਜੇ ਨੇ ਬਾਰਾਂ ਸਾਲ ਤੋਂ ਪਹਿਲਾਂ ਰਸਾਲੂ ਦਾ ਮੂੰਹ ਨਹੀਂ ਸੀ ਵੇਖਣਾ। ਉਸ ਨੇ ਹੁਕਮ ਦਿੱਤਾ ਕਿ ਕੁੜੀਆਂ ਮਿੱਟੀ ਦੇ ਘੜਿਆਂ ਦੀ ਥਾਂ ਪਿੱਤਲ਼ ਦੀਆਂ ਗਾਗਰਾਂ ਨਾਲ਼ ਪਾਣੀ ਭਰਨ ਜਾਣ। ਤਦ ਰਸਾਲੂ ਨੇ ਫ਼ੌਲਾਦ ਦੇ ਤੀਰਾਂ ਨਾਲ਼ ਗਾਗਰਾਂ ਦੇ ਵੀ ਨਿਸ਼ਾਨੇ ਵਿੰਨ੍ਹਣੇ ਸ਼ੁਰੂ ਕਰ ਦਿੱਤੇ। ਰਾਜੇ ਤੋਂ ਇਹ ਸਹਿਣ ਨਾ ਹੋਇਆ। ਉਸ ਨੇ ਰਸਾਲੂ ਨੂੰ ਦਰਬਾਰ ਵਿੱਚ ਬੁਲਾਇਆ ਅਤੇ ਸਜ਼ਾ ਵਜੋਂ ਉਸ ਨੂੰ ਦੇਸ-ਨਿਕਾਲ਼ਾ ਦੇ ਦਿੱਤਾ। ਇਹ ਉਹੋ ਦਿਨ ਸੀ ਜਦੋਂ ਬਾਰਾਂ ਵਰ੍ਹਿਆਂ ਪਿੱਛੋਂ ਰਸਾਲੂ ਨੇ ਆਪਣੇ ਪਿਤਾ ਨੂੰ ਪਹਿਲੀ ਵਾਰੀ ਮਿਲ਼ਨਾ ਸੀ।

ਰਸਾਲੂ ਨੇ ਉਹ ਸ਼ਹਿਰ ਉਸੇ ਰਾਤ ਛੱਡ ਦਿੱਤਾ। ਉਸ ਦੇ ਨਾਲ਼ ਫ਼ੌਲਾਦੀ ਨਾਂ ਦਾ ਘੋੜਾ ਤੇ ਤੋਤਾ ਵੀ ਸਨ। ਪਹਿਲੀ ਰਾਤ ਉਸ ਦੇ ਨਾਲ਼ ਉਸ ਦੇ ਦੋ ਹੋਰ ਸਾਥੀ ਵੀ ਸਨ ਪਰ ਉਸ ਨੇ ਇੱਕ ਰਾਤ ਦੀਆਂ ਔਕੜਾਂ ਪਿੱਛੋਂ ਹੀ ਵੇਖ ਲਿਆ ਕਿ ਸ਼ੇਰ ਨਾਲ਼ ਗਿੱਦੜਾਂ ਦਾ ਸਾਥ ਨਹੀਂ ਪੁੱਗਣਾ। ਇਸ ਲਈ ਉਸ ਨੇ ਦੋਂਹਾਂ ਸਾਥੀਆਂ ਨੂੰ ਵਾਪਸ ਭੇਜ ਦਿੱਤਾ। ਉਹ ਆਪਣੇ ਘੋੜੇ ਫ਼ੌਲਾਦੀ ਅਤੇ ਤੋਤੇ ਨਾਲ਼ ਹੀ ਅੱਗੇ ਚੱਲ ਪਿਆ।

ਰਸਾਲੂ ਲੰਮੇ ਸਫ਼ਰ ਝਾਗਦਾ ਗੁਜਰਾਤ ਦੇ ਇਲਾਕੇ ਵੱਲ ਨਿਕਲ਼ ਗਿਆ। ਇੱਕ ਦਿਨ ਰਾਹ ਵਿੱਚ ਉਸ ਨੇ ਬਾਸ਼ਕ ਨਾਂ ਦੇ ਇੱਕ ਨਾਗ ਨੂੰ ਮੂਧਾ ਪਿਆ ਵੇਖਿਆ। ਨਾਗ ਦੀਆਂ ਅੱਖਾਂ ਵਿੱਚ ਰੇਤ ਪੈ ਗਈ ਸੀ ਜਿਸ ਕਾਰਨ ਉਸ ਨੂੰ ਬੜੀ ਤਕਲੀਫ਼ ਹੋ ਰਹੀ ਸੀ। ਰਸਾਲੂ ਨੇ ਉਸ ਦੀਆਂ ਅੱਖਾਂ ਵਿੱਚੋਂ ਰੇਤ ਕੱਢ ਦਿੱਤੀ ਤੇ ਉਹ ਨਾਗ ਉਸ ਦਾ ਮਿੱਤਰ ਬਣ ਗਿਆ। ਉਸ ਨਾਗ ਨੇ ਉਸ ਨੂੰ ਇੱਕ ਮਣੀ ਦਿੱਤੀ ਜਿਹੜੀ ਹਰ ਪ੍ਰਕਾਰ ਦਾ ਜ਼ਹਿਰ ਚੂਸ ਲੈਂਦੀ ਸੀ। ਰਸਾਲੂ ਉਹ ਮਣੀ ਲੈ ਕੇ ਅੱਗੇ ਤੁਰ ਪਿਆ।

ਰਸਾਲੂ ਨੂੰ ਜਿੱਥੇ ਵੀ ਕਿਤੇ ਜ਼ੁਲਮ ਹੋਣ ਦਾ ਪਤਾ ਲੱਗਦਾ, ਉਹ ਉੱਥੇ ਪਹੁੰਚ ਜਾਂਦਾ ਅਤੇ ਜ਼ੁਲਮ ਕਰਨ ਵਾਲ਼ੇ ਨੂੰ ਮਾਰ ਮੁਕਾਉਂਦਾ। ਇਸ ਕਾਰਨ ਉਸ ਦੀ ਪ੍ਰਸਿੱਧੀ ਚਾਰੇ ਪਾਸੇ ਫੈਲ ਗਈ ਸੀ। ਇੱਕ ਵਾਰ ਸੁਆਂ ਦੇ ਇਲਾਕੇ ਵੱਲ ਜਾ ਰਿਹਾ ਸੀ। ਇਹ ਇਲਾਕਾ ਹਰਾ-ਭਰਾ ਤੇ ਮਨਮੋਹਣਾ ਸੀ। ਇਸ ਇਲਾਕੇ ਵਿੱਚ ਰਾਜਾ ਹਰੀ ਚੰਦ ਦਾ ਰਾਜ ਸੀ।

ਇੱਕ ਦਿਨ ਸ਼ਾਮ ਵੇਲ਼ੇ ਹਰੀ ਚੰਦ ਦੀ ਲੜਕੀ ਸਰੂਪਾਂ ਆਪਣੀਆਂ ਸਹੇਲੀਆਂ ਨਾਲ਼ ਬਾਗ਼ ਵਿੱਚ ਖੇਡ ਰਹੀ ਸੀ। ਉੱਥੇ ਨੇੜੇ ਹੀ ਰਸਾਲੂ ਅਰਾਮ ਕਰ ਰਿਹਾ ਸੀ। ਰਸਾਲੂ ਨੇ ਸਰੂਪਾਂ ਨੂੰ ਵੇਖਿਆ ਤਾਂ ਉਹ ਉਸ 'ਤੇ ਮੋਹਿਤ ਹੋ ਗਿਆ। ਰਸਾਲੂ ਉਸ ਨਾਲ਼ ਵਿਆਹ ਕਰਵਾਉਣ ਬਾਰੇ ਸੋਚਣ ਲੱਗਾ। ਜਦੋਂ ਰਸਾਲੂ ਰਾਜਾ ਹਰੀ ਚੰਦ ਦੇ ਸ਼ਹਿਰ ਪੁੱਜਾ ਤਾਂ ਪਤਾ ਲੱਗਾ ਕਿ ਰਾਜੇ ਨੇ ਸਰੂਪਾਂ ਦਾ ਵਿਆਹ ਉਸ ਸੂਰਬੀਰ ਨਾਲ਼ ਕਰਨ ਦਾ ਐਲਾਨ ਕੀਤਾ ਹੈ ਜਿਹੜਾ ਇੱਕ ਵਿਸ਼ੇਸ਼ ਪ੍ਰਕਾਰ ਦੇ ਜੰਤਰ ਵਿੱਚ ਤੀਰ ਮਾਰ ਕੇ ਸੁਨਹਿਰੀ ਮੱਛੀ ਨੂੰ ਫੁੰਡੇਗਾ।

ਰਸਾਲੂ ਨੇ ਆਪਣੀ ਤੀਰ-ਅੰਦਾਜ਼ੀ ਦੇ ਹੁਨਰ ਸਦਕਾ ਸੁਨਹਿਰੀ ਮੱਛੀ ਨੂੰ ਫੁੰਡ ਦਿੱਤਾ। ਉਸੇ ਵੇਲ਼ੇ ਰਾਜਾ ਹਰੀ ਚੰਦ ਨੂੰ ਖ਼ਬਰ ਪਹੁੰਚ ਗਈ ਕਿ ਰਸਾਲੂ ਨੇ ਉਸ ਦੀ ਧੀ ਦੇ ਵਿਆਹ ਦੀ ਸ਼ਰਤ ਜਿੱਤ ਲਈ ਹੈ। ਤਦ ਰਾਜੇ ਨੇ ਰਸਾਲੂ ਨੂੰ ਬੜੇ ਆਦਰ-ਸਤਿਕਾਰ ਨਾਲ਼ ਬੁਲਾਇਆ ਅਤੇ ਉਸ ਨਾਲ਼ ਆਪਣੀ ਧੀ ਦਾ ਵਿਆਹ ਕਰਨਾ ਮੰਨ ਲਿਆ। ਅਜੇ ਰਸਾਲੂ ਨਾਲ਼ ਸਰੂਪਾਂ ਦੀ ਮੰਗਣੀ ਹੀ ਹੋਈ

ਸੀ ਕਿ ਰਸਾਲੂ ਨੂੰ ਪਤਾ ਲੱਗ ਗਿਆ ਕਿ ਸਰੂਪਾਂ ਇੱਕ ਸੁਨਿਆਰੇ ਦੇ ਲੜਕੇ ਨੂੰ ਪਿਆਰ ਕਰਦੀ ਹੈ। ਰਸਾਲੂ ਨੇ ਰਾਜੇ ਹਰੀ ਚੰਦ ਨੂੰ ਸਮਝਾ-ਬੁਝਾ ਕੇ ਸਰੂਪਾਂ ਦਾ ਵਿਆਹ ਸੁਨਿਆਰੇ ਦੇ ਲੜਕੇ ਨਾਲ਼ ਕਰਵਾ ਦਿੱਤਾ। ਦੋਹਾਂ ਨੂੰ ਰਸਾਲੂ ਨੇ ਸ਼ੁੱਭ ਕਾਮਨਾਵਾਂ ਦਿੱਤੀਆਂ।

ਰਸਾਲੂ ਅੱਗੇ ਤੁਰ ਪਿਆ। ਉਸ ਨੇ ਆਪਣੇ ਰਾਹ ਵਿੱਚ ਆਉਂਦੇ ਹੋਏ ਰਾਖਸ਼ਾਂ ਅਤੇ ਨਾਗਾਂ ਦਾ ਨਾਸ ਕੀਤਾ ਜਿਨ੍ਹਾਂ ਤੋਂ ਲੋਕ ਬੇਹੱਦ ਦੁਖੀ ਸਨ। ਇਸ ਸਮੇਂ ਉਸ ਨੂੰ ਖ਼ਬਰ ਮਿਲ਼ੀ ਕਿ ਸਿਰਕੱਪ ਨਾਂ ਦਾ ਰਾਜਾ ਲੋਕਾਂ 'ਤੇ ਬਹੁਤ ਜ਼ੁਲਮ ਕਰ ਰਿਹਾ ਹੈ। ਉਹ ਸਿਰਕੱਪ ਦੇ ਸ਼ਹਿਰ ਵੱਲ ਚੱਲ ਪਿਆ। ਰਾਹ ਵਿੱਚ ਉਸ ਨੇ ਇੱਕ ਲਾਸ਼ ਵੇਖੀ। ਜਾਨਵਰ ਉਸ ਲਾਸ਼ ਦੀ ਦੁਰਗਤ ਕਰ ਰਹੇ ਸਨ। ਰਾਜਾ ਰਸਾਲੂ ਨੇ ਕਬਰ ਪੁੱਟ ਕੇ ਉਸ ਨੂੰ ਦਫ਼ਨਾਉਣਾ ਚਾਹਿਆ। ਕਹਿੰਦੇ ਹਨ, ਉਸ ਵੇਲ਼ੇ ਉਹ ਲਾਸ਼ ਬੋਲ ਪਈ। ਉਹ ਲਾਸ਼ ਸਿਰਕੱਪ ਦੇ ਭਰਾ ਸਿਰਮੁੱਖ ਦੀ ਸੀ। ਸਿਰਮੁੱਖ ਦੀ ਲਾਸ਼ ਨੇ ਦੱਸਿਆ ਕਿ ਰਾਜਾ ਸਿਰਕੱਪ ਇੱਕ ਕਪਟੀ ਰਾਜਾ ਹੈ। ਉਹ ਸਿਰਾਂ ਦੀ ਬਾਜ਼ੀ ਲਾ ਕੇ ਚੌਪੜ ਖੇਡਦਾ ਹੈ ਪਰ ਹੇਰਾ-ਫੇਰੀ ਨਾਲ਼ ਚੌਪੜ ਜਿੱਤ ਜਾਂਦਾ ਹੈ ਅਤੇ ਹਾਰਨ ਵਾਲ਼ੇ ਨੂੰ ਮਾਰ ਦਿੰਦਾ ਹੈ। ਉਸ ਨੇ ਆਪਣੇ ਭਰਾ ਸਿਰਮੁੱਖ ਦਾ ਲਿਹਾਜ਼ ਨਹੀਂ ਕੀਤਾ। ਸਿਰਕੱਪ ਨੇ ਉਸ ਨੂੰ ਕਪਟ ਨਾਲ਼ ਚੌਪੜ ਵਿੱਚ ਹਰਾ ਕੇ ਮਾਰ ਦਿੱਤਾ ਅਤੇ ਉਸ ਦਾ ਰਾਜ ਹੜੱਪ ਕਰ ਲਿਆ। ਸਿਰਮੁੱਖ ਦੀ ਲਾਸ਼ ਨੇ ਦੱਸਿਆ ਕਿ ਸਿਰਕੱਪ ਕੋਲ਼ ਇੱਕ ਚੂਹਾ ਹੈ ਜਿਹੜਾ ਚੌਪੜ ਖੇਡਣ ਸਮੇਂ ਉਸ ਦੀ ਮਦਦ ਕਰਦਾ ਹੈ। ਜੇ ਰਸਾਲੂ ਆਪਣੇ ਨਾਲ਼ ਬਿੱਲੀ ਲੈ ਜਾਵੇ ਤਾਂ ਬਿੱਲੀ ਤੋਂ ਚੂਹਾ ਡਰਦਾ ਮਾਰਾ ਬਾਹਰ ਹੀ ਨਹੀਂ ਆਵੇਗਾ। ਉਸ ਨੇ ਇਹ ਵੀ ਕਿਹਾ ਕਿ ਜਦੋਂ ਰਸਾਲੂ ਸਿਰਕੱਪ ਨਾਲ਼ ਚੌਪੜ ਖੇਡੇ ਤਾਂ ਪਾਸਾ ਆਪਣਾ ਵਰਤੇ। ਇਹ ਸਭ ਸੁਣ ਕੇ ਰਾਜਾ ਰਸਾਲੂ ਨੂੰ ਸਿਰਕੱਪ 'ਤੇ ਬਹੁਤ ਗ਼ੁੱਸਾ ਆਇਆ। ਉਹ ਸਿਰਕੱਪ ਨੂੰ ਖ਼ਤਮ ਕਰਨ ਲਈ ਉਸ ਦੇ ਸ਼ਹਿਰ ਵੱਲ ਚੱਲ ਪਿਆ।

ਰਾਜਾ ਸਿਰਕੱਪ ਦੇ ਸ਼ਹਿਰ ਦੇ ਬਾਹਰ ਇੱਕ ਘੁਮਿਆਰ ਦਾ ਘਰ ਸੀ। ਉਸੇ ਵੇਲ਼ੇ ਘੁਮਿਆਰ ਨੇ ਆਪਣੇ ਆਵੇ ਨੂੰ ਪਕਾਉਣ ਲਈ ਅੱਗ ਲਾਈ ਸੀ। ਆਵੇ ਦੇ ਆਸੇ-ਪਾਸੇ ਇੱਕ ਬਿੱਲੀ ਰੋਂਦੀ ਫਿਰ ਰਹੀ ਸੀ। ਉਸ ਦੇ ਬਲੂੰਗੜੇ ਆਵੇ ਵਿੱਚ ਪਏ ਸਨ। ਬਿੱਲੀ ਦੀ ਹਾਲਤ ਵੇਖ ਕੇ ਰਸਾਲੂ ਨੂੰ ਬੜਾ ਤਰਸ ਆਇਆ। ਉਸ ਨੇ ਘੁਮਿਆਰ ਨੂੰ ਪੁੱਛਿਆ ਕਿ ਬਲੂੰਗੜੇ ਕਿਵੇਂ ਬਚਾਏ ਜਾਣ। ਘੁਮਿਆਰ ਨੇ ਕਿਹਾ ਕਿ ਜੇ ਹੁਣ ਮੈਂ ਆਵੇ ਦੀ ਅੱਗ ਬੁਝਾਵਾਂਗਾ ਤਾਂ ਬਿੱਲੀ ਦੇ ਬੱਚੇ ਤਾਂ ਬਚ ਜਾਣਗੇ ਪਰ ਮੇਰੇ ਭਾਂਡੇ ਤਬਾਹ ਹੋ ਜਾਣਗੇ। ਰਸਾਲੂ ਨੇ ਘੁਮਿਆਰ ਨੂੰ ਆਵੇ ਦੇ ਸਾਰੇ ਭਾਂਡਿਆਂ ਦੀ ਕੀਮਤ ਦੇ ਦਿੱਤੀ ਅਤੇ ਆਵੇ ਦੀ ਅੱਗ ਬੁਝਵਾ ਦਿੱਤੀ । ਬਿੱਲੀ ਆਪਣੇ ਬੱਚਿਆਂ ਨੂੰ ਸਲਾਮਤ ਵੇਖ ਕੇ ਬੜੀ ਖ਼ੁਸ਼ ਹੋਈ। ਉਸ ਨੇ ਇੱਕ ਬਲੂੰਗੜਾ ਰਸਾਲੂ ਨੂੰ ਦੇ ਦਿੱਤਾ ਤੇ ਕਿਹਾ, "ਹੋ ਸਕਦਾ ਹੈ ਕਦੀ ਇਹ ਤੇਰੀ ਮਦਦ ਕਰੇ।" ਰਸਾਲੂ ਬਲੂੰਗੜੇ ਨੂੰ ਲੈ ਕੇ ਰਾਜਾ ਸਿਰਕੱਪ ਦੀ ਨਗਰੀ ਵਿੱਚ ਦਾਖ਼ਲ ਹੋ ਗਿਆ। ਸਿਰਕੱਪ ਨੂੰ ਉਸ ਦੇ ਸੂਹੀਆਂ ਨੇ ਰਸਾਲੂ ਦੇ ਆਉਣ ਬਾਰੇ ਦੱਸ ਦਿੱਤਾ ਸੀ । ਸਿਰਕੱਪ ਨੇ ਰਸਾਲੂ ਦੇ ਰਾਹ ਵਿੱਚ ਬੜੀਆਂ ਰੁਕਾਵਟਾਂ ਪਾਉਣ ਦੀ ਕੋਸ਼ਸ਼ ਕੀਤੀ ਪਰ ਰਸਾਲੂ ਨੂੰ ਕੋਈ ਮੁਸ਼ਕਲ ਰੋਕ ਨਾ ਸਕੀ। ਉਹ ਰਾਜੇ ਸਿਰਕੱਪ ਦੇ ਮਹਿਲੀਂ ਜਾ ਪਹੁੰਚਿਆ ਤੇ ਉਸ ਨੂੰ ਚੌਪੜ ਖੇਡਣ ਲਈ ਲਲਕਾਰਿਆ। ਸਿਰਕੱਪ ਨੇ ਕਿਹਾ ਕਿ ਰਸਾਲੂ ਅਜੇ ਅਰਾਮ ਕਰੇ। ਉਹ ਅਗਲੇ ਦਿਨ ਚੌਪੜ ਖੇਡੇਗਾ। ਸਿਰਕੱਪ ਨੇ ਰਸਾਲੂ ਨੂੰ ਜਿਸ ਕਮਰੇ ਵਿੱਚ ਠਹਿਰਾਇਆ, ਉੱਥੇ ਜ਼ਹਿਰੀਲੀ ਹਵਾੜ੍ਹ ਸੀ। ਰਸਾਲੂ ਨੇ ਬਾਸ਼ਕ ਨਾਗ ਦੀ ਦਿੱਤੀ ਮਣੀ ਬਾਹਰ ਕੱਢ ਕੇ ਰੱਖੀ ਜਿਸ ਨੇ ਕਮਰੇ ਦੀ ਸਾਰੀ ਜ਼ਹਿਰੀਲੀ ਹਵਾੜ੍ਹ ਚੂਸ ਲਈ। ਸਿਰਕੱਪ ਨੇ ਰਸਾਲੂ ਨੂੰ ਖਾਣੇ ਵਿੱਚ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਸ਼ ਕੀਤੀ ਪਰ ਰਸਾਲੂ ਨੂੰ ਆਪਣੀ ਹੁਸ਼ਿਆਰੀ ਕਾਰਨ ਰਸਾਲੂ ਦੀ ਸਾਜ਼ਸ਼ ਬਾਰੇ ਪਹਿਲਾਂ ਹੀ ਪਤਾ ਲੱਗ ਗਿਆ। ਇਸ ਤਰ੍ਹਾਂ ਸਿਰਕੱਪ ਨੇ ਰਸਾਲੂ ਨੂੰ ਮਾਰਨ ਲਈ ਹੋਰ ਵੀ ਕਈ ਚਾਲਾਂ ਚੱਲੀਆਂ।

ਦੂਜੇ ਦਿਨ ਸਿਰਕੱਪ ਤੇ ਰਸਾਲੂ ਚੌਪੜ ਖੇਡਣ ਬੈਠੇ। ਸਿਰਕੱਪ ਨੇ ਰਸਾਲੂ ਦਾ ਧਿਆਨ ਚੌਪੜ ਦੀ ਬਾਜ਼ੀ ਤੋਂ ਹਟਾਉਣ ਲਈ ਸੋਹਣੀਆਂ ਇਸਤਰੀਆਂ ਉਸ ਦੇ ਆਸੇ-ਪਾਸੇ ਘੁਮਾਉਣੀਆਂ ਅਰੰਭੀਆਂ ਪਰ ਰਸਾਲੂ ਉੱਤੇ ਇਹਨਾਂ ਦਾ ਕੋਈ ਅਸਰ ਨਾ ਹੋਇਆ। ਰਸਾਲੂ ਕੋਲ਼ ਬਿੱਲੀ ਦਾ ਬਲੂੰਗੜਾ ਸੀ। ਜਿਸ ਕਾਰਨ ਸਿਰਕੱਪ ਦਾ ਚੂਹਾ ਵੀ ਸਿਰਕੱਪ ਦੀ ਮਦਦ ਨਾ ਕਰ ਸਕਿਆ। ਰਸਾਲੂ ਨੇ ਆਪਣੇ ਪਾਸੇ ਨਾਲ਼ ਚੌਪੜ ਖੇਡੀ। ਸਿਰਕੱਪ ਚੌਪੜ ਹਾਰ ਗਿਆ। ਉਸ ਵੇਲ਼ੇ ਸਿਰਕੱਪ ਨੂੰ ਖ਼ਬਰ ਮਿਲ਼ੀ ਕਿ ਉਸ ਦੇ ਘਰ ਇੱਕ ਕੁੜੀ ਨੇ ਜਨਮ ਲਿਆ ਹੈ। ਸਿਰਕੱਪ ਨੇ ਹੁਕਮ ਦਿੱਤਾ ਕਿ ਕੁੜੀ ਨੂੰ ਮਾਰ ਦਿਓ। ਇਹ ਮੇਰੇ ਲਈ ਨਹਿਸ਼ ਹੈ ਪਰ ਰਸਾਲੂ ਨੇ ਕਿਹਾ ਕਿ ਉਸ ਲਈ ਉਹ ਕੁੜੀ ਭਾਗਾਂ ਵਾਲ਼ੀ ਹੈ। ਇਸ ਲਈ ਉਸ ਨੂੰ ਨਾ ਮਾਰਿਆ ਜਾਵੇ। ਜਦੋਂ ਉਹ ਵੱਡੀ ਹੋ ਜਾਵੇਗੀ ਤਾਂ ਉਹ ਉਸ ਨਾਲ਼ ਵਿਆਹ ਕਰਵਾ ਲਵੇਗਾ। ਸਿਰਕੱਪ ਨੇ ਇਹ ਸੁਝਾਅ ਮੰਨ ਲਿਆ। ਰਸਾਲੂ ਸਿਰਕੱਪ ਨੂੰ ਮਾਰਨ ਲੱਗਾ ਤਾਂ ਸਿਰਕੱਪ ਨੇ ਨਵੀਂ ਜੰਮੀ ਧੀ ਦਾ ਵਾਸਤਾ ਪਾ ਕੇ ਆਪਣੀ ਜਾਨ ਦੀ ਖ਼ੈਰ ਮੰਗੀ। ਤਦ ਰਾਜਾ ਰਸਾਲੂ ਨੇ ਸਿਰਕੱਪ ਨੂੰ ਮਾਫ਼ ਕਰ ਦਿੱਤਾ। ਸਿਰਕੱਪ ਨੇ ਵੀ ਅੱਗੇ ਤੋਂ ਨੇਕੀ ਨਾਲ਼ ਰਾਜ ਕਰਨ ਦਾ ਪ੍ਰਣ ਕੀਤਾ। ਸਿਰਕੱਪ ਦੀ ਨਵੀਂ ਜੰਮੀ ਧੀ ਦਾ ਨਾਂ ਕੋਕਲਾਂ ਰੱਖਿਆ ਗਿਆ ਸੀ।

ਰਾਜਾ ਰਸਾਲੂ ਨੇ ਕੋਕਲਾਂ ਲਈ ਕਿਸੇ ਥਾਂ ਇੱਕ ਸੁੰਦਰ ਮਹਿਲ ਉਸਾਰਨ ਦੀ ਸੋਚੀ। ਉਹ ਕਿਸੇ ਚੰਗੀ ਥਾਂ ਦੀ ਭਾਲ਼ ਵਿੱਚ ਫਿਰਨ ਲੱਗਾ। ਰਾਹ ਵਿੱਚ ਉਸ ਨੂੰ ਇੱਕ ਸੱਪਣੀ ਮਿਲ਼ੀ। ਸੱਪਣੀ ਨੇ ਰਸਾਲੂ ਨੂੰ ਡੰਗਣਾ ਚਾਹਿਆ ਪਰ ਰਸਾਲੂ ਨੇ ਉਸ ਨੂੰ ਮਾਰ ਦਿੱਤਾ। ਸੱਪਣੀ ਨੇ ਰਸਾਲੂ ਨੂੰ ਸ੍ਰਾਪ ਦੇ ਦਿੱਤਾ। ਸ੍ਰਾਪ ਤੋਂ ਮੁਕਤੀ ਪ੍ਰਾਪਤ ਕਰਨ ਲਈ ਰਸਾਲੂ ਨੂੰ ਬਾਰਾਂ ਸਾਲ ਹੋਰ ਕੋਕਲਾਂ ਤੋਂ ਦੂਰ ਰਹਿਣਾ ਪੈਣਾ ਸੀ।

ਰਸਾਲੂ ਨੇ ਕੋਕਲਾਂ ਨੂੰ ਮਹਿਲ ਵਿੱਚ ਲੈ ਆਂਦਾ। ਕੋਕਲਾਂ ਹੁਣ ਜਵਾਨ ਹੋ ਚੁੱਕੀ ਸੀ ਤੇ ਰਸਾਲੂ ਦੀ ਰਾਣੀ ਬਣ ਕੇ ਰਹਿਣਾ ਚਾਹੁੰਦੀ ਸੀ ਪਰ ਰਸਾਲੂ ਨਾਗਣੀ ਦੇ ਸ੍ਰਾਪ ਤੋਂ ਬਚਣ ਲਈ ਉਸ ਤੋਂ ਪਰੇ ਰਹਿ ਰਿਹਾ ਸੀ। ਏਨੇ ਨੂੰ ਇੱਕ ਦਿਨ ਹੋਡੀ ਨਾਂ ਦਾ ਇੱਕ

ਰਾਜਾ ਕੋਕਲਾਂ ਦੇ ਮਹਿਲ ਕੋਲੋਂ ਲੰਘਿਆ। ਉਹ ਕੋਕਲਾਂ ਨੂੰ ਵੇਖ ਕੇ ਉਸ ਦੇ ਰੂਪ 'ਤੇ ਮੋਹਿਤ ਹੋ ਗਿਆ। ਕੋਕਲਾਂ ਵੀ ਉਸ ਨੂੰ ਦਿਲ ਦੇ ਬੈਠੀ। ਰਾਜਾ ਰਸਾਲੂ ਨੂੰ ਆਪਣੇ ਤੋਤੇ ਤੋਂ ਹੋਡੀ ਤੇ ਕੋਕਲਾਂ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਸ ਨੂੰ ਬੜਾ ਗ਼ੁੱਸਾ ਆਇਆ। ਉਸ ਨੇ ਹੋਡੀ ਨੂੰ ਮਾਰ ਦਿੱਤਾ। ਹੋਡੀ ਦੀ ਮੌਤ ਦੀ ਖ਼ਬਰ ਸੁਣ ਕੇ ਕੋਕਲਾਂ ਵੀ ਮਹਿਲ ਉੱਤੋਂ ਛਾਲ ਮਾਰ ਕੇ ਮਰ ਗਈ।

ਕੋਕਲਾਂ ਦੀ ਮੌਤ ਤੋਂ ਬਾਅਦ ਰਾਜਾ ਰਸਾਲੂ ਦਾ ਮਨ ਬੜਾ ਉਦਾਸ ਹੋ ਗਿਆ। ਉਹ ਇਲਾਕਾ ਛੱਡ ਕੇ ਰਾਵਲ ਪਿੰਡੀ ਦੇ ਇਲਾਕੇ ਵੱਲ ਆ ਗਿਆ। ਉਸ ਇਲਾਕੇ ਵਿੱਚ ਇੱਕ ਡੈਣ ਰਹਿੰਦੀ ਸੀ। ਉਸ ਡੈਣ ਨੇ ਤਬਾਹੀ ਮਚਾਈ ਹੋਈ ਸੀ। ਲੋਕਾਂ ਦੀ ਪੁਕਾਰ ਸੁਣ ਕੇ ਰਸਾਲੂ ਡੈਣ ਨੂੰ ਮਾਰਨ ਲਈ ਤੁਰ ਪਿਆ। ਅੱਗੇ ਬਹੁਤ ਦੂਰ ਜਾ ਕੇ ਉਸ ਨੂੰ ਉਹ ਡੈਣ ਮਿਲੀ ਪਰ ਇਸ ਤੋਂ ਪਹਿਲਾਂ ਕਿ ਉਹ ਡੈਣ ਦਾ ਖ਼ਾਤਮਾ ਕਰਦਾ ਡੈਣ ਨੇ ਮੰਤਰ ਪੜ੍ਹ ਕੇ ਰਸਾਲੂ ਨੂੰ ਪੱਥਰ ਬਣਾ ਦਿੱਤਾ। ਰਸਾਲੂ ਘੋੜੇ ਸਮੇਤ ਸੈਲ-ਪੱਥਰ ਹੋ ਗਿਆ।

ਲੋਕਾਂ ਦਾ ਵਿਸ਼ਵਾਸ ਹੈ ਕਿ ਫਿਰ ਜਦੋਂ ਵੀ ਧਰਤੀ 'ਤੇ ਜ਼ੁਲਮ ਵਧੇਗਾ ਤਾਂ ਰਸਾਲੂ ਸੁਰਜੀਤ ਹੋ ਜਾਵੇਗਾ ਅਤੇ ਜ਼ਾਲਮਾਂ ਦਾ ਨਾਸ ਕਰ ਕੇ ਦਮ ਲਏਗਾ।

# 3.

# ਦੁੱਲਾ ਭੱਟੀ

ਦੁੱਲਾ ਸਾਂਦਲ ਬਾਰ ਦਾ ਜੰਮ-ਪਲ ਸੀ। ਉਸ ਦੇ ਪਿਤਾ ਦਾ ਨਾਂ ਫ਼ਰੀਦ ਖ਼ਾਂ ਸੀ। ਇਹ ਪਰਿਵਾਰ ਭੱਟੀ ਰਾਜਪੂਤਾਂ ਨਾਲ਼ ਸੰਬੰਧ ਰੱਖਦਾ ਸੀ ਜਿਸ ਕਾਰਨ ਦੁੱਲੇ ਦਾ ਨਾਂ ਦੁੱਲਾ ਭੱਟੀ ਕਰ ਕੇ ਮਸ਼ਹੂਰ ਹੋਇਆ।

ਦੁੱਲੇ ਦੇ ਪਿਓ-ਦਾਦੇ ਵੀ ਆਪਣੇ ਸਮੇਂ ਦੇ ਤਕੜੇ ਅਣਖੀਲੇ ਤੇ ਬਹਾਦਰ ਵਿਅਕਤੀ ਸਨ। ਉਹਨਾਂ ਨੇ ਮੁਗ਼ਲਾਂ ਦੀ ਧੌਂਸ ਮੰਨਣ ਅਤੇ ਮਾਮਲਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕਹਿੰਦੇ ਹਨ ਕਿ ਜਦੋਂ ਅਕਬਰ ਲਾਹੌਰ ਆਇਆ ਤਾਂ ਉਸ ਨੇ ਫ਼ੌਜ ਭੇਜ ਕੇ ਇਹਨਾਂ ਬਾਗ਼ੀਆਂ ਨੂੰ ਲਾਹੌਰ ਸੱਦਿਆ ਅਤੇ ਕਤਲ ਕਰਵਾ ਦਿੱਤਾ। ਫਿਰ ਆਮ ਲੋਕਾਂ ਵਿੱਚ ਦਹਿਸ਼ਤ ਪਾਉਣ ਅਤੇ ਰਾਜ - ਸ਼ਕਤੀ ਦਾ ਭੈ ਪੈਦਾ ਕਰਨ ਲਈ ਦੁੱਲੇ ਦੇ ਪਿਓ-ਦਾਦੇ ਦੀਆਂ ਖੱਲਾਂ ਵਿੱਚ ਤੂੜੀ ਭਰਵਾ ਕੇ ਇਹਨਾਂ ਨੂੰ ਸ਼ਹਿਰ ਦੇ ਮੁੱਖ ਦਰਵਾਜ਼ੇ 'ਤੇ ਟੰਗਵਾ ਦਿੱਤਾ।

ਉਪਰੋਕਤ ਸਾਰੀ ਘਟਨਾ ਦੁੱਲੇ ਨੂੰ ਸੋਝੀ ਸੰਭਾਲਨ 'ਤੇ ਉਸ ਦੀ ਮਾਂ ਨੇ ਦੱਸੀ:

**ਤੇਰਾ ਸਾਂਦਲ ਦਾਦਾ ਮਾਰਿਆ, ਦਿੱਤਾ ਭੋਰੇ 'ਚ ਪਾ,**
**ਮੁਗ਼ਲਾਂ ਪੁੱਠੀਆਂ ਖੱਲਾਂ ਲਾਹ ਕੇ, ਭਰੀਆਂ ਨਾਲ਼ ਹਵਾ।**

ਤਦ ਤੋਂ ਦੁੱਲੇ ਦੇ ਮਨ ਵਿੱਚ ਮੁਗ਼ਲ—ਸਲਤਨਤ ਦੇ ਖ਼ਿਲਾਫ਼ ਰੋਹ ਪੈਦਾ ਹੋਣ ਲੱਗਿਆ।

ਕਿਹਾ ਜਾਂਦਾ ਹੈ ਕਿ ਜਦੋਂ ਦੁੱਲੇ ਦਾ ਜਨਮ ਹੋਇਆ, ਉਹਨਾਂ ਦਿਨਾਂ ਵਿੱਚ ਅਕਬਰ ਦੀ ਇੱਕ ਰਾਜਪੂਤ ਰਾਣੀ ਦੀ ਕੁੱਖੋਂ ਇੱਕ ਪੁੱਤਰ ਸਲੀਮ ਨੇ ਜਨਮ ਲਿਆ ਜੋ ਪਿੱਛੋਂ ਸ਼ਹਿਜ਼ਾਦਾ ਸ਼ੇਖ਼ੂ ਵਜੋਂ ਵੀ ਜਾਣਿਆ ਗਿਆ। ਸਲੀਮ ਕਾਫ਼ੀ ਕਮਜ਼ੋਰ ਸੀ। ਬਾਦਸ਼ਾਹ ਉਸ ਨੂੰ ਬਲਵਾਨ ਸੂਰਮਾ ਬਣਾਉਣਾ ਚਾਹੁੰਦਾ ਸੀ। ਇਸ ਲਈ ਹਕੀਮਾਂ ਦੀ ਸਲਾਹ ਉੱਤੇ ਉਸ ਲਈ ਇੱਕ ਸਿਹਤਮੰਦ ਰਾਜਪੂਤ ਚੁੰਘਾਵੀ ਦਾ ਪ੍ਰਬੰਧ ਕਰਨਾ ਪਿਆ। ਉਹਨਾਂ ਦਿਨਾਂ ਵਿੱਚ ਹੀ ਦੁੱਲਾ ਜੰਮਿਆ ਸੀ। ਬਾਦਸ਼ਾਹ ਨੇ ਦੁੱਲੇ ਦੀ ਮਾਂ ਨੂੰ ਚੁੰਘਾਵੀ ਵਜੋਂ ਮਹਿਲਾਂ ਵਿੱਚ ਸੱਦ ਲਿਆ। ਇਸ ਤਰ੍ਹਾਂ ਦੁੱਲਾ ਅਤੇ ਸ਼ਹਿਜ਼ਾਦਾ ਸਲੀਮ ਇੱਕੋ ਮਾਂ ਦਾ ਦੁੱਧ ਚੁੰਘ ਕੇ ਪਲ਼ੇ। ਇਸ ਦੌਰਾਨ ਉਹ ਇਕੱਠੇ ਖੇਡਦੇ ਅਤੇ ਸ਼ਸਤਰ-ਵਿੱਦਿਆ ਸਿੱਖਦੇ। ਇਸ ਕਾਰਨ ਦੁੱਲਾ ਮਹਿਲਾਂ ਦੇ ਬਾਦਸ਼ਾਹੀ ਜਲੌ ਤੋਂ ਵੀ ਜਾਣੂ ਹੋ ਗਿਆ।

ਜਦੋਂ ਸ਼ਹਿਜ਼ਾਦਾ ਸਲੀਮ ਜਵਾਨ ਹੋਇਆ ਤਾਂ ਕਿਸੇ ਕਾਰਨ ਉਸ ਦੀ ਆਪਣੇ ਪਿਤਾ ਅਕਬਰ ਨਾਲ਼ ਅਣਬਣ ਹੋ ਗਈ ਅਤੇ ਉਹ ਬਾਗ਼ੀ ਹੋ ਗਿਆ। ਦੱਸਿਆ ਜਾਂਦਾ ਹੈ ਕਿ ਉਸ ਨੇ ਦੁੱਲੇ ਨੂੰ ਸਾਂਦਲ ਬਾਰ ਦੇ ਇਲਾਕੇ ਵਿੱਚ ਅਕਬਰ ਦੇ ਖ਼ਿਲਾਫ਼ ਗੜਬੜ ਫੈਲਾਉਣ ਲਈ ਉਕਸਾਇਆ।

ਦੁੱਲਾ ਪਹਿਲਾਂ ਤੋਂ ਹੀ ਬਾਗ਼ੀ ਸੁਭਾਅ ਵਾਲ਼ਾ ਸੀ। ਉਸ ਦੇ ਮਨ ਵਿੱਚ ਆਪਣੇ ਪਿਓ-ਦਾਦੇ ਦੇ ਕਤਲ ਦਾ ਬਦਲਾ ਲੈਣ ਦੀ ਭਾਵਨਾ ਪ੍ਰਬਲ ਸੀ। ਉਸ ਨੇ ਸਰਕਾਰੀ ਮਾਮਲਾ ਤਾਂ ਕੀ ਦੇਣਾ ਸੀ ਸਗੋਂ ਉਹ ਆਉਂਦੇ-ਜਾਂਦੇ ਸ਼ਾਹੀ ਕਾਫ਼ਲਿਆਂ ਨੂੰ ਵੀ ਲੁੱਟ ਲੈਂਦਾ ਸੀ। ਇੱਕ ਵਾਰੀ ਘੋੜਿਆਂ ਦਾ ਇੱਕ ਵਪਾਰੀ ਲਾਹੌਰ ਨੂੰ ਜਾ ਰਿਹਾ ਸੀ। ਦੁੱਲੇ ਨੇ ਉਸ ਤੋਂ ਘੋੜੇ ਖੋਹ ਲਏ। ਇਸੇ ਤਰ੍ਹਾਂ ਇੱਕ ਵਾਰੀ ਇੱਕ ਵਪਾਰੀ ਬਾਦਸ਼ਾਹ ਲਈ ਤੋਹਫ਼ੇ ਲਿਜਾ ਰਿਹਾ ਸੀ। ਦੁੱਲੇ ਨੇ ਸਾਰੇ ਤੋਹਫ਼ੇ ਖੋਹ ਲਏ ਅਤੇ ਵਪਾਰੀ ਦਾ ਸਿਰ ਵੱਢ ਕੇ ਬਾਦਸ਼ਾਹ ਨੂੰ ਭੇਜ ਦਿੱਤਾ। ਇਸ ਤਰ੍ਹਾਂ ਦੁੱਲਾ ਬਾਦਸ਼ਾਹ ਤੋਂ ਬਾਗ਼ੀ ਹੋ ਗਿਆ।

ਲੁੱਟ ਦਾ ਇਹ ਪੈਸਾ ਉਹ ਗ਼ਰੀਬਾਂ ਵਿੱਚ ਵੰਡ ਦਿੰਦਾ ਸੀ। ਜਦੋਂ ਆਮ ਲੋਕਾਂ ਨੂੰ ਪਤਾ ਲੱਗਾ ਕਿ ਇਹ ਬਹਾਦਰ ਜਵਾਨ ਸਲਤਨਤ ਦੇ ਖ਼ਿਲਾਫ਼ ਖੜ੍ਹਾ ਹੋ ਗਿਆ ਹੈ ਤਾਂ ਹਾਕਮਾਂ ਦੇ ਜ਼ੁਲਮ ਅਤੇ ਅਨਿਆਂ ਤੋਂ ਤੰਗ ਆਏ ਲੋਕ ਦੁੱਲੇ ਦੇ ਹਮਦਰਦ ਅਤੇ ਪ੍ਰਸੰਸਕ ਬਣ ਗਏ।

ਕਿਹਾ ਜਾਂਦਾ ਹੈ ਕਿ ਦੁੱਲੇ ਦਾ ਚਾਚਾ ਜਲਾਲਦੀਨ ਉਸ ਨਾਲ਼ ਵੈਰ ਰੱਖਦਾ ਸੀ। ਉਸ ਨੇ ਦੁੱਲੇ ਦੇ ਖ਼ਿਲਾਫ਼ ਅਕਬਰ ਅੱਗੇ ਜਾ ਸ਼ਿਕਾਇਤ ਕੀਤੀ।

**ਇੱਕ ਪਿੰਡ ਵਿੱਚ ਸੂਰਮਾ,ਮਾਂ ਲੱਧੀ ਦੇ ਘਰ ਲਾਲ।**
**ਉਹਨੇ ਲੁੱਟ ਕੇ ਖਾ ਲਈਆਂ ਡਾਲ਼ੀਆਂ, ਭੱਟੀ ਖੋਹ ਕੇ ਖਾ ਲਏ ਮਾਲ।**
**ਜੇ ਤੂੰ ਅਕਬਰ ਬਾਦਸ਼ਾਹ, ਚੜ੍ਹ ਕੇ ਲੈ-ਲੈ ਦੁੱਲੇ ਦੀ ਸਾਰ।**

ਅਕਬਰ ਨੇ ਦੁੱਲੇ ਨੂੰ ਫੜਨ ਲਈ ਆਪਣੀ ਫ਼ੌਜ ਭੇਜੀ। ਉਸ ਇਲਾਕੇ ਦੇ ਲੋਕ ਦੁੱਲੇ ਨੂੰ ਇਸ ਆਫ਼ਤ ਤੋਂ ਬਚਾਉਣਾ ਚਾਹੁੰਦੇ ਸਨ।

ਕਹਿੰਦੇ ਹਨ ਕਿ ਇੱਕ ਗਵਾਲਣ ਨੇ ਤਾਂ ਦੁੱਲੇ ਨੂੰ ਬਚਾਉਣ ਲਈ ਫ਼ੌਜ ਦੇ ਸੈਨਾਪਤੀ ਨੂੰ ਭਰਮਾਉਣ ਦੀ ਵੀ ਕੋਸ਼ਸ਼ ਕੀਤੀ। ਫ਼ੌਜ ਨੇ ਦੁੱਲੇ ਦੇ ਪਿੰਡ ਉੱਤੇ ਧਾਵਾ ਬੋਲ ਦਿੱਤਾ ਅਤੇ ਦੁੱਲੇ ਦੇ ਪਰਿਵਾਰ ਨੂੰ ਬੰਦੀ ਬਣਾ ਲਿਆ।

ਜਦੋਂ ਦੁੱਲੇ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਸਾਥੀਆਂ ਸਮੇਤ ਫ਼ੌਜ ਨੂੰ ਆ ਲਲਕਾਰਿਆ। ਦੋਹਾਂ ਧਿਰਾਂ ਦੀਆਂ ਤਿੱਖੀਆਂ ਝੜਪਾਂ ਹੋਈਆਂ। ਇੱਕ ਵਾਰ ਤਾਂ ਉਸ ਨੇ ਸ਼ਾਹੀ ਫ਼ੌਜ ਨੂੰ ਭਾਜੜਾਂ ਪਾ ਦਿੱਤੀਆਂ। ਦੁੱਲੇ ਦਾ ਪੁੱਤਰ ਵੀ ਇਸ ਲੜਾਈ ਵਿੱਚ ਬਹਾਦਰੀ ਨਾਲ਼ ਲੜਿਆ। ਕਿਹਾ ਜਾਂਦਾ ਹੈ ਕਿ ਪਿੱਛੋਂ ਅਕਬਰ ਦੀਆਂ ਫ਼ੌਜਾਂ ਨੇ ਦੁੱਲੇ ਨੂੰ ਧੋਖੇ ਨਾਲ਼ ਘੇਰੇ ਵਿੱਚ ਲੈ ਲਿਆ ਤੇ ਲਾਹੌਰ ਵਿੱਚ ਲਿਜਾ ਕੇ ਉਸ ਨੂੰ ਫਾਂਸੀ ਦੇ ਦਿੱਤੀ।

ਦੁੱਲਾ ਭੱਟੀ ਦੇ ਜੀਵਨ ਨਾਲ਼ ਕਈ ਪਰਉਪਕਾਰ ਦੀਆਂ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ। ਇੱਕ ਵਾਰ ਉਸ ਨੇ ਕਿਸੇ ਗ਼ਰੀਬ ਘਰ ਦੀ ਲੜਕੀ ਨੂੰ ਧੀ ਬਣਾ ਕੇ ਵਿਆਹੁਣ ਦਾ ਪੁੰਨ ਖੱਟਿਆ ਸੀ। ਇਸ ਦਾ ਹਵਾਲਾ ਲੋਹੜੀ ਨੂੰ ਗਾਏ ਜਾਂਦੇ ਪ੍ਰਸਿੱਧ ਲੋਕ-ਗੀਤ ਸੁੰਦਰ-ਮੁੰਦਰੀਏ ਵਿੱਚ ਮਿਲ਼ਦਾ ਹੈ—

ਸੁੰਦਰ-ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲ਼ਾ, ਹੋ
ਦੁੱਲੇ ਦੀ ਧੀ ਵਿਆਹੀ, ਹੋ
ਸੇਰ ਸੱਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸਾਲੂ ਪਾਟਾ, ਹੋ
ਸਾਲੂ ਕੌਣ ਸਮੇਟੇ, ਹੋ
ਚਾਚਾ ਗਾਲੀ ਦੇਸੇ, ਹੋ
ਚਾਚੇ ਚੂਰੀ ਕੁੱਟੀ, ਹੋ
ਜ਼ਿਮੀਦਾਰਾਂ ਲੁੱਟੀ, ਹੋ।

ਦੁੱਲੇ ਦੀ ਬਹਾਦਰੀ ਨੂੰ ਪ੍ਰਗਟਾਉਣ ਵਾਲ਼ੀਆਂ ਕੁਝ ਤੁਕਾਂ ਵੀ ਮਿਲ਼ਦੀਆਂ ਹਨ।

ਮੇਰੇ ਹੇਠਾਂ ਬੱਕੀ ਲਾਖੀ,
ਜਿਹੜੀ ਟੁਰਦੀ ਸੁੰਮ ਟਕੋਰ।
ਮੈਂ ਪੁੱਤ ਆਂ ਬੱਗੇ ਸ਼ੇਰ ਦਾ,
ਮੇਰੀ ਸ਼ੇਰਾਂ ਵਰਗੀ ਤੋਰ।
ਜੰਮਣਾ ਤੇ ਮਰ ਜਾਵਣਾ।
ਉੱਡਣਾ ਪਿੰਜਰੇ ਵਿੱਚੋਂ ਭੌਰ।

❋ ❋ ❋

## ਪਾਠ-ਅਭਿਆਸ

1. ਦੱਸੋ -:

   (ੳ) ਰਾਜਾ ਸਲਵਾਨ ਨੇ ਆਪਣੇ ਪੁੱਤਰ ਪੂਰਨ ਨੂੰ ਭੋਰੇ ਵਿੱਚ ਰੱਖਣ ਦਾ ਹੁਕਮ ਕਿਉਂ ਦਿੱਤਾ ?

   (ਅ) ਲੂਣਾ ਨੇ ਪੂਰਨ ਉੱਤੇ ਝੂਠੀ ਤੁਹਮਤ ਕਿਉਂ ਲਾਈ ?

   (ੲ) ਪੂਰਨ ਗੋਰਖ ਨਾਥ ਦੇ ਸੰਪਰਕ ਵਿੱਚ ਕਿਵੇਂ ਆਇਆ ?

   (ਸ) ਸੁੰਦਰਾਂ ਕੌਣ ਸੀ ? ਉਸ ਦਾ ਪੂਰਨ ਨਾਲ ਸੰਪਰਕ ਕਿਵੇਂ ਹੋਇਆ ?

   (ਹ) ਲੂਣਾ ਨੇ ਆਪਣੇ ਗੁਨਾਹ ਦਾ ਇਕਬਾਲ ਕਦੋਂ ਅਤੇ ਕਿਵੇਂ ਕੀਤਾ ?

   (ਕ) ਪੂਰਨ ਭਗਤ ਨੇ ਰਾਜਾ ਸਲਵਾਨ ਵੱਲੋਂ ਰਾਜ-ਭਾਗ ਦੇਣ ਦੀ ਪੇਸ਼ਕਸ਼ ਨੂੰ ਕਿਉਂ ਪ੍ਰਵਾਨ ਨਾ ਕੀਤਾ ?

2. 'ਪੂਰਨ ਭਗਤ' ਦੰਤ-ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

3. ਦੱਸੋ -:

   (ੳ) ਰਾਜਾ ਰਸਾਲੂ ਦੇ ਜੀਵਨ-ਸੰਘਰਸ਼ ਵਿੱਚ ਕੌਣ-ਕੌਣ ਸਾਥੀ ਬਣੇ ਰਹੇ ?

   (ਅ) ਕਿਹੜੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਰਸਾਲੂ ਅਜ਼ਾਦ ਤਬੀਅਤ ਦਾ ਮਾਲਕ ਸੀ ?

   (ੲ) ਰਾਜਾ ਸਲਵਾਨ ਨੇ ਰਸਾਲੂ ਨੂੰ ਦੇਸ-ਨਿਕਾਲਾ ਕਿਉਂ ਦਿੱਤਾ ?

   (ਸ) ਬਾਸ਼ਕ ਨਾਗ ਰਾਜਾ ਰਸਾਲੂ ਦਾ ਮਿੱਤਰ ਕਿਵੇਂ ਬਣ ਗਿਆ ?

   (ਹ) ਰਸਾਲੂ ਨੇ ਸਰੂਪਾਂ ਦੇ ਵਿਆਹ ਦੀ ਸ਼ਰਤ ਜਿੱਤ ਕੇ ਵੀ ਉਸ ਨਾਲ਼ ਵਿਆਹ ਨਾ ਕੀਤਾ, ਕਿਉਂ ?

   (ਕ) ਰਾਜਾ ਸਿਰਕੱਪ ਕਿਹੜੀਆਂ ਕਰਤੂਤਾਂ ਕਰਕੇ ਬਦਨਾਮ ਸੀ ?

   (ਖ) ਰਾਜਾ ਰਸਾਲੂ ਨੇ ਰਾਜਾ ਸਿਰਕੱਪ ਨੂੰ ਕਿਵੇਂ ਹਰਾਇਆ ?

   (ਗ) ਕੋਕਲਾਂ ਕੌਣ ਸੀ ? ਉਹ ਰਾਜਾ ਰਸਾਲੂ ਦੇ ਜੀਵਨ ਵਿੱਚ ਕਿਵੇਂ ਆਈ ?

   (ਘ) ਕੋਕਲਾਂ ਦੇ ਜੀਵਨ ਦਾ ਅੰਤ ਕਿਵੇਂ ਹੋਇਆ ?

   (ਙ) ਰਾਜਾ ਰਸਾਲੂ ਦੀ ਸ਼ਖ਼ਸੀਅਤ ਦੇ ਮੁੱਖ ਗੁਣ ਕਿਹੜੇ-ਕਿਹੜੇ ਸਨ ?

   (ਚ) ਪੂਰਨ ਭਗਤ ਅਤੇ ਰਾਜਾ ਰਸਾਲੂ ਵਿੱਚ ਕਿਹੜੇ-ਕਿਹੜੇ ਸਮਾਨ ਅਤੇ ਕਿਹੜੇ-ਕਿਹੜੇ ਵੱਖਰੇ ਗੁਣ ਸਨ ?

4. 'ਰਾਜਾ ਰਸਾਲੂ' ਦੀ ਦੰਤ-ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

5. ਦੱਸੋ -:

   (ੳ) ਦੁੱਲੇ ਦੀ ਬਾਗ਼ੀ ਤਬੀਅਤ ਹੋਣ ਵਿੱਚ ਕਿਹੜੀਆਂ ਘਟਨਾਵਾਂ ਦਾ ਹੱਥ ਸੀ ?

   (ਅ) ਦੁੱਲਾ ਲੋਕਾਂ ਵਿੱਚ ਹਰਮਨ-ਪਿਆਰਾ ਕਿਵੇਂ ਹੋ ਗਿਆ ?

   (ੲ) ਲਾਹੌਰ ਦੇ ਹਾਕਮ ਦੁੱਲੇ ਤੋਂ ਕਿਉਂ ਪਰੇਸ਼ਾਨ ਸਨ ?

   (ਸ) ਦੁੱਲੇ ਦੇ ਪਿਓ-ਦਾਦੇ ਨਾਲ਼ ਕੀ ਬੀਤੀ ਸੀ ?

6. 'ਦੁੱਲਾ ਭੱਟੀ' ਦੰਤ-ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਪ੍ਰੀਤ-ਕਥਾਵਾਂ

ਪੰਜਾਬੀਆਂ ਦੇ ਪ੍ਰੇਮ-ਭਾਵ ਦੇ ਜਜ਼ਬੇ ਦਾ ਲੋਕ-ਕਥਾ ਸਾਹਿਤ ਵਿੱਚ ਪ੍ਰੀਤ-ਕਥਾਵਾਂ ਰਾਹੀਂ ਭਰਪੂਰ ਪ੍ਰਗਟਾਵਾ ਹੋਇਆ ਹੈ। ਇਹ ਪ੍ਰੀਤ-ਕਥਾਵਾਂ ਬਾਅਦ ਵਿੱਚ ਪੰਜਾਬੀ ਦੇ ਕਿੱਸਾ-ਸਾਹਿਤ ਦਾ ਵਿਸ਼ਾ-ਵਸਤੂ ਵੀ ਬਣੀਆਂ ਹਨ।

ਇਹਨਾਂ ਪ੍ਰੀਤ-ਕਥਾਵਾਂ ਦੇ ਨਿੱਕੇ-ਨਿੱਕੇ ਵੇਰਵੇ ਸਮੇਂ-ਸਮੇਂ ਬਦਲਦੇ ਰਹੇ ਹਨ। ਹਰ ਕਥਾ ਦੇ ਚੌਖਟੇ ਵਿੱਚ ਉਸ ਸਮੇਂ ਦੇ ਸਮਾਜਿਕ ਤੇ ਸੱਭਿਆਚਾਰਿਕ ਰੰਗ ਵੀ ਉੱਘੜੇ ਹਨ।

ਪੰਜਾਬੀ ਦੀਆਂ ਪ੍ਰੀਤ-ਕਥਾਵਾਂ ਵਿੱਚ ਆਦਰਸ਼ਕ ਪੰਜਾਬੀ ਗੱਭਰੂ ਅਤੇ ਪੰਜਾਬੀ ਮੁਟਿਆਰ ਦਾ ਜੁੱਸਾ, ਨੁਹਾਰ, ਮਚਲਦੇ ਜਜ਼ਬੇ, ਪਿਆਰ ਦੇ ਮਜੀਠੇ ਰੰਗ ਵਿੱਚ ਰੰਗੀ ਸ਼ਖ਼ਸੀਅਤ, ਆਪਣੇ ਸਾਥੀ ਲਈ ਸਭ ਕੁਝ ਨਿਛਾਵਰ ਕਰਨ ਦੀ ਭਾਵਨਾ-ਗੱਲ ਕੀ ਪੰਜਾਬੀਆਂ ਦੀ ਜ਼ਿੰਦਗੀ ਦਾ ਰੁਮਾਂਚਿਕ ਪੱਖ ਖ਼ੂਬ ਉੱਭਰਿਆ ਹੈ।

ਪੰਜਾਬੀ ਦੀਆਂ ਪ੍ਰਸਿੱਧ ਪ੍ਰੀਤ-ਕਥਾਵਾਂ ਵਿੱਚੋਂ ਇਸ ਪਾਠ-ਪੁਸਤਕ ਲਈ ਵੰਨਗੀ ਵਜੋਂ 'ਹੀਰ-ਰਾਂਝਾ' ਅਤੇ 'ਮਿਰਜ਼ਾ-ਸਾਹਿਬਾਂ' ਦੀਆਂ ਕਥਾਵਾਂ ਦੀ ਚੋਣ ਕੀਤੀ ਗਈ ਹੈ। 'ਹੀਰ-ਰਾਂਝੇ' ਦੀ ਇਸ ਕਹਾਣੀ ਦਾ ਮੁੱਖ ਚੌਖਟਾ ਭਾਵੇਂ ਇੱਕ ਹੈ ਪਰ ਪੰਜਾਬੀ ਦੇ ਵੱਖ-ਵੱਖ ਕਿੱਸਿਆਂ ਵਿੱਚ ਇਸ ਦੇ ਵੱਖ-ਵੱਖ ਵੇਰਵੇ ਵੀ ਮਿਲ਼ਦੇ ਹਨ। ਹਰ ਰਚਨਹਾਰ ਨੇ ਇਸ ਕਹਾਣੀ ਨੂੰ ਬਿਆਨਦਿਆਂ ਆਪਣੀ ਸੋਚ ਅਤੇ ਵਿਸ਼ਵਾਸ ਦਾ ਰੰਗ ਇਸ ਉੱਤੇ ਚੜ੍ਹਾਇਆ ਹੈ ਪਰ ਇਹ ਸੱਚ ਹੈ ਕਿ ਇਹ ਪ੍ਰੇਮ-ਕਹਾਣੀ ਪੰਜਾਬੀਆਂ ਦੇ ਪ੍ਰੇਮ-ਭਾਵ ਨੂੰ ਬੜੀ ਖ਼ੂਬਸੂਰਤੀ ਨਾਲ਼ ਬਿਆਨ ਕਰਦੀ ਹੈ।

ਹੀਰ-ਰਾਂਝੇ ਦੀ ਪ੍ਰੀਤ-ਕਹਾਣੀ ਪੰਜਾਬ ਦੀ ਬਹੁਤ ਹਰਮਨ ਪਿਆਰੀ ਕਹਾਣੀ ਹੈ। ਪੰਜਾਬੀ ਵਿੱਚ ਦਮੋਦਰ ਤੋਂ ਲੈ ਕੇ ਅਨੇਕਾਂ ਕਵੀਆਂ ਅਤੇ ਕਿੱਸਾਕਾਰਾਂ ਨੇ ਸਮੇਂ-ਸਮੇਂ ਇਸ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਬਿਆਨਿਆ ਹੈ। ਪੰਜਾਬੀ ਦਾ ਪ੍ਰਸਿੱਧ ਕਿੱਸਾਕਾਰ ਵਾਰਸ ਸ਼ਾਹ ਤਾਂ ਇਸ ਇੱਕੋ ਪ੍ਰੀਤ-ਕਹਾਣੀ ਨੂੰ ਬਿਆਨਣ ਕਰਕੇ ਪੰਜਾਬੀ ਦਾ ਹਰਮਨ-ਪਿਆਰਾ ਕਵੀ ਬਣ ਗਿਆ। ਪੰਜਾਬੀ ਸਾਹਿਤ ਵਿੱਚ ਇਸ ਕਹਾਣੀ ਤੇ ਪਾਤਰਾਂ ਨੂੰ ਚਿੰਨ੍ਹਾਂ ਤੇ ਪ੍ਰਤੀਕਾਂ ਵਜੋਂ ਅਨੇਕਾਂ ਵਾਰੀ ਵਰਤਿਆ ਗਿਆ, ਜਿਵੇਂਕਿ ਬੁੱਲ੍ਹੇ ਸ਼ਾਹ ਦੀ ਕਾਵਿ-ਸਤਰ ਹੈ।

**ਰਾਂਝਾ-ਰਾਂਝਾ ਕਰਦੀ ਨੀ,**
**ਮੈਂ ਆਪੇ ਰਾਂਝਾ ਹੋਈ।**
**ਆਖੋ ਨੀ ਮੈਨੂੰ ਧੀਦੋ ਰਾਂਝਾ,**
**ਹੀਰ ਨਾ ਆਖੋ ਕੋਈ।**

ਪੰਜਾਬੀ ਦੀਆਂ ਪ੍ਰੀਤ-ਕਥਾਵਾਂ ਵਿੱਚ ਮਿਰਜ਼ਾ-ਸਾਹਿਬਾਂ ਦੀ ਪ੍ਰੀਤ-ਕਥਾ ਨੂੰ ਵੀ ਉੱਚੀ ਥਾਂ ਪ੍ਰਾਪਤ ਹੈ। ਮਿਰਜ਼ਾ-ਸਾਹਿਬਾਂ ਦੀ ਪ੍ਰੀਤ ਬਾਰੇ ਦਰਜਨਾਂ ਹੀ ਕਿੱਸੇ ਲਿਖੇ ਗਏ। ਇਹਨਾਂ ਵਿੱਚੋਂ ਪੀਲੂ ਦਾ ਕਿੱਸਾ ਬਹੁਤ ਹਰਮਨ-ਪਿਆਰਾ ਹੋਇਆ ਹੈ। ਮਿਰਜ਼ਾ ਸਾਹਿਬਾਂ ਦੀ ਪ੍ਰੀਤ-ਕਥਾ ਦਾ ਜ਼ਿਕਰ ਕਈ ਲੋਕ-ਗੀਤਾਂ ਵਿੱਚ ਵੀ ਆਇਆ ਹੈ। ਇਸ ਪ੍ਰੀਤ-ਕਥਾ ਦਾ ਅੰਤ ਦੁੱਖ ਭਰਿਆ ਹੁੰਦਾ ਹੈ। ਮਿਰਜ਼ੇ ਨੂੰ ਆਪਣੇ ਬਾਹੂ-ਬਲ ਅਤੇ ਤੀਰ-ਅੰਦਾਜ਼ੀ ਦੇ ਹੁਨਰ ਉੱਤੇ ਬਹੁਤ ਮਾਣ ਸੀ। ਕਿੱਸਾਕਾਰਾਂ ਨੇ ਸਾਹਿਬਾਂ ਨੂੰ ਆਪਣੇ ਭਰਾਵਾਂ ਦੇ ਪਿਆਰ ਅਤੇ ਪ੍ਰੇਮੀ ਦੇ ਪਿਆਰ ਦੇ ਵਿਚਕਾਰ ਦੁਚਿੱਤੀ ਦਾ ਸ਼ਿਕਾਰ ਵਿਖਾਇਆ ਹੈ।

❋ ❋ ❋

# 1.

# ਹੀਰ-ਰਾਂਝਾ

ਕਹਿੰਦੇ ਹਨ ਦਰਿਆ ਝਨਾਂ ਦੇ ਕੰਢੇ ਝੰਗ ਸਿਆਲ਼ ਦੇ ਇੱਕ ਸਰਦਾਰ ਮਲਕ ਚੂਚਕ ਦੇ ਘਰ ਇੱਕ ਲੜਕੀ ਪੈਦਾ ਹੋਈ ਜਿਸ ਦਾ ਨਾਂ ਹੀਰ ਰੱਖਿਆ ਗਿਆ। ਖੁੱਲ੍ਹੇ-ਡੁੱਲ੍ਹੇ ਮਾਹੌਲ ਅਤੇ ਮਾਪਿਆਂ ਦੇ ਲਾਡ-ਪਿਆਰ ਵਿੱਚ ਪਲ਼ੀ ਹੀਰ ਏਨੀ ਸੋਹਣੀ ਸੀ ਕਿ ਉਸ ਦੀ ਸੁੰਦਰਤਾ ਦੀਆਂ ਕਨਸੋਆਂ ਨੇੜੇ-ਤੇੜੇ ਦੇ ਇਲਾਕੇ ਤੱਕ ਪਹੁੰਚ ਗਈਆਂ।

ਇਸੇ ਇਲਾਕੇ ਵਿੱਚ ਤਖ਼ਤ ਹਜ਼ਾਰਾ ਨਾਂ ਦੇ ਪਿੰਡ ਵਿੱਚ ਇੱਕ ਚੌਧਰੀ ਮੌਜੂ ਰਹਿੰਦਾ ਸੀ ਜਿਸ ਦੇ ਅੱਠ ਪੁੱਤਰ ਸਨ। ਇਹਨਾਂ ਵਿੱਚੋਂ ਸਭ ਤੋਂ ਛੋਟਾ ਰਾਂਝਾ ਸੀ। ਉਹ ਅਜੇ ਅਣਵਿਆਹਿਆ ਸੀ। ਪਿਤਾ ਦੀ ਮੌਤ ਤੋਂ ਪਿੱਛੋਂ ਭਰਾਵਾਂ ਵਿੱਚ ਜ਼ਮੀਨ ਦੀ ਵੰਡ-ਵੰਡਾਈ ਉੱਤੇ ਝਗੜਾ ਹੋ ਗਿਆ। ਰਾਂਝੇ ਨੂੰ ਸਭ ਤੋਂ ਮਾੜੀ ਜ਼ਮੀਨ ਦਿੱਤੀ ਗਈ। ਰਾਂਝਾ ਆਪਣੇ ਭਰਾਵਾਂ ਦੇ ਇਸ ਵਿਹਾਰ ਤੋਂ ਦੁਖੀ ਸੀ। ਬਲਦੀ ਉੱਤੇ ਭਾਬੀਆਂ ਦੇ ਇਸ ਤਾਹਨੇ ਨੇ ਤੇਲ ਦਾ ਕੰਮ ਕੀਤਾ, "ਜਾਹ ਦੇਖਾਂਗੇ ਜਦੋਂ ਤੂੰ ਸਿਆਲਾਂ ਦੀ ਹੀਰ ਵਿਆਹ ਲਿਆਵੇਂਗਾ"। ਉਹ ਇਸ ਤੋਂ ਅਤਿਅੰਤ ਨਿਰਾਸ ਹੋ ਕੇ ਆਪਣਾ ਪਿੰਡ ਛੱਡ ਕੇ ਤੁਰ ਪਿਆ। ਅੱਗੇ ਉਸ ਦੇ ਰਾਹ ਵਿੱਚ ਝਨਾਂ ਦਰਿਆ ਪੈਂਦਾ ਸੀ। ਬਿਨਾਂ ਬੇੜੀਆਂ ਤੋਂ ਇਸ ਨੂੰ ਪਾਰ ਕਰਨਾ ਬਹੁਤ ਮੁਸ਼ਕਲ ਸੀ। ਸਬੱਬ ਨੂੰ ਉੱਥੇ ਹੀਰ ਦੀ ਬੇੜੀ ਖੜ੍ਹੀ ਸੀ। ਰਾਂਝਾ ਉਸ ਬੇੜੀ ਵਿੱਚ ਚੜ੍ਹ ਗਿਆ। ਇਸ ਬੇੜੀ ਵਿੱਚ ਹੀਰ ਦਾ ਸੁੰਦਰ ਤੇ ਅਰਾਮਦਾਇਕ ਪਲੰਘ ਵੀ ਸੀ। ਰਾਂਝੇ ਦਾ ਇਸ ਪਲੰਘ ਉੱਤੇ ਲੇਟ ਕੇ ਵੇਖਣ ਨੂੰ ਜੀਅ ਕੀਤਾ। ਉਹ ਸਫ਼ਰ ਕਰਕੇ ਏਨਾ ਥੱਕਿਆ ਹੋਇਆ ਸੀ ਕਿ ਪਲੰਘ ਉੱਤੇ ਲੇਟਦਿਆਂ ਹੀ ਉਸ ਨੂੰ ਗੂੜ੍ਹੀ ਨੀਂਦ ਆ ਗਈ। ਉੱਧਰ ਕਿਸੇ ਨੇ ਹੀਰ ਨੂੰ ਜਾ ਦੱਸਿਆ ਕਿ ਉਸ ਦੇ ਪਲੰਘ 'ਤੇ ਕੋਈ ਅਜਨਬੀ ਸੁੱਤਾ ਹੋਇਆ ਹੈ। ਕਹਿੰਦੇ ਹਨ, ਹੀਰ ਭਰੀ-ਪੀਤੀ ਆਪਣੀ ਬੇੜੀ ਕੋਲ਼ ਪਹੁੰਚੀ ਤੇ ਕੜਕਦੀ ਹੋਈ ਰਾਂਝੇ ਨੂੰ ਛਮਕਾਂ ਨਾਲ਼ ਮਾਰਨ ਲੱਗੀ। ਜਿਉਂ ਹੀ ਰਾਂਝੇ ਦੀ ਜਾਗ ਖੁੱਲ੍ਹੀ ਉਸ ਨੇ ਹੀਰ ਵੱਲ ਉੱਠ ਕੇ ਤੱਕਿਆ।

ਇਸ ਪਹਿਲੀ ਤੱਕਣੀ ਵਿੱਚ ਹੀ ਦੋਵੇਂ ਪ੍ਰੇਮ-ਸੰਬੰਧ ਵਿੱਚ ਬੱਝ ਗਏ। ਹੀਰ ਨੇ ਰਾਂਝੇ ਨੂੰ ਆਪਣੇ ਨੇੜੇ ਰੱਖਣ ਲਈ ਆਪਣੇ ਪਿਓ ਕੋਲ਼ ਮੱਝਾਂ ਦੇ ਚਾਰੂ ਵਜੋਂ ਨੌਕਰੀ ਦਿਵਾ ਦਿੱਤੀ। ਹੁਣ ਉਹ ਚੋਰੀ-ਚੋਰੀ ਇੱਕ-ਦੂਜੇ ਨੂੰ ਮਿਲ਼ਦੇ। ਰਾਂਝਾ ਬਾਰਾਂ ਸਾਲ ਹੀਰ ਦੇ ਪਿਓ ਦੀਆਂ ਮੱਝਾਂ ਚਾਰਦਾ ਰਿਹਾ। ਹੌਲ਼ੀ-ਹੌਲ਼ੀ ਉਹਨਾਂ ਦੇ ਆਪਸੀ ਪ੍ਰੇਮ ਦੀ ਚਰਚਾ ਸਾਰੇ ਪਿੰਡ ਵਿੱਚ ਫੈਲ ਗਈ। ਹੀਰ ਦੇ ਪਿਓ ਨੇ ਹੁਸ਼ਿਆਰੀ ਵਰਤ ਕੇ ਹੀਰ ਦਾ ਵਿਆਹ ਰੰਗ ਪੁਰ ਖੇੜਿਆਂ ਦੇ ਸੈਦੇ ਨਾਲ਼ ਕਰ ਦਿੱਤਾ। ਰਾਂਝਾ ਬੜਾ ਨਿਰਾਸ ਹੋਇਆ। ਰਾਂਝੇ ਨੇ ਹੀਰ ਨੂੰ ਉਹਦੇ ਸਹੁਰੇ ਪਿੰਡ ਜਾ ਕੇ ਮਿਲ਼ਨ ਦੀ ਤਰਕੀਬ ਸੋਚੀ। ਕਿਹਾ ਜਾਂਦਾ ਹੈ ਕਿ ਉਸ ਨੇ ਬਾਲਨਾਥ ਨਾਂ ਦੇ ਜੋਗੀ ਤੋਂ ਜੋਗ ਧਾਰਨ ਕਰ ਲਿਆ ਅਤੇ ਜੋਗੀ ਬਣ ਕੇ ਰੰਗਪੁਰ ਨੂੰ ਤੁਰ ਪਿਆ।

ਹੀਰ ਨੂੰ ਆਪਣਾ ਪਤੀ ਸੈਦਾ ਬਿਲਕੁਲ ਹੀ ਪ੍ਰਵਾਨ ਨਹੀਂ ਸੀ। ਉਸ ਦਾ ਇਹ ਵਿਆਹ ਉਸ ਦੀ ਇੱਛਾ ਦੇ ਖ਼ਿਲਾਫ਼ ਹੋਇਆ ਸੀ। ਸਹੁਰੇ ਘਰ ਵਿੱਚ ਉਸ ਦੀ ਇੱਕ ਨਣਾਨ ਸਹਿਤੀ ਸੀ। ਉਹ ਮੁਰਾਦ ਨਾਂ ਦੇ ਕਿਸੇ ਬਲੋਚ ਨੂੰ ਪਿਆਰ ਕਰਦੀ ਸੀ। ਛੇਤੀ ਹੀ ਹੀਰ ਅਤੇ ਸਹਿਤੀ ਇੱਕ ਦੂਜੇ ਨਾਲ਼ ਆਪਣੇ ਮਨ ਦਾ ਭੇਤ ਸਾਂਝਾ ਕਰਨ ਲੱਗੀਆਂ। ਇਸ ਉਪਰੰਤ ਹੀਰ ਜੋਗੀ ਬਣੇ ਰਾਂਝੇ ਨੂੰ ਸਹਿਤੀ ਰਾਹੀਂ ਮਿਲ਼ਨ ਲੱਗੀ। ਕੁਝ ਸਮੇਂ ਪਿੱਛੋਂ ਸਹਿਤੀ ਦੀ ਸਹਾਇਤਾ ਨਾਲ਼ ਹੀਰ ਅਤੇ ਰਾਂਝਾ ਰੰਗਪੁਰ ਤੋਂ ਭੱਜ ਗਏ। ਪਤਾ ਲੱਗਣ ਉੱਤੇ ਰੰਗਪੁਰ ਖੇੜਿਆਂ ਦੇ ਬੰਦੇ ਉਹਨਾਂ ਨੂੰ ਫੜਨ ਲਈ ਦੌੜੇ। ਅਖ਼ੀਰ ਨੂੰ ਉਹਨਾਂ ਨ ਪਿੱਛਾ ਕਰਦਿਆਂ ਇਸ ਪ੍ਰੇਮੀ-ਜੋੜੇ ਨੂੰ ਫੜ ਲਿਆ। ਤਦ ਇਹ ਮਾਮਲਾ ਕੋਟਕਬੂਲੇ ਦੇ ਕਾਜ਼ੀ ਕੋਲ਼ ਗਿਆ। ਉਸ ਨੇ ਦੋਹਾਂ ਧਿਰਾਂ ਨੂੰ ਸੁਣਨ ਪਿੱਛੋਂ ਫ਼ੈਸਲਾ ਹੀਰ-ਰਾਂਝੇ ਦੇ ਹੱਕ ਵਿੱਚ ਕਰ ਦਿੱਤਾ।

ਇੱਕ ਰਵਾਇਤ ਅਨੁਸਾਰ ਇਸ ਪਿੱਛੋਂ ਹੀਰ ਤੇ ਰਾਂਝਾ ਚੂਚਕ ਕੋਲ਼ ਆ ਗਏ। ਫਿਰ ਹੀਰ ਦੇ ਮਾਪਿਆਂ ਦੀ ਸਹਿਮਤੀ ਪਿੱਛੋਂ ਸੁਖੀ-ਸੁਖੀ ਵੱਸਣ ਲੱਗੇ।

ਦੂਜੀ ਰਵਾਇਤ ਅਨੁਸਾਰ ਜਦੋਂ ਇਹ ਜੋੜੀ ਹੀਰ ਦੇ ਮਾਪਿਆਂ ਕੋਲ਼ ਪਹੁੰਚੀ ਤਾਂ ਉੱਥੇ ਉਹਨਾਂ ਦੀ ਪ੍ਰੀਤ ਗੁੱਝੀ ਚਾਲ ਦੀ ਸ਼ਿਕਾਰ ਹੋ ਗਈ। ਹੀਰ ਦੇ ਮਾਪਿਆਂ ਨੇ ਮਚਲੇ ਹੋ ਕੇ ਰਾਂਝੇ ਨੂੰ ਕਿਹਾ ਕਿ ਉਹ ਬਾਕਾਇਦਾ ਜੰਞ ਲੈ ਕੇ ਹੀਰ ਨੂੰ ਵਿਆਹ ਕੇ ਲੈ ਜਾਵੇ। ਰਾਂਝਾ ਉਹਨਾਂ ਦੀ ਗੱਲ ਮੰਨ ਕੇ ਆਪਣੇ ਪਿੰਡ ਵਿਆਹ ਦਾ ਪ੍ਰਬੰਧ ਕਰਨ ਲਈ ਚਲਾ ਗਿਆ। ਪਿੱਛੋਂ ਹੀਰ ਦੇ ਮਾਪਿਆਂ ਨੇ ਹੀਰ ਨੂੰ ਇਹ ਮਨ-ਘੜਤ ਗੱਲ ਦੱਸੀ ਕਿ ਰਾਂਝੇ ਨੂੰ ਕਿਸੇ ਨੇ ਮਾਰ ਦਿੱਤਾ ਹੈ। ਇਹ ਸੁਣ ਕੇ ਹੀਰ ਬੇਹੋਸ਼ ਹੋ ਗਈ। ਤਦ ਹੀਰ ਦੇ ਚਾਚੇ ਕੈਦੋਂ ਨੇ ਉਸ ਨੂੰ ਜ਼ਹਿਰ ਪਿਆ ਦਿੱਤੀ। ਉੱਧਰ ਹੀਰ ਦੀ ਮੌਤ ਦੀ ਖ਼ਬਰ ਸੁਣ ਕੇ ਰਾਂਝੇ ਨੇ ਵੀ ਪ੍ਰਾਣ ਤਿਆਗ ਦਿੱਤੇ।

❄ ❄ ❄

2.

# ਮਿਰਜ਼ਾ ਸਾਹਿਬਾਂ

ਖੀਵੇ ਮਾਹਣੀ ਦੇ ਸਰਦਾਰ ਖੀਵੇ ਖ਼ਾਨ ਦੀ ਇੱਕ ਧੀ ਸੀ। ਉਸ ਦਾ ਨਾਂ ਸਾਹਿਬਾਂ ਸੀ। ਇਸ ਪ੍ਰੀਤ-ਕਹਾਣੀ ਦਾ ਨਾਇਕ ਮਿਰਜ਼ਾ ਦਾਨਾਬਾਦ ਪਿੰਡ ਵਿੱਚ ਵੰਝਲ ਨਾਂ ਦੇ ਵਿਅਕਤੀ ਦੇ ਘਰ ਜੰਮਿਆ। ਸਾਹਿਬਾਂ ਰਿਸ਼ਤੇ ਵਿੱਚ ਮਿਰਜ਼ੇ ਦੇ ਮਾਮੇ ਦੀ ਧੀ ਸੀ। ਸਾਹਿਬਾਂ ਕੁਝ ਵੱਡੀ ਹੋਈ ਤਾਂ ਉਸ ਨੂੰ ਪਿੰਡ ਦੀ ਮਸੀਤ ਵਿੱਚ ਪੜ੍ਹਨੇ ਪਾਇਆ ਗਿਆ। ਕਹਿੰਦੇ ਹਨ ਕਿ ਮਿਰਜ਼ੇ ਦੇ ਬਚਪਨ ਸਮੇਂ ਹੀ ਉਸ ਦੇ ਸਿਰ ਤੋਂ ਪਿਓ ਦਾ ਸਾਇਆ ਉੱਠ ਗਿਆ ਸੀ। ਸ਼ਾਇਦ ਇਸੇ ਕਾਰਨ ਉਸ ਨੂੰ ਉਸ ਦੇ ਨਾਨਕੇ ਘਰ ਭੇਜ ਦਿੱਤਾ ਗਿਆ ਸੀ।

ਨਾਨਕੇ-ਘਰ ਰਹਿੰਦਿਆਂ ਮਿਰਜ਼ਾ ਵੀ ਮਸੀਤ ਵਿੱਚ ਪੜ੍ਹਨ ਲਈ ਜਾਣ ਲੱਗਿਆ। ਮਸੀਤ ਵਿੱਚ ਇਕੱਠੇ ਪੜ੍ਹਦਿਆਂ ਮਿਰਜ਼ਾ ਤੇ ਸਾਹਿਬਾਂ ਦਾ ਆਪਸੀ ਲਗਾਅ ਹੋ ਗਿਆ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਇਹ ਲਗਾਅ ਗੂੜ੍ਹੀ ਪ੍ਰੀਤ ਦਾ ਰੂਪ ਧਾਰਨ ਕਰ ਗਿਆ। ਛੇਤੀ ਹੀ ਇਸ ਪ੍ਰੀਤ-ਕਹਾਣੀ ਦੀ ਚਰਚਾ ਹੋਣ ਲੱਗੀ। ਨਤੀਜੇ ਵਜੋਂ ਮਿਰਜ਼ਾ ਆਪਣੇ ਪਿੰਡ ਦਾਨਾਬਾਦ ਵਾਪਸ ਆ ਗਿਆ। ਦੂਜੇ ਪਾਸੇ ਸਾਹਿਬਾਂ ਦੇ ਮਾਪਿਆਂ ਨੇ ਉਸ ਦਾ ਵਿਆਹ ਚੰਧੜ ਖ਼ਾਨਦਾਨ ਦੇ ਇੱਕ ਗੱਭਰੂ ਨਾਲ਼ ਤੈਅ ਕਰ ਦਿੱਤਾ।

ਚੰਧੜਾਂ ਦੀ ਜੰਞ ਢੁੱਕਣ ਵਾਲ਼ੀ ਸੀ। ਸਾਹਿਬਾਂ ਇਸ ਵਿਆਹ ਲਈ ਰਾਜ਼ੀ ਨਹੀਂ ਸੀ। ਇਸ ਲਈ ਉਸ ਨੇ ਕਰਮੂ ਨਾਂ ਦੇ ਇੱਕ ਵਿਅਕਤੀ ਰਾਹੀਂ ਮਿਰਜ਼ੇ ਨੂੰ ਦਾਨਾਬਾਦ ਸੁਨੇਹਾ ਭੇਜਿਆ। ਸੁਨੇਹੇ ਵਿੱਚ ਮਿਰਜ਼ੇ ਨੂੰ ਤਤਕਾਲ ਸਾਹਿਬਾਂ ਕੋਲ਼ ਪਹੁੰਚਣ ਲਈ ਕਿਹਾ ਗਿਆ।

ਸਾਹਿਬਾਂ ਦਾ ਸੁਨੇਹਾ ਮਿਲ਼ਦਿਆਂ ਹੀ ਮਿਰਜ਼ਾ ਤਿਆਰ ਹੋ ਗਿਆ। ਉਸ ਦੇ ਘਰਦਿਆਂ ਨੇ ਉਸ ਨੂੰ ਬਹੁਤ ਰੋਕਿਆ, ਬਹੁਤ ਸਮਝਾਇਆ ਪਰ ਮਿਰਜ਼ਾ ਸਾਹਿਬਾਂ ਕੋਲ਼ ਜਾਣ ਲਈ ਦ੍ਰਿੜ੍ਹ ਸੀ। ਉਹ ਬਿਨਾਂ ਕਿਸੇ ਢਿੱਲ ਤੋਂ ਆਪਣੀ ਬੱਕੀ ਉੱਤੇ ਸਵਾਰ ਹੋ ਕੇ ਵਾਹੋ-ਦਾਹੀ ਸਾਹਿਬਾਂ ਦੇ ਪਿੰਡ ਪਹੁੰਚ ਗਿਆ। ਉੱਥੇ ਉਸ ਨੇ ਆਪਣੀ ਮਾਸੀ ਬੀਬੋ ਦੇ ਰਾਹੀਂ ਸਾਹਿਬਾਂ ਨੂੰ ਆਪਣੇ ਪਹੁੰਚਣ ਦੀ ਖ਼ਬਰ ਦਿੱਤੀ। ਉਸ ਸਮੇਂ ਮਿਰਜ਼ਾ ਅਤੇ ਸਾਹਿਬਾਂ ਨੇ ਵਿਆਹ ਤੋਂ ਪਹਿਲਾਂ ਹੀ ਨੱਠ ਜਾਣ ਦਾ ਮਤਾ ਪਕਾ ਲਿਆ।

ਕਹਿੰਦੇ ਹਨ ਕਿ ਮਿਰਜ਼ਾ ਸਾਹਿਬਾਂ ਨੂੰ ਆਪਣੀ ਬੱਕੀ ਉੱਤੇ ਬਿਠਾ ਕੇ ਹਵਾ ਹੋ ਗਿਆ। ਛੇਤੀ ਹੀ ਉਹ ਪਿੰਡ ਤੋਂ ਕਾਫ਼ੀ ਦੂਰ ਚਲੇ ਗਏ। ਤਦ ਕੁਝ ਸਫ਼ਰ ਦੀ ਥਕਾਵਟ ਕਾਰਨ ਅਤੇ ਕੁਝ ਨਿਸ਼ਚਿੰਤ ਹੋ ਜਾਣ ਕਾਰਨ ਮਿਰਜ਼ਾ ਇੱਕ ਜੰਡ ਦੇ ਹੇਠਾਂ ਅਰਾਮ ਕਰਨ ਲਈ ਰੁਕ ਗਿਆ। ਉਸ ਨੇ ਆਪਣੀ ਬੱਕੀ ਨੇੜੇ ਹੀ ਬੰਨ੍ਹ ਦਿੱਤੀ। ਤੀਰਾਂ ਦਾ ਭੱਥਾ ਨੇੜੇ ਰੱਖ ਲਿਆ। ਪਲਾਂ ਵਿੱਚ ਉਹ ਗੂੜ੍ਹੀ ਨੀਂਦ ਸੌਂ ਗਿਆ। ਸਾਹਿਬਾਂ ਉਸ ਦੇ ਸਰ੍ਹਾਣੇ ਜਾਗਦੀ ਬੈਠੀ ਰਹੀ ਸੀ।

ਓਧਰ, ਇਹ ਗੱਲ ਛੁਪੀ ਨਾ ਰਹੀ ਕਿ ਮਿਰਜ਼ਾ ਸਾਹਿਬਾਂ ਨੂੰ ਉਧਾਲ਼ ਕੇ ਲੈ ਗਿਆ ਹੈ। ਤਦ ਸਿਆਲ਼ ਅਤੇ ਚੰਧੜ ਅਰਥਾਤ ਸਾਹਿਬਾਂ ਦੇ ਪੇਕੇ ਤੇ ਸਹੁਰੇ ਘਰ ਦੇ ਬੰਦੇ ਮਿਰਜ਼ੇ ਅਤੇ ਸਾਹਿਬਾਂ ਦਾ ਪਿੱਛਾ ਕਰਨ ਲੱਗੇ। ਸਾਹਿਬਾਂ ਨੂੰ ਪਿੱਛਾ ਕੀਤੇ ਜਾਣ ਦਾ ਡਰ ਸੀ। ਇਸ ਲਈ ਉਸ ਨੇ ਮਿਰਜ਼ੇ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਪਰ ਮਿਰਜ਼ੇ ਨੂੰ ਆਪਣੀ ਤਾਕਤ ਉੱਤੇ ਅੰਨ੍ਹਾ ਵਿਸ਼ਵਾਸ ਸੀ ਜਿਸ ਕਰਕੇ ਉਸ ਨੇ ਸਾਹਿਬਾਂ ਦੀ ਗੱਲ ਨੂੰ ਗੌਲ਼ਿਆ ਤੱਕ ਨਾ ਅਤੇ ਸੁੱਤਾ ਰਿਹਾ।

ਸਿਆਲ਼ਾਂ ਅਤੇ ਚੰਧੜਾਂ ਦੀ ਧਾੜ ਅਖੀਰ ਖੁਰਾ ਨੱਪਦੀ ਹੋਈ ਉਸ ਜੰਡ ਦੇ ਨੇੜੇ ਪਹੁੰਚ ਗਈ ਜਿੱਥੇ ਮਿਰਜ਼ਾ ਸੁੱਤਾ ਪਿਆ ਸੀ।

ਸਾਹਿਬਾਂ ਨੂੰ ਫ਼ਿਕਰ ਹੋਇਆ ਕਿ ਜੇ ਮਿਰਜ਼ਾ ਤੀਰਬਾਜ਼ੀ ਕਰੇਗਾ ਤਾਂ ਉਸ ਦੇ ਭਰਾਵਾਂ ਦਾ ਨੁਕਸਾਨ ਹੋਵੇਗਾ। ਇਸ ਲਈ ਉਸ ਨੇ ਮਿਰਜ਼ੇ ਦਾ ਤੀਰਾਂ ਵਾਲ਼ਾ ਭੱਥਾ ਅਤੇ ਕਮਾਨ ਜੰਡ ਉੱਤੇ ਟੰਗ ਦਿੱਤੇ। ਏਨੇ ਨੂੰ ਪਿੱਛਾ ਕਰਦੀ ਆਉਂਦੀ ਵਾਹਰ ਨੇ ਮਿਰਜ਼ੇ ਨੂੰ ਆ ਘੇਰਿਆ। ਨਿਹੱਥਾ ਅਤੇ ਇਕੱਲਾ ਮਿਰਜ਼ਾ ਸਿਆਲ਼ਾਂ ਅਤੇ ਚੰਧੜਾਂ ਦੇ ਹਮਲੇ ਅੱਗੇ ਟਿਕ ਨਾ ਸਕਿਆ। ਮਿਰਜ਼ਾ ਜੰਡ ਦੇ ਹੇਠਾਂ ਮਾਰਿਆ ਗਿਆ।

❋ ❋ ❋

# ਪਾਠ-ਅਭਿਆਸ

1. ਦੱਸੋ—

   (ੳ) ਰਾਂਝਾ ਕੌਣ ਸੀ ? ਉਸ ਨੂੰ ਆਪਣਾ ਘਰ ਕਿਉਂ ਛੱਡਣਾ ਪਿਆ ?

   (ਅ) ਰਾਂਝੇ ਦੀ ਹੀਰ ਨਾਲ਼ ਪਹਿਲੀ ਮੁਲਾਕਾਤ ਕਿਵੇਂ ਹੋਈ ?

   (ੲ) ਹੀਰ ਨੇ ਰਾਂਝੇ ਨੂੰ ਛਮਕਾਂ ਕਿਉਂ ਮਾਰੀਆਂ ?

   (ਸ) ਰਾਂਝਾ ਜੋਗੀ ਕਿਵੇਂ ਬਣ ਗਿਆ ?

   (ਹ) ਹੀਰ ਤੇ ਰਾਂਝੇ ਦਾ ਮਾਮਲਾ ਕਾਜ਼ੀ ਕੋਲ਼ ਕਿਉਂ ਪਹੁੰਚਿਆ ?

   (ਕ) ਹੀਰ ਰਾਂਝਾ ਪ੍ਰੀਤ-ਕਹਾਣੀ ਦੇ ਅੰਤ ਬਾਰੇ ਦੋ ਰਵਾਇਤਾਂ ਕਿਵੇਂ ਹਨ ?

2. ਹੀਰ ਰਾਂਝਾ ਦੀ ਪ੍ਰੀਤ-ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
3. ਸਾਹਿਬਾਂ ਕੌਣ ਸੀ ?
4. ਮਿਰਜ਼ੇ ਦਾ ਸਾਹਿਬਾਂ ਨਾਲ਼ ਮੇਲ਼ ਕਿਵੇਂ ਹੋਇਆ ?
5. ਸਾਹਿਬਾਂ ਦੇ ਭਰਾਵਾਂ ਨੇ ਮਿਰਜ਼ੇ ਦਾ ਪਿੱਛਾ ਕਿਉਂ ਕੀਤਾ ?
6. ਮਿਰਜ਼ਾ ਕਿਵੇਂ ਮਾਰਿਆ ਗਿਆ ?
7. ਮਿਰਜ਼ਾ ਸਾਹਿਬਾਂ ਦੀ ਪ੍ਰੀਤ-ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਦੂਜਾ ਭਾਗ

## ਅਧਿਆਇ 2

## ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ

ਇਸ ਅਧਿਆਇ ਦੇ ਦੋ ਭਾਗ ਹਨ। ਪਹਿਲੇ ਭਾਗ ਵਿੱਚ ਤਕਨੀਕੀ ਸ਼ਬਦਾਵਲੀ ਹੈ, ਦੂਜੇ ਭਾਗ ਵਿੱਚ ਬੈਂਕ, ਰੇਲਵੇ, ਡਾਕ ਤੇ ਬੀਮਾ-ਸੇਵਾਵਾਂ ਨਾਲ਼ ਸੰਬੰਧਿਤ ਵਾਕ ਹਨ।

**ਪਹਿਲਾ ਭਾਗ : ਤਕਨੀਕੀ ਸ਼ਬਦਾਵਲੀ**

**ਤਕਨੀਕੀ ਸ਼ਬਦਾਵਲੀ ਦੋ ਤਰ੍ਹਾਂ ਦੀ ਹੈ —**

1. ਦਫ਼ਤਰੀ ਸ਼ਬਦਾਵਲੀ
2. ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ

ਦਫ਼ਤਰੀ ਸ਼ਬਦਾਵਲੀ ਵਿੱਚ ਅਜਿਹੇ ਚੋਣਵੇਂ ਅੰਗਰੇਜ਼ੀ ਸ਼ਬਦ ਅਤੇ ਉਹਨਾਂ ਦਾ ਪੰਜਾਬੀ ਰੂਪ ਦਿੱਤਾ ਗਿਆ ਹੈ ਜਿਨ੍ਹਾਂ ਦੀ ਦਫ਼ਤਰੀ ਕੰਮ-ਕਾਜ ਵਿੱਚ ਆਮ ਵਰਤੋਂ ਹੁੰਦੀ ਹੈ। ਵਿਦਿਆਰਥੀ ਆਪਣੇ ਆਉਣ ਵਾਲ਼ੇ ਜੀਵਨ ਵਿੱਚ ਭਾਵੇਂ ਕਿਸੇ ਦਫ਼ਤਰ ਵਿੱਚ ਅਧਿਕਾਰੀ ਜਾਂ ਕਰਮਚਾਰੀ ਦੇ ਰੂਪ ਵਿੱਚ ਕੰਮ ਕਰੇ ਜਾਂ ਇੱਕ ਨਾਗਰਿਕ ਦੇ ਤੌਰ 'ਤੇ, ਦਫ਼ਤਰੀ ਸ਼ਬਦਾਵਲੀ ਦਾ ਇਹ ਗਿਆਨ ਉਸ ਲਈ ਉਪਯੋਗੀ ਸਾਬਤ ਹੋਵੇਗਾ। ਇਸ ਤੋਂ ਇਲਾਵਾ ਇਹ ਸ਼ਬਦਾਵਲੀ ਵਿਦਿਆਰਥੀ ਦੇ ਸ਼ਬਦ-ਭੰਡਾਰ ਵਿੱਚ ਵਾਧਾ ਕਰੇਗੀ। ਜਿਸ ਦੇ ਪਰਿਣਾਮ-ਸਰੂਪ ਉਸ ਦੀ ਭਾਸ਼ਾ-ਸਮਰੱਥਾ ਵੀ ਵਧੇਗੀ।

ਤਕਨੀਕੀ ਸ਼ਬਦਾਵਲੀ ਵਾਂਗ ਵੱਖ-ਵੱਖ ਪ੍ਰਮੁੱਖ ਵਿਸ਼ਿਆਂ ਨਾਲ਼ ਸੰਬੰਧਿਤ ਚੋਣਵੇਂ ਸ਼ਬਦਾਂ ਦੇ ਅੰਗਰੇਜ਼ੀ ਅਤੇ ਪੰਜਾਬੀ ਰੂਪ ਦਿੱਤੇ ਗਏ ਹਨ। ਇਹ ਸ਼ਬਦਾਵਲੀ ਅਰਥ-ਸ਼ਾਸਤਰ, ਸਮਾਜ-ਸ਼ਾਸਤਰ, ਮਨੋਵਿਗਿਆਨ, ਰਾਜਨੀਤੀ-ਵਿਗਿਆਨ, ਭੂਗੋਲ, ਇਤਿਹਾਸ ਆਦਿ ਵਿਸ਼ਿਆਂ ਨਾਲ਼ ਸੰਬੰਧਿਤ ਹੈ। ਇਸ ਪ੍ਰਕਾਰ ਦੀ ਸ਼ਬਦਾਵਲੀ ਦਾ ਗਿਆਨ ਵਿਦਿਆਰਥੀ ਨੂੰ ਪੰਜਾਬੀ ਵਿਸ਼ੇ ਵਿੱਚ ਸੁਖੈਨਤਾ ਨਾਲ਼ ਪੜ੍ਹਨ ਵਿੱਚ ਸਹਾਈ ਹੋਵੇਗਾ। ਅਖ਼ਬਾਰ ਤੇ ਮੈਗਜ਼ੀਨ ਪੜ੍ਹਦਿਆਂ, ਟੀ. ਵੀ. ਵੇਖਦਿਆਂ, ਰੇਡੀਓ ਸੁਣਦਿਆਂ, ਕਿਸੇ ਵਿਚਾਰ-ਵਟਾਂਦਰੇ ਵਿੱਚ ਭਾਗ ਲੈਂਦਿਆਂ, ਅਨੁਵਾਦ ਆਦਿ ਦੇ ਕਾਰਜ ਕਰਦਿਆਂ, ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ ਦਾ ਗਿਆਨ ਲਾਹੇਵੰਦ ਰਹਿੰਦਾ ਹੈ।

ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਕਿਸੇ ਸ਼ਬਦ ਦੇ ਵੱਖ-ਵੱਖ ਵਿਸ਼ਿਆਂ ਅਤੇ ਵੱਖ-ਵੱਖ ਪ੍ਰਸੰਗਾਂ ਵਿੱਚ ਅਰਥ ਭਿੰਨ-ਭਿੰਨ ਹੋ ਸਕਦੇ ਹਨ। ਉਂਞ ਕਿਸੇ ਜਿਊਂਦੀ ਭਾਸ਼ਾ ਵਿੱਚ ਸ਼ਬਦਾਂ ਦੇ ਅਰਥ ਹੌਲ਼ੀ-ਹੌਲ਼ੀ ਤਬਦੀਲ ਵੀ ਹੁੰਦੇ ਰਹਿੰਦੇ ਹਨ। ਇਸ ਪਾਠ-ਪੁਸਤਕ ਵਿੱਚ ਅੰਗਰੇਜ਼ੀ ਦੇ ਕਿਸੇ ਸ਼ਬਦ ਦੇ ਇੱਕ ਜਾਂ ਵੱਧ ਤੋਂ ਵੱਧ ਦੋ ਅਰਥਾਂ ਨੂੰ ਦਿੱਤਾ ਗਿਆ ਹੈ। ਅਜਿਹਾ ਪਾਠ-ਸਮਗਰੀ ਨੂੰ ਸਰਲ ਅਤੇ ਸੀਮਿਤ ਰੱਖਣ ਦੀ ਨੀਅਤ ਨਾਲ਼ ਕੀਤਾ ਗਿਆ ਹੈ।

ਅਧਿਆਪਕ, ਮਾਪੇ ਜਾਂ ਵਿਦਿਆਰਥੀ ਨੂੰ ਕਿਸੇ ਅੰਗਰੇਜ਼ੀ ਸ਼ਬਦ ਦਾ ਕੋਈ ਜ਼ਿਆਦਾ ਢੁਕਵਾਂ ਪੰਜਾਬੀ ਰੂਪ ਵੀ ਸੁੱਝ ਸਕਦਾ ਹੈ। ਅਜਿਹਾ ਫੁਰਨਾ ਸਲਾਹਿਆਂ ਹੀ ਬਣਦਾ ਹੈ।

**ਦੂਜਾ ਭਾਗ :** ਬੈਂਕ, ਰੇਲਵੇ, ਡਾਕ ਤੇ ਕੰਪਿਊਟਰ, ਬੀਮਾ-ਸੇਵਾ ਨਾਲ਼ ਸੰਬੰਧਿਤ ਵਾਕਾਂ ਦਾ ਪੰਜਾਬੀ ਤੋਂ ਅੰਗਰੇਜ਼ੀ ਵਿੱਚ ਅਨੁਵਾਦ।

ਇਸੇ ਤਰ੍ਹਾਂ ਬੈਂਕ, ਰੇਲਵੇ, ਬੀਮਾ ਤੇ, ਡਾਕ-ਸੇਵਾ ਤੇ ਕੰਪਿਊਟਰ ਸੰਬੰਧੀ ਚੋਣਵੇਂ ਪੰਜਾਬੀ ਵਾਕਾਂ ਦਾ ਅੰਗਰੇਜ਼ੀ ਅਨੁਵਾਦ ਦਿੱਤਾ ਗਿਆ ਹੈ। ਇਹ ਨਿੱਤ ਵਰਤੋਂ ਦੀਆਂ ਸੇਵਾਵਾਂ ਹਨ। ਇਸ ਲਈ ਇਹਨਾਂ ਬਾਰੇ ਆਮ ਵਰਤੇ ਜਾਂਦੇ ਵਾਕ ਚੁਣੇ ਗਏ ਹਨ। ਆਸ਼ਾ ਇਹ ਹੈ ਕਿ ਵਿਦਿਆਰਥੀ ਨੂੰ ਇਹਨਾਂ ਦਾ ਅੰਗਰੇਜ਼ੀ ਰੂਪ ਪਤਾ ਹੋਣ ਦੇ ਨਾਲ਼-ਨਾਲ਼ ਪੰਜਾਬੀ ਰੂਪ ਵੀ ਪਤਾ ਹੋਵੇ ਤਾਂਜੋ ਉਹ ਲੋੜ ਅਨੁਸਾਰ ਇਹਨਾਂ ਦੀ ਵਰਤੋਂ ਕਰ ਸਕੇ। ਉਂਞ ਵੀ ਵਿਦਿਆਰਥੀ ਦਾ ਸ਼ਬਦ-ਭੰਡਾਰ ਵਧੇਗਾ ਅਤੇ ਉਸ ਦੀ ਅਨੁਵਾਦ ਕਰਨ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ। ਕੋਸ਼ਸ਼ ਕੀਤੀ ਗਈ ਹੈ ਕਿ ਅੰਗਰੇਜ਼ੀ ਵਿੱਚ ਦਿੱਤੇ ਵਾਕਾਂ ਦਾ ਢੁਕਵਾਂ ਪੰਜਾਬੀ ਰੂਪ ਦਿੱਤਾ ਜਾਵੇ। ਫਿਰ ਵੀ ਜੇ ਇਹਨਾਂ ਦਾ ਕੋਈ ਬਿਹਤਰ ਰੂਪ ਅਧਿਆਪਕ ਜਾਂ ਵਿਦਿਆਰਥੀ ਨੂੰ ਸੁੱਝੇ ਤਾਂ ਇਹ ਸਲਾਹੁਣ ਯੋਗ ਗੱਲ ਹੀ ਹੋਵੇਗੀ।

# ਤਕਨੀਕੀ ਸ਼ਬਦਾਵਲੀ

## 1. ਦਫ਼ਤਰੀ ਸ਼ਬਦਾਵਲੀ

| | |
|---|---|
| Account | ਹਿਸਾਬ, ਲੇਖਾ |
| Accountant | ਲੇਖਾਕਾਰ |
| Acknowledgement | ਪਹੁੰਚ-ਰਸੀਦ |
| Action | ਕਾਰਵਾਈ |
| Adhoc | ਤਦ-ਅਰਥ (ਆਧਾਰ ਉੱਤੇ) |
| Administration | ਪ੍ਰਸ਼ਾਸਨ |
| Administrator | ਪ੍ਰਸ਼ਾਸਕ |
| Adult | ਬਾਲਗ਼ |
| Advance | ਪੇਸ਼ਗੀ, ਅਗੇਤੀ |
| All concerned to note | ਸਮੂਹ ਸੰਬੰਧਿਤ ਨੋਟ ਕਰਨ |
| Agreement | ਇਕਰਾਰਨਾਮਾ, ਸਹਿਮਤੀ |
| Allocation | ਨਿਰਧਾਰਨ, ਵਿਵਸਥਾ |
| Allowance | ਭੱਤਾ |
| Amount | ਰਕਮ, ਰਾਸ਼ੀ |
| Annual | ਵਾਰਸ਼ਿਕ, ਸਲਾਨਾ |
| Appendix | ਅੰਤਕਾ, ਅਨੁਲਗ |
| Applicant | ਪ੍ਰਾਰਥੀ, ਬਿਨੈਕਾਰ |
| Application | ਪ੍ਰਾਰਥਨਾ-ਪੱਤਰ, ਬਿਨੈ-ਪੱਤਰ, ਅਰਜ਼ੀ |
| Appointing authority | ਨਿਯੁਕਤੀ-ਅਧਿਕਾਰੀ |
| Appointment | ਨਿਯੁਕਤੀ |
| Approval | ਪ੍ਰਵਾਨਗੀ |
| Approximate | ਲਗ-ਪਗ |
| Arrears | ਬਕਾਇਆ |
| As desired | ਇੱਛਾ ਅਨੁਸਾਰ |
| As early as possible | ਜਿੰਨੀ ਜਲਦੀ ਹੋ ਸਕੇ |
| Assistant | ਸਹਾਇਕ |
| As the case may be | ਜਿਹੋ-ਜਿਹੀ ਸਥਿਤੀ ਹੋਵੇ |
| Attached herewith | ਨਾਲ਼ ਨੱਥੀ |
| Attendance | ਹਾਜ਼ਰੀ |
| Attention is invited | ਧਿਆਨ ਦਿਵਾਇਆ ਜਾਂਦਾ ਹੈ |
| Auction | ਨਿਲਾਮੀ |
| Available | ਉਪਲਬਧ |
| Additional | ਵਾਧੂ, ਅਤਿਰਿਕਤ |
| Attestation | ਤਸਦੀਕ, ਪ੍ਰਮਾਣੀਕਰਨ |

| | |
|---|---|
| Attested copy | ਤਸਦੀਕੀ ਨਕਲ, ਪ੍ਰਮਾਣਿਤ ਨਕਲ |
| At your earliest convenience | ਜਿੰਨੀ ਛੇਤੀ ਸੰਭਵ ਹੋਵੇ |
| Audit | ਲੇਖਾ-ਪੜਤਾਲ |
| Authorities | ਅਧਿਕਾਰੀ-ਵਰਗ, ਅਧਿਕਾਰੀ |
| Balance | ਬਾਕੀ, ਬਕਾਇਆ |
| Based on facts | ਤੱਥਾਂ 'ਤੇ ਆਧਾਰਿਤ |
| Basic pay | ਮੂਲ ਤਨਖ਼ਾਹ, ਮੂਲ ਵੇਤਨ |
| Bi-annual | ਸਾਲ ਵਿੱਚ ਦੋ ਵਾਰੀ |
| Bill | ਬਿੱਲ, ਬੀਚਕ |
| Both days inclusive | ਦੋਹਾਂ ਦਿਨਾਂ ਸਮੇਤ |
| Branch | ਸ਼ਾਖਾ |
| Bring to notice | ਧਿਆਨ ਦਿਵਾਉਣਾ |
| Brought forward | ਅੱਗੇ ਲਿਆਂਦਾ |
| Calculation | ਹਿਸਾਬ, ਗਿਣਤੀ |
| Capital | ਪੂੰਜੀ, ਸਰਮਾਇਆ, ਰਾਜਧਾਨੀ |
| Cash book | ਰੋਕੜ-ਵਹੀ |
| Cashier | ਖ਼ਜ਼ਾਨਚੀ |
| Cash memo | ਨਕਦ ਰਸੀਦ |
| Casual leave | ਅਚਨਚੇਤ ਛੁੱਟੀ, ਇਤਫ਼ਾਕੀਆ ਛੁੱਟੀ |
| Catalogue | ਸੂਚੀ-ਪੱਤਰ |
| Category | ਸ਼੍ਰੇਣੀ, ਵਰਗ |
| Checked and found correct | ਪੜਤਾਲ ਕੀਤੀ ਤੇ ਠੀਕ ਪਾਇਆ ਗਿਆ |
| Circular | ਗਸ਼ਤੀ ਚਿੱਠੀ, ਗਸ਼ਤੀ ਪੱਤਰ |
| Claim | ਦਾਅਵਾ |
| Clerical error | ਲਿਖਾਈ-ਭੁੱਲ, ਦਫ਼ਤਰੀ ਉਕਾਈ |
| Come into force | ਲਾਗੂ ਹੋਣਾ |
| Come into operation | ਚਾਲੂ ਹੋਣਾ |
| Compensation | ਮੁਆਵਜ਼ਾ |
| Compensatory leave | ਇਵਜ਼ੀ ਛੁੱਟੀ |
| Competent authority | ਸਮਰੱਥ ਅਧਿਕਾਰੀ |
| Compulsory retirement | ਲਾਜ਼ਮੀ ਸੇਵਾ-ਨਿਵਿਰਤੀ |
| Conduct | ਆਚਰਨ, ਕਾਰਜ-ਸੰਚਾਲਨ |
| Confidential | ਗੁਪਤ |
| Contingency | ਅਚਾਨਕੀ, ਫੁਟਕਲ |
| Conveyance allowance | ਸਵਾਰੀ-ਭੱਤਾ |
| Copy | ਨਕਲ, ਉਤਾਰਾ, ਪਰਤ |
| Copy enclosed for ready reference | ਤੁਰੰਤ ਹਵਾਲੇ ਲਈ ਉਤਾਰਾ ਨੱਥੀ ਹੈ |
| Cost price | ਲਾਗਤ-ਮੁੱਲ |
| Counterfoil | ਪ੍ਰਤਿ ਪੰਨਾ |

| | |
|---|---|
| Countersignature | ਪ੍ਰਤਿ-ਹਸਤਾਖਰ |
| Clarification | ਸਪਸ਼ਟੀਕਰਨ |
| Compliance | ਪਾਲਣਾ |
| Daily wage | ਦਿਹਾੜੀ |
| Damage | ਨੁਕਸਾਨ, ਹਰਜਾਨਾ |
| Day book | ਰੋਜ਼ਨਾਮਚਾ |
| Dealing assistant | ਮਿਸਲ-ਸਹਾਇਕ |
| Dearness allowance | ਮਹਿੰਗਾਈ ਭੱਤਾ |
| Delay regretted | ਦੇਰੀ ਲਈ ਖਿਮਾ |
| Demi-official letter (D.O) | ਅਰਧ-ਸਰਕਾਰੀ ਪੱਤਰ |
| Departmental action | ਵਿਭਾਗੀ ਕਾਰਵਾਈ |
| Deputation allowance | ਪ੍ਰਤਿ-ਨਿਯੁਕਤੀ ਭੱਤਾ |
| Desirable | ਲੁੜੀਂਦਾ |
| Discrepencies may be reconciled | ਤ੍ਰੁੱਟੀਆਂ ਸੋਧੀਆਂ ਜਾਣ |
| Document | ਦਸਤਾਵੇਜ਼ |
| Documentary proof | ਦਸਤਾਵੇਜ਼ੀ ਸਬੂਤ |
| Draft for approval | ਪ੍ਰਵਾਨਗੀ ਲਈ ਖਰੜਾ |
| Discretionary | ਅਖ਼ਤਿਆਰੀ |
| Designation | ਅਹੁਦਾ |
| Direct recruitment | ਸਿੱਧੀ ਭਰਤੀ |
| Director | ਨਿਰਦੇਸ਼ਕ |
| Deputy Director | ਉਪ ਨਿਰਦੇਸ਼ਕ |
| Early action will be highly appreciated | ਛੇਤੀ ਕਾਰਵਾਈ ਸ਼ਲਾਘਾਯੋਗ ਹੋਵੇਗੀ |
| Early orders are solicited | ਛੇਤੀ ਆਦੇਸ਼ਾਂ ਲਈ ਬੇਨਤੀ ਹੈ |
| Earned leave | ਕਮਾਈ ਛੁੱਟੀ, ਹੱਕੀ ਛੁੱਟੀ |
| Efficiency bar | ਨਿਪੁੰਨਤਾ-ਰੋਕ |
| Eligibility | ਪਾਤਰਤਾ, ਯੋਗਤਾ |
| Embezzlement | ਗਬਨ |
| Employee | ਕਰਮਚਾਰੀ, ਮੁਲਾਜ਼ਮ |
| Enclosure | ਸਹਿ-ਪੱਤਰ |
| Endorsement | ਪਿੱਠ-ਅੰਕਣ |
| Entry | ਇੰਦਰਾਜ |
| Essential qualification | ਲਾਜ਼ਮੀ ਯੋਗਤਾ |
| Estimate | ਅਨੁਮਾਨ |
| Evaluation | ਮੁਲਾਂਕਣ |
| Exercise of powers | ਅਧਿਕਾਰਾਂ ਦੀ ਵਰਤੋਂ |
| Ex-officio | ਪਦਵੀ ਕਾਰਨ, ਅਹੁਦੇ ਕਾਰਨ |
| Fact and figures | ਤੱਥ ਤੇ ਅੰਕੜੇ |
| File | ਮਿਸਲ |

| | |
|---|---|
| Financial year | ਵਿੱਤੀ ਸਾਲ |
| For comments | ਟਿੱਪਣੀ ਹਿਤ |
| For disposal | ਨਿਪਟਾਰੇ ਹਿਤ |
| For information | ਸੂਚਨਾ ਹਿਤ |
| Formal approval | ਰਸਮੀ ਪ੍ਰਵਾਨਗੀ |
| For strict compliance | ਇੰਨ-ਬਿੰਨ ਪਾਲਣਾ ਲਈ |
| Grant-in-aid | ਮਾਲੀ ਸਹਾਇਤਾ, ਮਾਲੀ ਅਨੁਦਾਨ |
| Have no comments to make | ਕਿਸੇ ਟਿੱਪਣੀ ਦੀ ਲੋੜ ਨਹੀਂ |
| Head clerk | ਮੁੱਖ ਕਲਰਕ |
| Head of account | ਲੇਖੇ ਦੀ ਮੱਦ |
| Herewith enclosed | ਨਾਲ ਨੱਥੀ ਹੈ |
| Honorarium | ਮਾਣ-ਭੇਟਾ |
| Head office | ਮੁੱਖ ਦਫ਼ਤਰ |
| Head of the Branch | ਸ਼ਾਖਾ-ਮੁਖੀ |
| Instructions | ਹਿਦਾਇਤਾਂ |
| I am directed | ਮੈਨੂੰ ਹਿਦਾਇਤ ਹੋਈ ਹੈ |
| Implemented | ਲਾਗੂ ਕੀਤਾ |
| In accordance with | ਦੇ ਅਨੁਸਾਰ |
| In addition to | ਇਸ ਤੋਂ ਇਲਾਵਾ |
| In advance | ਅਗੇਤੀ, ਪਹਿਲਾਂ ਹੀ |
| Increment | ਤਰੱਕੀ, ਵਾਧਾ |
| Initial pay | ਅਰੰਭਿਕ ਤਨਖ਼ਾਹ |
| Inland Letter | ਅੰਤਰਦੇਸੀ-ਪੱਤਰ |
| In order of merit | ਯੋਗਤਾ-ਕ੍ਰਮ ਅਨੁਸਾਰ |
| In respect of | ਦੇ ਵਿਸ਼ੇ ਵਿੱਚ |
| Interim reply | ਅੰਤਰਿਮ ਉੱਤਰ |
| Intimation | ਇਤਲਾਹੀ ਸੂਚਨਾ |
| Irregularity | ਬੇਨਿਯਮੀ, ਬੇਕਾਇਦਗੀ |
| In time | ਸਮੇਂ ਸਿਰ |
| Joint Director | ਸੰਯੁਕਤ ਨਿਰਦੇਸ਼ਕ |
| Joining date | ਹਾਜ਼ਰੀ-ਮਿਤੀ |
| Joining report | ਹਾਜ਼ਰੀ-ਰਿਪੋਰਟ, ਹਾਜ਼ਰ ਹੋਣ ਦੀ ਸੂਚਨਾ |
| Joining time | ਹਾਜ਼ਰ ਹੋਣ ਦਾ ਸਮਾਂ |
| Kindly acknowledge receipt | ਕਿਰਪਾ ਕਰਕੇ ਪਹੁੰਚ ਭੇਜੀ ਜਾਵੇ |
| Leave not due | ਛੁੱਟੀ ਬਕਾਇਆ ਨਹੀਂ |
| Leave with pay | ਤਨਖ਼ਾਹ ਸਹਿਤ ਛੁੱਟੀ |
| Leave preparatory to retirement | ਨਵਿਰਤੀ-ਪੂਰਵ ਛੁੱਟੀ |
| Length of Service | ਸੇਵਾ-ਕਾਲ |
| Maintenance allowance | ਨਿਰਬਾਹ-ਭੱਤਾ, ਗੁਜ਼ਾਰਾ-ਭੱਤਾ |

| | |
|---|---|
| May be filed | ਫ਼ਾਈਲ ਕਰ ਦਿੱਤਾ ਜਾਵੇ |
| Medical certifcate of fitness | ਅਰੋਗਤਾ ਦਾ ਡਾਕਟਰੀ ਸਰਟੀਫ਼ਿਕੇਟ |
| Memorandum | ਯਾਦ-ਪੱਤਰ |
| Minimum | ਘੱਟੋ-ਘੱਟ |
| Ministerial staff | ਦਫ਼ਤਰੀ ਅਮਲਾ |
| Misappropriation | ਖ਼ਿਆਨਤ |
| Miscellaneous | ਫੁਟਕਲ |
| Modification | ਤਰਮੀਮ, ਸੋਧ |
| Nominated | ਨਾਮਜ਼ਦ |
| No comment | ਕੋਈ ਟਿੱਪਣੀ ਨਹੀਂ |
| Necessary action | ਲੁੜੀਂਦੀ ਕਾਰਵਾਈ |
| Non-official | ਗ਼ੈਰਸਰਕਾਰੀ |
| Noted | ਨੋਟ ਕੀਤਾ |
| Notification | ਅਧਿਸੂਚਨਾ |
| Office order | ਦਫ਼ਤਰੀ ਹੁਕਮ |
| Official correspondence | ਦਫ਼ਤਰੀ ਪੱਤਰ-ਵਿਹਾਰ |
| Officiating allowance | ਕਾਇਮ ਮੁਕਾਮੀ ਭੱਤਾ |
| Out today | ਅੱਜ ਹੀ ਭੇਜੇ |
| Pending | ਲਟਕਿਆ, ਵਿਲੰਬਿਤ |
| Paper under consideration | ਵਿਚਾਰ-ਅਧੀਨ ਪੱਤਰ |
| Pay bill | ਤਨਖ਼ਾਹ-ਬਿੱਲ, ਵੇਤਨ-ਬਿੱਲ |
| Pay scale | ਵੇਤਨਮਾਨ |
| Pending decision | ਫ਼ੈਸਲਾ ਹੋਣ ਤੱਕ, ਨਿਪਟਾਰੇ ਤੱਕ |
| Personal file | ਨਿੱਜੀ ਮਿਸਲ |
| Please discuss | ਵਿਚਾਰ-ਵਟਾਂਦਰਾ ਕੀਤਾ ਜਾਵੇ |
| Please expedite | ਜਲਦੀ ਨਿਪਟਾਇਆ ਜਾਵੇ |
| Please speak | ਗੱਲ ਕਰੋ |
| Prescribed form | ਨਿਰਧਾਰਿਤ ਫ਼ਾਰਮ |
| Post | ਅਸਾਮੀ |
| Probation | ਅਜ਼ਮਾਇਸ਼ |
| Procedure | ਕਾਰਜ-ਵਿਧੀ |
| Promotion | ਤਰੱਕੀ |
| Recurring | ਆਵਰਤੀ |
| Refund | ਰਕਮ-ਵਾਪਸੀ |
| Reinstatement | ਬਹਾਲੀ |
| Reminder | ਯਾਦ-ਪੱਤਰ |
| Resignation | ਤਿਆਗ-ਪੱਤਰ |
| Retrenchment | ਛਾਂਟੀ |
| Returns | ਵਿਵਰਨ |

| | |
|---|---|
| Rough copy | ਕੱਚਾ ਖਰੜਾ, ਕੱਚੀ ਨਕਲ |
| Rule and Regulation | ਨਿਯਮ ਤੇ ਵਿਨਿਯਮ |
| Remuneration | ਤਨਖ਼ਾਹ, ਮਿਹਨਤਾਨਾ, ਸੇਵਾ-ਫਲ਼ |
| Relieved | ਭਾਰ-ਮੁਕਤ ਕੀਤਾ |
| Reserve | ਰਾਖਵੀਂ |
| Satisfactory | ਸੰਤੋਖਜਨਕ |
| Service | ਸੇਵਾ |
| Sanction | ਮਨਜ਼ੂਰੀ, ਪ੍ਰਵਾਨਗੀ |
| Service book | ਸੇਵਾ-ਪੱਤਰੀ |
| Submitted for information | ਸੂਚਨਾ ਹਿਤ ਪੇਸ਼ ਹੈ |
| Subordinate staff | ਅਧੀਨ ਅਮਲਾ |
| Suspension | ਮੁਅੱਤਲੀ |
| Temporary appointment | ਆਰਜ਼ੀ ਨਿਯੁਕਤੀ, ਕੱਚੀ ਨਿਯੁਕਤੀ |
| Through proper channel | ਯੋਗ ਪ੍ਰਨਾਲ਼ੀ ਦੁਆਰਾ |
| Time barred | ਮਿਆਦ-ਪੁੱਗੀ |
| Time bound | ਮਿਤੀਬੱਧ |
| Top priority | ਪਰਮ ਅਗੇਤ |
| Top secret | ਅਤਿ ਗੁਪਤ |
| True copy | ਅਸਲੀ ਕਾਪੀ |
| Urgent | ਜ਼ਰੂਰੀ |
| With effect from | ਮਿਤੀ ਤੋਂ |
| With reference to | ਦੇ ਸੰਬੰਧ ਵਿੱਚ, ਦੇ ਹਵਾਲ਼ੇ ਨਾਲ਼ |
| Write off | ਵੱਟੇ-ਖਾਤੇ ਪਾਉਣਾ |
| Yours Faithfully | ਆਪ ਦਾ ਵਿਸ਼ਵਾਸਪਾਤਰ |
| Yours Sincerely | ਆਪ ਦਾ ਹਿਤੂ |

# 2. ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ

| | |
|---|---|
| Abbreviation | ਸੰਖੇਪ, ਛੋਟਾ ਰੂਪ |
| Abnormal | ਅਸਧਾਰਨ |
| Accord | ਸਮਝੌਤਾ |
| Accountability | ਜ਼ੁੰਮੇਵਾਰੀ, ਜਵਾਬਦੇਹੀ, ਉੱਤਰਦਾਇਤਾ |
| Acceleration | ਗਤੀਵਿਧੀ, ਪ੍ਰਵੇਗ |
| Addicition | ਨਸ਼ੇ ਦੀ ਆਦਤ |
| Adolescence | ਕਿਸ਼ੋਰ ਉਮਰ |
| Advertisement | ਇਸ਼ਤਿਹਾਰ, ਵਿਗਿਆਪਨ |
| Aesthetic sense | ਸੁੰਦਰਤਾ-ਬੋਧ |
| Agenda | ਕਾਰਜ-ਸੂਚੀ |
| Air conditioning | ਵਾਯੂ-ਅਨੁਕੂਲਣ |
| Aggressor | ਹਮਲਾਵਰ |
| Ancestor | ਪੂਰਵਜ |
| Ancient | ਪ੍ਰਾਚੀਨ |
| Apprentice | ਸਿਖਿਆਰਥੀ |
| Archaeology | ਪੁਰਾਤਤਵ ਵਿਗਿਆਨ |
| Assets | ਸੰਪਤੀ, ਲੈਣਦਾਰੀਆਂ |
| Atmosphere | ਵਾਯੂ-ਮੰਡਲ |
| Atomic Energy | ਪਰਮਾਣੂ ਊਰਜਾ |
| Attorney | ਮੁਖ਼ਤਿਆਰ, ਮੁਖ਼ਤਿਆਰਨਾਮਾ |
| Autobiography | ਸ੍ਵੈਜੀਵਨੀ, ਆਤਮਕਥਾ |
| Automatic | ਸ੍ਵੈਚਾਲਿਤ |
| Autonomous | ਖ਼ੁਦਮੁਖ਼ਤਿਆਰ |
| Abase | ਨਿਰਾਦਰੀ ਕਰਨਾ |
| Above mentioned | ਉੱਪਰ ਦੱਸਿਆ |
| Abstain | ਪਰਹੇਜ਼ ਕਰਨਾ |
| Abstract | ਸਾਰ, ਸੰਖਿਪਤ |
| Apply for Sanction | ਮਨਜ਼ੂਰੀ ਲਈ ਬਿਨੈ-ਪੱਤਰ |
| Bankrupt | ਦਿਵਾਲ਼ੀਆ |
| Barter | ਵਸਤ-ਵਟਾਂਦਰਾ |
| Base coin | ਖੋਟਾ ਸਿੱਕਾ |
| Bereavement | ਸੋਗ, ਮਾਤਮ |
| Bibliography | ਪੁਸਤਕ-ਸੂਚੀ |

| | |
|---|---|
| Bilingualist | ਦੁਭਾਸ਼ੀਆ |
| Barricade | ਰੁਕਾਵਟ, ਨਾਕਾਬੰਦੀ |
| Bias | ਪੱਖਪਾਤ, ਝੁਕਾਅ, |
| Bouquet | ਗੁਲਦਸਤਾ, ਬੁੱਕੇ |
| Breach of Peace | ਅਮਨ-ਭੰਗ |
| Bureaucracy | ਅਫ਼ਸਰਸ਼ਾਹੀ |
| Burglar | ਸੰਨ੍ਹਮਾਰ-ਚੋਰ |
| Burial Rites | ਅੰਤਿਮ ਸੰਸਕਾਰ |
| Baseless | ਬੇਬੁਨਿਆਦ |
| Black List | ਵਰਜਿਤ ਸੂਚੀ |
| Bad Faith | ਬਦਨੀਤੀ |
| Bogus | ਜਾਅਲੀ |
| Calligraphy | ਸੁਲੇਖ |
| Campaign | ਮੁਹਿੰਮ |
| Cardiologist | ਦਿਲ ਦਾ ਮਾਹਰ |
| Catalogue | ਸੂਚੀ |
| Ceremony | ਰਸਮ |
| Census | ਜਨ-ਗਣਨਾ |
| Centenary | ਸ਼ਤਾਬਦੀ |
| Chronology | ਕਾਲ-ਕ੍ਰਮ |
| Citation | ਸੋਭਾ-ਪੱਤਰ |
| Citizenship | ਨਾਗਰਿਕਤਾ |
| Civilization | ਸੱਭਿਅਤਾ |
| Classical | ਟਕਸਾਲੀ, ਸਨਾਤਨੀ |
| Clause | ਧਾਰਾ, ਦਫ਼ਾ |
| Client | ਗਾਹਕ, ਅਸਾਮੀ |
| Climate | ਜਲ-ਵਾਯੂ |
| Coalition | ਗਠਜੋੜ, ਗਠਬੰਧਨ |
| Coast | ਸਮੁੰਦਰੀ ਤਟ |
| Collaboration | ਸਹਿਯੋਗ, ਮਿਲਵਰਤਣ |
| Colleague | ਸਹਿਯੋਗੀ, ਸਹਿਕਰਮੀ |
| Comet | ਬੋਦੀ ਵਾਲਾ ਤਾਰਾ |
| Collision | ਟੱਕਰ, ਭੇੜ |
| Colloquial | ਲੋਕ-ਬੋਲੀ, ਗੱਲ-ਬਾਤ ਦੀ ਭਾਸ਼ਾ |
| Combination | ਸੁਮੇਲ |

| | |
|---|---|
| Communalism | ਫ਼ਿਰਕਾਪ੍ਰਸਤੀ, ਸੰਪਰਦਾਇਕਤਾ |
| Communication | ਸੰਚਾਰ |
| Compassion | ਦਇਆ |
| Compensation | ਮੁਆਵਜ਼ਾ, ਹਾਨੀ-ਪੂਰਤੀ |
| Constitution | ਵਿਧਾਨ, ਸੰਵਿਧਾਨ |
| Creche | ਬਾਲ-ਭਵਨ |
| Crimson | ਸੁਰਖ਼ ਲਾਲ, ਕਿਰਮਚੀ |
| Crystal | ਰਵਾ |
| Cyclone | ਸਮੁੰਦਰੀ ਤੂਫ਼ਾਨ |
| Certified Copy | ਤਸਦੀਕਸ਼ੁਦਾ ਨਕਲ |
| Central Revenue | ਕੇਂਦਰੀ ਆਮਦਨ |
| Commute | ਪਰਿਵਰਤਨ ਕਰਨਾ |
| Declaration | ਐਲਾਨ |
| Definition | ਪਰਿਭਾਸ਼ਾ |
| Democracy | ਲੋਕ-ਰਾਜ, ਲੋਕ-ਤੰਤਰ |
| Demography | ਜਨ-ਅੰਕੜਾ ਵਿਗਿਆਨ |
| Demonstration | ਪ੍ਰਦਰਸ਼ਨ |
| Development | ਉੱਨਤੀ, ਵਿਕਾਸ |
| Deviation | ਥਿੜਕਣ, ਵਿਚਲਣ |
| Diagnosis | ਰੋਗ-ਨਿਦਾਨ, ਰੋਗ ਦੀ ਪਛਾਣ |
| Discharge | ਨਿਕਾਸ |
| Discount | ਛੋਟ |
| Dispersion | ਖਿੰਡਾਅ |
| Displacement | ਵਿਸਥਾਪਨ |
| Dividend | ਲਾਭ-ਅੰਸ਼ |
| Document | ਦਸਤਾਵੇਜ਼ |
| Drought | ਔੜ, ਸੋਕਾ |
| Dynasty | ਰਾਜ-ਵੰਸ਼ |
| Earthquake | ਭੂਚਾਲ਼ |
| Eccentric | ਸਨਕੀ |
| Eclipse | ਗ੍ਰਹਿਣ |
| Ecology | ਪਰਿਸਥਿਤੀ ਵਿਗਿਆਨ |
| Emolument | ਕੁੱਲ ਵੇਤਨ |
| Energy | ਊਰਜਾ |
| Encyclopedia | ਵਿਸ਼ਵ-ਕੋਸ਼ |

| | |
|---|---|
| Economy | ਅਰਥ-ਪ੍ਰਬੰਧ |
| Enterprise | ਉੱਦਮ |
| Equilibrium | ਸੰਤੁਲਨ |
| Erosion | ਖੋਰ, ਖੁਰਨਾ |
| Eternal | ਸਦੀਵੀ |
| Ethnic | ਨਸਲੀ |
| Etiquette | ਸਲੀਕਾ |
| Evaporation | ਵਾਸ਼ਪਣ, ਵਾਸ਼ਪੀਕਰਨ |
| Evolution | ਵਿਕਾਸ |
| Exhibition | ਪ੍ਰਦਰਸ਼ਨੀ, ਨੁਮਾਇਸ਼ |
| Explosive | ਵਿਸਫੋਟਕ |
| Extrovert | ਬਾਹਰਮੁਖੀ |
| Extensive | ਵਿਆਪਕ |
| Exportable | ਨਿਰਯਾਤਯੋਗ |
| Exploitation | ਲੁੱਟ-ਖਸੁੱਟ |
| External Affairs | ਵਿਦੇਸ਼ੀ ਮਾਮਲੇ |
| Fable | ਮਿਥਿਹਾਸਿਕ ਕਹਾਣੀ |
| Farewell ceremony | ਵਿਦਾਇਗੀ ਸਮਾਰੋਹ |
| Feudalism | ਸਾਮੰਤਵਾਦ |
| Fluid | ਦ੍ਰਵ, ਤਰਲ |
| Folklore | ਲੋਕ-ਧਾਰਾ |
| Fossil | ਪਥਰਾਹਟ |
| Frequency | ਆਵਰਤੀ, ਬਾਰੰਬਾਰਤਾ |
| Fuel | ਬਾਲਣ |
| Fluctuation | ਉਤਰਾਅ-ਚੜ੍ਹਾਅ (ਗਿਣਤੀ/ਅੰਕਾਂ ਜਾਂ ਰਕਮ ਦਾ) |
| Floating Assets | ਚੱਲ-ਲੈਣਦਾਰੀਆਂ |
| Forthcoming | ਆਉਣ ਵਾਲ਼ਾ |
| Galaxy | ਅਕਾਸ਼-ਗੰਗਾ |
| Geology | ਭੌਂ-ਵਿਗਿਆਨ |
| Geothermal | ਭੌਂ-ਤਾਪ ਸ਼ਕਤੀ |
| Germination | ਅੰਕੁਰਨ, ਪੁੰਗਰਨ |
| Glacier | ਬਰਫ਼ਾਨੀ ਤੋਦਾ |
| Gradation | ਦਰਜਾਬੰਦੀ |
| Gravitation | ਗੁਰੁਤਾ-ਖਿੱਚ, ਆਕਰਸ਼ਣ-ਸ਼ਕਤੀ |
| Gross Profit | ਕੁੱਲ ਲਾਭ |
| Gulf | ਖਾੜੀ |

| | |
|---|---|
| General Practice | ਆਮ ਪ੍ਰਥਾ |
| Generosity | ਉਦਾਰਤਾ, ਖੁੱਲ੍ਹ-ਦਿਲੀ |
| Green Manure | ਹਰੀ ਖਾਦ |
| Gallantry Award | ਸੂਰਬੀਰਤਾ ਇਨਾਮ |
| Grievance Committee | ਸ਼ਿਕਾਇਤ ਨਿਵਾਰਨ ਕਮੇਟੀ |
| Hailstorm | ਗੜਿਆਂ ਦਾ ਤੂਫ਼ਾਨ |
| Harvesting | ਵਾਢੀ |
| Hemisphere | ਅਰਧ-ਗੋਲ਼ਾ |
| Hereditary | ਜੱਦੀ, ਪਿਤਾ-ਪੁਰਖੀ |
| Hierarchy | ਦਰਜੇਬੰਦੀ, ਸ਼੍ਰੇਣੀ-ਕ੍ਰਮ |
| Habitual Criminal | ਆਦੀ-ਅਪਰਾਧੀ |
| Havoc | ਤਬਾਹੀ, ਉਜਾੜਾ |
| Highly Explosive | ਅਤਿ ਵਿਸਫੋਟਕ |
| Humiliation | ਅਪਮਾਨ |
| Hypocricy | ਪਖੰਡ |
| Initiate | ਅਰੰਭ ਕਰਨਾ |
| Irrational | ਵਿਵੇਕਹੀਣ, ਤਰਕਹੀਣ |
| Intolerance | ਅਸਹਿਣਸ਼ੀਲਤਾ |
| Intervention | ਦਖ਼ਲ, ਦਖ਼ਲ-ਅੰਦਾਜ਼ੀ |
| Intellectual | ਅਕਲਮੰਦ |
| Jeopardy | ਖ਼ਤਰਾ, ਬਿਪਤਾ |
| Joint Author | ਸਹਿ-ਲੇਖਕ |
| Judicial Inquiry | ਅਦਾਲਤੀ ਜਾਂਚ |
| Joint Venture | ਸਾਂਝਾ ਉੱਦਮ |
| Justify | ਸਫ਼ਾਈ ਦੇਣਾ |
| Key Post | ਅਹਿਮ ਅਸਾਮੀ |
| Key Word | ਸੰਕੇਤਿਕ ਸ਼ਬਦ |
| Kinder Garten | ਬਾਲਵਾੜੀ, ਬਾਲ-ਨਿਕੇਤਨ |
| Knowingly | ਜਾਣ-ਬੁੱਝ ਕੇ |
| Brick Kiln | ਇੱਟਾਂ ਦਾ ਭੱਠਾ |
| Lease | ਪਟੇ 'ਤੇ ਦੇਣਾ |
| Learned | ਵਿਦਵਾਨ |
| Leaflet | ਦੋ-ਪੱਤਰੀ ਇਸ਼ਤਿਹਾਰ |
| Last Inheritor | ਆਖ਼ਰੀ ਵਾਰਸ |
| Labour Forced | ਵਗਾਰ |
| Medieval | ਮੱਧ-ਕਾਲੀਨ |
| Metrology | ਮਾਪ-ਤੋਲ ਵਿਗਿਆਨ |
| Miscellaneous | ਫੁਟਕਲ |

| | |
|---|---|
| Momentum | ਸੰਵੇਗ |
| Monastery | ਮੱਠ, ਖ਼ਾਨਗਾਹ |
| Monoply | ਇਜਾਰੇਦਾਰੀ |
| Monument | ਸਮਾਰਕ, ਯਾਦਗਾਰ |
| Mortuary | ਲਾਸ਼-ਘਰ, ਮੁਰਦਾਖ਼ਾਨਾ |
| Motivation | ਪ੍ਰੇਰਨਾ |
| Museum | ਅਜਾਇਬ-ਘਰ |
| Malafide | ਬਦਨੀਤੀ ਨਾਲ |
| Mankind | ਮਨੁੱਖ ਜਾਤੀ |
| Manner | ਤਰੀਕਾ |
| Masses | ਜਨ-ਸਧਾਰਨ |
| Mass-Education | ਸਮੂਹਿਕ ਸਿੱਖਿਆ |
| Nationalization | ਰਾਸ਼ਟਰੀਕਰਨ |
| Nepotism | ਕੁਨਬਾਪਰਵਰੀ |
| Neurotic | ਮਨੋਰੋਗੀ |
| Niche | ਆਲ਼ਾ |
| Nutrient | ਪੌਸ਼ਟਿਕ ਪਦਾਰਥ |
| Nameless | ਬੇਨਾਮ |
| Narrow Majority | ਥੋੜ੍ਹੀ ਜਿਹੀ ਬਹੁ-ਸੰਮਤੀ |
| Natural Calamity | ਕੁਦਰਤੀ ਆਫ਼ਤ |
| Nationalism | ਰਾਸ਼ਟਰਵਾਦ |
| National Emblem | ਰਾਸ਼ਟਰੀ ਚਿੰਨ੍ਹ |
| Octroi | ਚੁੰਗੀ, ਮਹਿਸੂਲ |
| Omniscient | ਸਰਬ-ਗਿਆਤਾ, ਜਾਣੀਜਾਣ |
| Optimist | ਆਸ਼ਾਵਾਦੀ |
| Ordinance | ਅਧਿਆਦੇਸ਼ |
| Overdue | ਮਿਆਦ-ਪੁੱਗੀ |
| Offence | ਉਲੰਘਣਾ, ਅਪਰਾਧ |
| Overdose | ਅਧਿਕ ਮਾਤਰਾ |
| Overcome | ਕਾਬੂ ਪਾਉਣਾ |
| Outline | ਰੂਪ-ਰੇਖਾ |
| Pasture | ਚਰਾਗਾਹ |
| Patriotism | ਦੇਸ-ਭਗਤੀ |
| Pedestrian | ਪੈਦਲ ਯਾਤਰੀ |
| Peninsula | ਪ੍ਰਾਇਦੀਪ |
| Personality | ਸ਼ਖ਼ਸੀਅਤ |
| Petition | ਅਰਜ਼, ਬੇਨਤੀ, ਦਰਖ਼ਾਸਤ |
| Psychiatry | ਮਨੋਚਿਕਿਤਸਾ, ਮਨੋਰੋਗ-ਚਿਕਿਤਸਾ |

| | |
|---|---|
| Public opinion | ਜਨ-ਮਤ, ਲੋਕ-ਰਾਏ |
| Panic | ਦਹਿਸ਼ਤ, ਭੈ |
| Paper Money | ਕਾਗਜ਼ੀ ਮੁਦਰਾ |
| Passive | ਨਿਸ਼ਕਰਮੀ |
| Questionnaire | ਪ੍ਰਸ਼ਨਾਵਲੀ |
| Quadruped | ਚੁਪਾਇਆ ਜਾਨਵਰ |
| Query | ਪੁੱਛ-ਗਿੱਛ, ਸਵਾਲ |
| Quack | ਅਨਾੜੀ, ਨੀਮ ਹਕੀਮ |
| Quash | ਰੱਦ ਕਰਨਾ |
| Quarrelsome | ਲੜਾਕਾ, ਝਗੜਾਲੂ |
| Question Hour | ਪ੍ਰਸ਼ਨ-ਕਾਲ |
| Quoted | ਹਵਾਲਾ ਦਿੱਤਾ |
| Homogeneous | ਸਮਰੂਪ, ਸਮਜਾਤੀ |
| Horizon | ਦੁਮੇਲ, ਦਿਸਹੱਦਾ |
| Humanist | ਮਾਨਵਵਾਦੀ |
| Humidity | ਨਮੀ, ਸਿੱਲ੍ਹ |
| Hybrid seeds | ਦੋਗਲੇ ਬੀਜ |
| Hygiene | ਸਿਹਤ-ਵਿਗਿਆਨ |
| Imagination | ਕਲਪਨਾ |
| Inertia | ਜੜ੍ਹਤਾ |
| Inheritance | ਵਿਰਾਸਤ |
| Insignia | ਵਿਸ਼ੇਸ਼ ਚਿੰਨ੍ਹ |
| Intensity | ਤੀਬਰਤਾ, ਸ਼ਿੱਦਤ |
| Internal | ਅੰਦਰੂਨੀ |
| Interim | ਅੰਤਰਿਮ |
| Introvert | ਅੰਤਰਮੁਖੀ |
| Institution | ਸੰਸਥਾ |
| Intuition | ਫੁਰਨਾ, ਅੰਤਰ-ਪ੍ਰੇਰਨਾ |
| Invalid | ਅਯੋਗ, ਅਵੈਧ |
| Invoice | ਬੀਚਕ |
| Kinetic energy | ਗਤੀ-ਊਰਜਾ |
| Landscape | ਭੌਂ-ਦ੍ਰਿਸ਼ |
| Latent energy | ਗਤੀ-ਊਰਜਾ |
| Layer | ਤਹਿ, ਪਰਤ |
| Legend | ਦੰਤ-ਕਥਾ |
| Lexicographer | ਕੋਸ਼ਕਾਰ |
| Linear | ਰੇਖਿਕ |
| Lockout | ਤਾਲਾਬੰਦੀ |

Longitude ਦੇਸ਼ਾਂਤਰ ਰੇਖਾ
Magnetic ਚੁੰਬਕੀ
Manuscript ਖਰੜਾ, ਮਸੌਦਾ
Marathon ਬਹੁਤ ਲੰਮੀ ਦੌੜ
Matter ਮਾਦਾ, ਪਦਾਰਥ
Mechanical ਯਾਂਤ੍ਰਿਕ
Quotation ਹਵਾਲਾ, ਟੂਕ
Quorum ਗਣਪੂਰਤੀ, ਲੁੜੀਂਦੀ ਹਾਜ਼ਰੀ
Racial Factor ਨਸਲੀ ਕਾਰਕ
Racial Tension ਨਸਲੀ ਖਿਚਾਅ
Ransom ਮੁਕਤੀ
Rapport ਰਾਬਤਾ, ਸੰਪਰਕ
Rarely ਕਦੇ-ਕਦਾਈਂ
Reconciliation ਸੁਲ੍ਹਾ-ਸਫ਼ਾਈ, ਮੰਨ-ਮਨਾਈ, ਰਾਜ਼ੀਨਾਮਾ
Redress ਨਿਵਾਰਨ
Referendum ਰਾਏ-ਸ਼ੁਮਾਰੀ
Regime ਰਾਜ-ਕਾਲ
Resolution ਮਤਾ
Respiration ਸਵਾਸ-ਕਿਰਿਆ
Review ਨਜ਼ਰਸਾਨੀ, ਸਮੀਖਿਆ
Racial Factor ਨਸਲੀ ਕਾਰਕ
Racial Tension ਨਸਲੀ ਖਿਚਾਅ
Ransom ਮੁਕਤੀ
Rarely ਕਦੇ-ਕਦਾਈਂ
Realistic ਯਥਾਰਥਿਕ
Sacrilege ਧਾਰਮਿਕ ਬੇਅਦਬੀ
Salient features ਪ੍ਰਮੁੱਖ ਵਿਸ਼ੇਸ਼ਤਾਵਾਂ
Sample ਨਮੂਨਾ
Scholar ਵਿਦਵਾਨ
Sediment ਤਲਛਟ, ਫੋਗ
Socialization ਸਮਾਜੀਕਰਨ
Sine die ਅਨਿਸ਼ਚਿਤਕਾਲ
Standing instruction ਸਥਾਈ ਹਿਦਾਇਤਾਂ
Syntax ਵਾਕ-ਰਚਨਾ
Sabotage ਤੋੜ-ਫੋੜ
Safe Custody ਸੁਰੱਖਿਅਤ ਸੰਭਾਲ਼
Segregation ਵੱਖ ਕਰਨਾ
Secularism ਧਰਮ-ਨਿਰਪੇਖਤਾ

| | |
|---|---|
| Seasoned Politician | ਹੰਢਿਆ-ਵਰਤਿਆ ਸਿਆਸਤਦਾਨ |
| Tenant | ਕਿਰਾਏਦਾਰ |
| Tension | ਤਣਾਅ |
| Tool | ਔਜ਼ਾਰ, ਸੰਦ |
| Transformation | ਪਰਿਵਰਤਨ, ਰੂਪਾਂਤਰਨ |
| Transmission | ਸੰਚਾਰਨ |
| Transparent | ਪਾਰਦਰਸ਼ੀ |
| Tranquilizer | ਸ਼ਾਂਤਕਾਰਕ, ਮਨ-ਟਿਕਾਊ ਦਵਾਈ |
| Tribe | ਕਬੀਲਾ |
| Tropic of Capricorn | ਮਕਰ-ਰੇਖਾ |
| Tropic of cancer | ਕਰਕ-ਰੇਖਾ |
| Typography | ਛਪਾਈ ਦੀ ਦਿੱਖ |
| Tactics | ਜੁਗਤ, ਚਾਲ |
| Take Effect to | ਲਾਗੂ ਹੋਣਾ |
| Token Salary | ਸੰਕੇਤੀ ਤਨਖ਼ਾਹ |
| Ticklish Matter | ਔਖਾ ਮਸਲਾ |
| Tenure | ਮਿਆਦ |
| Ultimatum | ਅੰਤਿਮ ਚਿਤਾਵਨੀ |
| Under employment | ਅਲਪ ਰੁਜ਼ਗਾਰ |
| Unit | ਇਕਾਈ |
| Uniformity | ਇਕਸਾਰਤਾ |
| Utopia | ਆਦਰਸ਼ਪੂਰਨ ਸਮਾਜ |
| Universal | ਵਿਸ਼ਵ-ਵਿਆਪੀ |
| Urban | ਸ਼ਹਿਰੀ |
| Valedictory | ਵਿਦਾਇਗੀ ਭਾਸ਼ਣ |
| Valid | ਯੋਗ, ਜਾਇਜ਼, ਵੈਧ |
| Venue | ਮਿਲ਼ਨ-ਸਥਾਨ |
| Voluntary | ਸ੍ਵੈ-ਇੱਛਿਤ |
| Volcano | ਜੁਆਲਾਮੁਖੀ |
| Vehicle | ਵਾਹਨ |
| Vulture | ਗਿੱਧ |
| Wage | ਤਨਖ਼ਾਹ, ਉਜਰਤ, ਮਜ਼ਦੂਰੀ |
| Warranty | ਵਸਤੂ ਦੇ ਖਰੇ ਹੋਣ ਦੀ ਜ਼ੁੰਮੇਵਾਰੀ, ਅਸਲੀ ਹੋਣ ਦੀ ਤਸਦੀਕ |
| Weed | ਨਦੀਣ |
| Welfare State | ਕਲਿਆਣਕਾਰੀ ਰਾਜ |
| Whirlpool | ਭੰਵਰ, ਘੁੰਮਣ-ਘੇਰੀ |
| Whirlwind | ਵਾ-ਵਰੋਲ਼ਾ |
| Will | ਵਸੀਅਤ |

| | |
|---|---|
| Wither | ਮੁਰਝਾ ਜਾਣਾ |
| Wreath | ਫੁੱਲ-ਮਾਲ਼ਾ |
| Wrinkle | ਝੁਰੜੀ |
| Xerox | ਲਿਖਤ ਆਦਿ ਦੀਆਂ ਨਕਲਾਂ ਬਣਾਉਣ ਦਾ ਇੱਕ ਢੰਗ |
| Yawn | ਉਬਾਸੀ |
| Yeast | ਖ਼ਮੀਰ |
| Yield | ਝਾੜ, ਪੈਦਾਵਾਰ |
| Yogurt | ਦਹੀਂ |
| Yoke | ਪੰਜਾਲ਼ੀ |
| Yolk | ਆਂਡੇ ਦੀ ਜ਼ਰਦੀ |
| Zone | ਖੇਤਰ |
| Zoo | ਚਿੜੀਆ-ਘਰ |

❋ ❋ ❋

# ਬੈਂਕ, ਰੇਲਵੇ, ਡਾਕ ਤੇ ਬੀਮਾ-ਸੇਵਾਵਾਂ ਨਾਲ਼

# ਸੰਬੰਧਿਤ ਡਾਕ

## 1. ਬੈਂਕ-ਸੇਵਾਵਾਂ ਨਾਲ਼ ਸੰਬੰਧਿਤ ਵਾਕ

1. Payment can be made in cash or by cheque.
   ਭੁਗਤਾਨ ਨਕਦ ਜਾਂ ਚੈੱਕ ਰਾਹੀਂ ਕੀਤਾ ਜਾ ਸਕਦਾ ਹੈ।
2. It's better to have a joint account in the bank.
   ਬੈਂਕ ਵਿੱਚ ਸਾਂਝਾ ਖਾਤਾ ਖੋਲ੍ਹਣਾ ਵਧੇਰੇ ਚੰਗਾ ਹੈ।
3. It is for office use only.
   ਇਹ ਕੇਵਲ ਦਫ਼ਤਰੀ ਵਰਤੋਂ ਲਈ ਹੈ।
4. Received a sum of Rs. Five Thousand Only as specified on reverse.
   ਪਿੱਛੇ ਲਿਖੇ ਅਨੁਸਾਰ ਕੇਵਲ ਪੰਜ ਹਜ਼ਾਰ ਰੁਪਏ ਦੀ ਰਕਮ ਵਸੂਲ ਕੀਤੀ।
5. This application has been addressed to the Divisional Manager of the bank.
   ਇਹ ਬਿਨੈ-ਪੱਤਰ ਬੈਂਕ ਦੇ ਡਿਵੀਜ਼ਨਲ ਮੈਨੇਜਰ ਨੂੰ ਸੰਬੋਧਿਤ ਹੈ।
6. I hereby declare that the foregoing statements are true and correct to the best of my knowledge and belief.
   ਮੈਂ ਇੱਥੇ ਐਲਾਨ ਕਰਦਾ-ਕਰਦੀ ਹਾਂ ਕਿ ਉਪਰੋਕਤ ਬਿਆਨ ਮੇਰੇ ਪੂਰਨ ਗਿਆਨ ਅਤੇ ਵਿਸ਼ਵਾਸ ਮੁਤਾਬਕ ਸੱਚੇ ਅਤੇ ਸਹੀ ਹਨ।
7. Specimen signature of the depositor are often verified while making payments.
   ਭੁਗਤਾਨ ਸਮੇਂ ਜਮ੍ਹਾ-ਕਰਤਾ ਦੇ ਦਸਖ਼ਤ ਅਕਸਰ ਮਿਲਾਏ ਜਾਂਦੇ ਹਨ।
8. Please count the cheques contained here in before use.
   ਚੈੱਕ-ਬੁੱਕ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਦੇ ਚੈੱਕਾਂ ਦੀ ਗਿਣਤੀ ਕਰ ਲਓ ਜੀ।
9. Please check your bank balance before you issue a cheque.
   ਕੋਈ ਵੀ ਚੈੱਕ ਕੱਟਣ ਤੋਂ ਪਹਿਲਾਂ ਆਪਣੇ ਖਾਤੇ ਵਿੱਚ ਜਮ੍ਹਾ ਰਕਮ ਦੀ ਪੜਤਾਲ ਕਰ ਲਓ ਜੀ।
10. Always keep your passbook and cheque book under proper custody.
    ਆਪਣੀ ਪਾਸ-ਬੁੱਕ ਅਤੇ ਚੈੱਕ-ਬੁੱਕ ਹਮੇਸ਼ਾਂ ਸੰਭਾਲ਼ ਕੇ ਰੱਖੋ।
11. Please issue me a gift cheque worth Rs. 501/- and debit the amount from my saving account.
    ਕਿਰਪਾ ਪੂਰਬਕ ਬੱਚਤ-ਖਾਤੇ ਵਿੱਚੋਂ 501/- ਰੁਪਏ ਕੱਢ ਕੇ ਇਸ ਰਾਸ਼ੀ ਦਾ ਉਪਹਾਰ-ਚੈੱਕ ਜਾਰੀ ਕਰ ਦਿਓ।
12. Please use separate slips for cheques in this bank.
    ਇਸ ਬੈਂਕ ਦੇ ਚੈੱਕਾਂ ਵਾਸਤੇ ਬਣੀ ਹੋਈ ਵੱਖਰੀ ਪਰਚੀ ਦਾ ਇਸਤੇਮਾਲ ਕਰੋ ਜੀ।
13. We enclose our draft No. 0212 for Rs. Five thousand drawn in your favour on the Punjab National Bank, Rampur.
    ਤੁਹਾਡੇ ਨਾਂ 'ਤੇ ਜਾਰੀ ਕੀਤਾ ਪੰਜਾਬ ਨੈਸ਼ਨਲ ਬੈਂਕ, ਰਾਮਪੁਰ ਦਾ ਪੰਜ ਹਜ਼ਾਰ ਰੁਪਏ ਦਾ ਡ੍ਰਾਫ਼ਟ ਜਿਸ ਦਾ ਨੰਬਰ 0212 ਹੈ, ਭੇਜ ਰਹੇ ਹਾਂ।

14. Please issue draft for Rs. five hundred and debit the amount along with your charges from my savings account No. 00911000026030

ਕਿਰਪਾ ਕਰਕੇ ਪੰਜ ਸੌ ਰੁਪਏ ਦਾ ਡ੍ਰਾਫ਼ਟ ਜਾਰੀ ਕੀਤਾ ਜਾਵੇ ਅਤੇ ਬੈਂਕ-ਖ਼ਰਚਿਆਂ ਸਮੇਤ ਇਹ ਰਕਮ ਮੇਰੇ ਬੱਚਤ-ਖਾਤੇ ਨੰਬਰ 00911000026030 ਵਿੱਚੋਂ ਲੈ ਲਈ ਜਾਵੇ।

15. Interest upon deposit ceases from the dates of maturity.

ਮਿਆਦ ਪੁੱਗਣ ਤੋਂ ਬਾਅਦ ਜਮ੍ਹਾ ਰਕਮ 'ਤੇ ਵਿਆਜ ਨਹੀਂ ਲੱਗਦਾ।

## 2. ਰੇਲਵੇ ਸੇਵਾਵਾਂ ਨਾਲ਼ ਸੰਬੰਧਿਤ ਵਾਕ

1. Waiting room for the 2nd class passengers is on the first floor.
   ਦੂਸਰੇ ਦਰਜੇ ਦੇ ਮੁਸਾਫ਼ਰਾਂ ਲਈ ਉਡੀਕ-ਘਰ ਪਹਿਲੀ ਮੰਜ਼ਲ 'ਤੇ ਹੈ।
2. Beware of pick-pockets.
   ਜੇਬ-ਕਤਰਿਆਂ ਤੋਂ ਸਾਵਧਾਨ ਰਹੋ।
3. Railway is a public property, help to maintain it.
   ਰੇਲ ਜਨ-ਸੰਪਤੀ ਹੈ, ਇਸ ਦੀ ਸੰਭਾਲ਼ ਵਿੱਚ ਮਦਦ ਕਰੋ।
4. Passengers travelling without ticket will be charged 10 times.
   ਬਿਨਾਂ ਟਿਕਟ ਮੁਸਾਫ਼ਰਾਂ ਕੋਲ਼ੋਂ ਦਸ ਗੁਣਾ ਭਾੜਾ ਵਸੂਲਿਆ ਜਾਵੇਗਾ।
5. A proper queue helps early disposal.
   ਲਾਈਨ ਵਿੱਚ ਲੱਗਣ ਨਾਲ਼ ਜਲਦੀ ਨਿਪਟਾਰਾ ਹੁੰਦਾ ਹੈ।
6. Smoking is injurious to health.
   ਸਿਗਰਟ-ਬੀੜੀ ਪੀਣਾ ਸਿਹਤ ਲਈ ਹਾਨੀਕਾਰਕ ਹੈ।
7. Berths/Seats are reserved here.
   ਸੌਣ ਵਾਲ਼ੀਆਂ/ਬਹਿਣ ਵਾਲ਼ੀਆਂ ਸੀਟਾਂ ਇੱਥੇ ਬੁੱਕ ਕੀਤੀਆਂ ਜਾਂਦੀਆਂ ਹਨ।
8. Platform tickets and railway timetable are available here.
   ਪਲੇਟਫ਼ਾਰਮ-ਟਿਕਟਾਂ ਅਤੇ ਰੇਲਵੇ ਸਮਾਂ-ਸਾਰਨੀ ਇੱਥੇ ਮਿਲ਼ਦੇ ਹਨ।
9. In case of emergency pull chain.
   ਸੰਕਟ ਸਮੇਂ ਜ਼ੰਜੀਰ ਖਿੱਚੋ।
10. Retiring rooms are booked at Window No. 12.
    ਵਿਸਰਾਮ-ਕਮਰੇ ਖਿੜਕੀ ਨੰ : 12 'ਤੇ ਬੁੱਕ ਕੀਤੇ ਜਾਂਦੇ ਹਨ।
11. The ticket office remains open day and night.
    ਟਿਕਟ-ਘਰ ਦਿਨ-ਰਾਤ ਖੁੱਲ੍ਹਾ ਰਹਿੰਦਾ ਹੈ।
12. Crossing the railway track is prohibited.
    ਰੇਲ ਦੀ ਪਟੜੀ ਤੋਂ ਲੰਘਣਾ ਮਨ੍ਹਾ ਹੈ।
13. Caution, railway crossing is ahead.
    ਸਾਵਧਾਨ, ਅੱਗੇ ਰਾਹ ਵਿੱਚ ਰੇਲ-ਪਟੜੀ ਹੈ।
14. Spitting is prohibited on the platform.
    ਪਲੇਟਫ਼ਾਰਮ 'ਤੇ ਥੁੱਕਣਾ ਮਨ੍ਹਾ ਹੈ।
15. Do not catch or jump from the running train.
    ਚਲਦੀ ਗੱਡੀ ਉੱਤੇ ਚੜ੍ਹਨ ਜਾਂ ਉੱਤਰਨ ਦੀ ਗ਼ਲਤੀ ਨਾ ਕਰੋ।

## 3. ਡਾਕ-ਸੇਵਾ ਨਾਲ਼ ਸੰਬੰਧਿਤ ਵਾਕ

1. Use block letters for filling in the money order form.
   ਮਨੀਆਰਡਰ ਫ਼ਾਰਮ ਭਰਨ ਲਈ (ਅੰਗਰੇਜ਼ੀ ਦੇ) ਵੱਡੇ ਅੱਖਰਾਂ ਦੀ ਵਰਤੋਂ ਕਰੋ।
2. The address on the letter must be legible.
   ਚਿੱਠੀ ਉੱਤੇ ਪਤਾ ਸਾਫ਼-ਸਾਫ਼ ਲਿਖੋ।
3. Write pin-code in address.
   ਪਤੇ ਦੇ ਨਾਲ਼ ਪਿੰਨ-ਕੋਡ ਲਿਖੋ।
4. No enclosure allowed in the Inland letter.
   ਅੰਤਰਦੇਸੀ ਪੱਤਰ ਵਿੱਚ ਕੁਝ ਵੀ ਰੱਖਣ ਦੀ ਆਗਿਆ ਨਹੀਂ ਹੈ।
5. Address must be written on this side only.
   ਪਤਾ ਇਸ ਪਾਸੇ ਹੀ ਲਿਖੋ।
6 Verify the facts from the address of the sender and the date stamp of the post office.
   ਡਾਕ ਭੇਜਣ ਵਾਲ਼ੇ ਦੇ ਪਤੇ ਅਤੇ ਡਾਕ-ਘਰ ਦੀ ਮਿਤੀ-ਮੋਹਰ ਤੋਂ ਤੱਥਾਂ ਦੀ ਪੜਤਾਲ ਕਰੋ।
7. Examine your pass book carefully and ensure that the Previous-deposit has been correctly recorded.
   ਆਪਣੀ ਪਾਸ-ਬੁੱਕ ਦੀ ਜਾਂਚ ਚੰਗੀ ਤਰ੍ਹਾਂ ਕਰ ਲਓ ਅਤੇ ਇਹ ਯਕੀਨੀ ਬਣਾ ਲਓ ਕਿ ਇਸ ਤੋਂ ਪਹਿਲਾਂ ਜਮ੍ਹਾਂ ਕੀਤੀ ਰਕਮ ਸਹੀ-ਸਹੀ ਦਰਜ ਕੀਤੀ ਗਈ ਹੈ।
8. Post-office saving Bank is a useful scheme for salaried persons.
   ਤਨਖ਼ਾਹਦਾਰਾਂ ਵਾਸਤੇ ਡਾਕ-ਘਰ ਬੱਚਤ-ਬੈਂਕ ਇੱਕ ਉਪਯੋਗੀ ਯੋਜਨਾ ਹੈ।
9. No identity slip shall be issued to a person other than the one authorised.
   ਅਧਿਕਾਰਿਤ ਵਿਅਕਤੀ ਤੋਂ ਬਿਨਾਂ ਕਿਸੇ ਹੋਰ ਨੂੰ ਪਛਾਣ-ਪਰਚੀ ਜਾਰੀ ਨਹੀਂ ਕੀਤੀ ਜਾਵੇਗੀ।
10. The rules and mode of payment of the National Saving Certificate are printed on the reverse.
   ਰਾਸ਼ਟਰੀ ਬੱਚਤ-ਸਰਟੀਫ਼ਿਕੇਟ ਦੇ ਭੁਗਤਾਨ ਸੰਬੰਧੀ ਨਿਯਮ ਅਤੇ ਤਰੀਕਾ ਪਿਛਲੇ ਪਾਸੇ ਛਪੇ ਹਨ।

## 4. ਬੀਮਾ-ਸੇਵਾਵਾਂ ਨਾਲ਼ ਸੰਬੰਧਿਤ ਵਾਕ

1. Everyone should have an insurance in his life.
   ਹਰੇਕ ਮਨੁੱਖ ਨੂੰ ਜ਼ਿੰਦਗੀ 'ਚ ਆਪਣਾ ਬੀਮਾ ਕਰਵਾਉਣਾ ਚਾਹੀਦਾ ਹੈ।
2. One should keep one's insurance policy and receipts carefully.
   ਬੀਮੇ ਦੀ ਪਾਲਿਸੀ ਤੇ ਰਸੀਦਾਂ ਹਮੇਸ਼ਾਂ ਸਾਂਭ ਕੇ ਰੱਖਣੀਆਂ ਚਾਹੀਦੀਆਂ ਹਨ।
3. Nowadays, vehicle insurance is also necessary.
   ਅੱਜ-ਕੱਲ੍ਹ ਮੋਟਰਾਂ-ਗੱਡੀਆਂ ਦਾ ਬੀਮਾ ਵੀ ਕਰਵਾਉਣਾ ਜ਼ਰੂਰੀ ਹੋ ਗਿਆ ਹੈ।
4. The payment of insurance can be made by net banking or mobile banking.
   ਬੀਮੇ ਦੀ ਕਿਸ਼ਤ ਦਾ ਭੁਗਤਾਨ ਬੈਂਕਿੰਗ ਤੇ ਨੈੱਟ-ਬੈਂਕਿੰਗ ਰਾਹੀਂ ਵੀ ਕੀਤਾ ਜਾ ਸਕਦਾ ਹੈ।
5. If due premium is not paid within the days of grace, the policy becomes paid up.
   ਜੇਕਰ ਬੀਮਾ-ਕਿਸ਼ਤ ਦਾ ਭੁਗਤਾਨ ਰਿਆਇਤੀ ਦਿਨਾਂ 'ਚ ਨਾ ਕੀਤਾ ਜਾਵੇ ਤਾਂ ਬਣਦਾ ਵਿਆਜ ਅਦਾ ਕਰਨਾ ਪੈਂਦਾ ਹੈ।
6. You must enter a nominee while taking insurance policy.
   ਬੀਮਾ-ਪਾਲਿਸੀ ਲੈਣ ਸਮੇਂ ਨਾਮਜ਼ਦਗੀ ਜ਼ਰੂਰ ਦਰਜ ਕਰੋ।

7. Examine the receipt properly after making payment of insurance policy.
ਬੀਮਾ-ਕਿਸ਼ਤ ਦਾ ਭੁਗਤਾਨ ਕਰਨ ਤੋਂ ਬਾਅਦ ਰਸੀਦ ਦੀ ਚੰਗੀ ਤਰ੍ਹਾਂ ਪੜਤਾਲ ਕਰੋ।

8. After completion of the policy, credited directly due amount will be credilad to the policyholder's account.
ਪਾਲਿਸੀ ਦਾ ਸਮਾਂ ਪੂਰਾ ਹੋਣ 'ਤੇ ਬਣਦੀ ਰਾਸ਼ੀ ਦਾਅਵੇਦਾਰ ਦੇ ਖਾਤੇ 'ਚ ਸਿੱਧੇ ਤੌਰ 'ਤੇ ਜਮ੍ਹਾ ਹੋਵੇਗੀ ।

9. Policyholder has to submit proof of residence, Identity and age at the time of taking policy.
ਬੀਮਾ ਕਰਵਾਉਣ ਸਮੇਂ ਦਾਅਵੇਦਾਰ ਨੂੰ ਆਪਣੀ ਰਹਾਇਸ਼, ਸ਼ਨਾਖ਼ਤ ਤੇ ਉਮਰ ਸੰਬੰਧੀ ਪੁਖ਼ਤਾ ਸਬੂਤ ਦੇਣੇ ਪੈਂਦੇ ਹਨ।

10. At the time of taking policy, policyholder should correctly fill the information regarding height, weight and physical identification.
ਬੀਮਾ-ਪਾਲਿਸੀ ਲੈਣ ਸਮੇਂ ਦਾਅਵੇਦਾਰ ਨੂੰ ਆਪਣੇ ਕੱਦ, ਭਾਰ ਤੇ ਸਰੀਰਿਕ ਸ਼ਨਾਖ਼ਤੀ ਚਿੰਨ੍ਹ ਸੰਬੰਧੀ ਵੇਰਵੇ ਧਿਆਨ ਨਾਲ਼ ਭਰਨੇ ਚਾਹੀਦੇ ਹਨ।

## 5. ਕੰਪਿਊਟਰ ਨਾਲ਼ ਸੰਬੰਧਿਤ ਵਾਕ

1. Computer is an electronic device.
ਕੰਪਿਊਟਰ ਇੱਕ ਬਿਜਲੀ ਨਾਲ਼ ਚੱਲਣ ਵਾਲ਼ੀ ਮਸ਼ੀਨ ਹੈ।

2. Central processing unit is the brain of the computer.
ਸੈਂਟਰਲ ਪ੍ਰੋਸੈੱਸਿੰਗ ਯੂਨਿਟ ਕੰਪਿਊਟਰ ਦਾ ਦਿਮਾਗ਼ ਹੁੰਦਾ ਹੈ।

3. Random access memory (RAM) is the temporary memory of computer.
ਰੈਮ ਕੰਪਿਊਟਰ ਦੀ ਆਰਜ਼ੀ ਯਾਦ-ਸ਼ਕਤੀ ਹੁੰਦੀ ਹੈ।

4. When two or more computers are connected with each-other, it is called computer network.
ਜਦੋਂ ਦੋ ਜਾਂ ਦੋ ਤੋਂ ਵੱਧ ਕੰਪਿਊਟਰ ਆਪਸ ਵਿੱਚ ਜੁੜਨ ਤਾਂ ਉਸ ਨੂੰ ਕੰਪਿਊਟਰ-ਨੈੱਟਵਰਕ ਆਖਿਆ ਜਾਂਦਾ ਹੈ।

5. Internet is the network of networks.
ਨੈੱਟਵਰਕਾਂ ਦਾ ਨੈੱਟਵਰਕ ਇੰਟਰਨੈੱਟ ਹੁੰਦਾ ਹੈ।

6. E-mail is used to send and receive messages.
ਬਿਜਲਈ ਡਾਕ ਦੀ ਵਰਤੋਂ ਸੁਨੇਹੇ ਭੇਜਣ ਤੇ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।

7. Charles Babbage is known as the father of computer.
ਚਾਰਲਸ ਬੇਬਜ ਨੂੰ ਕੰਪਿਊਟਰ ਦਾ ਪਿਤਾਮਾ ਕਿਹਾ ਜਾਂਦਾ ਹੈ।

8. Binary is the Language of computer.
ਬਾਈਨਰੀ ਕੰਪਿਊਟਰ ਦੀ ਭਾਸ਼ਾ ਹੈ।

9. Always shut down computer properly.
ਕੰਪਿਊਟਰ ਨੂੰ ਹਮੇਸ਼ਾਂ ਠੀਕ ਢੰਗ ਨਾਲ਼ ਬੰਦ ਕਰੋ।

10. Hard disk is the data storage device of the computer.
ਹਾਰਡ ਡਿਸਕ ਕੰਪਿਊਟਰ ਵਿੱਚ ਡਾਟਾ ਸਾਂਭਣ ਵਾਲ਼ਾ ਯੰਤਰ ਹੈ।

11. Key board has 104 keys.
ਕੀ-ਬੋਰਡ ਦੇ 104 ਬਟਨ ਹੁੰਦੇ ਹਨ।

12. Space bar is the longest key on the key-board.
ਕੀ-ਬੋਰਡ ਉੱਪਰ ਸਭ ਤੋਂ ਲੰਮੀ ਕੀ ਨੂੰ ਸਪੇਸ-ਬਾਰ ਕਹਿੰਦੇ ਹਨ।

13. Click on the start menu to shut down computer.
ਕੰਪਿਊਟਰ ਨੂੰ ਬੰਦ ਕਰਨ ਲਈ ਸਟਾਰਟ-ਮੀਨੂੰ ਤੇ ਕਲਿੱਕ ਕਰੋ।

14. Cyber crime is a crime in which a computer is used.
ਜਿਸ ਜੁਰਮ ਵਿੱਚ ਕੰਪਿਊਟਰ ਵਰਤਿਆ ਜਾਵੇ, ਉਸ ਨੂੰ ਸਾਈਬਰ ਕ੍ਰਾਈਮ ਆਖਿਆ ਜਾਂਦਾ ਹੈ।

15. Super computer is a very powerful computer.
ਸੁਪਰ ਕੰਪਿਊਟਰ ਬਹੁਤ ਸ਼ਕਤੀਸ਼ਾਲੀ ਕੰਪਿਊਟਰ ਹੁੰਦਾ ਹੈ।

❋ ❋ ❋

## ਅਧਿਆਇ 3

# ਅਖ਼ਬਾਰ ਦੇ ਸੰਪਾਦਕ ਨੂੰ ਪੱਤਰ

## (ਕਿਸੇ ਮਸਲੇ/ਘਟਨਾ ਬਾਰੇ)

ਅਖ਼ਬਾਰ ਜਾਂ ਸਮਾਚਾਰ-ਪੱਤਰ ਸਾਡੀ ਅਜੋਕੀ ਜ਼ਿੰਦਗੀ ਦਾ ਮੁਹੱਤਵਪੂਰਨ ਅੰਗ ਹਨ। ਅਖ਼ਬਾਰਾਂ ਰਾਹੀਂ ਸਾਨੂੰ-ਦੇਸ-ਵਿਦੇਸ਼ ਵਿੱਚ ਵਾਪਰ ਰਹੀਆਂ ਨਿੱਕੀਆਂ-ਵੱਡੀਆਂ ਘਟਨਾਵਾਂ ਦੀ ਜਾਣਕਾਰੀ ਮਿਲਦੀ ਹੈ। ਇਸ ਦੇ ਨਾਲ-ਨਾਲ ਕਿਸੇ ਅਖ਼ਬਾਰ ਦਾ ਇੱਕ ਅੰਗ ਉਸ ਦੇ ਪਾਠਕਾਂ ਵੱਲੋਂ ਲਿਖੇ ਪੱਤਰ ਹੁੰਦੇ ਹਨ। ਇਹਨਾਂ ਪੱਤਰਾਂ ਵਿੱਚ ਪਾਠਕ ਆਪਣੀ ਰੁਚੀ, ਸੋਚ ਤੇ ਜ਼ਰੂਰਤ ਮੁਤਾਬਕ ਕਿਸੇ ਨਾ ਕਿਸੇ ਵਿਸ਼ੇ ਬਾਰੇ ਆਪਣੀਆਂ ਰਾਵਾਂ ਲਿਖਦੇ ਹਨ। ਦਲੀਲ ਸਹਿਤ ਢੁਕਵੇਂ ਲਿਖੇ ਪੱਤਰ ਅਖ਼ਬਾਰਾਂ ਵਿੱਚ ਛਪ ਜਾਂਦੇ ਹਨ। ਇਹ ਪੱਤਰ ਜਿੱਥੇ ਹੋਰ ਪਾਠਕਾਂ ਲਈ ਚੰਗੀ ਪੜ੍ਹਨ-ਸਮਗਰੀ ਬਣਦੇ ਹਨ,ਉੱਥੇ ਲੋਕ-ਰਾਏ ਬਣਾਉਣ ਵਿੱਚ ਵੀ ਭੂਮਿਕਾ ਅਦਾ ਕਰਦੇ ਹਨ। ਕਈ ਪੱਤਰਾਂ ਵਿੱਚ ਸਰਕਾਰੀ ਨੀਤੀਆਂ ਅਤੇ ਕਾਰਗੁਜ਼ਾਰੀ ਉੱਤੇ ਟਿੱਪਣੀ ਕੀਤੀ ਹੁੰਦੀ ਹੈ। ਸਰਕਾਰ ਦੇ ਸੰਬੰਧਿਤ ਵਿਭਾਗ ਇਹਨਾਂ ਪੱਤਰਾਂ ਦਾ ਨੋਟਿਸ ਲੈਂਦੇ ਹਨ ਅਤੇ ਲੁੜੀਂਦੀ ਕਾਰਵਾਈ ਕਰਨ ਲਈ ਹਰਕਤ ਵਿੱਚ ਆ ਜਾਂਦੇ ਹਨ। ਕਈ ਪਾਠਕ ਆਪਣੀਆਂ ਨਿੱਜੀ ਤੇ ਸਮੂਹਿਕ ਸਮੱਸਿਆਵਾਂ ਬਾਰੇ ਪੱਤਰ ਲਿਖਦੇ ਹਨ। ਇਸ ਤਰ੍ਹਾਂ ਸਮੱਸਿਆਵਾਂ ਦੇ ਛੇਤੀ ਹੱਲ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ। ਕਈ ਪੱਤਰਾਂ ਵਿੱਚ ਬਹੁਮੁੱਲੇ ਸੁਝਾਅ ਹੁੰਦੇ ਹਨ ਜਿਨ੍ਹਾਂ ਦੀ ਲੋਅ ਵਿੱਚ ਕਈ ਸੰਸਥਾਵਾਂ ਤੇ ਸਰਕਾਰਾਂ ਵੀ ਆਪਣੀਆਂ ਨੀਤੀਆਂ ਵਿੱਚ ਸੋਧ ਕਰ ਲੈਂਦੀਆਂ ਹਨ।

ਅੱਜ-ਕੱਲ੍ਹ ਦੇ ਤੇਜ਼ ਬਦਲਦੇ ਸੰਸਾਰ ਵਿੱਚ ਬਹੁਤੀਆਂ ਸਥਿਤੀਆਂ ਅਤੇ ਮਸਲੇ ਬਹੁਪਰਤੀ ਅਤੇ ਜਟਿਲ ਹੁੰਦੇ ਹਨ। ਭਾਵੇਂ ਅਖ਼ਬਾਰ ਦੇ ਸਮਾਚਾਰ-ਸੰਪਾਦਕ ਵਜੋਂ ਕਿਸੇ ਖ਼ਬਰ ਦਾ ਪਿਛੋਕੜ ਅਤੇ ਉਸ ਨਾਲ਼ ਜੁੜੇ ਅਨੇਕਾਂ ਪੱਖਾਂ ਬਾਰੇ ਟਿੱਪਣੀਆਂ ਹੁੰਦੀਆਂ ਹਨ। ਵਿਸ਼ੇਸ਼ ਅਤੇ ਮੁਹੱਤਵਪੂਰਨ ਘਟਨਾਵਾਂ ਬਾਰੇ ਅਖ਼ਬਾਰਾਂ ਦੇ ਸੰਪਾਦਕ ਜਾਂ ਸੰਪਾਦਕੀ ਮੰਡਲ ਵੱਲੋਂ ਸੰਪਾਦਕੀ ਪੱਤਰ ਵੀ ਲਿਖੇ ਜਾਂਦੇ ਹਨ। ਫਿਰ ਵੀ ਕਈ ਵਾਰੀ ਪਾਠਕ ਮਹਿਸੂਸ ਕਰਦਾ ਹੈ, ਜਿਵੇਂ ਉਸ ਸਥਿਤੀ ਜਾਂ ਮਸਲੇ ਬਾਰੇ ਹੋਰ ਵੀ ਕੁਝ ਦੱਸਣ ਵਾਲ਼ਾ ਹੈ। ਅਜਿਹੇ ਅਣਛੂਹੇ ਪੱਖ ਬਾਰੇ ਪਾਠਕ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਦਾ ਹੈ।

ਲੋਕ-ਰਾਜ ਵਿੱਚ ਅਖ਼ਬਾਰਾਂ ਨੂੰ ਪੱਤਰ ਲਿਖਣ ਦਾ ਰੁਝਾਨ ਕਈ ਪੱਖਾਂ ਤੋਂ ਲਾਹੇਵੰਦ ਹੈ। ਇਸ ਨਾਲ਼ ਕਿਸੇ ਵੀ ਮਸਲੇ ਬਾਰੇ ਲੋਕ-ਰਾਏ ਬਣਾਉਣ ਵਿੱਚ ਸਹਾਇਤਾ ਮਿਲਦੀ ਹੈ। ਦੂਜਾ, ਸਮਾਚਾਰ-ਪੱਤਰਾਂ ਰਾਹੀਂ ਜਨਤਾ ਤੇ ਸਰਕਾਰ ਵਿਚਕਾਰ ਅੰਤਰ-ਕਾਰਜ ਸ਼ੁਰੂ ਹੋ ਜਾਂਦਾ ਹੈ ਜੋਕਿ ਲੋਕ-ਰਾਜ ਦੀ ਕਾਮਯਾਬੀ ਲਈ ਬਹੁਤ ਜ਼ਰੂਰੀ ਹੈ। ਤੀਜਾ, ਪੱਤਰ ਲਿਖਣ ਨਾਲ਼ ਆਲ਼ੇ-ਦੁਆਲ਼ੇ ਨੂੰ ਘੋਖਣ, ਸਮਾਜਿਕ, ਰਾਜਨੀਤਿਕ ਤੇ ਆਰਥਿਕ ਗਤੀਵਿਧੀਆਂ ਨੂੰ ਸਮਝਣ ਤੇ ਉਹਨਾਂ ਬਾਰੇ ਆਪਣੀ ਸਪਸ਼ਟ ਰਾਏ ਬਣਾਉਣ ਦਾ ਅਵਸਰ ਮਿਲ਼ਦਾ ਹੈ। ਇਸ ਤਰ੍ਹਾਂ ਆਮ ਨਾਗਰਿਕ ਦੇਸ ਤੇ ਸਮਾਜ ਦੇ ਵਿਕਾਸ ਵਿੱਚ ਭਾਗੀਦਾਰ ਬਣ ਜਾਂਦਾ ਹੈ।

ਪੱਤਰ ਕਿਸੇ ਮਸਲੇ ਬਾਰੇ ਹੀ ਨਹੀਂ ਕਿਸੇ ਘਟਨਾ ਬਾਰੇ ਵੀ ਲਿਖਿਆ ਜਾ ਸਕਦਾ ਹੈ। ਆਪਣੇ ਆਲ਼ੇ-ਦੁਆਲ਼ੇ ਵਿੱਚ ਵਾਪਰੀ ਚੰਗੀ ਘਟਨਾ ਦੀ ਸਿਫ਼ਤ ਤੇ ਮਾੜੀ ਘਟਨਾ ਦੀ ਨਿੰਦਿਆ ਕਰਦੇ ਹੋਏ ਪੱਤਰ-ਲੇਖਕ ਹੋਰ ਪਾਠਕਾਂ ਨੂੰ ਵੀ ਜਾਗ੍ਰਿਤ ਕਰਦਾ ਹੋਇਆ ਚੰਗਿਆਈ ਦਾ ਸਾਥ ਦਿੰਦਾ ਹੈ ਅਤੇ ਬੁਰਿਆਈ ਦਾ ਵਿਰੋਧ ਕਰਦਾ ਹੈ।

ਇਸ ਅਧਿਆਇ ਵਿੱਚ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਕਿਸੇ ਮਸਲੇ ਜਾਂ ਘਟਨਾ ਬਾਰੇ ਕੁਝ ਪੱਤਰ ਨਮੂਨੇ ਵਜੋਂ ਦਿੱਤੇ ਗਏ ਹਨ। ਕੁਝ ਹੋਰ ਵਿਸ਼ਿਆਂ ਦੀ ਸੂਚੀ ਵੀ ਦਿੱਤੀ ਗਈ ਹੈ। ਇਹਨਾਂ ਬਾਰੇ ਪੱਤਰ ਲਿਖ ਕੇ ਵਿਦਿਆਰਥੀ ਪੱਤਰ ਲਿਖਣ ਦਾ ਅਭਿਆਸ ਕਰ ਸਕਦਾ ਹੈ।

❋ ❋ ❋

## 1

ਸੇਵਾ ਵਿਖੇ

ਸੰਪਾਦਕ ਜੀ,

ਰੋਜ਼ਾਨਾ 'ਚੜ੍ਹਦੀ ਕਲਾ',

ਪਟਿਆਲਾ।

**ਵਿਸ਼ਾ : ਸੜਕਾਂ ਅਤੇ ਦੁਰਘਟਨਾਵਾਂ ਬਾਰੇ।**

ਸ੍ਰੀਮਾਨ ਜੀ,

ਅੱਜ-ਕੱਲ੍ਹ ਸੜਕਾਂ ਉੱਤੇ ਦੁਰਘਟਨਾਵਾਂ ਵੱਧ ਰਹੀਆਂ ਹਨ। ਕੁਝ ਲੋਕ ਇਸ ਦਾ ਕਾਰਨ ਸੜਕਾਂ ਦੀ ਮੰਦੀ ਹਾਲਤ ਅਤੇ ਵਧ ਰਹੇ ਟ੍ਰੈਫ਼ਿਕ ਨੂੰ ਗਿਣਦੇ ਹਨ ਪਰ ਮੈਂ ਇੱਕ ਦੁਰਘਟਨਾ ਦਾ ਜ਼ਿਕਰ ਕਰ ਰਿਹਾ ਹਾਂ। ਇਸ ਵਿੱਚ ਮੈਨੂੰ ਜਾਪਦਾ ਹੈ ਕਿ ਮਨੁੱਖ ਦੀ ਬੇਸਮਝੀ ਹੀ ਵੱਡਾ ਕਾਰਨ ਸੀ।

ਮੈਂ ਆਪਣੇ ਮੋਟਰ-ਸਾਈਕਲ ਉੱਤੇ ਖਰੜ ਤੋਂ ਮੋਰਿੰਡੇ ਜਾ ਰਿਹਾ ਸਾਂ । ਮੈਂ ਬਿਲਕੁਲ ਖੱਬੇ ਹੱਥ ਸੜਕ ਦੇ ਕਿਨਾਰੇ 'ਤੇ ਮੋਟਰ-ਸਾਈਕਲ ਚਲਾ ਰਿਹਾ ਸਾਂ । ਅਚਾਨਕ ਪਿਛੋਂ ਜ਼ੋਰ-ਜ਼ੋਰ ਦੇ ਹਾਰਨਾਂ ਦੀ ਅਵਾਜ਼ ਆਉਣੀ ਸ਼ੁਰੂ ਹੋ ਗਈ। ਮੈਂ ਡਰ ਕੇ ਆਪਣਾ ਮੋਟਰ-ਸਾਈਕਲ ਕੱਚੇ ਰਸਤੇ ਉੱਪਰ ਕਰ ਲਿਆ। ਮੇਰੇ ਨੇੜਿਓਂ ਦੋ ਬੱਸਾਂ ਬਹੁਤ ਤੇਜ਼ ਰਫ਼ਤਾਰ ਨਾਲ਼ ਬਰਾਬਰ-ਬਰਾਬਰ ਲੰਘੀਆਂ। ਇਉਂ ਲੱਗਦਾ ਸੀ ਜਿਵੇਂ ਦੋਹਾਂ ਬੱਸਾਂ ਵਿੱਚ ਦੌੜ-ਮੁਕਾਬਲਾ ਹੋ ਰਿਹਾ ਹੋਵੇ।

ਮੈਂ ਜਦੋਂ ਘੜੂੰਏਂ ਪਿੰਡ ਕੋਲ਼ ਪਹੁੰਚਿਆ ਤਾਂ ਉੱਥੇ ਚੀਕ-ਚਿਹਾੜਾ ਪਿਆ ਹੋਇਆ ਸੀ। ਇੱਕ ਬੱਸ ਖੱਬੇ ਪਾਸੇ ਖੇਤਾਂ ਵਿੱਚ ਉਲਟੀ ਪਈ ਸੀ, ਦੂਜੀ ਬੱਸ ਸੱਜੇ ਹੱਥ ਟਾਹਲੀ ਨਾਲ਼ ਟਕਰਾ ਕੇ ਖੜ੍ਹੀ ਸੀ। ਸੜਕ ਉੱਤੇ ਇੱਕ ਟ੍ਰੈੱਕਟਰ ਵੀ ਉਲਟਿਆ ਪਿਆ ਸੀ।

ਪਿੰਡ ਦੇ ਲੋਕਾਂ ਨੇ ਸਵਾਰੀਆਂ ਨੂੰ ਬੱਸਾਂ ਵਿੱਚੋਂ ਬਾਹਰ ਕੱਢਿਆ। ਸਵਾਰੀਆਂ ਦਾ ਜਾਨੀ ਨੁਕਸਾਨ ਤਾਂ ਨਹੀਂ ਸੀ ਹੋਇਆ ਪਰ ਸਖ਼ਤ ਸੱਟਾਂ ਜ਼ਰੂਰ ਲੱਗੀਆਂ ਸਨ। ਟਾਹਲੀ ਨਾਲ਼ ਟਕਰਾਈ ਬੱਸ ਦੇ ਡ੍ਰਾਈਵਰ ਦੀਆਂ ਸੱਟਾਂ ਕਾਫ਼ੀ ਗੰਭੀਰ ਸਨ। ਲੋਕ ਕਹਿ ਰਹੇ ਸਨ, "ਰੱਬ ਦਾ ਸ਼ੁਕਰ ਹੈ, ਜਾਨਾਂ ਬਚ ਗਈਆਂ।" ਕੋਈ ਟ੍ਰੈੱਕਟਰ ਵਾਲ਼ੇ ਨੂੰ ਹੌਸਲਾ ਦਿੰਦਾ ਕਹਿ ਰਿਹਾ ਸੀ ਕਿ ਚੱਲੋ ਉਸ ਦੀ ਆਪਣੀ ਜਾਨ ਬਚ ਗਈ। ਜ਼ਖ਼ਮੀਆਂ ਨੂੰ ਮੋਰਿੰਡੇ ਅਤੇ ਖਰੜ ਦੇ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ।

ਸਵਾਲ ਇਹ ਹੈ ਕਿ ਇਹ ਦੁਰਘਟਨਾ ਕਿਉਂ ਹੋਈ? ਦੋਵੇਂ ਡ੍ਰਾਈਵਰ ਕਿਉਂ ਇੱਕ-ਦੂਜੇ ਤੋਂ ਅੱਗੇ ਬੱਸ ਲੰਘਾਉਣ ਦੀ ਕੋਸ਼ਸ਼ ਕਰ ਰਹੇ ਸਨ। ਜੇ ਉਹ ਸਮੇਂ ਸਿਰ ਚੱਲੇ ਹੁੰਦੇ ਤਾਂ ਉਹਨਾਂ ਨੇ ਆਮ ਰਫ਼ਤਾਰ ਨਾਲ਼ ਬੱਸ ਚਲਾ ਕੇ ਆਪਣੀ ਮੰਜ਼ਲ 'ਤੇ ਪਹੁੰਚ ਜਾਣਾ ਸੀ। ਦੋਹਾਂ ਬੱਸਾਂ ਵਿੱਚ ਸਵਾਰੀਆਂ ਕਾਫ਼ੀ ਸਨ। ਫਿਰ ਸਵਾਰੀਆਂ ਦੀ ਸੁਰੱਖਿਆ ਦੀ ਪਰਵਾਹ ਕੀਤੇ ਬਿਨਾਂ ਇਹਨਾਂ ਡ੍ਰਾਈਵਰਾਂ ਵੱਲੋਂ ਇਹ ਮੁਕਾਬਲਾ ਕਰਨ ਦੀ ਮੂਰਖਤਾ ਕਿਉਂ ਕੀਤੀ ਜਾ ਰਹੀ ਸੀ ?

ਮੇਰੇ ਵਿਚਾਰ ਵਿੱਚ ਡ੍ਰਾਈਵਰਾਂ-ਕੰਡਕਟਰਾਂ ਨੂੰ ਕੋਈ ਅਜਿਹੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਜਿਸ ਵਿੱਚ ਉਹਨਾਂ ਨੂੰ ਸਬਰ ਨਾਲ਼ ਤੇ ਠੀਕ ਤਰ੍ਹਾਂ ਬੱਸਾਂ ਚਲਾਉਣ ਦੀ ਸਿੱਖਿਆ ਦਿੱਤੀ ਜਾਵੇ । ਜੇ ਕੋਈ ਮੂੜ੍ਹ-ਮੱਤ ਵਾਲ਼ਾ ਡ੍ਰਾਈਵਰ ਠੀਕ ਢੰਗ ਨਾਲ਼ ਗੱਡੀ ਨਹੀਂ ਚਲਾਉਂਦਾ ਤਾਂ ਉਸ ਬੱਸ ਵਿੱਚ ਬੈਠੀਆਂ ਸਵਾਰੀਆਂ ਨੂੰ ਚਾਹੀਦਾ ਹੈ ਕਿ ਉਸ ਦੀ ਸ਼ਿਕਾਇਤ ਕਰਨ। ਇਸ ਮਹਿਕਮੇ ਦੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਅਜਿਹੇ ਡ੍ਰਾਈਵਰਾਂ ਨਾਲ਼ ਸਖ਼ਤੀ ਨਾਲ਼ ਨਿਪਟਣ ਤਾਂਜੋ ਭਵਿਖ ਵਿਚ ਅਜਿਹੀਆਂ ਦੁਰਘਟਨਾਵਾਂ ਨਾ ਵਾਪਰਨ।

ਧੰਨਵਾਦ ਸਹਿਤ,

ਤੁਹਾਡਾ ਪਾਠਕ,

ਜਗਤਾਰ ਸਿੰਘ,

ਮਕਾਨ ਨੰਬਰ-1011,

ਵਾਰਡ-7,

29 ਮਈ, 2022

ਖਰੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

## 2.

ਸੇਵਾ ਵਿਖੇ

ਸੰਪਾਦਕ ਜੀ,

ਰੋਜ਼ਾਨਾ 'ਅਕਾਲੀ ਪੱਤ੍ਰਿਕਾ'

ਜਲੰਧਰ।

**ਵਿਸ਼ਾ : ਪੇਂਡੂ ਵਸੇਬੇ ਵਿੱਚ ਯੋਜਨਾਬੰਦੀ ਦੀ ਲੋੜ ਬਾਰੇ।**

ਸ੍ਰੀਮਾਨ ਜੀ,

ਮੈਂ ਆਪਣੇ ਪੁਰਖਿਆਂ ਦੇ ਪਿੰਡ ਭੋਮਾ ਦੀ ਇੱਕ ਗੰਭੀਰ ਸਮੱਸਿਆ ਤੁਹਾਡੇ ਅਖ਼ਬਾਰ 'ਅਕਾਲੀ ਪੱਤ੍ਰਿਕਾ' ਰਾਹੀਂ ਪਾਠਕਾਂ ਨਾਲ਼ ਸਾਂਝੀ ਕਰਨਾ ਚਾਹੁੰਦਾ ਹਾਂ। ਮੈਨੂੰ ਜਾਪਦਾ ਹੈ ਕਿ ਇਹ ਸਮੱਸਿਆ ਕੇਵਲ ਮੇਰੇ ਪਿੱਤਰੀ ਪਿੰਡ ਭੋਮਾ ਦੀ ਹੀ ਨਹੀਂ ਸਗੋਂ ਅਨੇਕਾਂ ਹੋਰ ਪਿੰਡਾਂ ਦੀ ਵੀ ਹੈ।

ਲੰਮੇ ਸਮੇਂ ਤੋਂ ਸਾਡੇ ਪਿੰਡ ਦੇ ਵਿਕਾਸ ਦੀ ਲਗ-ਪਗ ਸਥਿਤੀ ਬਦਲ ਰਹੀ ਹੈ ਪਰ ਪਿਛਲੇ ਕੁਝ ਦਹਾਕਿਆਂ ਤੋਂ ਪਿੰਡਾਂ ਦੇ ਆਰਥਿਕ ਤੇ ਸਮਾਜਿਕ ਜੀਵਨ ਵਿੱਚ ਢੇਰ ਪਰਿਵਰਤਨ ਆਏ ਹਨ। ਨਤੀਜੇ ਵਜੋਂ ਪਿੰਡਾਂ ਦੀ ਦਿੱਖ ਕਾਫ਼ੀ ਬਦਲੀ ਹੈ। ਪੱਕੇ ਮਕਾਨ ਹੁਣ ਆਮ ਜਿਹੀ ਗੱਲ ਹੈ। ਸਗੋਂ ਕਈ ਮਕਾਨ ਤਾਂ ਸ਼ਹਿਰਾਂ ਵਿੱਚ ਪ੍ਰਚਲਿਤ ਹੋ ਰਹੀ ਨਵੀਂ ਭਵਨ-ਕਲਾ ਦੇ ਨਮੂਨੇ 'ਤੇ ਵੀ ਬਣੇ ਹੋਏ ਹਨ। ਗਲ਼ੀਆਂ ਪੱਕੀਆਂ ਬਣੀਆਂ ਹੋਈਆਂ ਹਨ। ਸ਼ਹਿਰਾਂ ਤੱਕ ਸੜਕਾਂ ਹਨ, ਹੋਰ ਵੀ ਬੜਾ ਕੁਝ ਚੰਗਾ ਤਬਦੀਲ ਹੋਇਆ ਹੈ।

ਪਿੰਡਾਂ ਦੇ ਇਸ ਵਿਕਾਸ-ਦ੍ਰਿਸ਼ ਵਿੱਚ ਕੁਝ ਤਰੁਟੀਆਂ ਵੀ ਦੇਖਣ ਨੂੰ ਮਿਲਦੀਆਂ ਹਨ। ਇਹਨਾਂ ਵਿੱਚ ਇੱਕ ਹੈ ਵਸੇਬੇ ਵਿੱਚ ਯੋਜਨਾਬੱਦੀ ਦੀ ਘਾਟ। ਇਹ ਠੀਕ ਹੈ ਕਿ ਜਦੋਂ ਪਿੰਡ-ਪਿੰਡ ਮੁਰੱਬਾਬੰਦੀ ਹੋਈ ਤਾਂ ਹਰ ਪਿੰਡ ਦੇ ਚੁਫੇਰੇ ਫਿਰਨੀ ਬਣਾਈ ਗਈ। ਗੋਹਾ-ਕੂੜਾ ਸੁੱਟਣ-ਸਾਂਭਣ ਲਈ ਥਾਂ, ਫਿਰਨੀ ਤੋਂ ਬਾਹਰ ਨਿਸ਼ਚਿਤ ਕੀਤੀ ਗਈ। ਉਦੋਂ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਦੀ ਵੀ ਸਮੱਸਿਆ ਹੋਵੇਗੀ ।

ਮੇਰੇ ਪਿੰਡ ਵਿੱਚ ਸਧਾਰਨ ਜਾਪਦੀ ਉਪਰੋਕਤ ਸਮੱਸਿਆ ਕਾਫ਼ੀ ਗੰਭੀਰ ਬਣ ਗਈ ਹੈ। ਗੱਲ ਇਉਂ ਹੋਈ ਕਿ ਲੋਕਾਂ ਨੇ ਫਿਰਨੀ ਦੇ ਅੰਦਰ ਮਕਾਨ-ਉਸਾਰੀ ਦਾ ਪੱਧਰ ਫਿਰਨੀ 'ਤੇ ਬਣੀ ਸੜਕ ਅਨੁਸਾਰ ਉੱਚਾ ਰੱਖਿਆ ਤਾਂਜੋ ਉਹਨਾਂ ਦੇ ਮਕਾਨਾਂ ਦਾ ਪਾਣੀ ਨਾ ਰੁਕੇ। ਪਿੰਡ ਦੇ ਅੰਦਰਲੇ ਪੁਰਾਣੇ ਮਕਾਨਾਂ ਵਾਲ਼ਿਆਂ ਨੂੰ ਵੀ ਗੰਦੇ ਪਾਣੀ ਦਾ ਨਿਕਾਸ ਰੱਖਣ ਲਈ ਗਲ਼ੀਆਂ ਉੱਚੀਆਂ ਕਰਵਾਉਣੀਆਂ ਪਈਆਂ। ਇਸ ਨਾਲ਼ ਉਹਨਾਂ ਦੇ ਘਰ ਗਲ਼ੀਆਂ ਤੋਂ ਕਾਫ਼ੀ ਨੀਵੇਂ ਹੋ ਗਏ। ਦੂਜੇ ਪਾਸੇ ਗੰਦਾ ਪਾਣੀ ਫਿਰਨੀ 'ਤੇ ਬਣੀ ਸੜਕ ਤੱਕ ਤਾਂ ਪਹੁੰਚ ਗਿਆ ਪਰ ਅੱਗੇ ਕੋਈ ਰਾਹ ਨਾ ਹੋਣ ਕਾਰਨ ਉੱਥੇ ਹੀ ਇਕੱਠਾ ਹੋ ਗਿਆ। ਸੜਕ 'ਤੇ ਕੋਈ ਪੁਲ਼ੀ ਵਗ਼ੈਰਾ ਨਹੀਂ ਹੈ। ਜੇ ਪੁਲ਼ੀ ਹੁੰਦੀ ਵੀ ਤਾਂ ਮੁਸ਼ਕਲ ਘਟ ਨਹੀਂ ਸੀ ਜਾਣੀ ਕਿਉਂਕਿ ਫਿਰਨੀ ਦੇ ਨਾਲ਼ ਲੱਗਦੀ ਜ਼ਮੀਨ ਦਾ ਕੋਈ ਮਾਲਕ ਗੰਦੇ ਪਾਣੀ ਨੂੰ ਆਪਣੇ ਖੇਤ ਵਿੱਚ ਡਿਗਣ ਦੀ ਆਗਿਆ ਨਹੀਂ ਦਿੰਦਾ। ਨਤੀਜੇ ਵਜੋਂ ਪਿੰਡ ਦੇ ਚੁਫੇਰੇ ਥਾਂ-ਥਾਂ ਪਾਣੀ ਦੀਆਂ ਛਪੜੀਆਂ ਜਿਹੀਆਂ ਬਣ ਗਈਆਂ। ਲੰਘਣ ਵਾਲ਼ਿਆਂ ਨੂੰ ਤਾਂ ਔਕੜ ਆਉਂਦੀ ਹੀ ਹੈ ਨਾਲ਼ ਹੀ ਮੱਛਰ-ਮੱਖੀਆਂ ਖ਼ਤਰੇ ਦੀ ਹੱਦ ਤੱਕ ਏਨੇ ਵਧ ਗਏ ਹਨ ਕਿ ਬਿਮਾਰੀਆਂ ਫੈਲਣ ਦਾ ਖ਼ਤਰਾ ਮੰਡਲਾ ਰਿਹਾ ਹੈ। ਨੇੜੇ ਦੇ ਘਰਾਂ ਨੂੰ ਸਲ੍ਹਾਬਾ ਚੜ੍ਹਨ ਲੱਗ ਪਿਆ ਹੈ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਗੰਦੇ ਪਾਣੀ ਦੇ ਨਿਕਾਸ ਦੀ ਸਮੱਸਿਆ ਕਾਰਨ ਕਈ ਘਰਾਂ ਵਿੱਚ ਆਪਸੀ ਝਗੜੇ ਵੀ ਹੋਏ ਤੇ ਨੌਬਤ ਮੁਕੱਦਮੇਬਾਜ਼ੀ ਤੱਕ ਪਹੁੰਚ ਚੁੱਕੀ ਹੈ।

ਮੈਂ ਸਮਝਦਾ ਹਾਂ, ਇਸ ਸਮੱਸਿਆ ਦਾ ਕਾਰਨ ਪੁਰਾਣੇ ਢਾਂਚੇ ਵਿੱਚ ਨਵੀਆਂ ਤਬਦੀਲੀਆਂ ਦਾ ਨਾ ਸਮਾ ਸਕਣਾ ਹੈ। ਭਾਵੇਂ ਇਸੇ ਪ੍ਰਕਾਰ ਦੀ ਸਮੱਸਿਆ ਪੁਰਾਣੇ ਸ਼ਹਿਰਾਂ ਦੁਆਲ਼ੇ ਮਾਡਲ ਟਾਊਨ ਵੱਸਣ ਕਾਰਨ ਵੀ ਹੋਈ ਹੈ ਪਰ ਪਿੰਡਾਂ ਵਿੱਚ ਇਸ ਦਾ ਰੂਪ ਬੜਾ ਗੰਭੀਰ ਹੈ ਕਿਉਂਕਿ ਨਾ ਤਾਂ ਆਮ ਪਿੰਡਵਾਸੀ ਇਸ ਸਮੱਸਿਆ ਤੋਂ ਸੁਚੇਤ ਹੈ ਤੇ ਨਾ ਹੀ ਪਿੰਡ ਤੇ ਪ੍ਰਬੰਧਕੀ ਢਾਂਚੇ ਵਿੱਚ ਅਜਿਹੀਆਂ ਔਕੜਾਂ ਦਾ ਹੱਲ ਕਰਨ ਲਈ ਕੋਈ ਮਹਿਕਮਾ ਹੈ। ਸਮੁੱਚੇ ਪਿੰਡ ਦੇ ਪ੍ਰਸੰਗ ਵਿੱਚ ਇਮਾਰਤਾਂ ਦੀ ਉਸਾਰੀ ਸੰਬੰਧੀ ਕੋਈ ਯੋਜਨਾ ਨਹੀਂ ਹੈ।

ਸ੍ਰੀਮਾਨ ਜੀ, ਉਪਰੋਕਤ ਵੇਰਵੇ ਦੇਣ ਤੋਂ ਮੇਰਾ ਭਾਵ ਹੈ ਕਿ ਪਿੰਡਾਂ ਵਿੱਚ ਮਕਾਨਾਂ ਦੀ ਉਸਾਰੀ, ਗਲ਼ੀਆਂ ਤੇ ਸੜਕਾਂ ਦੇ ਨਿਰਮਾਣ ਅਤੇ ਹੋਰ ਸਾਂਝੀਆਂ ਸਹੂਲਤਾਂ ਦੇਣ ਲਈ ਵਿਸਤਾਰਪੂਰਵਕ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ। ਹੁਣ ਜਦੋਂਕਿ ਪਿੰਡਾਂ ਉੱਤੇ ਸ਼ਹਿਰਾਂ ਦਾ ਪ੍ਰਭਾਵ ਤੇਜ਼ੀ ਨਾਲ਼ ਪੈਣਾ ਸ਼ੁਰੂ ਹੋ ਗਿਆ ਹੈ, ਪਿੰਡਾਂ ਦੇ ਸਮੁੱਚੇ ਢਾਂਚੇ ਦੀ ਹਰ ਪੱਖੋਂ ਯੋਜਨਾਬੰਦੀ ਹੋਣੀ ਚਾਹੀਦੀ ਹੈ। ਪਿੰਡਵਾਸੀਆਂ ਨੂੰ ਭਵਨ-ਉਸਾਰੀ ਦੇ ਮਾਹਰਾਂ ਅਤੇ ਇੰਜੀਨੀਅਰਾਂ ਦੀਆਂ ਸੇਵਾਵਾਂ ਵੀ ਪ੍ਰਦਾਨ ਕਰਵਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਪਿੰਡਾਂ ਦੀਆਂ ਸਮੱਸਿਆਵਾਂ ਵੱਲ ਪੇਂਡੂ ਲੋਕਾਂ ਦਾ ਆਪਣਾ ਤੇ ਹੋਰਨਾਂ ਦਾ ਬੇਧਿਆਨੀ ਵਾਲ਼ਾ ਰਵੱਈਆ ਵੀ ਬਦਲਣਾ ਚਾਹੀਦਾ ਹੈ ।

ਉਮੀਦ ਕੀਤੀ ਜਾਂਦੀ ਹੈ ਕਿ ਪਾਠਕ ਜਾਂ ਸੰਬੰਧਿਤ ਸਰਕਾਰੀ ਵਿਭਾਗ ਉਪਰੋਕਤ ਭਾਂਤ ਦੀਆਂ ਸਮੱਸਿਆਵਾਂ ਦਾ ਕੋਈ ਯੋਗ ਹੱਲ ਲੱਭਣਗੇ।

ਧੰਨਵਾਦ ਸਹਿਤ,

ਤੁਹਾਡਾ
ਵਿਸ਼ਵਾਸਪਾਤਰ,
ਸ਼ੁਭਕਰਮਨ ਸਿੰਘ,
ਗ੍ਰੇਟਰ ਕੈਲਾਸ਼,
ਬਟਾਲਾ,
ਜ਼ਿਲ੍ਹਾ ਗੁਰਦਾਸਪੁਰ।

15 ਜੁਲਾਈ, 2022

## 3.

ਸੇਵਾ ਵਿਖੇ

ਸੰਪਾਦਕ ਜੀ,
ਰੋਜ਼ਾਨਾ 'ਅਜੀਤ',
ਜਲੰਧਰ।

**ਵਿਸ਼ਾ : ਹੜ੍ਹਾਂ ਵਿੱਚ ਹੋਏ ਨੁਕਸਾਨ ਬਾਰੇ।**

ਸ੍ਰੀਮਾਨ ਜੀ,

ਆਪ ਜੀ ਦੇ ਅਖ਼ਬਾਰ ਰਾਹੀਂ ਮੈਂ ਆਪਣੇ ਪਿੰਡ ਉੱਪਰ ਭਾਰੀ ਹੜ੍ਹਾਂ ਕਾਰਨ ਪਈ ਅਚਾਨਕ ਬਿਪਤਾ ਬਾਰੇ ਸਰਕਾਰ ਅਤੇ ਹੋਰ ਸਮਾਜ-ਸੇਵੀ ਜਥੇਬੰਦੀਆਂ ਨੂੰ ਦੱਸਣਾ ਚਾਹੁੰਦਾ ਹਾਂ।

ਸਾਡਾ ਪਿੰਡ ਰਾਜਪੁਰਾ ਤਹਿਸੀਲ ਵਿੱਚ ਘੱਗਰ ਨਦੀ ਦੇ ਨੇੜੇ ਸਥਿਤ ਹੈ। ਘੱਗਰ ਨਦੀ ਸਾਡੇ ਪਿੰਡ ਤੋਂ ਇੱਕ ਕਿਲੋਮੀਟਰ ਦੂਰੀ 'ਤੇ ਵਗਦੀ ਹੈ। ਇਸ ਵਿੱਚ ਬਰਸਾਤ ਦੇ ਦਿਨੀਂ ਲਗ-ਪਗ ਹਰ ਸਾਲ ਹੜ੍ਹ ਆਉਂਦਾ ਹੈ ਤੇ ਸਾਡੇ ਪਿੰਡ ਦਾ ਨੁਕਸਾਨ ਕਰ ਜਾਂਦਾ ਹੈ। ਅਸੀਂ ਹਰ ਸਾਲ ਸਰਕਾਰੇ-ਦਰਬਾਰੇ ਅਰਜ਼ੀਆਂ ਲਿਖਦੇ ਹਾਂ ਪਰ ਅਜੇ ਤੱਕ ਇਸ ਬਿਪਤਾ ਦਾ ਕੋਈ ਪੱਕਾ ਇਲਾਜ ਨਹੀਂ ਕੀਤਾ ਗਿਆ।

ਇਸ ਵਾਰ ਤਾਂ ਸਾਡੇ ਉੱਤੇ ਘੱਗਰ ਦੇ ਹੜ੍ਹ ਨੇ ਬੜਾ ਹੀ ਮਾਰੂ ਹਮਲਾ ਕੀਤਾ। ਪਹਿਲਾਂ ਤਾਂ ਘੱਗਰ ਦੇ ਪਰਲੇ ਪਾਸੇ ਦੇ ਪਿੰਡ ਵੀ ਘੱਗਰ ਦੇ ਪਾਣੀ ਦੀ ਮਾਰ ਹੇਠ ਆਉਂਦੇ ਰਹੇ ਹਨ। ਉੱਧਰ ਦੇ ਪਿੰਡਾਂ ਵਾਲਿਆਂ ਨੇ ਆਪਣੇ ਬਚਾਅ ਲਈ ਉਸ ਪਾਸੇ ਕੰਢੇ ਉੱਪਰ ਕਾਫ਼ੀ ਮਿੱਟੀ ਪਾ ਕੇ ਪਟੜੀ ਬਣਾ ਦਿੱਤੀ। ਹੁਣ ਇਸ ਬਰਸਾਤ ਵਿੱਚ ਜਦੋਂ ਨਦੀ ਵਿੱਚ ਪਾਣੀ ਵਧਿਆ ਤਾਂ ਉੱਧਰ ਦੇ ਪਿੰਡਾਂ ਦਾ ਤਾਂ ਬਚਾਅ ਹੋ ਗਿਆ ਪਰ ਇਸ ਪਾਸੇ ਦੇ ਪਿੰਡਾਂ ਵੱਲ ਪਾਣੀ ਸਭ ਤੋਂ ਪਹਿਲਾਂ ਸਾਡੇ ਪਿੰਡ ਵਿੱਚ ਦਾਖ਼ਲ ਹੋਇਆ ਅਤੇ ਸਭ ਤੋਂ ਵੱਧ ਮਾਰੂ ਅਸਰ ਵੀ ਇਸੇ ਪਿੰਡ ਉੱਪਰ ਹੀ ਪਿਆ।

ਸਾਡੇ ਪਿੰਡ ਦੀਆਂ ਸਾਉਣੀ ਦੀਆਂ ਫ਼ਸਲਾਂ ਤਬਾਹ ਹੋ ਗਈਆਂ। ਪਿੰਡ ਦੇ ਬਹੁਤੇ ਕੱਚੇ ਕੋਠੇ ਢਹਿ ਗਏ ਅਤੇ ਅਨੇਕਾਂ ਲੋਕ ਬੇਘਰੇ ਹੋ ਗਏ। ਕਈਆਂ ਦੇ ਪਸ਼ੂ ਰੁੜ੍ਹ ਗਏ। ਪੀਣ ਵਾਲੇ ਪਾਣੀ ਦੇ ਖੂਹ ਬਰਸਾਤੀ ਪਾਣੀ ਨਾਲ ਭਰ ਗਏ। ਪਿੰਡ ਦੇ ਪੱਕੇ ਕੋਠਿਆਂ ਦੀਆਂ ਛੱਤਾਂ 'ਤੇ ਘਿਰੇ ਬੈਠੇ ਲੋਕਾਂ ਲਈ ਹੈਲੀਕਾਪਟਰ ਰਾਹੀਂ ਕੁਝ ਖਾਣ ਦੀਆਂ ਵਸਤਾਂ ਦੇ ਪੈਕਟ ਸੁੱਟੇ ਗਏ। ਮਿਲਟਰੀ ਅਤੇ ਪੁਲਿਸ ਦੀਆਂ ਬੇੜੀਆਂ ਨੇ ਕੁਝ ਬੰਦੇ ਕੱਢ ਕੇ ਜੀ.ਟੀ. ਰੋਡ ਉੱਤੇ ਪਹੁੰਚਾਏ। ਹੁਣ ਸਰਕਾਰ ਲੋਕਾਂ ਨੂੰ ਮਕਾਨ ਬਣਾਉਣ ਲਈ ਆਰਥਿਕ ਮਦਦ ਦੇ ਰਹੀ ਹੈ ਅਤੇ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਅਤੇ ਅਗਲੀ ਫ਼ਸਲ ਲਈ ਮੁਫ਼ਤ ਬੀਜ ਵੀ ਦੇ ਰਹੀ ਹੈ। ਸਰਕਾਰ ਦੇ ਇਹਨਾਂ ਜਤਨਾਂ ਦੀ ਸ਼ਲਾਘਾ ਤਾਂ ਸਾਰੇ ਹੀ ਕਰ ਰਹੇ ਹਨ ਪਰ ਇਹ ਪ੍ਰਸ਼ਨ ਸਭ ਨੂੰ ਪਰੇਸ਼ਾਨ ਕਰ ਰਿਹਾ ਹੈ ਕਿ ਇਹ ਤਬਾਹੀ ਕਿੰਨੀ ਦੇਰ ਤੱਕ ਹੁੰਦੀ ਰਹੇਗੀ? ਅੱਗ ਲੱਗੀ 'ਤੇ ਖੂਹ ਪੁੱਟਣ ਵਾਲੀ ਨੀਤੀ ਬਿਲਕੁਲ ਠੀਕ ਨਹੀਂ ਹੈ, ਜਿਵੇਂ ਹੋਰ ਨਦੀਆਂ ਉੱਤੇ ਡੈਮ ਬਣਾ ਕੇ ਪਾਣੀ ਦੀ ਸਦਵਰਤੋਂ ਕੀਤੀ ਜਾ ਰਹੀ ਹੈ, ਉਵੇਂ ਹੀ ਇਸ ਨਦੀ ਉੱਪਰ ਵੀ ਡੈਮ ਬਣਾਇਆ ਜਾ ਸਕਦਾ ਹੈ। ਨਾਲੇ ਇਹਨਾਂ ਪਿੰਡਾਂ ਨੂੰ ਹਰ ਸਾਲ ਆਉਂਦੀ ਹੜ੍ਹਾਂ ਦੀ ਬਿਪਤਾ ਤੋਂ ਵੀ ਬਚਾਇਆ ਜਾ ਸਕਦਾ ਹੈ।

ਨਦੀ ਦੇ ਕੰਢੇ ਉੱਚੇ ਕਰਨ ਲਈ ਪਿੰਡ ਦੇ ਲੋਕਾਂ ਅਤੇ ਧਾਰਮਿਕ ਸਥਾਨਾਂ ਦੀ ਕਾਰ-ਸੇਵਾ ਕਰਵਾਉਣ ਵਾਲੀਆਂ ਜਥੇਬੰਦੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਹ ਮਨੁੱਖਤਾ ਦੀ ਸੱਚੀ ਸੇਵਾ ਹੋਵੇਗੀ।

ਧੰਨਵਾਦ ਸਹਿਤ,

ਆਪ ਦਾ ਸ਼ੁੱਭਚਿੰਤਕ,
ਗੁਰਵੀਰ ਕੁਮਾਰ ,
ਪਿੰਡ ਮੋਹਨਪੁਰ,
ਤਹਿਸੀਲ ਰਾਜਪੁਰਾ,
ਜ਼ਿਲ੍ਹਾ ਪਟਿਆਲਾ।

23 ਜੁਲਾਈ, 2022

# 4.

ਸੇਵਾ ਵਿਖੇ

ਸੰਪਾਦਕ ਜੀ,

ਰੋਜ਼ਾਨਾ 'ਦੇਸ਼ ਸੇਵਕ',

ਚੰਡੀਗੜ੍ਹ।

**ਵਿਸ਼ਾ : ਅਸ਼ਲੀਲ ਗੀਤਾਂ ਦੀ ਸਮੱਸਿਆ ਬਾਰੇ।**

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਤੁਹਾਡੇ ਅਖ਼ਬਾਰ ਦੇ ਕਾਲਮਾਂ ਰਾਹੀਂ ਉਪਰੋਕਤ ਸਮੱਸਿਆ ਬਾਰੇ ਕੁਝ ਗੱਲਾਂ ਪਾਠਕਾਂ ਨਾਲ਼ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ। ਮੈਂ ਇਹ ਵੀ ਚਾਹੁੰਦਾ ਹਾਂ ਕਿ ਇਸ ਵਿਸ਼ੇ 'ਤੇ ਕੁਝ ਚਰਚਾ ਛਿੜੇ ਅਤੇ ਇੱਕ ਲੋਕ-ਰਾਏ ਬਣ ਸਕੇ।

ਅੱਜ-ਕੱਲ੍ਹ ਹਰ ਵਿਅਕਤੀ ਦੇ ਅਨੁਭਵ ਵਿੱਚ ਇਹ ਆਉਂਦਾ ਹੈ ਕਿ ਥਾਂ-ਥਾਂ ਅਸ਼ਲੀਲ ਗੀਤ ਸੁਣਨ ਨੂੰ ਮਿਲ਼ਦੇ ਹਨ। ਬੱਸਾਂ ਵਿੱਚ ਅਤੇ ਹੋਰ ਸਮਾਗਮਾਂ ਸਮੇਂ ਇਹੋ-ਜਿਹੇ ਗੀਤ ਸੁਣਨ ਨੂੰ ਮਿਲ਼ਦੇ ਹਨ ਜਿਨ੍ਹਾਂ ਬਾਰੇ ਪਰਿਵਾਰ ਵਿੱਚ ਜਾਂ ਕਿਸੇ ਇਕੱਠ ਵਿੱਚ ਗੱਲ ਕਰਨੀ ਵੀ ਔਖੀ ਜਾਪਦੀ ਹੈ।

ਸਮੱਸਿਆ ਇਸ ਕਰਕੇ ਵੀ ਗੰਭੀਰ ਹੈ ਕਿ ਇਹ ਗੀਤ ਕੈਸੇਟਾਂ, ਸੀਡੀਜ਼ ਅਤੇ ਰਿਕਾਰਡਾਂ ਦੇ ਰੂਪ ਵਿੱਚ ਉੱਚੀ ਅਵਾਜ਼ ਵਿੱਚ ਸੁਣਾਏ ਜਾਂਦੇ ਹਨ। ਭਾਵੇਂ ਕੋਈ ਸੁਣਨਾ ਨਾ ਵੀ ਚਾਹੇ ਤਾਂ ਵੀ ਉਸ ਦੇ ਕੰਨਾਂ ਵਿੱਚ ਇਹ ਕੰਨ-ਪਾੜਵੀਆਂ ਅਤੇ ਸ਼ਰਮਸਾਰ ਕਰਨ ਵਾਲ਼ੇ ਗੀਤਾਂ ਦੀਆਂ ਅਵਾਜ਼ਾਂ ਪੈਂਦੀਆਂ ਰਹਿੰਦੀਆਂ ਹਨ। ਇਹ ਉਵੇਂ ਹੀ ਹੈ, ਜਿਵੇਂ ਥਾਂ-ਥਾਂ ਗੰਦਗੀ ਫੈਲੀ ਹੋਵੇ ਅਤੇ ਲੰਘਣ ਲਈ ਕੋਈ ਰਾਹ ਨਾ ਰਿਹਾ ਹੋਵੇ।

ਉੱਚੀ ਅਵਾਜ਼ ਵਿੱਚ ਰਿਕਾਰਡ ਵਜਾਉਣ ਨਾਲ਼ ਇੱਕ ਤਾਂ ਅਵਾਜ਼-ਪ੍ਰਦੂਸ਼ਣ ਪੈਦਾ ਹੁੰਦਾ ਹੈ ਤੇ ਇਸ ਤੋਂ ਵੀ ਵੱਧ ਮਾਨਸਿਕ ਪ੍ਰਦੂਸ਼ਣ ਵੀ ਪੈਦਾ ਹੁੰਦਾ ਹੈ। ਮਨਾਂ ਵਿੱਚ ਚੰਗੇ ਤੇ ਨਿਰੋਏ ਵਿਚਾਰ ਪੈਦਾ ਕਰਨ ਦੀ ਥਾਂ ਗ਼ਲਤ, ਉਕਸਾਊ ਤੇ ਭੜਕੀਲੀ ਸਮਗਰੀ ਸੁਣਨ ਨੂੰ ਦਿੱਤੀ ਜਾਂਦੀ ਹੈ। ਜਿੱਥੇ ਨਿਰੋਏ ਤੇ ਉੱਚੇ ਵਿਚਾਰਾਂ ਵਾਲ਼ੇ ਨਾਗਰਿਕ ਸਮਾਜ ਦੇ ਵਿਕਾਸ ਨੂੰ ਯਕੀਨੀ ਬਣਾਉਂਦੇ ਹਨ ਉੱਥੇ ਦੂਸ਼ਿਤ ਮਨਾਂ ਦੇ ਮਾਲਕ ਇਸ ਵਿਕਾਸ ਦੇ ਰਾਹ ਵਿੱਚ ਰੋੜਾ ਬਣਦੇ ਹਨ।

ਇਹ ਸੱਚ ਹੈ ਕਿ ਅਸ਼ਲੀਲ ਗੀਤਾਂ ਨੂੰ ਲਿਖਣ ਵਾਲ਼ੇ, ਗਾਉਣ ਵਾਲ਼ੇ ਅਤੇ ਇਹਨਾਂ ਦੇ ਰਿਕਾਰਡ ਬਣਾਉਣ ਵਾਲ਼ੇ ਚੰਗਾ ਧਨ ਕਮਾ ਲੈਂਦੇ ਹਨ ਪਰ ਇਹ ਕਿੰਨਾ ਗ਼ਲਤ ਹੈ ਕਿ ਇਹ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਖੁੱਲ੍ਹੇਆਮ ਕਰਦੇ ਹਨ ਅਤੇ ਪੂਰੀ ਬੇਸ਼ਰਮੀ ਨਾਲ਼ ਲੋਕ-ਮਨਾਂ ਦੀ ਸ਼ੀਲਤਾ ਨੂੰ ਭੰਗ ਕਰਦੇ ਹਨ।

ਇਹ ਲੋਕ ਦੇਸ-ਧ੍ਰੋਹੀ, ਕੌਮ-ਧ੍ਰੋਹੀ ਤੇ ਲੋਕ-ਧ੍ਰੋਹੀ ਹੁੰਦੇ ਹਨ। ਇਹਨਾਂ ਦੀਆਂ ਮੰਦ ਭਾਵਨਾਵਾਂ ਤੋਂ ਸਾਰੇ ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਲੋਕ ਚੇਤੰਨ ਹੋਣ ਅਤੇ ਥਾਂ-ਥਾਂ ਵੱਜਦੇ ਅਸ਼ਲੀਲ ਰਿਕਾਰਡਾਂ ਤੇ ਟੇਪਾਂ ਵਿਰੁੱਧ ਅਵਾਜ਼ ਉਠਾਉਣ ਤੇ ਆਪਣਾ ਰੋਸ ਪ੍ਰਗਟ ਕਰਨ ਤਾਂ ਹੀ ਇਸ ਮੰਦੇ ਰੁਝਾਨ ਨੂੰ ਰੋਕਿਆ ਜਾ ਸਕਦਾ ਹੈ। ਅਸ਼ਲੀਲ ਗੀਤਾਂ ਨੂੰ ਲਿਖਣ ਤੇ ਗਾਉਣ ਵਾਲ਼ਿਆਂ ਅਤੇ ਉਹਨਾਂ ਦੀਆਂ ਰਿਕਾਰਡਿਡ ਟੇਪਾਂ ਨੂੰ ਵਜਾਉਣ ਵਾਲ਼ਿਆਂ ਵਿਰੁੱਧ ਕਨੂੰਨੀ ਕਾਰਵਾਈ ਵੀ ਕਰਨੀ ਚਾਹੀਦੀ ਹੈ।

ਧੰਨਵਾਦ ਸਹਿਤ,

ਆਪ ਦਾ ਸ਼ੁੱਭਚਿੰਤਕ,

ਦਰਸ਼ਨ ਸਿੰਘ,

ਪਿੰਡ ਤੇ ਡਾਕਖ਼ਾਨਾ ਲੇਹਲ ਕਲਾਂ,

ਜ਼ਿਲ੍ਹਾ ਸੰਗਰੂਰ।

25 ਸਤੰਬਰ, 2022

## 5.

ਸੇਵਾ ਵਿਖੇ

ਸੰਪਾਦਕ ਜੀ,

ਰੋਜ਼ਾਨਾ 'ਨਵਾਂ ਜ਼ਮਾਨਾ',

ਜਲੰਧਰ।

**ਵਿਸ਼ਾ : ਨੋਟਿਸ-ਬੋਰਡਾਂ ਉੱਤੇ ਇਸ਼ਤਿਹਾਰ ਲਾਉਣ ਬਾਰੇ।**

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਇਸ ਪੱਤਰ ਰਾਹੀਂ ਇੱਕ ਨਵੀਂ ਸਮੱਸਿਆ ਤੁਹਾਡੇ ਅਖ਼ਬਾਰ ਦੇ ਪਾਠਕਾਂ ਨਾਲ਼ ਸਾਂਝੀ ਕਰਨਾ ਚਾਹੁੰਦਾ ਹਾਂ। ਪਿਛਲੇ ਦਿਨੀਂ ਮੈਂ ਕਪੂਰਥਲ਼ਾ ਸ਼ਹਿਰ ਵਿੱਚ ਗਿਆ। ਮੈਂ ਵੇਖਿਆ ਕਿ ਹਰ ਸੜਕ ਉੱਤੇ ਕਈ ਥਾਂਵਾਂ ਉੱਤੇ ਨੋਟਿਸ-ਬੋਰਡ ਲੱਗੇ ਹੋਏ ਸਨ। ਇਹਨਾਂ ਉੱਤੇ ਸ਼ਹਿਰਾਂ ਦੀਆਂ ਵੱਖ-ਵੱਖ ਗਲ਼ੀਆਂ, ਮਕਾਨਾਂ ਦੇ ਨੰਬਰ, ਵਿੱਦਿਅਕ ਸੰਸਥਾਵਾਂ, ਸਿਹਤ-ਕੇਂਦਰਾਂ ਆਦਿ ਬਾਰੇ ਜਾਣਕਾਰੀ ਦਿੱਤੀ ਹੋਈ ਸੀ। ਇਸ ਸ਼ਹਿਰ ਵਿੱਚੋਂ ਲੰਘਦੀ ਮੁੱਖ ਸੜਕ ਉੱਤੇ ਵੀ ਨੋਟਿਸ-ਬੋਰਡ ਲੱਗੇ ਹੋਏ ਸਨ ਜਿਨ੍ਹਾਂ ਉੱਤੇ ਰਾਹ ਵਿੱਚ ਪੈਂਦੇ ਸ਼ਹਿਰ ਅਤੇ ਉਹਨਾਂ ਦੀ ਦਿਸ਼ਾ ਦੱਸੀ ਹੋਈ ਸੀ। ਸੜਕਾਂ ਉੱਤੇ ਇਸ ਤਰ੍ਹਾਂ ਦੇ ਨੋਟਿਸ-ਬੋਰਡ ਲਾਏ ਜਾਣੇ ਬਾਹਰੋਂ ਆਉਣ ਵਾਲ਼ੇ ਵਿਅਕਤੀਆਂ ਲਈ ਇੱਕ ਵੱਡੀ ਸਹੂਲਤ ਹਨ। ਇਸ ਤਰ੍ਹਾਂ ਦੇ ਸ਼ਹਿਰ ਬਾਰੇ ਜ਼ਰੂਰੀ ਜਾਣਕਾਰੀ ਦਿੰਦੇ ਨੋਟਿਸ-ਬੋਰਡ ਹਰ ਸ਼ਹਿਰ ਵਿੱਚ ਲੱਗਣੇ ਚਾਹੀਦੇ ਹਨ।

ਹੁਣ ਇਸ ਤਸਵੀਰ ਦਾ ਦੂਜਾ ਪੱਖ ਵੇਖੋ ; ਇਹਨਾਂ ਬੋਰਡਾਂ ਉੱਤੇ ਕੁਝ ਲੋਕਾਂ ਵੱਲੋਂ ਭਿੰਨ-ਭਿੰਨ ਕਿਸਮ ਦੇ ਇਸ਼ਤਿਹਾਰ ਲਾ ਦਿੱਤੇ ਜਾਂਦੇ ਹਨ। ਨਤੀਜੇ ਵਜੋਂ ਬੋਰਡ ਉੱਤੇ ਲਿਖੀ ਜਾਣਕਾਰੀ ਚਿਪਕਾਏ ਗਏ ਇਸ਼ਤਿਹਾਰਾਂ ਦੇ ਹੇਠਾਂ ਛੁਪ ਜਾਂਦੀ ਹੈ।

ਆਪਣੇ ਕਾਰੋਬਾਰ ਸੰਬੰਧੀ ਜਾਂ ਕਿਸੇ ਸਮਾਗਮ ਸੰਬੰਧੀ ਛੋਟੇ-ਵੱਡੇ ਇਸ਼ਤਿਹਾਰ ਇਵੇਂ ਨੋਟਿਸ-ਬੋਰਡ ਉੱਤੇ ਲਾਈ ਜਾਣੇ ਕਈ ਪੱਖਾਂ ਤੋਂ ਨਿੰਦਣਯੋਗ ਵਿਹਾਰ ਹੈ। ਇੱਕ ਤਾਂ ਥਾਂ-ਥਾਂ ਅਜਿਹੇ ਇਸ਼ਤਿਹਾਰ ਚਿਪਕਾਉਣੇ ਸ਼ਹਿਰ ਨੂੰ ਕੋਝਾ ਬਣਾਉਂਦੇ ਹਨ। ਦੂਜਾ, ਇਹਨਾਂ ਨੂੰ ਨੋਟਿਸ-ਬੋਰਡ 'ਤੇ ਚਿਪਕਾਉਣ ਨਾਲ਼ ਨੋਟਿਸ-ਬੋਰਡਾਂ ਦੀ ਦੁਰਵਰਤੋਂ ਹੁੰਦੀ ਹੈ। ਤੀਜਾ, ਨੋਟਿਸ-ਬੋਰਡ 'ਤੇ ਲਿਖੀ ਜਾਣਕਾਰੀ ਪੜ੍ਹਨਯੋਗ ਨਹੀਂ ਰਹਿੰਦੀ ਤੇ ਨਾਲ਼ ਹੀ ਉਸ ਸ਼ਹਿਰ ਵਿੱਚ ਆਉਣ ਵਾਲ਼ਿਆਂ ਲਈ ਦਿੱਤੀ ਸਹੂਲਤ ਨੂੰ ਵੀ ਖ਼ਤਮ ਕੀਤਾ ਜਾਂਦਾ ਹੈ। ਚੌਥਾ, ਇਹ ਸਭ ਕੁਝ ਸਾਡੀ ਨਾਗਰਿਕ-ਸੂਝ ਦੀ ਘਾਟ ਨੂੰ ਦਰਸਾਉਂਦਾ ਹੈ। ਇਹ ਕਿਵੇਂ ਵੀ ਉਚਿਤ ਨਹੀਂ ਹੈ ਕਿ ਆਪਣੇ ਧਾਰਮਿਕ ਜਾਂ ਨਿੱਜੀ ਕਾਰੋਬਾਰ ਦੇ ਮਸਲੇ ਲਈ ਲੋਕ-ਹਿਤਾਂ ਨੂੰ ਵਾਰ ਦਿੱਤਾ ਜਾਵੇ।

ਕਈ ਵਾਰੀ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਇਹ ਇਸ਼ਤਿਹਾਰ ਚਿਪਕਾਉਣ ਵਾਲ਼ੇ ਨੋਟਿਸ-ਬੋਰਡਾਂ ਨੂੰ ਆਪਣੀ ਨਿੱਜੀ ਜਾਇਦਾਦ ਹੀ ਸਮਝਦੇ ਹੋਣ।

ਮੇਰਾ ਸੁਝਾਅ ਹੈ ਕਿ ਇਸ ਤਰ੍ਹਾਂ ਇਸ਼ਤਿਹਾਰ ਚਿਪਕਾਉਣ ਵਾਲ਼ਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜਿਹੜੀ ਧਿਰ ਵੱਲੋਂ ਇਹ ਇਸ਼ਤਿਹਾਰ ਲਾਇਆ ਹੋਵੇ, ਉਸ ਨੂੰ ਇੱਕ ਵਾਰੀ ਤਾੜਨਾ ਕੀਤੀ ਜਾਵੇ ਅਤੇ ਉਸ ਤੋਂ ਨੋਟਿਸ-ਬੋਰਡ ਨੂੰ ਮੁੜ ਸਾਫ਼ ਕਰਨ ਦਾ ਖ਼ਰਚਾ ਵੀ ਵਸੂਲਿਆ ਜਾਵੇ ।

ਧੰਨਵਾਦ ਸਹਿਤ,

ਆਪ ਦਾ ਹਿਤੂ,

ਪ੍ਰੋ. ਸੁਰਜੀਤ ਸਿੰਘ,

ਬੇਗੋਵਾਲ਼,

26 ਨਵੰਬਰ, 2022

ਜ਼ਿਲ੍ਹਾ ਕਪੂਰਥਲ਼ਾ।

# 6.

ਸੇਵਾ ਵਿਖੇ

ਸੰਪਾਦਕ ਜੀ,

ਰੋਜ਼ਾਨਾ 'ਅੱਜ ਦੀ ਅਵਾਜ਼',

ਜਲੰਧਰ।

**ਵਿਸ਼ਾ : ਇਮਾਨਦਾਰੀ ਦੀ ਅਨੋਖੀ ਮਿਸਾਲ।**

ਸ੍ਰੀਮਾਨ ਜੀ,

ਤੁਹਾਡੇ ਅਖ਼ਬਾਰ ਵਿੱਚ ਇਹ ਚਿੱਠੀ ਛਪਵਾ ਕੇ ਮੈਂ ਇਮਾਨਦਾਰੀ ਦੀ ਇੱਕ ਅਨੋਖੀ ਮਿਸਾਲ ਬਾਰੇ ਪਾਠਕਾਂ ਨੂੰ ਦੱਸਣਾ ਚਾਹੁੰਦਾ ਹਾਂ। ਮੇਰੀ ਇੱਛਾ ਹੈ ਕਿ ਇਮਾਨਦਾਰੀ ਦਾ ਇਹ ਬੂਟਾ ਵਧੇ, ਫੁੱਲੇ ਤੇ ਪਸਰੇ। ਇਹ ਤਦ ਹੀ ਸੰਭਵ ਹੋਵੇਗਾ ਜੇ ਸਾਰੇ ਲੋਕ ਇਮਾਨਦਾਰੀ ਦਿਖਾਉਣ ਵਾਲ਼ਿਆਂ ਦੀ ਪ੍ਰਸੰਸਾ ਕਰਨ।

ਇਹ ਘਟਨਾ ਇੱਕ ਤਰ੍ਹਾਂ ਨਾਲ਼ ਮੇਰੇ ਨਾਲ਼ ਹੀ ਵਾਪਰੀ ਹੈ। ਇੱਕ ਦਿਨ ਮੈਂ ਸਵੇਰੇ ਬੱਚਿਆਂ ਅਤੇ ਆਪਣੇ ਪਤੀ ਲਈ ਨਾਸ਼ਤਾ ਤਿਆਰ ਕਰ ਰਹੀ ਸੀ। ਬਾਹਰ ਗ਼ੁਬਾਰੇ ਵੇਚਣ ਵਾਲ਼ਾ ਆਇਆ। ਉਸ ਵੱਲੋਂ ਵਜਾਏ ਜਾਂਦੇ ਵਾਜੇ ਦੀ ਅਵਾਜ਼ ਤੋਂ ਮੈਨੂੰ ਉਸ ਦੇ ਘਰ ਅੱਗਿਓਂ ਲੰਘਣ ਦਾ ਅੰਦਾਜ਼ਾ ਹੋਇਆ। ਮੇਰਾ ਛੋਟਾ ਪੁੱਤਰ ਤੇਜਿੰਦਰ ਬਾਹਰ ਵੱਲ ਨੂੰ ਭੱਜਿਆ। ਉਹ ਪਹਿਲਾਂ ਵੀ ਹਰ ਫੇਰੀ ਵਾਲ਼ੇ ਜਾਂ ਗ਼ੁਬਾਰੇ ਵਾਲ਼ੇ ਦੀ ਅਵਾਜ਼ ਸੁਣ ਕੇ ਬੂਹੇ ਤੱਕ ਚਲਿਆ ਜਾਂਦਾ ਹੈ। ਇਸ ਕਰਕੇ ਮੈਂ ਬੇਧਿਆਨੇ ਰਸੋਈ ਵਿੱਚ ਕੰਮ ਕਰਦੀ ਰਹੀ।

ਮਿੰਟ ਕੁ ਪਿੱਛੋਂ ਘੰਟੀ ਵੱਜੀ। ਮੈਂ ਸੋਚਿਆ ਕੋਈ ਮਿਲ਼ਨ ਵਾਲ਼ਾ ਆਇਆ ਹੋਣਾ ਹੈ। ਇਹ ਦੇਖਕੇ ਹੈਰਾਨ ਹੋ ਗਈ ਕਿ ਇਹ ਘੰਟੀ ਤਾਂ ਗ਼ੁਬਾਰਿਆਂ ਵਾਲ਼ੇ ਨੇ ਵਜਾਈ ਸੀ। ਅਜੇ ਮੈਂ ਪੁੱਛਣ ਹੀ ਵਾਲ਼ੀ ਸੀ ਕਿ ਗ਼ੁਬਾਰਿਆਂ ਵਾਲ਼ੇ ਨੇ ਪੰਜ-ਪੰਜ ਸੌ ਦੇ ਦੋ ਨੋਟ ਮੈਨੂੰ ਫੜਾਉਣ ਲਈ ਅੱਗੇ ਕੀਤੇ। ਮੈਂ ਹੱਕੀ-ਬੱਕੀ ਰਹਿ ਗਈ। ਇਸ ਤੋਂ ਪਹਿਲਾਂ ਕਿ ਮੈਂ ਅੱਗੇ ਪੁੱਛਦੀ, ਗ਼ੁਬਾਰਿਆਂ ਵਾਲ਼ਾ ਬੋਲਿਆ, "ਭੈਣ ਜੀ, ਇਹ ਪੈਸੇ ਤੁਹਾਡੇ ਹੀ ਨੇ, ਤੁਹਾਡੇ ਪੁੱਤਰ ਨੇ ਮੈਥੋਂ ਗ਼ੁਬਾਰਾ ਮੰਗਿਆ। ਨਾਲ਼ ਹੀ ਉਸ ਨੇ ਇਹ ਪੰਜ-ਪੰਜ ਸੌ ਦੇ ਦੋ ਨੋਟ ਮੈਨੂੰ ਫੜਾਏ। ਗ਼ੁਬਾਰਾ ਤਾਂ ਮੈਂ ਮੁਫ਼ਤ ਵੀ ਦੇ ਦਿੰਦਾ ਪਰ ਮੈਨੂੰ ਫ਼ਿਕਰ ਇਹਨਾਂ ਨੋਟਾਂ ਦਾ ਹੋ ਗਿਆ। ਵੇਖੋ ਨਾ, ਬੱਚੇ ਤਾਂ ਭੋਲ਼ੇ ਹੁੰਦੇ ਹਨ। ਮੈਂ ਸਾਰੇ ਪੈਸੇ ਰੱਖ ਵੀ ਸਕਦਾ ਸੀ ਕਿਉਂਕਿ ਕਿਹੜਾ ਮੈਨੂੰ ਕਿਸੇ ਨੇ ਵੇਖਿਆ ਸੀ ਪਰ ਨਹੀਂ, ਮੈਂ ਤਾਂ ਇੱਥੇ ਹਰ ਰੋਜ਼ ਆਉਣਾ ਹੈ। ਨਾਲ਼ੇ ਮੇਰੀ ਕਿਹੜੀ ਉਮਰ ਲੰਘ ਜਾਣੀ ਸੀ, ਇਹਨਾਂ ਪੈਸਿਆਂ ਨਾਲ਼! ਤੁਸੀਂ ਪੈਸੇ ਗਿਣ ਲਓ, ਅੱਗੇ ਤੋਂ ਪੈਸੇ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣਾ।"

ਗ਼ੁਬਾਰਿਆਂ ਵਾਲ਼ੇ ਇਸ ਨੌਜਵਾਨ ਬਾਰੇ ਗੱਲਾਂ-ਗੱਲਾਂ ਵਿੱਚ ਪਤਾ ਲੱਗਿਆ ਕਿ ਉਸ ਨੇ ਐੱਮ. ਕਾਮ. ਦੀ ਪੜ੍ਹਾਈ ਕੀਤੀ ਹੋਈ ਸੀ ਪਰ ਉਸ ਨੂੰ ਅਜੇ ਕੋਈ ਨੌਕਰੀ ਨਹੀਂ ਸੀ ਮਿਲ਼ੀ। ਉਸ ਨੇ ਕਿਸੇ ਵੀ ਕੰਮ ਨੂੰ ਉੱਚਾ ਜਾਂ ਨੀਵਾਂ ਨਾ ਸਮਝ ਕੇ ਫ਼ਿਲਹਾਲ ਗ਼ੁਬਾਰੇ ਵੇਚਣੇ ਸ਼ੁਰੂ ਕਰ ਦਿੱਤੇ ਸਨ।

ਮੈਨੂੰ ਉਸ ਨੌਜਵਾਨ ਦਾ ਧੰਨਵਾਦ ਕਰਨ ਲਈ ਸ਼ਬਦ ਨਹੀਂ ਸਨ ਲੱਭ ਰਹੇ । ਉਹ 'ਅੱਛਾ ਜੀ, ਨਮਸਤੇ' ਕਹਿ ਕੇ ਲੰਘ ਗਿਆ।

ਪਿੱਛੋਂ ਮੈਨੂੰ ਪਤਾ ਲੱਗਿਆ ਕਿ ਕੱਲ੍ਹ ਮਕਾਨ ਦਾ ਕਿਰਾਇਆ ਦੇਣ ਲਈ ਮੈਂ ਪੈਸੇ ਗਿਣ ਕੇ ਰੱਖੇ ਸਨ। ਇਹ ਪੈਸੇ ਬਾਹਰ ਪੇਟੀ ਉੱਤੇ ਹੀ ਰਹਿ ਗਏ ਸਨ। ਮੇਰੇ ਛੋਟੇ ਪੁੱਤਰ ਨੇ ਗ਼ੁਬਾਰਾ ਖ਼ਰੀਦਣ ਲਈ ਇਹ ਸਾਰੇ ਪੈਸੇ ਚੁੱਕ ਲਏ ਸਨ

ਮੈਨੂੰ ਕਦੇ ਬੱਚੇ ਦੀ ਮਸੂਮੀਅਤ 'ਤੇ ਹੈਰਾਨੀ ਹੋਵੇ, ਕਦੇ ਆਪਣੀ ਲਾਪਰਵਾਹੀ ਉੱਤੇ ਗ਼ੁੱਸਾ ਆਵੇ। ਕਦੇ ਡਰ ਲੱਗੇ ਕਿ ਜੇ ਭਲਾ ਕੋਈ ਮੇਰੇ ਪੁੱਤਰ ਨੂੰ ਚੁੱਕ ਕੇ ਲੈ ਜਾਂਦਾ ਪਰ ਸਭ ਤੋਂ ਵੱਧ ਹੈਰਾਨੀ ਤੇ ਖ਼ੁਸ਼ੀ ਉਸ ਨੌਜਵਾਨ ਦੀ ਇਮਾਨਦਾਰੀ ਉੱਤੇ ਹੋਈ। ਇਹੋ-ਜਿਹੇ ਨੌਜਵਾਨ ਜਿਸ ਸਮਾਜ ਵਿੱਚ ਹੋਣ, ਉੱਥੇ ਨਿਰਭੈ ਹੋ ਕੇ ਜਿਉਂਣ ਦਾ ਭਰੋਸਾ ਤਾਂ ਬੱਝ ਹੀ ਜਾਂਦਾ ਹੈ।

ਧੰਨਵਾਦ ਸਹਿਤ,

ਤੁਹਾਡੀ ਸ਼ੁਭਚਿੰਤਕ,

ਕਿਰਨਜੀਤ,

ਪਿੰਡ ਰੱਗੜ,

31 ਜੁਲਾਈ, 2022

ਜ਼ਿਲ੍ਹਾ-

ਸ੍ਰੀ ਮੁਕਤਸਰ ਸਾਹਿਬ।

## 7.

ਸੇਵਾ ਵਿਖੇ

ਸੰਪਾਦਕ ਜੀ,
ਰੋਜ਼ਾਨਾ 'ਪੰਜਾਬ ਟਾਈਮਜ਼',
ਜਲੰਧਰ।

ਵਿਸ਼ਾ:- ਅਪੰਗਾਂ ਦੀ ਸਮੱਸਿਆ ਬਾਰੇ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਤੁਹਾਡਾ ਅਖ਼ਬਾਰ ਹਮੇਸ਼ਾਂ ਸਮਾਜ ਦੇ ਅਣਗੌਲ਼ੇ ਤਬਕਿਆਂ ਦੀ ਅਵਾਜ਼ ਬਣਦਾ ਰਿਹਾ ਹੈ। ਆਪ ਦੇ ਮਾਨਵਵਾਦੀ ਨਜ਼ਰੀਏ ਤੋਂ ਉਤਸ਼ਾਹਿਤ ਹੋ ਕੇ ਮੈਂ ਸਮਾਜ ਵਿੱਚ ਅਪੰਗਾਂ ਦੀ ਸਮੱਸਿਆ ਬਾਰੇ ਕੁਝ ਕਹਿਣਾ ਚਾਹੁੰਦੀ ਹਾਂ।

ਪਿਛਲੇ ਕੁਝ ਸਮੇਂ ਤੱਕ ਅਪੰਗਤਾ ਨੂੰ ਰੱਬੀ ਸ੍ਰਾਪ ਜਾਂ ਕੁਦਰਤ ਦੀ ਕਰੋਪੀ ਸਮਝ ਕੇ ਅਪੰਗਾਂ ਨੂੰ ਦੂਜਿਆਂ ਦੇ ਮੁਕਾਬਲੇ ਹੀਣ ਤੇ ਨਿਕੰਮੇ ਸਮਝਿਆ ਜਾਂਦਾ ਸੀ। ਇਸ ਕਾਣੀ ਸਮਾਜਿਕ-ਸੋਚ ਕਾਰਨ ਹੀ ਅਪੰਗ ਵਿਅਕਤੀ ਧਾਰਮਿਕ ਸਥਾਨਾਂ 'ਤੇ ਸ਼ਰਨ ਲੈਂਦੇ ਸਨ, ਪਿੰਗਲਵਾੜਿਆਂ ਵਿੱਚ ਵਕਤ ਕੱਟਦੇ ਸਨ ਜਾਂ ਮੰਗ-ਪਿੰਨ ਕੇ ਗੁਜ਼ਾਰਾ ਕਰਦੇ ਸਨ। ਸਮਾਜ ਦੇ ਭਲੇ ਮਨੁੱਖ ਵੀ ਉਹਨਾਂ ਨੂੰ ਦਇਆ-ਭਾਵਨਾ ਨਾਲ਼ ਵੇਖਦੇ ਸਨ। ਆਪਣੇ ਪ੍ਰਤਿ ਪੱਖ-ਪਾਤੀ ਸਮਾਜਿਕ ਰਵੱਈਆ ਵੇਖ ਕੇ ਅਪੰਗ ਵਿਅਕਤੀ ਖ਼ੁਦ ਵੀ ਤਰਸ ਦੇ ਪਾਤਰ ਬਣ ਜਾਂਦੇ ਸਨ।

ਉੱਪਰ ਦੱਸੀ ਸਾਡੀ ਸੋਚ ਨੇ ਕਾਫ਼ੀ ਸਮਾਜਿਕ ਨੁਕਸਾਨ ਪਹੁੰਚਾਇਆ ਹੈ। ਇੱਕ ਤਾਂ ਅਪੰਗਤਾ ਨੂੰ ਰੱਬ ਦੀ ਕਰਨੀ ਸਮਝ ਕੇ ਇਸ ਦੇ ਕਾਰਨਾਂ ਵੱਲ ਬਹੁਤਾ ਨਹੀਂ ਵੇਖਿਆ ਗਿਆ। ਦੂਜਾ, ਅਪੰਗ ਆਖੇ ਜਾਂਦੇ ਵਿਅਕਤੀਆਂ ਦੀ ਬਾਕੀ ਸਲਾਮਤ-ਸਮਰੱਥਾ ਨੂੰ ਅਜਾਈਂ ਜਾਣ ਦਿੱਤਾ ਗਿਆ। ਇੱਥੇ ਇਹ ਨੁਕਤਾ ਸਪਸ਼ਟ ਕਰਨਾ ਜ਼ਰੂਰੀ ਹੈ। ਮੰਨ ਲਓ, ਇੱਕ ਵਿਅਕਤੀ ਦੀ ਇੱਕ ਬਾਂਹ ਨਹੀਂ ਹੈ, ਦੂਜੇ ਵਿਅਕਤੀ ਦੀ ਲੱਤ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ। ਤੀਜਾ ਵਿਅਕਤੀ ਜੋਤਹੀਣ ਹੈ। ਚੌਥੇ ਵਿਅਕਤੀ ਨੂੰ ਬਹੁਤ ਉੱਚਾ ਸੁਣਦਾ ਹੈ। ਇਸ ਤਰ੍ਹਾਂ ਅਪੰਗਤਾ ਕਈ ਭਾਂਤ ਦੀ ਹੋ ਸਕਦੀ ਹੈ ਅਤੇ ਇਸ ਦੀ ਮਾਤਰਾ ਵੀ ਵੱਖ-ਵੱਖ ਹੋ ਸਕਦੀ ਹੈ। ਵਿਚਾਰਨ ਦੀ ਗੱਲ ਇਹ ਹੈ ਕਿ ਕੀ ਇਸ ਤਰ੍ਹਾਂ ਦੀ ਅਪੰਗਤਾ ਕਾਰਨ ਵਿਅਕਤੀ ਦੀ ਬਾਕੀ ਸਮਰੱਥਾ ਬੇਕਾਰ ਹੋ ਗਈ ਹੈ? ਨਹੀਂ, ਕਈ ਵਾਰੀ ਸਰੀਰ ਦੇ ਕਿਸੇ ਅੰਗ ਦੀ ਕਾਰਜਸ਼ੀਲਤਾ ਘਟਣ ਜਾਂ ਰੁਕਣ ਨਾਲ਼ ਬਾਕੀ ਅੰਗਾਂ ਦੀ ਕਾਰਜਸ਼ੀਲਤਾ ਉੱਤੇ ਕੋਈ ਅਸਰ ਨਹੀਂ ਪੈਂਦਾ। ਅਨੇਕਾਂ ਕੰਮ ਅਜਿਹੇ ਹਨ ਜਿਨ੍ਹਾਂ ਵਿੱਚ ਕਾਰਜਹੀਣ ਹੋਏ ਅੰਗ ਦੀ ਏਨੀ ਜ਼ਰੂਰਤ ਨਹੀਂ ਹੁੰਦੀ। ਇਸ ਤਰ੍ਹਾਂ ਅਪੰਗਾਂ ਦੀ ਸਾਬਤ ਰਹੀ ਸਮਰੱਥਾ ਦਾ ਸਦਉਪਯੋਗ ਕਰਨਾ ਸਮਾਜ ਦੀ ਜ਼ੁੰਮੇਵਾਰੀ ਹੈ ਅਤੇ ਅਜਿਹਾ ਨਾ ਕਰ ਸਕਣਾ ਸਮਾਜਿਕ ਹਾਨੀ ਹੈ।

ਇੱਥੇ ਇਹ ਗੱਲ ਵੀ ਸਮਝ ਲੈਣੀ ਜ਼ਰੂਰੀ ਹੈ ਕਿ ਅਸੀਂ ਪ੍ਰਤੱਖ ਰੂਪ ਵਿੱਚ ਦਿਸਦੀ ਅਪੰਗਤਾ ਬਾਰੇ ਹੀ ਪੱਖ-ਪਾਤੀ ਰਵੱਈਆ ਧਾਰਨ ਕਰਦੇ ਹਾਂ। ਆਲਸ, ਵਿਹਲ, ਕਮਅਕਲੀ, ਗੈਰਜ਼ੁੰਮੇਵਾਰੀ, ਆਚਰਨਹੀਣਤਾ ਜਿਹੀਆਂ ਕਮੀਆਂ ਪ੍ਰਤਿ ਅਸੀਂ ਵਿਰੋਧ ਦੀ ਭਾਵਨਾ ਨਹੀਂ ਰੱਖਦੇ।

ਇਸ ਸਮੱਸਿਆ ਦੇ ਸੰਬੰਧ ਵਿੱਚ ਮੈਂ ਦੋ-ਤਿੰਨ ਸੁਝਾਅ ਦੇਣਾ ਚਾਹੁੰਦੀ ਹਾਂ। ਇੱਕ ਤਾਂ ਹੁਣ ਇਹ ਆਮ ਗਿਆਨ ਦੀ ਹੀ ਗੱਲ ਹੈ ਕਿ ਗਰਭ-ਕਾਲ ਦੌਰਾਨ ਅਤੇ ਜਨਮ ਦੇ ਪਹਿਲੇ ਕੁਝ ਸਾਲਾਂ ਵਿੱਚ ਮਾਂ ਅਤੇ ਬੱਚੇ ਦੀ ਸਿਹਤ ਦਾ ਧਿਆਨ ਰੱਖ ਕੇ ਬਹੁਤ ਸਾਰੇ ਬੱਚਿਆਂ ਨੂੰ ਅਪੰਗ ਹੋਣ ਤੋਂ ਬਚਾਇਆ ਜਾ ਸਕਦਾ ਹੈ। ਦੂਜਾ, ਅਪੰਗਾਂ ਪ੍ਰਤਿ ਸਮਝਦਾਰੀ ਅਤੇ ਹਮਦਰਦੀ ਦਾ ਵਤੀਰਾ ਅਪਣਾਉਣਾ ਜ਼ਰੂਰੀ ਹੈ। ਉਹਨਾਂ ਪ੍ਰਤਿ ਜੇ ਹੋਰ ਨਹੀਂ ਤਾਂ ਘੱਟੋ-ਘੱਟ ਤ੍ਰਿਸਕਾਰ ਦੀ ਭਾਵਨਾ ਨਹੀਂ ਰੱਖਣੀ ਚਾਹੀਦੀ। ਤੀਜਾ, ਅਪੰਗ ਵਿਅਕਤੀਆਂ ਨੂੰ ਆਪਣੇ ਕੰਮ-ਕਾਰ ਦੇ ਖੇਤਰ ਵਿੱਚ ਕੋਈ ਨਾ ਕੋਈ ਯੋਗ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਵੇਖਣ ਵਿੱਚ ਆਇਆ ਹੈ ਕਿ ਜੇ ਉਹਨਾਂ ਦੀ ਮਾਨਸਿਕ ਅਤੇ ਸਰੀਰਿਕ ਯੋਗਤਾ ਦੇ ਅਨੁਕੂਲ ਕੰਮ ਕਰਨ ਦੇ ਮੌਕੇ ਤੇ ਯੋਗ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇ ਤਾਂ ਉਹ ਦੂਜੇ ਵਿਅਕਤੀਆਂ ਨਾਲ਼ੋਂ ਪਿੱਛੇ ਨਹੀਂ ਰਹਿੰਦੇ। ਅਣਗਿਣਤ ਅਜਿਹੇ ਲੋਕਾਂ ਨੇ ਜਿਨ੍ਹਾਂ ਨੂੰ ਅਪੰਗ ਕਿਹਾ ਜਾਂਦਾ ਹੈ, ਉੱਚੀਆਂ ਪ੍ਰਾਪਤੀਆਂ ਕੀਤੀਆਂ ਹਨ।

ਮਾਪਿਆ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਪੰਗ ਹੋਏ ਕਿਸੇ ਬੱਚੇ ਦਾ ਦੂਜਿਆਂ ਬੱਚਿਆਂ ਨਾਲ਼ ਮੁਕਾਬਲਾ ਨਾ ਕਰਨ। ਬੱਚੇ ਨੂੰ ਇੱਕ ਵਿਕਸਿਤ ਹੋ ਰਹੇ ਵਿਸ਼ੇਸ਼ ਵਿਅਕਤੀ ਦੇ ਰੂਪ ਵਿੱਚ ਹੀ ਵੇਖਿਆ ਜਾਵੇ। ਉਸ ਦੀ ਪਰਨਿਰਭਰਤਾ ਘਟਾਉਣ ਲਈ ਢੁਕਵਾਂ ਮਾਹੌਲ ਪੈਦਾ ਕੀਤਾ ਜਾਵੇ। ਇਸ ਤਰ੍ਹਾਂ ਆਪਣੀ ਸੋਚ ਵਿੱਚ ਕੁਝ ਤਬਦੀਲੀ ਲਿਆ ਕੇ ਉਹ ਆਪ ਹੀ ਨਿਰਾਸ਼ਾ ਤੋਂ ਬਚ ਸਕਦੇ ਹਨ। ਇਸ ਭਾਂਤ ਦੇ ਮੈਂਬਰਾਂ ਪ੍ਰਤਿ ਅਪਣੱਤ ਤੇ ਉਤਸ਼ਾਹ ਵਾਲ਼ਾ ਵਤੀਰਾ ਅਪਣਾ ਕੇ ਵਿਕਾਸ ਦੀ ਗਤੀ ਨੂੰ ਤੇਜ਼ ਕੀਤਾ ਜਾ ਸਕਦਾ ਹੈ।

ਧੰਨਵਾਦ ਸਹਿਤ,

ਆਪ ਜੀ ਦੀ ਸ਼ੁੱਭਚਿੰਤਕ,
ਪਰਮੀਤ ਕੌਰ,
ਪਿੰਡ ਬੁੱਟਰ,
ਜ਼ਿਲ੍ਹਾ ਮੋਗਾ।

25 ਅਗਸਤ, 2022

## 8.

ਸੇਵਾ ਵਿਖੇ

ਸੰਪਾਦਕ ਜੀ,
ਰੋਜ਼ਾਨਾ 'ਜਗ ਬਾਣੀ',
ਜਲੰਧਰ।

**ਵਿਸ਼ਾ : ਅੱਗ ਲੱਗਣ ਦੀ ਦੁਰਘਟਨਾ ਬਾਰੇ।**

ਸ੍ਰੀਮਾਨ ਜੀ,

ਅਸੀਂ ਤੁਹਾਡੇ ਅਖ਼ਬਾਰ ਦੇ ਕਾਲਮ ਰਾਹੀਂ ਆਪਣੇ ਪਿੰਡ ਵਿੱਚ ਵਾਪਰੀ ਇੱਕ ਦੁਰਘਟਨਾ ਬਾਰੇ ਦੱਸਣਾ ਚਾਹੁੰਦੇ ਹਾਂ। ਮਨੋਰਥ ਇਹ ਹੈ ਕਿ ਮਨੁੱਖੀ ਲਾਪਰਵਾਹੀ ਜਾਂ ਬੇਧਿਆਨੀ ਕਾਰਨ ਹੁੰਦੀਆਂ ਅਜਿਹੀਆਂ ਦੁਰਘਟਨਾਵਾਂ ਦੁਹਰਾਈਆਂ ਨਾ ਜਾਣ।

ਗੱਲ ਇਸ ਤਰ੍ਹਾਂ ਹੋਈ ਕਿ ਇੱਕ ਕਿਸਾਨ ਦੀ ਰਹਾਇਸ਼ ਪਿੰਡ ਦੇ ਅੰਦਰ ਸੀ ਅਤੇ ਪਸ਼ੂਆਂ ਲਈ ਛੱਤਿਆ ਮਕਾਨ ਕੁਝ ਬਾਹਰ ਕਰ ਕੇ ਸੀ। ਇਸ ਮਕਾਨ ਵਿੱਚ ਕਿਸਾਨ ਦੀਆਂ ਮੱਝਾਂ ਤੇ ਬਲ਼ਦ ਬੰਨ੍ਹੇ ਹੁੰਦੇ ਸਨ ਅਤੇ ਨਾਲ਼ ਹੀ ਇੱਕ ਵੱਡੇ ਖੁੱਡੇ ਵਿੱਚ ਮੁਰਗ਼ੀਆਂ ਵੀ ਸਨ।

ਬਰਸਾਤ ਰੁੱਤ ਅਜੇ ਸ਼ੁਰੂ ਹੀ ਹੋਈ ਸੀ। ਮੱਛਰ ਅਤੇ ਵੱਡੀ ਮੱਖੀ ਕਾਰਨ ਪਸ਼ੂ ਤੜਫ ਰਹੇ ਸਨ। ਆਮ ਸੂਝ ਅਤੇ ਰਵਾਇਤ ਅਨੁਸਾਰ ਕਿਸਾਨ ਨੇ ਪਸ਼ੂਆਂ ਨੂੰ ਮੱਛਰ ਤੇ ਮੱਖੀ ਤੋਂ ਬਚਾਉਣ ਲਈ ਉਹਨਾਂ ਦੇ ਪਿੱਛੇ ਧੂੰਏਂ ਦਾ ਪ੍ਰਬੰਧ ਕਰ ਦਿੱਤਾ। ਫਿਰ ਉਸ ਨੇ ਹਰ ਪਸ਼ੂ ਦੇ ਰੱਸੇ, ਸੰਗਲ਼ ਆਦਿ ਦੀ ਪੜਤਾਲ ਕੀਤੀ। ਉਸ ਨੇ ਆਪਣੇ ਵੱਲੋਂ ਇਹ ਯਕੀਨੀ ਬਣਾ ਲਿਆ ਕਿ ਕੋਈ ਪਸ਼ੂ ਉਸ ਦੀ ਗ਼ੈਰਹਾਜ਼ਰੀ ਵਿੱਚ ਖੁੱਲ੍ਹ ਨਾ ਜਾਵੇ। ਫਿਰ ਉਹ ਪੱਠੇ ਆਦਿ ਪਾ ਕੇ, ਨਿਸ਼ਚਿੰਤ ਹੋ ਕੇ ਆਪਣੇ ਵਸੇਬੇ ਵਾਲ਼ੇ ਘਰ ਚਲਾ ਗਿਆ।

ਸਵੇਰੇ ਕਿਸਾਨ ਅਤੇ ਉਸ ਦੀ ਪਤਨੀ ਦੀ ਅੱਖ ਬਾਹਰ ਪੈਂਦੇ ਰੌਲ਼ੇ ਕਾਰਨ ਖੁੱਲ੍ਹੀ। ਦੋਵੇਂ ਉੱਭੜਵਾਹੇ ਉੱਠੇ ਤਾਂ ਕੀ ਵੇਖਦੇ ਹਨ ਕਿ ਉਹਨਾਂ ਦੇ ਪਸ਼ੂਆਂ ਵਾਲ਼ੇ ਘਰ ਵੱਲੋਂ ਧੂੰਆਂ ਤੇ ਅੱਗ ਦੀਆਂ ਲਾਟਾਂ ਉੱਠ ਰਹੀਆਂ ਹਨ। 'ਲੋਕੋ-ਆਓ, ਪਾਣੀ ਲਿਆਓ, ਅੱਗ ਬੁਝਾਓ' ਦੀਆਂ ਉੱਚੀਆਂ ਅਵਾਜ਼ਾਂ ਆ ਰਹੀਆਂ ਸਨ। ਇੰਨੇ ਨੂੰ ਦੋ ਕੁ ਨੌਜਵਾਨ ਉਹਨਾਂ ਦੇ ਘਰ ਵੱਲ ਦੌੜੇ ਆਏ ਤੇ ਦੱਸਿਆ ਕਿ ਉਹਨਾਂ ਦੇ ਪਸ਼ੂਆਂ ਵਾਲ਼ੇ ਮਕਾਨ ਨੂੰ ਹੀ ਅੱਗ ਲੱਗੀ ਹੋਈ ਹੈ ।

ਪਸ਼ੂਆਂ ਵਾਲ਼ੇ ਘਰ ਦਾ ਬਹੁਤਾ ਮੰਦਾ ਹਾਲ ਹੋ ਗਿਆ ਸੀ, ਵਰਾਂਡੇ ਦੀ ਛੱਤ ਡਿਗ ਪਈ ਸੀ। ਇੱਕ ਬਲ਼ਦ ਅਤੇ ਦੋ ਮੱਝਾਂ ਸੜ ਕੇ ਮਰ ਗਈਆਂ ਸਨ ਤੇ ਇੱਕ ਬਲ਼ਦ ਤੇ ਤਿੰਨ ਮੱਝਾਂ ਬੁਰੀ ਤਰ੍ਹਾਂ ਝੁਲ਼ਸ ਗਈਆਂ ਸਨ। ਮੁਰਗ਼ੀਆਂ ਦਾ ਖੁੱਡਾ ਵੀ ਸੜ ਕੇ ਢਹਿ ਗਿਆ ਸੀ ਅਤੇ ਮੁਰਗ਼ੀਆਂ ਦਾ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਉਹ ਕਿੱਥੇ ਹਨ।

ਪਿੰਡ ਦੇ ਨੌਜਵਾਨ ਝੁਲ਼ਸੇ ਹੋਏ ਪਸ਼ੂਆਂ ਨੂੰ ਬਾਹਰ ਕੱਢ ਰਹੇ ਸਨ। ਸਭ ਨੇ ਮਿਲ ਕੇ ਅੱਗ ਬੁਝਾ ਤਾਂ ਦਿੱਤੀ ਪਰ ਸਾਰੇ ਤ੍ਰਾਹ-ਤ੍ਰਾਹ ਕਰ ਰਹੇ ਸਨ ਕਿ ਬੇਜ਼ੁਬਾਨ ਜੀਵ ਤੜਫ-ਤੜਫ ਕੇ ਮਰ ਗਏ ਸਨ। ਕਿਸਾਨ ਅਤੇ ਉਸ ਦੀ ਪਤਨੀ ਜ਼ਾਰ-ਜ਼ਾਰ ਰੋ ਰਹੇ ਸਨ। ਉਹਨਾਂ ਨੂੰ ਆਪਣੇ ਪਸ਼ੂ-ਧਨ ਦੇ ਨੁਕਸਾਨ ਦਾ ਦੁੱਖ ਵੱਖ ਸੀ ਅਤੇ ਉਹਨਾਂ ਦੀ ਗ਼ਲਤੀ ਕਰਕੇ ਪਸ਼ੂਆਂ ਦੇ ਮਰ ਜਾਣ ਦਾ ਪਛਤਾਵਾ ਅੱਡ ਸੀ।

ਅੱਗ ਲੱਗਣ ਦਾ ਕਾਰਨ ਇਹ ਦੱਸਿਆ ਗਿਆ ਕਿ ਕਿਸੇ ਪਸ਼ੂ ਦੇ ਪਿੱਛੇ ਹਟਣ ਨਾਲ਼ ਧੂੰਏਂ ਲਈ ਰੱਖੀ ਧੁਖਦੀ ਅੱਗ ਥੋੜ੍ਹਾ ਖਿੰਡ ਗਈ। ਲਾਗੇ ਹੀ ਪਾਥੀਆਂ ਦਾ ਢੇਰ ਸੀ। ਸੁੱਕੀਆਂ ਲੱਕੜੀਆਂ ਵੀ ਉੱਥੇ ਪਈਆਂ ਸਨ। ਕੁਝ ਪਰ੍ਹਾਂ ਤਿੰਨ ਖਣ ਤੂੜੀ ਦੇ ਵੀ ਸਨ। ਬੱਸ, ਅੱਗ ਸੁਲ਼ਗਦੀ-ਸੁਲ਼ਗਦੀ ਉੱਥੋਂ ਤੱਕ ਪਹੁੰਚ ਗਈ ਜਿਸ ਕਰਕੇ ਸਭ ਕੁਝ ਅੱਗ ਦੀ ਲਪੇਟ ਵਿੱਚ ਆ ਗਿਆ। ਫਿਰ ਤਾਂ ਛੱਤ ਵੀ ਅੱਗ ਦੀ ਲਪੇਟ ਵਿੱਚ ਆ ਗਈ। ਚੁਫੇਰੇ ਭੜਕੀ ਅੱਗ ਵਿੱਚ ਪਸ਼ੂਆਂ ਤੇ ਮੁਰਗ਼ੀਆਂ ਦਾ ਨੁਕਸਾਨ ਵੀ ਹੋ ਗਿਆ।

ਅਸੀਂ ਹੋਰ ਵੇਰਵੇ ਵਿੱਚ ਨਹੀਂ ਜਾਣਾ ਚਾਹੁੰਦੇ। ਬੱਸ, ਕੇਵਲ ਏਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਕਿਤੇ ਵੀ ਅੱਗ ਬਾਲਣ ਵੇਲ਼ੇ ਇਹਨਾਂ ਤੋਂ ਪੈਦਾ ਹੋਣ ਵਾਲ਼ੇ ਖ਼ਤਰਿਆਂ ਤੋਂ ਚੌਕਸੀ ਜ਼ਰੂਰ ਕਰਨੀ ਚਾਹੀਦੀ ਹੈ। ਜਿੱਥੇ ਬਿਜਲੀ ਦਾ ਪ੍ਰਬੰਧ ਹੈ, ਉੱਥੇ ਵੀ ਫ਼ਿਟਿੰਗ ਚੰਗੀ ਤਰ੍ਹਾਂ ਕਰਵਾਉਣੀ ਚਾਹੀਦੀ ਹੈ। ਬਿਜਲੀ ਦੀਆਂ ਨੰਗੀਆਂ ਤਾਰਾਂ ਜਾਂ ਨੁਕਸਦਾਰ ਫ਼ਿਟਿੰਗ ਕਾਰਨ ਵੀ ਅੱਗ ਲੱਗ ਸਕਦੀ ਹੈ। ਸਾਡੀ ਨਿੱਕੀ ਜਿਹੀ ਲਾਪਰਵਾਹੀ ਸਾਨੂੰ ਬਹੁਤ ਮਹਿੰਗੀ ਪੈ ਸਕਦੀ ਹੈ।

ਧੰਨਵਾਦ ਸਹਿਤ,

ਆਪ ਜੀ ਦਾ ਹਿਤੂ,
ਹੁਸ਼ਿਆਰ ਸਿੰਘ,
ਪਿੰਡ ਮੋਨਾ ਖੁਰਦ,
ਜ਼ਿਲ੍ਹਾ ਹੁਸ਼ਿਆਰਪੁਰ।

22 ਜੁਲਾਈ, 2022

## 9.

ਸੇਵਾ ਵਿਖੇ

ਸੰਪਾਦਕ ਜੀ,

'ਪੰਜਾਬੀ ਟ੍ਰਿਬਿਊਨ,

ਚੰਡੀਗੜ੍ਹ।

**ਵਿਸ਼ਾ : ਇੱਕ ਸਾਦਾ ਪਰ ਆਦਰਸ਼ ਢੰਗ ਨਾਲ਼ ਹੋਏ ਵਿਆਹ ਬਾਰੇ।**

ਸ੍ਰੀਮਾਨ ਜੀ,

ਕਿਰਪਾ ਕਰਕੇ ਉਪਰੋਕਤ ਵਿਸ਼ੇ 'ਤੇ ਮੇਰਾ ਇਹ ਪੱਤਰ ਆਪਣੇ ਅਖ਼ਬਾਰ ਵਿੱਚ ਛਾਪਣ ਦੀ ਖੇਚਲ਼ ਕਰਨਾ। ਮੈਂ ਇਸ ਪੱਤਰ ਵਿੱਚ ਆਪਣੇ ਨੇੜੇ ਦੇ ਪਿੰਡ ਵਿੱਚ ਹੋਏ ਇੱਕ ਵਿਆਹ ਦੀ ਗੱਲ ਕਰਨਾ ਚਾਹੁੰਦਾ ਹਾਂ। ਇਸ ਵਿਆਹ ਦੀਆਂ ਰਸਮਾਂ ਦੀ ਸਾਦਗੀ ਅਤੇ ਕਮਖ਼ਰਚੀ ਕਾਰਨ ਸਾਡੇ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਬਹੁਤ ਪ੍ਰਸ਼ੰਸਾ ਹੋ ਰਹੀ ਹੈ। ਅੱਜ ਜਦੋਂਕਿ ਬਹੁਤੇ ਵਿਆਹਾਂ ਵਿੱਚ ਲੱਕ-ਤੋੜਵਾਂ ਖ਼ਰਚਾ ਹੁੰਦਾ ਹੈ, ਸ਼ੇਖ਼ੀ ਤੇ ਦਿਖਾਵਾ ਵੀ ਬਹੁਤ ਹੁੰਦਾ ਹੈ, ਸਾਦੇ ਤੇ ਸਰਲ ਢੰਗ ਨਾਲ਼ ਕੀਤੇ ਅਜਿਹੇ ਵਿਆਹਾਂ ਦਾ ਮਹੱਤਵ ਬਹੁਤ ਵਧ ਜਾਂਦਾ ਹੈ।

ਇਸ ਵਿਆਹ ਵਿੱਚ ਵਿਆਹੇ ਜਾਣ ਵਾਲ਼ਾ ਲੜਕਾ ਤੇ ਲੜਕੀ ਦੋਵੇਂ ਪੜ੍ਹੇ-ਲਿਖੇ ਸਨ। ਲੜਕਾ ਇੰਜੀਨੀਅਰ ਤੇ ਲੜਕੀ ਸਮਾਜ-ਭਲਾਈ ਮਹਿਕਮੇ ਵਿੱਚ ਲੱਗੀ ਹੋਈ ਸੀ। ਲੜਕਾ ਤੇ ਲੜਕੀ ਦੇ ਮਾਤਾ-ਪਿਤਾ ਵੀ ਪੜ੍ਹੇ-ਲਿਖੇ ਸਨ। ਵਿਆਹ ਦੀ ਗੱਲ ਵਿਆਹ ਤੋਂ ਪੰਦਰਾਂ ਕੁ ਦਿਨ ਪਹਿਲਾਂ ਤੈਅ ਹੋਈ ਸੀ। ਵਿਆਹ ਦਾ ਨਿਰਨਾ ਲੜਕਾ, ਲੜਕੀ ਅਤੇ ਉਹਨਾਂ ਦੇ ਮਾਤਾ-ਪਿਤਾ ਨੇ ਸਾਂਝੇ ਤੌਰ 'ਤੇ ਲਿਆ। ਕੋਈ ਸ਼ਰਤਾਂ ਨਹੀਂ ਰੱਖੀਆਂ ਗਈਆਂ ਅਤੇ ਨਾ ਹੀ ਸਿੱਧੇ ਜਾਂ ਲੁਕਵੇਂ ਢੰਗ ਨਾਲ਼ ਦੇਣ-ਲੈਣ ਦੀ ਗੱਲ ਹੋਈ। ਬੱਸ, ਪਰਸਪਰ ਸਤਿਕਾਰ ਤੇ ਵਿਸ਼ਵਾਸ ਉੱਤੇ ਆਧਾਰਿਤ ਦੋਵੇਂ ਪਰਿਵਾਰਾਂ ਵੱਲੋਂ ਸੰਬੰਧ ਜੋੜਨ ਦਾ ਇਕਰਾਰ ਕੀਤਾ ਗਿਆ। ਲੜਕੇ ਤੇ ਲੜਕੀ ਵੱਲੋਂ ਵਿਆਹ-ਬੰਧਨ ਨੂੰ ਸਵੀਕਾਰ ਕਰਨ ਅਤੇ ਦੋਵੇਂ ਪਰਿਵਾਰਾਂ ਦੇ ਲੰਮੀਆਂ ਸਾਂਝਾਂ ਵਿੱਚ ਜੁੜਨ ਦੀ ਖ਼ੁਸ਼ੀ ਸਾਰਿਆਂ ਨੂੰ ਸੀ। ਵਿਆਹ ਦੀਆਂ ਬਹੁਤ ਜ਼ਰੂਰੀ ਰਸਮਾਂ ਨੂੰ ਸਾਦਾ ਢੰਗ ਨਾਲ਼ ਕਰਨ ਦਾ ਫ਼ੈਸਲਾ ਕੀਤਾ ਗਿਆ।

ਵਿਆਹ ਐਤਵਾਰ ਨੂੰ ਰੱਖਿਆ ਗਿਆ ਤਾਂਜੋ ਅਤਿ-ਨੇੜਲੇ ਸੰਬੰਧੀ ਛੁੱਟੀ ਦੇ ਦਿਨ ਵਿਆਹ ਵਿੱਚ ਸ਼ਾਮਲ ਹੋ ਸਕਣ। ਬਰਾਤ ਸਵੇਰੇ ਸੱਤ ਵਜੇ ਮਿਥੇ ਸਮੇਂ ਅਨੁਸਾਰ ਆ ਗਈ। ਗਰਮੀਆਂ ਦੀ ਰੁੱਤ ਹੋਣ ਕਾਰਨ ਨਾ ਇਹ ਸਵਖਤਾ ਸੀ,ਨਾ ਕਵੇਲਾ। ਬਰਾਤ ਕਿੰਨੀ ਕੁ ਸੀ ਬੱਸ ਪੰਜ-ਛੇ ਬੰਦੇ ; ਸਣੇ ਲੜਕਾ, ਉਸ ਦਾ ਪਿਤਾ, ਉਸ ਦਾ ਭਰਾ,ਉਸ ਦੀ ਭੈਣ ਅਤੇ ਇੱਕ ਸ਼ਾਇਦ ਉਹਨਾਂ ਦੇ ਪਿੰਡ ਦਾ ਸਰਪੰਚ ਸੀ। ਲੜਕੇ ਦਾ ਇੱਕ ਅਧਿਆਪਕ ਵੀ ਸ਼ਾਮਲ ਸੀ। ਕੋਈ ਢੋਲ-ਢਮੱਕਾ ਨਹੀਂ ਸੀ ਤੇ ਨਾ ਹੀ ਕੋਈ ਸ਼ੋਰ-ਸ਼ਰਾਬਾ ਸੀ।

ਲੜਕੀ ਵਾਲ਼ਿਆਂ ਨੇ ਬਰਾਤ ਨੂੰ ਇੱਕ ਗੁਆਂਢੀ ਦੇ ਘਰ ਦੀ ਇੱਕ ਬੈਠਕ ਵਿੱਚ ਉਤਾਰ ਲਿਆ। ਰਸਮਾਂ ਦੇ ਪੱਖੋਂ ਪਹਿਲਾਂ ਦੋਹਾਂ ਪਰਿਵਾਰਾਂ ਦੀ ਆਪਸ ਵਿੱਚ ਮਿਲ਼ਨੀ ਹੋਈ। ਇਹ ਇੱਕ ਤਰ੍ਹਾਂ ਬਰਾਤੀਆਂ ਨੂੰ 'ਜੀ-ਆਇਆਂ' ਕਹਿਣ ਤੇ ਆਪਸੀ ਜਾਣ-ਪਛਾਣ ਕਰਵਾਉਣਾ ਹੀ ਸੀ। ਚਾਹ-ਪਾਣੀ ਪੀਣ-ਪਿਆਉਣ ਉਪਰੰਤ ਵਿਆਹ ਦੀ ਰਸਮ ਹੋਈ।

ਘੰਟਾ ਕੁ ਬਰਾਤ ਹੋਰ ਰੁਕੀ। ਬਰਾਤੀ ਵਿਆਹ ਵਾਲ਼ੇ ਘਰ ਵਿੱਚ ਚਿਰ-ਪਛਾਤੇ ਸੰਬੰਧੀਆਂ ਵਾਂਗ ਵਿਚਰ ਰਹੇ ਸਨ। ਗਿਆਰਾਂ ਕੁ ਵਜੇ ਵਿਦਾਈ ਹੋਈ ਸੀ। ਵਿਛੋੜੇ, ਵੈਰਾਗ ਤੇ ਕਰੁਣਾ-ਭਰਪੂਰ ਦ੍ਰਿਸ਼ ਜੋ ਆਮ ਵਿਆਹਾਂ ਵਿੱਚ ਦੇਖਣ ਨੂੰ ਮਿਲ਼ਦੇ ਹਨ, ਇੱਥੇ ਨਹੀਂ ਸਨ। ਵਿਆਹ ਕਾਰਨ ਪਈਆਂ ਨਵੀਂਆਂ ਸਾਂਝਾਂ ਅਤੇ ਚੰਗੇ ਸੰਬੰਧੀ ਮਿਲ਼ਨ ਦੀਆਂ ਖ਼ੁਸ਼ੀਆਂ ਸਨ।

ਦਾਜ-ਦਹੇਜ ਦੇ ਝੰਜਟਾਂ ਤੋਂ ਮੁਕਤ ਇਹ ਵਿਆਹ ਨਾ ਕਿਸੇ ਲਈ ਭਾਰ ਬਣਿਆ ਸੀ ਤੇ ਨਾ ਅੱਕਣ-ਥੱਕਣ ਦਾ ਕਾਰਨ। ਬਰਾਤੀ ਵੀ ਥੋੜ੍ਹੇ ਸਨ ਤੇ ਮੇਲ਼ੀ ਵੀ। ਇਸ ਲਈ ਭੀੜ-ਭੜੱਕੇ ਦੀ ਥਾਂ ਮਾਹੌਲ ਸਹਿਜ ਤੇ ਸੁਖਾਵਾਂ ਸੀ। ਰੋਟੀ ਵੀ ਬਰਾਤੀਆਂ ਨੇ ਆਪਣੇ ਘਰ ਜਾ ਕੇ ਖਾਣੀ ਸੀ। ਦੁਪਹਿਰ ਹੋਣ ਤੱਕ ਬਰਾਤ ਵੀ ਵਿਦਾ ਹੋ ਗਈ ।

ਲੋਕੀਂ ਹੈਰਾਨ ਸਨ ਕਿ ਇਹ ਕਿਹੋ-ਜਿਹਾ ਵਿਆਹ ਹੋਇਆ। ਕੋਈ ਗੀਤ ਨਹੀਂ, ਭੰਗੜੇ ਨਹੀਂ, ਕੋਈ ਡੀ. ਜੇ. ਨਹੀਂ ਲਾਇਆ ਗਿਆ। ਕਈ ਸਿਆਣੇ ਬੰਦੇ ਕਹਿੰਦੇ ਸੁਣੇ ਸਨ, 'ਬਈ, ਅਸਲ ਵਿਆਹ ਤਾਂ ਇਹ ਹੈ। ਵਿਆਹਾਂ ਦੇ ਮੌਕੇ ਹੁੰਦੀਆਂ ਕੋਈ ਵੀ ਕੁਰੀਤੀਆਂ ਇਸ ਵਿਆਹ ਵਿੱਚ ਨਹੀਂ ਸਨ। ਵਿਆਹ ਦੀ ਲੁੜੀਂਦੀ ਰਸਮ ਬਿਨਾਂ ਕਿਸੇ ਵਾਧੂ ਖਰਚੇ ਤੋਂ ਸੰਪੂਰਨ ਹੋ ਗਈ ਸੀ। ਦੋਵੇਂ

ਧਿਰਾਂ ਬੇਲੋੜੇ ਖ਼ਰਚ ਤੋਂ ਬਚ ਗਈਆਂ ਸਨ। ਉਹ ਵਿਆਹ ਕਾਰਨ ਆਰਥਿਕ ਤੌਰ 'ਤੇ ਟੁੱਟੀਆਂ ਨਹੀਂ ਸਨ ਸਗੋਂ ਸਮਾਜਿਕ ਤੇ ਭਾਈਚਾਰਿਕ ਤੌਰ 'ਤੇ ਜੁੜੀਆਂ ਸਨ।

ਮੈਨੂੰ ਲੜਕੀ ਵਾਲ਼ਿਆਂ ਦੇ ਇੱਕ ਸੰਬੰਧੀ ਨੇ ਦੱਸਿਆ ਕਿ ਸਾਦਾ ਵਿਆਹ ਕਰਵਾਉਣ ਵਿੱਚ ਲੜਕੇ ਦੀ ਵੱਡੀ ਭੂਮਿਕਾ ਸੀ। ਉਸ ਦੇ ਮਾਪਿਆਂ ਨੇ ਉਸ ਦਾ ਪੂਰਾ ਸਮਰਥਨ ਕੀਤਾ ਸੀ। ਲੜਕਾ ਕਹਿੰਦਾ ਸੀ ਕਿ ਉਸ ਨੂੰ ਇਸ ਰਾਹ 'ਤੇ ਚੱਲਣ ਦੀ ਸੂਝ ਉਸ ਦੇ ਇੱਕ ਅਧਿਆਪਕ ਨੇ ਦਿੱਤੀ ਸੀ। ਕੁਝ ਵੀ ਹੋਵੇ ਇਸ ਵਿਆਹ ਦੇ ਚੰਗੇ ਢੰਗ ਨਾਲ਼ ਕੀਤੇ ਜਾਣ ਵਿੱਚ ਸਭ ਦਾ ਯੋਗਦਾਨ ਸੀ, ਨਹੀਂ ਤਾਂ ਜੇਕਰ ਕੋਈ ਇੱਕ ਧਿਰ ਬਖੇੜਾ ਪਾ ਦਿੰਦੀ ਤਾਂ ਖ਼ਾਹ-ਮਖ਼ਾਹ ਤਣਾਅ ਪੈਦਾ ਹੋਣਾ ਸੀ। ਫਿਰ ਵੱਡੀ ਗੱਲ ਇਹ ਸੀ ਕਿ ਵਿਆਹ ਵਿੱਚ ਲੜਕੇ ਵਾਲ਼ੇ ਆਪਣੇ-ਆਪ ਨੂੰ ਉੱਚੇ ਤੇ ਲੜਕੀ ਵਾਲ਼ਿਆਂ ਨੂੰ ਨੀਵਾਂ ਨਹੀਂ ਦਰਸਾ ਰਹੇ ਸਨ ਸਗੋਂ ਇਸ ਵਿਆਹ ਨਾਲ਼ ਦੋਵੇਂ ਧਿਰਾਂ ਪਰਸਪਰ ਮਾਣ ਤੇ ਸਤਿਕਾਰ ਸਦਕਾ ਉੱਚੀਆਂ ਮਹਿਸੂਸ ਕਰ ਰਹੀਆਂ ਸਨ।

ਸੰਪਾਦਕ ਜੀ ਜੇ ਉਪਰੋਕਤ ਦੱਸੇ ਵਿਆਹ ਵਾਂਗ ਸਾਦੇ ਤੇ ਘੱਟ ਖ਼ਰਚੀਲੇ ਵਿਆਹਾਂ ਦੀ ਪਿਰਤ ਪੈ ਜਾਵੇ ਤਾਂ ਸਾਡੇ ਲੋਕਾਂ ਦੀ ਜ਼ਿੰਦਗੀ ਕਾਫ਼ੀ ਸੁਖਾਲ਼ੀ ਹੋ ਜਾਵੇਗੀ, ਵਿਸ਼ੇਸ਼ ਕਰਕੇ ਧੀਆਂ ਵਾਲ਼ਿਆਂ ਨੂੰ ਧੀਆਂ ਭਾਰ ਨਹੀਂ ਲੱਗਣਗੀਆਂ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,

ਮਨਪ੍ਰੀਤ ਸਿੰਘ,

ਗਿਆਰ੍ਹਵੀਂ ਸ਼੍ਰੇਣੀ,

18 ਅਗਸਤ, 2022

ਪੰਜਾਬ ਸਕੂਲ ਸਿੱਖਿਆ ਬੋਰਡ,

ਆਦਰਸ਼ ਸੀਨੀਅਰ ਸੈਕੰਡਰੀ ਸਕੂਲ,

ਨੰਦਗੜ੍ਹ, ਬਠਿੰਡਾ।

## 10.

ਸੇਵਾ ਵਿਖੇ

ਸੰਪਾਦਕ ਜੀ,

ਰੋਜ਼ਾਨਾ 'ਪੰਜਾਬੀ ਜਾਗਰਣ',

ਜਲੰਧਰ।

ਵਿਸ਼ਾ : 'ਕੇਬਲ ਟੀ.ਵੀ. ਵਰਦਾਨ ਕਿ ਸ੍ਰਾਪ,' ਸੰਪਾਦਕੀ ਬਾਰੇ।

ਸ੍ਰੀਮਾਨ ਜੀ,

ਤੁਹਾਡੇ ਸਪਤਾਹਿਕ ਅਖ਼ਬਾਰ ਵਿੱਚ ਉਪਰੋਕਤ ਵਿਸ਼ੇ 'ਤੇ ਲਿਖਿਆ ਸੰਪਾਦਕੀ ਮੈਂ ਬਹੁਤ ਦਿਲਚਸਪੀ ਨਾਲ਼ ਪੜ੍ਹਿਆ। ਤੁਸੀਂ ਬੜੇ ਨਾਜ਼ਕ ਵਿਸ਼ੇ ਨੂੰ ਸੁਚੱਜੇ ਢੰਗ ਨਾਲ਼ ਪੇਸ਼ ਕੀਤਾ ਹੈ। ਤੁਹਾਡਾ ਇਹ ਕਹਿਣਾ ਬਹੁਤ ਉੱਚਿਤ ਹੈ ਕਿ 'ਕੇਬਲ ਟੀ.ਵੀ. ਵਿਗਿਆਨ ਦਾ ਇੱਕ ਵਰਦਾਨ ਹੈ, ਇੱਕ ਪ੍ਰਾਪਤੀ ਹੈ।' ਕੇਬਲ ਟੀ.ਵੀ. ਰਾਹੀਂ ਅਸੀਂ ਵਿਸ਼ਵ-ਨਾਗਰਿਕ ਬਣ ਕੇ ਬਹੁਤ ਕੁਝ ਚੰਗਾ ਵੀ ਗ੍ਰਹਿਣ ਕਰ ਸਕਦੇ ਹਾਂ ਅਤੇ ਆਪਣੀ ਸੋਚ ਦੇ ਘੇਰੇ ਵਿਸ਼ਾਲ ਕਰ ਸਕਦੇ ਹਾਂ।

ਇੱਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਕੇਬਲ ਟੀ.ਵੀ. ਤਾਂ ਡਿਸ਼-ਐਂਟੀਨੇ ਰਾਹੀਂ ਪ੍ਰਸਾਰਿਤ ਪ੍ਰੋਗ੍ਰਾਮ ਸਥਾਨਿਕ ਪੱਧਰ 'ਤੇ ਤਜਾਰਤੀ ਆਧਾਰ 'ਤੇ ਮੁਹੱਈਆ ਕਰਵਾਉਂਦਾ ਹੈ। ਅਜਿਹਾ ਕਰਦੇ ਹੋਏ ਕੇਬਲ ਟੀ.ਵੀ. ਸੰਚਾਲਕ ਆਪਣੇ ਸਥਾਨਿਕ ਚੈਨਲ ਰਾਹੀਂ ਆਪਣੀ ਮਰਜ਼ੀ ਨਾਲ਼ ਵੀ ਬਹੁਤ ਕੁਝ ਵਿਖਾਈ ਜਾਂਦੇ ਹਨ। ਮੇਰਾ ਖ਼ਿਆਲ ਹੈ ਕਿ ਤੁਸੀਂ ਆਪਣੇ ਸੰਪਾਦਕੀ ਵਿੱਚ ਕੇਬਲ ਟੀ.ਵੀ. ਭਾਵ ਅੰਤਰਰਾਸ਼ਟਰੀ ਪੱਧਰ ਦੇ ਟੀ.ਵੀ. ਪ੍ਰੋਗ੍ਰਾਮ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਤੁਸੀਂ ਇਹ ਵੀ ਲਿਖਿਆ ਹੈ, "ਅਸੀਂ ਹਰ ਨਵੀਂ ਲੱਭਤ ਨੂੰ ਅਨੇਕਾਂ ਸੰਸਿਆਂ ਨਾਲ਼ ਅਪਣਾਉਂਦੇ ਹਾਂ। ਫਿਰ ਹੌਲ਼ੀ-ਹੌਲ਼ੀ ਇਹ ਚੀਜ਼ਾਂ ਸਾਡੀ ਜ਼ਿੰਦਗੀ ਦਾ ਅੰਗ ਬਣ ਜਾਂਦੀਆਂ ਹਨ। ਰੇਡੀਓ, ਟੈਲੀਵੀਜ਼ਨ ਦੀ ਆਮਦ ਉੱਤੇ ਵੀ ਕਈ ਲੋਕ ਭੈ-ਭੀਤ ਹੋਏ ਸਨ ਕਿ ਇਹਨਾਂ ਕਰਕੇ ਸਾਡੇ

ਜੀਵਨ ਵਿੱਚ ਵਿਗਾੜ ਵੀ ਪੈਦਾ ਹੋ ਸਕਦਾ ਹੈ।" ਸੰਪਾਦਕ ਜੀ, ਇਸ ਸੰਬੰਧ ਵਿੱਚ ਮੈਂ ਆਪਣੇ ਵਿਚਾਰ ਤੁਹਾਡੇ ਪਾਠਕਾਂ ਨਾਲ਼ ਸਾਂਝੇ ਕਰਨਾ ਚਾਹੁੰਦੀ ਹਾਂ।

ਅੱਜ ਦੇ ਯੁੱਗ ਦੀ ਇੱਕ ਵਿਸ਼ੇਸ਼ਤਾ ਹੈ ਕਿ ਜਿਹੜੀ ਗੱਲ ਕੱਲ੍ਹ ਤੱਕ ਅਸੰਭਵ ਜਾਪਦੀ ਸੀ, ਉਹ ਹੁਣ ਸੰਭਵ ਜਾਪਣ ਲੱਗ ਪਈ ਹੈ। ਹਰ ਸਹੂਲਤ ਸਾਡੀਆਂ ਬਰੂਹਾਂ ਤੱਕ ਪਹੁੰਚ ਚੁੱਕੀ ਹੈ। ਮਨੋਰੰਜਨ ਦੀਆਂ ਸੁਵਿਧਾਵਾਂ ਜੋ ਕਦੇ ਰਾਜੇ-ਮਹਾਰਾਜਿਆਂ ਨੂੰ ਵੀ ਪ੍ਰਾਪਤ ਨਹੀਂ ਸਨ, ਉਹ ਸਾਨੂੰ ਮਿਲ਼ ਸਕਦੀਆਂ ਹਨ। ਆਮ ਜਾਣਕਾਰੀ, ਵੱਖ-ਵੱਖ ਖੇਤਰਾਂ ਦਾ ਗਿਆਨ ਅਤੇ ਦੂਰ-ਦਰਾਡੀਆਂ ਥਾਵਾਂ ਦੀਆਂ ਝਲਕੀਆਂ ਅਸੀਂ ਘਰ ਬੈਠੇ ਹੀ ਵੇਖ ਤੇ ਗ੍ਰਹਿਣ ਕਰ ਸਕਦੇ ਹਾਂ।

ਇਹ ਵੀ ਠੀਕ ਹੈ ਕਿ ਬਹੁਤੀਆਂ ਸੁਵਿਧਾਵਾਂ ਤੇ ਸਹੂਲਤਾਂ ਵਿੱਚ ਵੀ ਵਿਅਕਤੀ ਗ਼ਾਫ਼ਲ ਹੋ ਸਕਦਾ ਹੈ। ਇਸ ਲਈ ਸ੍ਵੈ-ਅਨੁਸ਼ਾਸਨ ਅਤੇ ਬਿਬੇਕ ਪਹਿਲੀ ਲੋੜ ਹੈ। ਕੀ ਵੇਖਣਾ ਹੈ, ਕਦੋਂ ਵੇਖਣਾ ਹੈ ਅਤੇ ਕਿੰਨਾ ਵੇਖਣਾ ਹੈ, ਇਹ ਫ਼ੈਸਲਾ ਦਰਸ਼ਕ ਨੇ ਕਰਨਾ ਹੈ। ਕੇਬਲ ਟੀ.ਵੀ. ਨੇ ਤਾਂ ਸਾਡੇ ਲਈ ਚੋਣ ਕਰਨ ਦੇ ਮੌਕੇ ਹੀ ਵਧਾਏ ਹਨ। ਹਾਂ, ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਮਨੋਰੰਜਨ ਜੀਵਨ ਦੀਆਂ ਹੋਰ ਪ੍ਰਕਿਰਿਆਵਾਂ ਅਤੇ ਕਾਰਜਾਂ ਉੱਤੇ ਮਾੜਾ ਅਸਰ ਨਾ ਪਾਵੇ। ਦੂਜੀ ਲੋੜ ਇਹ ਹੈ ਨਿਰੋਲ ਆਪਣੇ ਲਈ ਵੀ ਕੁਝ ਸਮਾਂ ਰੱਖਿਆ ਜਾਵੇ। ਆਪਣੀ ਸੋਚ ਬਣਾਈ ਰੱਖਣ ਲਈ ਕੁਝ ਵਿਹਲ ਆਪਣੇ ਲਈ ਵੀ ਕੱਢਣੀ ਜ਼ਰੂਰੀ ਹੈ। ਤੀਜੀ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਆਪਣੀਆਂ ਜੜ੍ਹਾਂ ਨੂੰ ਆਪਣੀ ਮਿੱਟੀ ਵਿੱਚ ਕਾਇਮ ਰੱਖਿਆ ਜਾਵੇ। ਭਾਵ ਕੇਬਲ ਟੀ.ਵੀ. ਰਾਹੀਂ ਦੂਜੇ ਦੇਸਾਂ ਦੇ ਪ੍ਰੋਗ੍ਰਾਮਾਂ ਨੂੰ ਵੇਖਦੇ ਹੋਏ ਆਪਣੇ ਵਿਰਸੇ ਨੂੰ ਨਾ ਭੁੱਲਣਾ। ਸਗੋਂ ਹੋਰ ਦੇਸਾਂ ਦੇ ਸੱਭਿਆਚਾਰਾਂ ਬਾਰੇ ਜਾਣ ਕੇ ਆਪਣੇ ਦੇਸ ਤੇ ਆਪਣੇ ਸੱਭਿਆਚਾਰ ਦੀ ਵਡਿਆਈ ਤੇ ਸਿਫ਼ਤ ਨੂੰ ਮਾਣ ਸਕਣਾ। ਜੇਕਰ ਅਸੀਂ ਭਿੰਨ-ਭਿੰਨ ਪ੍ਰੋਗ੍ਰਾਮਾਂ ਦੇ ਪ੍ਰਭਾਵਾਂ ਨੂੰ ਚੁਕੰਨੇ ਹੋ ਕੇ ਸੁਚੱਜੀ ਚੋਣ ਕਰਦੇ ਹੋਏ ਗ੍ਰਹਿਣ ਕਰੀਏ ਤਾਂ ਬੇਲੋੜਾ ਭੈ-ਭੀਤ ਹੋਣ ਦੀ ਜ਼ਰੂਰਤ ਨਹੀਂ। ਅਸੀਂ ਬਾਹਰੀ ਪ੍ਰਭਾਵਾਂ ਹੇਠ ਆਪਣੇ ਆਪ ਨੂੰ ਭੁੱਲਣਾ ਨਹੀਂ ਹੈ।

ਤੁਸੀਂ ਆਪਣੇ ਸੰਪਾਦਕੀ ਦੇ ਅੰਤ ਵਿੱਚ ਸਹੀ ਕਿਹਾ ਹੈ, "ਅਸੀਂ ਕੇਬਲ ਟੀ.ਵੀ. ਜਾਂ ਦੇਸੀ ਟੀ.ਵੀ. ਜਾਂ ਕਿਸੇ ਹੋਰ ਮਨੋਰੰਜਨ ਜਾਂ ਸਿੱਖਿਆ-ਸਾਧਨ ਦੇ ਗ਼ੁਲਾਮ ਨਹੀਂ ਬਣਨਾ। ਆਪਣੀ ਸੁਰਤ ਤੇ ਬੁੱਧ ਨੂੰ ਇਹਨਾਂ ਤੋਂ ਉੱਚੇ ਰੱਖਣਾ ਹੈ।"

ਅੰਤ ਵਿੱਚ ਮੈਂ ਇਹ ਟਿੱਪਣੀ ਵੀ ਕਰਨਾ ਚਾਹੁੰਦੀ ਹਾਂ ਕਿ ਟੀ.ਵੀ, ਤੋਂ ਪ੍ਰਸਾਰਿਤ ਹੁੰਦੇ ਪ੍ਰੋਗ੍ਰਾਮ ਭਾਵੇਂ ਸਾਡੇ ਆਪਣੇ ਹੋਣ ਜਾਂ ਬਾਹਰਲੇ, ਟੀ.ਵੀ. ਵੇਖਣ ਦੀ ਆਦਤ ਨਸ਼ੇ ਦੀ ਹੱਦ ਤੱਕ ਨਹੀਂ ਪਾ ਲੈਣੀ ਚਾਹੀਦੀ। ਇਸ ਦੇ ਨਾਲ਼ ਹੀ ਪ੍ਰੋਗ੍ਰਾਮ ਦੀ ਪੁਣ-ਛਾਣ ਕਰਨ ਦੀ ਜਾਚ ਵੀ ਸਾਨੂੰ ਆਉਣੀ ਚਾਹੀਦੀ ਹੈ। ਏਨਾ ਹੀ ਨਹੀਂ ਇਹ ਵੀ ਜ਼ਰੂਰੀ ਹੈ ਕਿ ਸਾਡੀ ਅਜੋਕੀ ਸਿੱਖਿਆ ਸਾਨੂੰ ਵਿਸ਼ੇਸ਼ ਕਰਕੇ ਵਿਦਿਆਰਥੀ-ਦਰਸ਼ਕਾਂ ਨੂੰ ਟੀ.ਵੀ. ਪ੍ਰਸਾਰਨ ਦੇ ਸਹੀ ਮਾਅਨੇ ਗ੍ਰਹਿਣ ਕਰਨ ਦੇ ਯੋਗ ਬਣਾਏ।

ਮੇਰੀ ਬੇਨਤੀ ਹੈ ਕਿ ਤੁਸੀਂ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਦੇ ਮਸਲਿਆਂ ਉੱਤੇ ਇਸੇ ਤਰ੍ਹਾਂ ਸੂਝ-ਭਰੇ ਸੰਪਾਦਕੀ ਨੋਟ ਲਿਖਦੇ ਰਹੋ ।

ਧੰਨਵਾਦ ਸਹਿਤ,

ਤੁਹਾਡੀ ਸ਼ੁੱਭਚਿੰਤਕ,

ਸਨੇਹ ਕਿਰਨ,

ਪਿੰਡ ਤੇ ਡਾਕਖ਼ਾਨਾ ਕੁਰਾਲੀ,

22 ਅਗਸਤ, 2022

ਜ਼ਿਲ੍ਹਾ ਰੂਪਨਗਰ।

## 11.

ਸੇਵਾ ਵਿਖੇ

ਸੰਪਾਦਕ ਜੀ,

ਰੋਜ਼ਾਨਾ 'ਪੰਜਾਬ ਟਾਈਮਜ਼',

ਜਲੰਧਰ।

**ਵਿਸ਼ਾ: ਦੂਜਿਆਂ ਦੇ ਕੰਮ ਆਉਣ ਦੀ ਅਨੋਖੀ ਘਟਨਾ ।**

ਸ੍ਰੀਮਾਨ ਜੀ,

ਮੈਂ ਤੁਹਾਡੇ ਅਖ਼ਬਾਰ ਰਾਹੀਂ ਆਪਣੇ ਨਾਲ਼ ਬੀਤੀ ਇੱਕ ਘਟਨਾ ਦੀ ਚਰਚਾ ਕਰਨਾ ਚਾਹੁੰਦੀ ਹਾਂ। ਇਸ ਘਟਨਾ ਨੇ ਮੇਰੇ ਨਿਰਾਸ ਮਨ ਵਿੱਚ ਵੀ ਆਸ ਅਤੇ ਵਿਸ਼ਵਾਸ ਦੀ ਭਾਵਨਾ ਪੈਦਾ ਕਰ ਦਿੱਤੀ।

ਅਸੀਂ ਅਕਸਰ ਕਹਿ ਦਿੰਦੇ ਹਾਂ ਕਿ ਸਾਡੇ ਚੁਫੇਰੇ ਦੇ ਲੋਕ ਸੁਆਰਥੀ, ਚਲਾਕ ਤੇ ਹਿੰਸਕ ਹੋ ਗਏ ਹਨ। ਮਾੜੀਆਂ ਘਟਨਾਵਾਂ ਬਾਰੇ ਸੁਣਦਿਆਂ-ਸੁਣਦਿਆਂ ਮਨ ਵਿੱਚ ਐਨਾ ਖ਼ੌਫ਼ ਭਰ ਜਾਂਦਾ ਹੈ ਕਿ ਘਰ ਬੈਠਿਆਂ ਵੀ ਅਸੁਰੱਖਿਅਤ ਮਹਿਸੂਸ ਕਰਦੇ ਹਾਂ ਪਰ ਮੈਨੂੰ ਜਾਪਦਾ ਹੈ ਕਿ ਦੁਨੀਆ ਵਿੱਚ ਅਜੇ ਚੰਗਿਆਈ ਮੁੱਕੀ ਨਹੀਂ ਹੈ।

ਇੱਕ ਦਿਨ ਮੈਂ ਤੇ ਮੇਰੇ ਪਿਤਾ ਸਕੂਟਰ ਉੱਤੇ ਸ਼ਹਿਰੋਂ ਆਪਣੇ ਪਿੰਡ ਨੂੰ ਪਰਤ ਰਹੇ ਸਾਂ। ਰਸਤੇ ਵਿੱਚ ਸਕੂਟਰ ਪੰਚਰ ਹੋਣ ਕਾਰਨ ਸਾਨੂੰ ਰਾਹ ਵਿੱਚ ਹੀ ਕਾਫ਼ੀ ਦੇਰ ਹੋ ਗਈ। ਸ਼ਾਮ ਦਾ ਘੁਸਮੁਸਾ ਹੋ ਗਿਆ, ਕਿਸੇ-ਕਿਸੇ ਗੱਡੀ ਵਾਲ਼ੇ ਨੇ ਤਾਂ ਲਾਈਟਾਂ ਵੀ ਜਗਾ ਲਈਆਂ ਸਨ। ਸਾਡਾ ਘਰ ਅਜੇ ਪੰਜ ਕੁ ਕਿਲੋਮੀਟਰ ਸੀ।

ਅਚਾਨਕ ਇੱਕ ਜਾਨਵਰ ਦੌੜਦਾ ਆਇਆ ਅਤੇ ਸੜਕ ਨੂੰ ਪਾਰ ਕਰਨ ਲੱਗਿਆ। ਜਾਨਵਰ ਤੋਂ ਬਚਦੇ-ਬਚਦੇ ਸਾਡਾ ਸਕੂਟਰ ਸੜਕ ਤੋਂ ਹੇਠਾਂ ਉੱਤਰ ਗਿਆ। ਅੱਗੇ ਸੜਕ ਨੂੰ ਚੌੜੀ ਕਰਨ ਲਈ ਪਟੜੀ ਪੁੱਟੀ ਹੋਈ ਸੀ। ਇਸ ਵਿੱਚ ਕਿਤੇ-ਕਿਤੇ ਰੇਤ ਅਤੇ ਪੱਥਰ ਸੁੱਟੇ ਹੋਏ ਸਨ। ਸਕੂਟਰ ਬੇਕਾਬੂ ਹੋ ਗਿਆ ਅਤੇ ਸਾਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਅਸੀਂ ਦੋਵੇਂ ਵੱਖ-ਵੱਖ ਜਾ ਡਿਗੇ। ਮੇਰੇ ਪਿਤਾ ਦੇ ਸਿਰ ਵਿੱਚ ਸੱਟ ਲੱਗੀ ਤੇ ਉਹਨਾਂ ਨੂੰ ਕੋਈ ਸੁੱਧ-ਬੁੱਧ ਨਾ ਰਹੀ। ਮੇਰੀਆਂ ਵੀ ਲੱਤਾਂ-ਬਾਂਹਾਂ ਉੱਤੇ ਸੱਟਾਂ ਵੱਜੀਆਂ। ਕੁਝ ਸੁੱਝੇ ਹੀ ਨਾ ਕਿ ਮੈਂ ਕੀ ਕਰਾਂ ?

ਤਦ ਹੀ ਇੱਕ ਰੇਹੜੇ ਵਾਲ਼ਾ ਅਤੇ ਇੱਕ ਸਾਈਕਲ-ਸਵਾਰ ਸਾਡੇ ਕੋਲ਼ ਆਏ। ਸਾਡੀ ਹਾਲਤ ਵੇਖ ਕੇ ਉਹਨਾਂ ਵਿੱਚੋਂ ਇੱਕ ਨੇ ਕੋਲ਼ੋਂ ਲੰਘਦੀ ਇੱਕ ਕਾਰ ਰੋਕੀ ਅਤੇ ਸਾਨੂੰ ਹਸਪਤਾਲ ਪਹੁੰਚਾਉਣ ਲਈ ਕਾਰ ਵਾਲ਼ੇ ਤੋਂ ਸਹਿਯੋਗ ਮੰਗਿਆ। ਸਾਨੂੰ ਉਸ ਕਾਰ ਵਾਲ਼ੇ ਨੇ ਕਾਰ ਵਿੱਚ ਬਿਠਾ ਕੇ ਸ਼ਹਿਰ ਦੇ ਹਸਪਤਾਲ ਪਹੁੰਚਾ ਦਿੱਤਾ। ਮੇਰੇ ਪਿਤਾ ਨੂੰ ਐਮਰਜੈਂਸੀ ਵਿੱਚ ਦਾਖ਼ਲ ਕਰ ਲਿਆ ਗਿਆ। ਮੈਨੂੰ ਵੀ ਦਵਾ-ਪੱਟੀ ਕੀਤੀ ਗਈ। ਕਾਰ ਵਾਲ਼ੇ ਨੇ ਡਾਕਟਰ ਵੱਲੋਂ ਲਿਖੀਆਂ ਦਵਾਈਆਂ ਤਤਕਾਲ ਲਿਆ ਕੇ ਦਿੱਤੀਆਂ।

ਮੇਰੇ ਪਿਤਾ ਨੂੰ ਦੂਜੇ ਦਿਨ ਹੋਸ਼ ਆਈ। ਡਾਕਟਰਾਂ ਦਾ ਕਹਿਣਾ ਸੀ ਕਿ ਜੇ ਉਹਨਾਂ ਨੂੰ ਤੁਰੰਤ ਹਸਪਤਾਲ ਨਾ ਲਿਆਂਦਾ ਜਾਂਦਾ ਤਾਂ ਉਹਨਾਂ ਦੀ ਜਾਨ ਜਾ ਸਕਦੀ ਸੀ।

ਹੁਣ ਜਦੋਂ ਅਸੀਂ ਇਸ ਹਾਦਸੇ ਵਿੱਚੋਂ ਗੁਜ਼ਰ ਕੇ ਬਿਲਕੁਲ ਠੀਕ ਹੋ ਗਏ ਹਾਂ ਤਾਂ ਉਸ ਦੁਰਘਟਨਾ ਸਮੇਂ ਸਹਾਈ ਹੋਣ ਵਾਲ਼ੇ ਰੱਬ ਜਿਹੇ ਬੰਦਿਆਂ ਦਾ ਖ਼ਿਆਲ ਆਉਂਦਾ ਹੈ। ਮੈਨੂੰ ਤਾਂ ਇਹ ਵੀ ਚੇਤੇ ਨਹੀਂ ਕਿ ਉਹ ਹਿੰਦੂ ਸਰੂਪ ਵਿੱਚ ਸਨ ਜਾਂ ਸਿੱਖੀ ਸਰੂਪ ਵਿੱਚ, ਸ਼ਹਿਰੀ ਸਨ ਜਾਂ ਪੇਂਡੂ, ਪੜ੍ਹੇ ਲਿਖੇ ਸਨ ਜਾਂ ਅਨਪੜ੍ਹ। ਉਹ ਸੱਚੀ-ਮੁੱਚੀ ਬਹੁਤ ਚੰਗੇ ਇਨਸਾਨ ਸਨ।

ਮੈਨੂੰ ਅਜੇ ਵੀ ਖ਼ਿਆਲ ਨਹੀਂ ਕਿ ਕਦੋਂ ਉਹਨਾਂ ਵਿੱਚੋਂ ਕਿਸੇ ਨੇ ਸਾਡੇ ਘਰ ਦਾ ਪਤਾ ਪੁੱਛ ਕੇ ਸਾਡੇ ਗੁਆਂਢੀ ਨੂੰ ਇਸ ਦੁਰਘਟਨਾ ਦੀ ਖ਼ਬਰ ਦੇ ਦਿੱਤੀ। ਦੂਜੇ ਦਿਨ ਸਾਡਾ ਸਕੂਟਰ ਘਰ ਪਹੁੰਚਾ ਦਿੱਤਾ ਗਿਆ ਸੀ। ਪੁਲਿਸ ਨੂੰ ਦੁਰਘਟਨਾ ਬਾਰੇ ਸਹੀ ਸੂਚਨਾ ਦੇ ਦਿੱਤੀ ਗਈ ਸੀ। ਰੇਹੜੀ ਵਾਲ਼ਾ, ਸਾਈਕਲ ਵਾਲ਼ਾ ਤੇ ਕਾਰ ਵਾਲ਼ਾ ਇਹਨਾਂ ਵਿੱਚੋਂ ਕਿਹੜੇ ਨੇ ਸਾਡੀ ਕੀ-ਕੀ ਮਦਦ ਕੀਤੀ, ਇਹ ਮੈਨੂੰ ਯਾਦ ਨਹੀਂ ਪਰ ਉਹ ਸਾਰੇ ਭਲੇ ਬੰਦੇ ਸਨ ਜਿਨ੍ਹਾਂ ਸਾਡੀ ਔਖੀ ਘੜੀ ਵੇਲ਼ੇ ਮਦਦ ਕੀਤੀ ਸੀ। ਮੈਨੂੰ ਤਾਂ ਉਹਨਾਂ ਦਾ ਧੰਨਵਾਦ ਕਰਨ ਦਾ ਵੀ ਖ਼ਿਆਲ ਨਾ ਆਇਆ। ਜਿੰਨੀ ਦੇਰ ਤੱਕ ਮੇਰੇ ਪਿਤਾ ਹੋਸ਼ ਵਿੱਚ ਨਾ ਆਏ, ਮੇਰੇ ਤਾਂ ਬੱਸ ਸਾਹ ਹੀ ਸੁੱਕੇ ਰਹੇ।

ਅੱਜ ਜੇ ਸਾਡਾ ਪਰਿਵਾਰ ਠੀਕ ਵੱਸ-ਰਸ ਰਿਹਾ ਹੈ ਤਾਂ ਉਹਨਾਂ ਬੇਪਛਾਣੇ ਵਿਆਕਤੀਆਂ ਸਦਕੇ ਹੈ। ਉਹ ਲੋਕ ਵੀ ਇਸੇ ਧਰਤੀ 'ਤੇ ਹੋਣਗੇ ਜਿਹੜੇ ਹਾਦਸੇ ਦੇ ਸਮੇਂ ਜ਼ਖ਼ਮੀਆਂ ਦੀਆਂ ਜੇਬਾਂ ਟੋਹਣ ਦੀ ਕਰਦੇ ਹਨ ਜਾਂ ਬਿਲਕੁਲ ਬੇਧਿਆਨੇ ਹੋ ਕੇ ਕੋਲ਼ੋਂ ਲੰਘ ਜਾਂਦੇ ਹਨ। ਪਰ ਜਿਸ ਤਰ੍ਹਾਂ ਦੇ ਨੇਕ ਬੰਦਿਆਂ ਦੇ ਉੱਦਮ ਸਦਕਾ ਸਾਡੀ ਜਾਨ ਬਚੀ, ਉਹਨਾਂ ਜਿਹੀਆਂ ਸ਼ਖ਼ਸੀਅਤਾਂ ਸਦਕਾ ਇਹ ਦੁਨੀਆ ਰਹਿਣਯੋਗ ਹੈ।

ਮੈਂ ਇਹਨਾਂ ਵੀਰਾਂ ਪ੍ਰਤਿ ਆਪਣਾ ਧੰਨਵਾਦ ਇਹ ਸ਼ਬਦ ਲਿਖ ਕੇ ਪ੍ਰਗਟ ਕਰ ਰਹੀ ਹਾਂ ਕਿ ਔਖੇ ਵੇਲ਼ੇ ਦੂਜਿਆਂ ਦੇ ਕੰਮ ਆਉਣ ਵਾਲ਼ੀ ਭਾਵਨਾ ਜ਼ਰੂਰ ਵਧਣੀ-ਫੁੱਲਣੀ ਚਾਹੀਦੀ ਹੈ। ਤਾਂ ਹੀ ਤੌਖ਼ਲਿਆਂ ਤੇ ਬੇਭਰੋਸਗੀਆਂ ਦੀ ਥਾਂ ਅਸੀਂ ਹਰ ਰਾਹ 'ਤੇ ਆਸ ਅਤੇ ਵਿਸ਼ਵਾਸ ਨਾਲ਼ ਚੱਲ ਸਕਾਂਗੇ।

ਧੰਨਵਾਦ ਸਹਿਤ,

ਤੁਹਾਡੀ ਸ਼ੁੱਭਚਿੰਤਕ,
ਜਗਦੀਪ ਕੌਰ,
ਕੋਠੀ ਨੰ. 190, ਨੇੜੇ ਬੱਸ ਅੱਡਾ,
ਫ਼ਰੀਦਕੋਟ।

6 ਸਤੰਬਰ, 2022

## 12.

ਸੇਵਾ ਵਿਖੇ

ਸੰਪਾਦਕ ਜੀ,
ਰੋਜ਼ਾਨਾ 'ਪੰਜਾਬੀ ਟ੍ਰਿਬਿਊਨ',
ਚੰਡੀਗੜ੍ਹ।

**ਵਿਸ਼ਾ : ਆਤਮ-ਹੱਤਿਆਵਾਂ ਦਾ ਪੈਦਾ ਹੋ ਰਿਹਾ ਰੁਝਾਨ।**

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਇਸ ਪੱਤਰ ਰਾਹੀਂ ਪੇਂਡੂ ਖੇਤਰ ਵਿੱਚ ਆਤਮ-ਹੱਤਿਆਵਾਂ ਦੀਆਂ ਵਧ ਰਹੀਆਂ ਵਾਰਦਾਤਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਸਾਡਾ ਪੇਂਡੂ ਜੀਵਨ ਹਾਲਾਂ ਤੀਕ ਸ਼ਹਿਰੀ ਜੀਵਨ ਦੇ ਮੁਕਾਬਲੇ ਜ਼ਿਆਦਾ ਸ਼ਾਂਤਮਈ ਤੇ ਟਿਕਾਅ ਵਾਲ਼ਾ ਰਿਹਾ ਹੈ। ਅਨੇਕਾਂ ਪਿੰਡ ਅਜਿਹੇ ਸਨ ਜਿਨ੍ਹਾਂ ਦੇ ਵਸਨੀਕ ਬੜੇ ਮਾਣ ਨਾਲ਼ ਕਹਿੰਦੇ ਸਨ 'ਸਾਡੇ ਪਿੰਡ ਕਦੇ ਕਤਲ ਨਹੀਂ ਹੋਇਆ, ਮਰਨ-ਮਾਰਨ ਤੱਕ ਹਾਲਤ ਕਦੇ ਨਹੀਂ ਪਹੁੰਚੀ' ਪਰ ਹੁਣ ਇਹ ਹਾਲਤ ਨਹੀਂ ਰਹੀ।

ਸਾਡੇ ਗੁਆਂਢੀ ਪਿੰਡਾਂ ਵਿੱਚ ਪਿਛਲੇ ਦੋ ਸਾਲਾਂ ਵਿੱਚ ਛੇ-ਸੱਤ ਆਤਮ-ਹੱਤਿਆਵਾਂ ਦੇ ਕੇਸ ਹੋਏ ਹਨ। ਆਪਣੀ ਜਾਨ ਆਪ ਲੈਣ ਵਾਲ਼ੇ ਇਹ ਸਾਰੇ ਲੋਕ ਜਵਾਨ ਉਮਰ ਦੇ ਸਨ। ਇੱਕ ਅਧਿਆਪਕ ਨੇ ਇਸ ਕਰਕੇ ਆਪਣੀ ਜਾਨ ਲੈ ਲਈ ਕਿ ਉਸ ਦਾ ਸਾਰਾ ਪਰਿਵਾਰ ਉਸ ਦੀ ਤਨਖ਼ਾਹ ਦਾ ਇੱਕ-ਇੱਕ ਪੈਸਾ ਗਿਣਦਾ ਸੀ। ਇੱਕ ਨੌਜਵਾਨ ਨੇ ਮਾਪਿਆਂ ਦੀ ਟੋਕ-ਟੁਕਾਈ ਤੋਂ ਖਿਝ ਕੇ ਆਤਮ- ਹੱਤਿਆ ਕਰ ਲਈ। ਇੱਕ ਹੋਰ ਇਸਤਰੀ ਜੋ ਇੱਕ ਬੱਚੇ ਦੀ ਮਾਂ ਵੀ ਸੀ, ਆਪਣੇ ਉਸ ਪਤੀ ਦੇ ਸਿਰ ਚੜ੍ਹ ਕੇ ਮਰ ਗਈ ਜਿਹੜਾ ਹਰ ਸਮੇਂ ਨਸ਼ੇ ਵਿੱਚ ਗੁੱਟ ਹੋਇਆ ਰਹਿੰਦਾ ਸੀ। ਇੱਕ ਔਰਤ ਨੇ ਆਪਣੀ ਜ਼ਿੰਦਗੀ ਇਸ ਕਰਕੇ ਖ਼ਤਮ ਕਰ ਲਈ ਕਿ ਉਸ ਨੂੰ ਸ਼ੱਕ ਸੀ ਕਿ ਉਸ ਦਾ ਪਤੀ ਚਰਿੱਤਰਹੀਨ ਸੀ ਤੇ ਉਹ ਪਰਿਵਾਰਿਕ ਜ਼ੁੰਮੇਵਾਰੀਆਂ ਭੁਗਤਾਉਣ ਨੂੰ ਪਹਿਲ ਨਹੀਂ ਸੀ ਦਿੰਦਾ। ਇੱਕ ਪੜ੍ਹੇ-ਲਿਖੇ ਨੌਜਵਾਨ ਨੇ ਆਪਣੇ-ਆਪ ਨੂੰ ਇਸ ਲਈ ਮੁਕਾ ਲਿਆ ਕਿਉਂਕਿ ਉਸ ਨੂੰ ਉਸ ਦੀ ਮਨਪਸੰਦ ਨੌਕਰੀ ਨਹੀਂ ਸੀ ਮਿਲ਼ ਰਹੀ ।

ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਉਹਨਾਂ ਆਤਮ-ਹੱਤਿਆਵਾਂ ਕਾਰਨ ਸੰਬੰਧਿਤ ਪਰਿਵਾਰਾਂ ਨੂੰ ਕਿੰਨਾ ਸਦਮਾ ਪਹੁੰਚਿਆ ਹੋਣਾ ਹੈ। ਇਹਨਾਂ ਭੈੜੀਆਂ ਖ਼ਬਰਾਂ ਨੂੰ ਸੁਣ ਕੇ ਪਿੰਡਾਂ ਦੇ ਪਿੰਡ ਕੰਬ ਜਾਂਦੇ ਰਹੇ ਹਨ। ਮਰਨ ਵਾਲ਼ਿਆਂ ਦੇ ਸਿਰ ਦੀਆਂ ਜ਼ੁੰਮੇਵਾਰੀਆਂ – ਬੱਚੇ, ਬੁੱਢੇ ਮਾਂ-ਬਾਪ ਆਦਿ ਦੀ ਸੰਭਾਲ਼, ਇੱਕ ਵੱਖਰੀ ਸਮੱਸਿਆ ਬਣ ਜਾਂਦੀ ਹੈ।

ਇਹ ਆਤਮ-ਹੱਤਿਆਵਾਂ ਕੇਵਲ ਮੇਰੇ ਗੁਆਂਢੀ ਪਿੰਡਾਂ ਵਿੱਚ ਹੀ ਨਹੀਂ ਵਾਪਰੀਆਂ। ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਖ਼ਬਰਾਂ ਤੋਂ ਪਤਾ ਲੱਗਦਾ ਹੈ ਕਿ ਅਜਿਹੇ ਕੇਸ ਹੋਰ ਪਿੰਡਾਂ ਵਿੱਚ ਵੀ ਹੁੰਦੇ ਹਨ।

ਕੋਈ ਵਿਅਕਤੀ ਆਤਮ-ਹੱਤਿਆ ਕਿਉਂ ਕਰਦਾ ਹੈ ? ਇਸ ਸਵਾਲ ਦਾ ਉੱਤਰ ਮਨੋਵਿਗਿਆਨੀਆਂ ਤੇ ਸਮਾਜ-ਵਿਗਿਆਨੀਆਂ ਨੇ ਵਾਰ-ਵਾਰ ਲੱਭਣ ਦੀ ਕੋਸ਼ਸ਼ ਕੀਤੀ ਹੈ। ਮੇਰੀ ਚਿੰਤਾ ਇਹ ਹੈ ਕਿ ਇਹ ਵਰਤਾਰਾ ਸ਼ਾਂਤ ਤੇ ਚੰਗੇ-ਭਲੇ ਵੱਸਦੇ ਪਿੰਡਾਂ ਵਿੱਚ ਵੀ ਹੋਣ ਲੱਗ ਪਿਆ ਹੈ। ਸਾਨੂੰ ਪੇਂਡੂ ਜ਼ਿੰਦਗੀ ਵਿੱਚ ਦਾਖ਼ਲ ਹੋ ਰਹੇ ਤਕਲੀਫ਼ਦੇਹ ਤੱਤਾਂ ਦੀ ਪਛਾਣ ਕਰਨੀ ਹੋਵੇਗੀ।।

ਪਿਛਲੇ ਕੁਝ ਦਹਾਕਿਆਂ ਵਿੱਚ ਖੇਤੀ ਦਾ ਮਸ਼ੀਨੀਕਰਨ ਹੋਇਆ ਹੈ। ਪਿੰਡ ਸੜਕਾਂ ਰਾਹੀਂ ਸ਼ਹਿਰ ਨਾਲ਼ ਜੁੜ ਗਏ ਹਨ। ਸ਼ਹਿਰ ਦੀ ਮੰਡੀ ਹਰ ਪਿੰਡ ਤੱਕ ਪਹੁੰਚ ਗਈ ਹੈ। ਵਿੱਦਿਆ ਦਾ ਪਸਾਰ ਹੋਇਆ ਹੈ। ਰਵਾਇਤੀ ਕੰਮਾਂ-ਕਿੱਤਿਆਂ, ਜਿਊਂਣ-ਢੰਗਾਂ, ਮਨੋਰੰਜਨ ਦੇ ਸਾਧਨਾਂ ਅਤੇ ਜੀਵਨ ਦੇ ਹੋਰ ਪੱਖਾਂ ਵਿੱਚ ਤਬਦੀਲੀ ਤੇਜ਼ੀ ਨਾਲ਼ ਆਉਣ ਲੱਗੀ ਹੈ। ਨਤੀਜੇ ਵਜੋਂ ਪੇਂਡੂ ਜੀਵਨ ਵਿੱਚੋਂ ਪਹਿਲਾਂ ਵਾਲ਼ਾ ਸਹਿਜ ਘਟ ਰਿਹਾ ਹੈ ਤੇ ਤਣਾਅ ਵਧ ਰਿਹਾ ਹੈ। ਇਸ ਦਾ ਅਸਰ ਪਰਿਵਾਰਿਕ ਰਿਸ਼ਤਿਆਂ ਉੱਤੇ ਵੀ ਪੈ ਰਿਹਾ ਹੈ।

ਸਬਰ, ਸਹਿਣਸ਼ੀਲਤਾ, ਸਹਿਜ, ਸੋਝੀ, ਸਿਆਣਪ ਜਿਹੇ ਗੁਣਾਂ ਦਾ ਘਟਦੇ ਜਾਣਾ ਅਤੇ ਇਹਨਾਂ ਦੀ ਥਾਂ ਬੇਸਬਰੀ, ਕਾਹਲ਼, ਬੇਸਮਝੀ, ਹਉਮੈਂ ਜਿਹੇ ਔਗੁਣਾਂ ਦਾ ਵਧਣਾ ਵੀ ਇੱਕ ਕਾਰਨ ਹੈ। ਇਸ ਤੋਂ ਵੀ ਅੱਗੇ ਆਪਣੀਆਂ ਸਮੱਸਿਆਵਾਂ ਦੇ ਸਹੀ ਸਰੂਪ ਨੂੰ ਪਛਾਣ ਨਾ ਸਕਣਾ ਅਤੇ ਇਕਦਮ ਗ਼ਲਤ ਨਤੀਜਿਆਂ 'ਤੇ ਪਹੁੰਚਣਾ ਵੀ ਅਜੋਕੇ ਸਮੇਂ ਦਾ ਖਾਸ਼ਾ ਬਣ ਗਿਆ ਹੈ। ਭਾਈਚਾਰੇ ਤੇ ਸਾਂਝੇ ਪਰਿਵਾਰਾਂ ਦੀ ਜਕੜ ਢਿੱਲੀ ਹੋ ਰਹੀ ਹੈ। ਸਮੇਂ-ਸਮੇਂ ਲੁੜੀਂਦੀ ਅਗਵਾਈ ਮਿਲ਼ਨ ਦੇ ਮੌਕੇ ਘਟ ਰਹੇ ਹਨ। ਬੇਚੈਨ ਹੋਏ ਲੋਕ ਠੀਕ-ਗ਼ਲਤ ਦਾ ਨਿਰਨਾ ਨਹੀਂ ਕਰ ਰਹੇ।

ਮੈਂ ਸਮੱਸਿਆ ਦੇ ਕਾਰਨਾਂ ਨੂੰ ਠੀਕ ਤਰ੍ਹਾਂ ਪਛਾਣਨ ਅਤੇ ਇਹਨਾਂ ਦਾ ਢੁਕਵਾਂ ਹੱਲ ਸੁਝਾਉਣ ਦੇ ਯੋਗ ਨਹੀਂ ਹਾਂ ਪਰ ਮੇਰੀ ਇੱਛਾ ਹੈ ਕਿ ਇਸ ਪੱਤਰ ਤੋਂ ਗੱਲ ਸ਼ੁਰੂ ਹੋਵੇ ਤੇ ਸਿਆਣੇ ਪਾਠਕ ਇਸ ਗੰਭੀਰ ਬਣ ਰਹੀ ਸਮੱਸਿਆ 'ਤੇ ਹੋਰ ਵਿਚਾਰ-ਚਰਚਾ ਕਰਨ। ਅੱਗ ਕਿਤੇ ਵੀ ਸੁਲ਼ਘਦੀ ਹੋਵੇ, ਖ਼ਬਰਦਾਰ ਸਾਰਿਆਂ ਨੂੰ ਹੋਣਾ ਬਣਦਾ ਹੈ।

ਪੱਤਰ ਛਾਪਣ ਲਈ ਅਗਾਊਂ ਧੰਨਵਾਦ,

ਤੁਹਾਡਾ ਸ਼ੁੱਭਚਿੰਤਕ,
ਦਿਲਪ੍ਰੀਤ,
ਪਿੰਡ ਤੇ ਡਾਕਖ਼ਾਨਾ ਸਾਹਨੇਵਾਲ,
ਜ਼ਿਲ੍ਹਾ ਲੁਧਿਆਣਾ।

6 ਸਤੰਬਰ, 2022

## 13.

ਸੇਵਾ ਵਿਖੇ

ਸੰਪਾਦਕ ਸਾਹਿਬ,
ਰੋਜ਼ਾਨਾ 'ਅਜੀਤ',
ਜਲੰਧਰ।

**ਵਿਸ਼ਾ : ਟੀ.ਵੀ. ਉੱਤੇ ਨੰਗੇਜ਼ਵਾਦ ਨੂੰ ਠੱਲ੍ਹ ਪਾਉਣ ਸੰਬੰਧੀ।**

ਸ੍ਰੀਮਾਨ ਜੀ,

ਮੈਂ ਆਪ ਜੀ ਨੂੰ ਅੱਜ-ਕੱਲ੍ਹ ਦੇ ਯੁੱਗ ਵਿੱਚ ਟੀ.ਵੀ. ਉੱਤੇ ਚੱਲ ਰਹੇ ਨੰਗੇਜ਼ਵਾਦ ਨੂੰ ਠੱਲ੍ਹ ਪਾਉਣ ਲਈ ਕੁਝ ਸੁਝਾਅ ਭੇਜ ਰਿਹਾ ਹਾਂ। ਕਿਰਪਾ ਕਰਕੇ ਇਸ ਨੂੰ ਆਪਣੇ ਅਖ਼ਬਾਰ ਵਿੱਚ ਛਾਪਣ ਦੀ ਕਿਰਪਾਲਤਾ ਕਰਨੀ ।

ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਪ੍ਰਸਾਰਿਤ ਹੋਣ ਵਾਲ਼ੇ ਅਸ਼ਲੀਲ ਦ੍ਰਿਸ਼ਾਂ ਦੇ ਪ੍ਰਦਰਸ਼ਨ ਵਿੱਚ ਸ਼ਾਇਦ ਹੁਣ ਮੁਕਾਬਲੇਬਾਜ਼ੀ ਹੋ ਰਹੀ ਹੈ। ਨੰਗੇਜ਼ਵਾਦ ਦਾ ਜਿਵੇਂ ਹੜ੍ਹ ਜਿਹਾ ਹੀ ਆ ਗਿਆ ਹੋਵੇ। ਨਿੱਤ ਨਵੇਂ ਤੋਂ ਨਵੇਂ ਤਰੀਕਿਆਂ ਨਾਲ਼ ਅੱਧ ਨਾਲ਼ੋਂ ਵੱਧ ਨੰਗੀਆਂ ਮਾਡਲ ਮੁੰਡੇ/ਕੁੜੀਆਂ ਅਜਿਹੇ ਸੀਨ ਪੇਸ਼ ਕਰ ਰਹੇ ਹਨ ਕਿ ਤੁਸੀਂ ਆਪਣੇ ਘਰ-ਪਰਿਵਾਰ ਵਿੱਚ ਬੈਠ ਕੇ ਇੱਕ ਮਿੰਟ ਵੀ ਟੀ.ਵੀ. ਨਹੀਂ ਵੇਖ ਸਕਦੇ। ਇਸ ਨੰਗੇਜ਼ਵਾਦ ਨੂੰ ਵਧਾਉਣ ਲਈ ਸੰਗੀਤਿਕ ਵੀਡੀਓ ਮੋਹਰੀ ਰੋਲ ਅਦਾ ਕਰ ਰਹੇ ਹਨ। ਕਲਾਕਾਰ ਨੂੰ ਭਾਵੇਂ ਗਾਉਣਾ ਆਉਂਦਾ ਹੋਵੇ ਜਾਂ ਨਾ, ਉਹ ਮਾਡਲਾਂ ਨੂੰ ਪੇਸ਼ ਜ਼ਰੂਰ ਕਰਦਾ ਹੈ। ਇਹ ਸਭ ਕੁਝ ਛੇਤੀ ਤੋਂ ਛੇਤੀ ਪੈਸੇ ਕਮਾਉਣ ਦੇ ਲਾਲਚ ਵਿੱਚ ਰਾਤੋ-ਰਾਤ ਸਟਾਰ ਬਣਨ ਦੀ ਮਨਸ਼ਾ ਨਾਲ਼ ਕੀਤਾ ਜਾ ਰਿਹਾ ਹੈ।

ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਗਾਉਣ ਵਾਲ਼ੇ ਅਤੇ ਸ਼ਰਫ਼ ਦੇ ਗੀਤ ਗਾਉਣ ਵਾਲ਼ੇ ਪੰਜਾਬੀ ਕਲਾਕਾਰ ਆਪਣੇ ਅਸਲੀ ਸੱਭਿਆਚਾਰ ਨੂੰ ਛਿੱਕੇ ਟੰਗ ਕੇ ਲੱਚਰ ਗੀਤਾਂ ਨੂੰ ਰਿਕਾਰਡ ਕਰਵਾ ਰਹੇ ਹਨ ਤੇ ਫਿਰ ਇਹਨਾਂ ਗੀਤਾਂ ਦੀਆਂ ਵੀਡੀਓ-ਸੀਡੀਆਂ ਨਾਲ਼ ਫ਼ਿਲਮਾ ਕੇ ਖ਼ੁਦ ਪੰਜਾਬੀ ਵਿਰਸੇ ਦੀਆਂ ਜੜ੍ਹਾਂ ਪੁੱਟ ਰਹੇ ਹਨ। ਉਹ ਭੁੱਲ ਗਏ ਹਨ ਕਿ ਇਹ ਗੀਤ ਸਾਡੀਆਂ ਘਰਾਂ

ਵਿੱਚ ਬੈਠੀਆਂ ਮਾਂਵਾਂ, ਭੈਣਾਂ ਤੇ ਬੱਚੀਆਂ ਨੇ ਵੀ ਸੁਣਨੇ ਹਨ। ਇਸ ਨੰਗੇਜ਼ਵਾਦ ਦਾ ਅਸਰ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ 'ਤੇ ਪੈ ਰਿਹਾ ਹੈ। ਕੁੜੀਆਂ ਮਾਡਲਾਂ ਦੀ ਰੀਸੇ ਪੱਛਮੀ ਢੰਗ ਦੇ ਕੱਪੜੇ ਪਾਉਣ ਲੱਗ ਪਈਆਂ ਹਨ।

ਸੂਝਵਾਨ ਵਿਅਕਤੀ ਇਹ ਸੋਚਣ ਲਈ ਹੁਣ ਮਜਬੂਰ ਹੋ ਗਿਆ ਹੈ ਕਿ ਇਹ ਨੰਗੇਜ਼ਵਾਦ ਦਾ ਹੜ੍ਹ ਚਿਰ ਤੋਂ ਸਾਡੀਆਂ ਪੰਜਾਬੀ ਕਦਰਾਂ-ਕੀਮਤਾਂ ਨੂੰ ਆਪਣੇ ਨਾਲ਼ ਹੀ ਨਾ ਰੋੜ੍ਹ ਕੇ ਲੈ ਜਾਵੇ। ਇਸ ਨੂੰ ਰੋਕਣ ਲਈ ਸਭ ਤੋਂ ਪਹਿਲਾਂ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਸੰਗੀਤਿਕ ਵੀਡੀਓ ਲਈ ਵੀ ਸੈਂਸਰ-ਬੋਰਡ ਬਣਾਵੇ ਤੇ ਉਸ ਨੂੰ ਸਖ਼ਤੀ ਨਾਲ਼ ਲਾਗੂ ਕਰੇ। ਇਸ ਬੋਰਡ ਵਿੱਚ ਸੂਝਵਾਨ ਪੜ੍ਹੇ-ਲਿਖੇ ਬੁੱਧੀਜੀਵੀਆਂ ਨੂੰ ਮੈਂਬਰ ਲਿਆ ਜਾਵੇ ਤਾਂਜੋ ਸਾਡੇ ਦੇਸ਼ ਦੀ ਸੱਸਕ੍ਰਿਤੀ ਅਤੇ ਸੱਭਿਆਚਾਰ ਤੋਂ ਜਾਣੂ ਹੋਣ। ਅਸ਼ਲੀਲ ਜਾਂ ਨੰਗੇਜ਼ ਪ੍ਰੋਗ੍ਰਾਮ ਪ੍ਰਸਾਰਿਤ ਕਰਨ ਵਾਲ਼ੇ ਨਿੱਜੀ ਟੀ.ਵੀ. ਚੈਨਲਾਂ ਦੇ ਮਾਲਕਾਂ ਲਈ ਵੀ ਕਨੂੰਨੀ ਸਜ਼ਾ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਟੈਲੀਵੀਜ਼ਨ-ਸਟਾਫ਼ ਨੂੰ ਵੀ ਆਪਣੀ ਸੱਭਿਅਤਾ ਪ੍ਰਤਿ ਨੈਤਿਕ ਜ਼ੁੰਮੇਵਾਰੀ ਸਮਝਦਿਆਂ ਇਸ ਨੰਗੇਜ਼ਵਾਦ ਨੂੰ ਬੰਦ ਕਰਕੇ ਸਹੀ ਪਹਿਰਾਵੇ ਵਾਲ਼ੇ ਸਾਫ਼-ਸੁਥਰੇ ਫ਼ਿਲਮਾਂਕਣ ਵਿਖਾਉਣੇ ਚਾਹੀਦੇ ਹਨ ।

ਲੋਕਾਂ ਨੂੰ ਵੀ ਚਾਹੀਦਾ ਹੈ ਕਿ ਇਸ ਵਿਰੁੱਧ ਇਕੱਠੇ ਹੋ ਕੇ ਹੰਭਲਾ ਮਾਰਨ, ਸਿਆਸੀ ਧਾਰਮਿਕ ਸੰਸਥਾਵਾਂ, ਨੌਜਵਾਨ ਸਭਾਵਾਂ ਤੇ ਕਲੱਬਾਂ ਨੂੰ ਚਾਹੀਦਾ ਹੈ ਕਿ ਉਹ ਕਿਤੇ ਵੀ ਫ਼ਿਲਮਾਏ ਜਾ ਰਹੇ ਅਜਿਹੇ ਅਖੌਤੀ ਅਖਾੜੇ ਦੇ ਸੀਨਾਂ ਦਾ ਬਾਈਕਾਟ ਕਰਨ। ਮਾਪਿਆਂ ਤੇ ਅਧਿਆਪਕਾਂ ਨੂੰ ਵੀ ਟੀ.ਵੀ. ਚੈਨਲਾਂ 'ਤੇ ਬੱਚਿਆਂ ਨੂੰ ਅਸ਼ਲੀਲ ਪ੍ਰੋਗ੍ਰਾਮ ਨਾ ਦੇਖਣ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ। ਅਖ਼ਬਾਰਾਂ ਤੇ ਰਿਸਾਲਿਆਂ ਦੇ ਮਾਲਕਾਂ ਅਤੇ ਸੰਪਾਦਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਅਜਿਹੇ ਪ੍ਰੋਗ੍ਰਾਮਾਂ ਦੀਆਂ ਫੋਟੋਆਂ ਛਾਪ ਕੇ ਇਹਨਾਂ ਨੂੰ ਹਲਾਸ਼ੇਰੀ ਨਾ ਦੇਣ।

ਸਰਕਾਰ ਨੂੰ ਚਾਹੀਦਾ ਹੈ ਕਿ ਦੇਸ ਦੀ ਸੰਸਕ੍ਰਿਤੀ ਤੇ ਸੱਭਿਆਚਾਰ ਨਾਲ਼ ਸੰਬੰਧਿਤ ਪ੍ਰੋਗ੍ਰਾਮਾਂ ਨੂੰ ਸਰਕਾਰੀ ਤੇ ਨਿੱਜੀ ਚੈਨਲਾਂ 'ਤੇ ਘੱਟੋ-ਘੱਟ ਦਰਾਂ ਨਾਲ਼ ਪ੍ਰਸਾਰਿਤ ਕਰੇ। ਸੱਭਿਆਚਾਰਿਕ ਪ੍ਰੋਗ੍ਰਾਮ ਪੇਸ਼ ਕਰਨ ਵਾਲ਼ੇ ਨਿਰਮਾਤਾਵਾਂ ਤੇ ਕਲਾਕਾਰਾਂ ਨੂੰ ਹਲਾਸ਼ੇਰੀ ਦੇਣ ਲਈ ਇਨਾਮਾਂ ਨਾਲ਼ ਵੀ ਸਨਮਾਨਿਤ ਕਰਨਾ ਚਾਹੀਦਾ ਹੈ। ਇਹ ਪ੍ਰੋਗ੍ਰਾਮ ਮਨੋਰੰਜਨ ਕਰ-ਮੁਕਤ ਵੀ ਕੀਤੇ ਜਾਣੇ ਚਾਹੀਦੇ ਹਨ।

ਸਭ ਤੋਂ ਵੱਡੀ ਗੱਲ ਚੈਨਲਾਂ ਵਾਲ਼ਿਆਂ ਨੂੰ ਇਹਨਾਂ ਨਵੇਂ ਗਾਇਕਾਂ ਤੋਂ ਮਿਲ਼ਦੀ ਮੂੰਹ-ਮੰਗੀ ਕਮਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਬਿਨਾਂ ਸੋਚੇ-ਸਮਝੇ ਤੋਂ ਇਹਨਾਂ ਅਸ਼ਲੀਲ ਵੀਡੀਓ ਨੂੰ ਰਿਲੀਜ਼ ਜਾਂ ਇਹਨਾਂ ਦੀ ਮਸ਼ਹੂਰੀ ਨਹੀਂ ਕਰਨੀ ਚਾਹੀਦੀ। ਹਰ ਇੱਕ ਨੂੰ ਸਧਾਰਨ ਪਹਿਰਾਵੇ ਤੇ ਲੰਮੀ ਸੋਚ ਦਾ ਮਾਲਕ ਹੋਣਾ ਚਾਹੀਦਾ ਹੈ। ਨਿਰਸੁਆਰਥ ਸੇਵਾ ਵਿੱਚ ਹੀ ਸਾਡਾ ਵਡੱਪਣ ਤੇ ਮਾਣ ਹੈ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,
ਪਵਨਪ੍ਰੀਤ ਸਿੰਘ,
ਕੋਟ ਖ਼ਾਲਸਾ,
ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ।

6 ਜਨਵਰੀ, 2022

## 14.

ਸੇਵਾ ਵਿਖੇ

ਮੁੱਖ ਸੰਪਾਦਕ ਸਾਹਿਬ,
'ਦੇਸ਼ ਸੇਵਕ',
ਚੰਡੀਗੜ੍ਹ।

**ਵਿਸ਼ਾ : ਵਿਦੇਸ਼ ਭੇਜਣ ਦੇ ਝਾਂਸੇ ਹੇਠ ਠੱਗੀ ਮਾਰਨ ਵਾਲ਼ਿਆਂ ਵਿਰੁੱਧ ਕਾਰਵਾਈ ਦੀ ਮੰਗ।**

ਸ੍ਰੀਮਾਨ ਜੀ,

ਮੈਂ ਇਸ ਪੱਤਰ ਰਾਹੀਂ ਝੂਠੇ ਲਾਰੇ ਲਾ ਕੇ ਭਾਰਤ ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲ਼ੀਆਂ ਏਜੰਸੀਆਂ ਤੇ ਟ੍ਰੈਵਲ-ਏਜੰਟਾਂ ਵਿਰੁੱਧ ਕਾਰਵਾਈ ਕਰਨ ਲਈ ਸਰਕਾਰ ਦਾ ਇਸ ਪਾਸੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਕਿਰਪਾ ਕਰਕੇ ਇਸ ਪੱਤਰ ਨੂੰ ਆਪਣੇ ਅਖ਼ਬਾਰ ਵਿੱਚ ਛਾਪਣ ਦੀ ਖੇਚਲ਼ ਕਰਨੀ।

ਕਨੂੰਨੀ ਜਾਂ ਗੈਰਕਨੂੰਨੀ ਢੰਗ ਨਾਲ ਵਿਦੇਸ਼ ਜਾਣ ਦੀ ਹੋੜ ਨੌਜਵਾਨਾਂ ਵਿੱਚ ਨਵੀਂ ਨਹੀਂ ਸਗੋਂ ਲੰਮੇ ਸਮੇਂ ਤੋਂ ਕਨੇਡਾ ਅਮਰੀਕਾ, ਆਸਟ੍ਰੇਲੀਆ ਤੇ ਇੰਗਲੈਂਡ ਆਦਿ ਦੀ ਚਮਕ-ਦਮਕ ਇਹਨਾਂ ਨੂੰ ਆਪਣੇ ਵੱਲ ਪ੍ਰਭਾਵਿਤ ਕਰਦੀ ਆ ਰਹੀ ਹੈ। ਇਸ ਦਾ ਸਭ ਤੋਂ ਮੁੱਖ ਕਾਰਨ ਸਾਡੇ ਦੇਸ ਵਿੱਚ ਪੜ੍ਹਿਆਂ-ਲਿਖਿਆਂ ਨੂੰ ਇੱਛਾ ਮੁਤਾਬਕ ਕੋਈ ਰੁਜ਼ਗਾਰ ਨਾ ਮਿਲ਼ਨਾ ਤੇ ਦੂਜਾ ਵਿਦੇਸ਼ਾਂ ਵਿੱਚ ਜਾ ਕੇ ਦਿਨਾਂ ਵਿੱਚ ਅਮੀਰ ਹੋਣ ਦੀ ਲਾਲਸਾ ਹੈ। ਇਹ ਨੌਜਵਾਨ ਜਦੋਂ ਉੱਥੋਂ ਦੀਆਂ ਸਹੂਲਤਾਂ, ਚਮਕ-ਦਮਕ ਤੇ ਡਾਲਰਾਂ ਤੇ ਪੌਂਡਾਂ ਦੀ ਹਿੰਦੁਸਤਾਨ ਵਿੱਚ ਕੀਮਤ ਸੁਣਦੇ ਹਨ ਤਾਂ ਝੱਟ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਉੱਧਰ ਜਾਣ ਲਈ ਤਿਆਰ ਹੋ ਜਾਂਦੇ ਹਨ। ਲੋਕ ਵਿਦੇਸ਼ ਜਾਣ ਲਈ ਢੰਗ ਵੀ ਨਵੇਂ-ਨਵੇਂ ਅਪਣਾਉਂਦੇ ਹਨ। ਕਈ ਖਿਡਾਰੀ, ਕਈ ਗਵੱਈਏ, ਕਈ ਧਾਰਮਿਕ ਨੇਤਾ, ਕਈ ਕੀਰਤਨੀਏ, ਕਈ ਢੋਲ ਵਜਾਉਣ ਵਾਲ਼ੇ ਅਤੇ ਕੋਈ ਝੂਠੀ ਸ਼ਾਦੀ ਕਰਕੇ, ਅਜਿਹੀਆਂ ਚੋਰ-ਮੋਰੀਆਂ ਭਾਲ਼ ਹੀ ਲੈਂਦੇ ਹਨ।

ਨੌਜਵਾਨਾਂ ਦੀ ਉਪਰੋਕਤ ਲਾਲਸਾ ਨੂੰ ਪੂਰਾ ਕਰਨ ਲਈ ਵਿਦੇਸ਼ ਭੇਜਣ ਵਾਲ਼ੀਆਂ ਕੰਪਨੀਆਂ, ਏਜੰਟ ਤੇ ਕਈ ਵਾਰੀ ਕਈ ਕਲਾਕਾਰ ਇਸ ਦਾ ਪੂਰਾ-ਪੂਰਾ ਲਾਹਾ ਉਠਾਉਂਦੇ ਹਨ। ਇਹ ਕੰਪਨੀਆਂ ਜਾਂ ਏਜੰਟ ਛੋਟੇ-ਵੱਡੇ ਸ਼ਹਿਰਾਂ ਵਿੱਚ ਬਣੇ ਸਜਾਵਟੀ ਦਫ਼ਤਰ ਖੋਲ੍ਹਦੇ ਹਨ ਜਿਨ੍ਹਾਂ ਵਿੱਚ ਵਿਦੇਸ਼ੀਆਂ ਦੀਆਂ ਵੱਡੀਆਂ-ਵੱਡੀਆਂ ਤਸਵੀਰਾਂ ਲਾ ਕੇ ਆਉਣ ਵਾਲ਼ਿਆਂ ਨੂੰ ਖ਼ੂਬ ਭਰਮਾਇਆ ਜਾਂਦਾ ਹੈ। ਇਹਨਾਂ ਦਫ਼ਤਰਾਂ ਵਿੱਚ ਰਿਸੈਪਸ਼ਨ 'ਤੇ ਰੱਖੀਆਂ ਬੜੀਆਂ ਮਾਡਰਨ ਕੁੜੀਆਂ ਬਾਹਰੋਂ ਆਉਣ ਵਾਲ਼ਿਆਂ 'ਤੇ ਬੜਾ ਪ੍ਰਭਾਵ ਪਾਉਂਦੀਆਂ ਹਨ। ਲੋਕਾਂ ਲਈ ਇੰਜੀਨੀਅਰ, ਡਾਕਟਰ, ਅਧਿਆਪਕ, ਪੇਂਡੂ ਲੋਕਾਂ ਲਈ ਡ੍ਰਾਈਵਰਾਂ, ਵੈੱਲਡਰਾਂ, ਕਾਰਪੈਂਟਰਾਂ ਤੇ ਕਈ ਤਰ੍ਹਾਂ ਦੇ ਮਕੈਨਿਕਾਂ ਦੀ ਮੰਗ ਕੀਤੀ ਜਾਂਦੀ ਹੈ। ਪੂਰਾ ਫ਼ਾਰਮ ਇੰਵ ਭਰਵਾਇਆ ਜਾਂਦਾ ਹੈ, ਜਿਵੇਂ ਅਮਰੀਕਾ ਦੀ ਅੰਬੈਸੀ ਦੀ ਇੰਟਰਵਿਊ ਹੋਵੇ। ਗਾਹਕ ਦੇ ਫਸਣ ਤੋਂ ਬਾਅਦ ਵੀਹ-ਪੱਚੀ ਹਜ਼ਾਰ ਅਡਵਾਂਸ ਲਿਆ ਜਾਂਦਾ ਹੈ। ਕਦੀ ਕੋਈ ਕਾਗ਼ਜ਼ ਦੀ ਘਾਟ ਤੇ ਕਦੀ ਪਾਸਪੋਰਟ ਦੀਆਂ ਕਾਪੀਆਂ ਦੱਸ ਕੇ ਸਾਲ-ਛੇ ਮਹੀਨੇ ਤਾਂ ਗਾਹਕ ਨੂੰ ਐਵੇਂ ਹੀ ਗੇੜੇ ਮਰਵਾਉਂਦੇ ਰਹਿੰਦੇ ਹਨ। ਕਈ ਚਲਾਕ ਏਜੰਟ ਤਾਂ ਇਹ ਸੌਦਾ ਅੱਠ ਜਾਂ ਦਸ ਲੱਖ ਵਿੱਚ ਵੀ ਕਰਦੇ ਵੇਖੇ ਗਏ ਹਨ। ਇਹਨਾਂ ਏਜੰਸੀਆਂ ਦੇ ਏਜੰਟ ਲੋਕਾਂ ਅੰਦਰ ਵਿਸ਼ਵਾਸ ਬਣਾਉਣ ਲਈ ਇੱਕ-ਦੋਂਹ ਨੂੰ ਕਿਸੇ ਹੋਰ ਦੇਸ ਭੇਜ ਕੇ ਕਨੇਡਾ, ਅਮਰੀਕਾ ਭੇਜ ਦੇਣ ਦਾ ਦਾਅਵਾ ਵੀ ਕਰਦੇ ਹਨ। ਇਸੇ ਤਰ੍ਹਾਂ ਕਈ ਦੇਸੀ ਲੜਕੇ ਜਾਂ ਲੜਕੀਆਂ ਨੂੰ ਵਿਦੇਸ਼ੀ ਦੱਸ ਕੇ ਵੀ ਕਈਆਂ ਦਾ ਇੱਧਰ ਵਿਆਹ ਕਰਵਾ ਦਿੰਦੇ ਹਨ ਤੇ ਪਿੱਛੋਂ ਸਭ ਕੁਝ ਲੈ ਕੇ ਦੌੜ ਜਾਂਦੇ ਹਨ।

ਇਹਨਾਂ ਏਜੰਟਾਂ ਤੇ ਏਜੰਸੀਆਂ ਤੇ ਕਬੂਤਰਬਾਜ਼ੀ ਕਰਨ ਵਾਲ਼ਿਆਂ ਵਿੱਚ ਜ਼ਿਲ੍ਹਾ ਸਦਰ-ਮੁਕਾਮਾਂ ਉੱਤੇ ਵਿਸ਼ੇਸ਼ ਸੈੱਲ ਕਾਇਮ ਕਰਨ ਦਾ ਪੰਜਾਬ ਸਰਕਾਰ ਦਾ ਫ਼ੈਸਲਾ ਇੱਕ ਸ਼ਲਾਘਾਯੋਗ ਕਦਮ ਹੈ। ਸਰਕਾਰ ਦਾ ਇਹ ਫ਼ੈਸਲਾ ਹਾਈਕੋਰਟ ਵੱਲੋਂ ਪਹਿਲਾਂ ਜਾਰੀ ਕੀਤੀ ਗਈ ਇੱਕ ਹਿਦਾਇਤ ਦੇ ਮੱਦੇਨਜ਼ਰ ਲਿਆ ਗਿਆ ਹੈ ਪਰ ਅਜੇ ਵੀ ਇਸ ਠੱਗੀ ਨੂੰ ਠੱਲ੍ਹ ਨਹੀਂ ਪਈ। ਨਿੱਤ ਨਵੀਂ ਹੇਰਾ-ਫੇਰੀ ਤੇ ਧੋਖੇਬਾਜ਼ੀ ਦੀਆਂ ਖ਼ਬਰਾਂ ਅਜੇ ਵੀ ਅਖ਼ਬਾਰਾਂ ਵਿੱਚ ਪੜ੍ਹਨ ਨੂੰ ਆਮ ਮਿਲ ਜਾਂਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਲੋਟੂ ਠੱਗਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਨੂੰਨ ਬਣਾਵੇ। ਸਰਕਾਰ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਦੇਸ ਵਿੱਚ ਹੀ ਪੜ੍ਹੇ-ਲਿਖੇ ਨੌਜਵਾਨਾਂ ਲਈ ਚੰਗੇ ਰੁਜ਼ਗਾਰ ਦੇ ਮੌਕੇ ਪੈਦਾ ਕਰੇ ਤੇ ਉਹਨਾਂ ਦੀ ਪੜ੍ਹਾਈ ਦੀ ਪੂਰੀ-ਪੂਰੀ ਕਦਰ ਇੱਥੇ ਹੀ ਪਾਈ ਜਾਵੇ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀ ਪੜ੍ਹਾਈ ਆਪਣੇ ਦੇਸ ਦੇ ਲੇਖੇ ਲਾਉਣ। ਦੇਸ ਦੀ ਸੇਵਾ ਸਮਝਣ ਤੇ ਐਵੇਂ ਬਾਹਰੀ ਚਮਕ-ਦਮਕ ਦੇ ਲਾਲਚ ਵਿੱਚ ਨਾ ਆਉਣ। ਜੇਕਰ ਕਿਸੇ ਨੌਜਵਾਨ ਨੂੰ ਅਜਿਹਾ ਮੌਕਾ ਮਿਲਦਾ ਵੀ ਹੈ ਤਾਂ ਉਹ ਚੰਗੀ ਤਰ੍ਹਾਂ ਘੋਖ-ਵਿਚਾਰ ਕਰਕੇ ਹੀ ਅੱਗੇ ਕਦਮ ਪੁੱਟੇ ਤਾਂਜੋ ਮਾਪਿਆਂ ਦੀ ਖ਼ੂਨ-ਪਸੀਨੇ ਦੀ ਵਰ੍ਹਿਆਂ ਦੀ ਕਮਾਈ ਕਿਤੇ ਕਿਸੇ ਠੱਗ ਦੇ ਹੱਥ ਨਾ ਲੱਗ ਜਾਵੇ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਜਸਵਿੰਦਰ,

ਪਿੰਡ ਤੇ ਡਾਕ ਬਾਂਡੀ,

15 ਅਪਰੈਲ, 2022

ਜ਼ਿਲ੍ਹਾ ਬਠਿੰਡਾ-151401

# 15.

ਸੇਵਾ ਵਿਖੇ

ਮੁੱਖ ਸੰਪਾਦਕ ਸਾਹਿਬ,

'ਸੱਚ ਦੀ ਪਾਰਟੀ',

ਜਲੰਧਰ।

**ਵਿਸ਼ਾ : ਪੰਜਾਬ ਰਾਜ ਵਿੱਚ ਤਥਾ-ਕਥਿਤ ਲੱਕੀ ਸਕੀਮਾਂ ਦੀ ਲੁੱਟ ਬਾਰੇ।**

ਸ੍ਰੀਮਾਨ ਜੀ,

ਮੈਂ ਇਸ ਪੱਤਰ ਰਾਹੀਂ ਪੰਜਾਬ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਵੱਖ-ਵੱਖ ਚੱਲ ਰਹੀਆਂ ਲੱਕੀ ਸਕੀਮਾਂ ਬਾਰੇ ਵਿਚਾਰ ਭੇਜ ਰਹੀ ਹਾਂ। ਮੈਨੂੰ ਯਕੀਨ ਹੈ ਕਿ ਭੋਲ਼ੇ-ਭਾਲ਼ੇ ਲੋਕਾਂ ਨੂੰ ਚਿੱਟੇ ਦਿਨ ਠੱਗੇ ਜਾਣ ਤੋਂ ਸੁਚੇਤ ਕਰਨ ਲਈ ਜ਼ਰੂਰ ਇਸ ਨੂੰ ਆਪਣੇ ਅਖ਼ਬਾਰ ਵਿੱਚ ਥਾਂ ਦਿਓਗੇ ।

ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿੱਚ ਲੱਕੀ-ਸਕੀਮਾਂ ਤੇ ਡ੍ਰਾਅ ਆਦਿ ਦਾ ਜਿਵੇਂ ਹੜ੍ਹ ਆ ਗਿਆ ਹੋਵੇ। ਹਰ ਵੱਡੇ-ਛੋਟੇ ਕਸਬੇ ਤੇ ਸ਼ਹਿਰ ਵਿੱਚ ਭਿੰਨ-ਭਿੰਨ ਨਾਂਵਾਂ ਹੇਠ ਅਜਿਹੀਆਂ ਕਈ ਧਨ-ਲੋਟੂ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਹਨਾਂ ਸਕੀਮਾਂ ਦੇ ਸੰਚਾਲਕਾਂ ਵੱਲੋਂ ਛੋਟੀਆਂ-ਛੋਟੀਆਂ ਰਕਮਾਂ ਦੀਆਂ ਕੀਮਤਾਂ ਬਦਲੇ ਲੱਕੀ ਡ੍ਰਾਅ ਦੀਆਂ ਚੀਜ਼ਾਂ ਜਾਂ ਨਕਦ ਰਾਸ਼ੀ ਪ੍ਰਾਪਤ ਹੋਣ ਦਾ ਝਾਂਸਾ ਦਿੱਤਾ ਜਾਂਦਾ ਹੈ। ਕਈ ਲਿਸ਼ਕਦੀਆਂ-ਪੁਸ਼ਕਦੀਆਂ ਚੀਜ਼ਾਂ ਗਾਹਕਾਂ ਨੂੰ ਵਿਖਾ ਕੇ ਉਹ ਭਰਮਾ ਲੈਂਦੇ ਹਨ ਤੇ ਫਿਰ ਸੌ-ਪੰਜਾਹ ਲੈ ਕੇ ਸਕੀਮ ਦਾ ਮੈਂਬਰ ਬਣਾ ਲੈਂਦੇ ਹਨ। ਫਿਰ ਕਿਸ਼ਤਾਂ ਦਾ ਦੌਰ ਚੱਲ ਪੈਂਦਾ ਹੈ। ਫਸਿਆ ਹੋਇਆ ਗਾਹਕ ਨਾ ਉਸ ਨੂੰ ਛੱਡ ਸਕਦਾ ਹੈ ਤੇ ਨਾ ਹੋਰ ਕਿਸ਼ਤਾਂ ਭਰਨ ਦੀ ਸਮਰੱਥਾ ਵਿੱਚ ਹੀ ਹੁੰਦਾ ਹੈ। ਬਹੁਤੀ ਵਾਰੀ ਡ੍ਰਾਅ ਵਿੱਚ ਨਿਕਲੀਆਂ ਵਸਤਾਂ ਨਕਲੀ ਤੇ ਘਟੀਆਂ ਗੁਣਵੱਤਾ ਦੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਗਾਹਕ ਨੂੰ ਲੈਣਾ ਹੀ ਪੈਂਦਾ ਹੈ। ਇੱਥੋਂ ਤੱਕ ਕਿ ਕਈ ਪੜ੍ਹੇ-ਲਿਖੇ ਲੋਕ ਵੀ ਇਹਨਾਂ ਦੇ ਝਾਂਸੇ ਵਿੱਚ ਫਸ ਕੇ ਧਨ ਲੁਟਾ ਬੈਠਦੇ ਹਨ। ਸਕੀਮਾਂ ਦੇ ਸੰਚਾਲਕ ਵਿਗਿਆਨ ਦਾ ਸਹਾਰਾ ਲੈ ਕੇ ਗਾਹਕਾਂ ਨੂੰ ਬੜੀ ਚਲਾਕੀ ਨਾਲ਼ ਇੱਧਰ ਪ੍ਰੇਰ ਲੈਂਦੇ ਹਨ ਤੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਦੋ-ਚਾਰ ਲੱਕੀ ਡ੍ਰਾਅ ਕੱਢ ਵੀ ਦਿੰਦੇ ਹਨ ਤੇ ਉਹ ਵੀ ਆਪਣੇ ਕਿਸੇ ਸਕੇ-ਸੰਬੰਧੀਆਂ ਨੂੰ। ਦੂਸਰੇ ਗਾਹਕ ਜਦੋਂ ਕਿਸੇ ਦਾ ਡ੍ਰਾਅ ਨਿਕਲ਼ਿਆ ਵੇਖਦੇ ਹਨ ਤਾਂ ਉਹ ਹੋਰ ਵੀ ਲਲਚਾ ਜਾਂਦੇ ਹਨ ਤੇ ਇਸ ਵਿੱਚ ਪੈਸਾ ਲਾਉਣਾ ਸ਼ੁਰੂ ਕਰ ਦਿੰਦੇ ਹਨ।

ਇਹਨਾਂ ਸਕੀਮਾਂ ਦੇ ਸੰਚਾਲਕ ਬਹੁਤੀ ਵਾਰੀ ਦੂਰ-ਦੁਰਾਡੇ ਦੇ ਵੱਡੇ ਸ਼ਹਿਰਾਂ, ਜਿਵੇਂ ਦਿੱਲੀ ਕਲੱਕਤਾ ਤੇ ਮਦਰਾਸ ਆਦਿ ਤੋਂ ਆਉਂਦੇ ਹਨ ਤੇ ਲੋਕਾਂ ਦੇ ਦਿਲਾਂ ਅੰਦਰ ਵਿਸ਼ਵਾਸ ਬਿਠਾਉਣ ਲਈ ਵੱਡੀ ਸਾਰੀ ਕੋਠੀ ਜਾਂ ਦੁਕਾਨ ਕਿਰਾਏ 'ਤੇ ਲੈ ਲੈਂਦੇ ਹਨ ਅਤੇ ਮੋਟੀਆਂ ਰਕਮਾਂ ਵਾਲ਼ੀਆਂ ਵਸਤਾਂ ਨੂੰ ਸਜਾ ਕੇ ਗਾਹਕਾਂ ਨੂੰ ਭਰਮਾਉਂਦੇ ਹਨ। ਭੋਲ਼ੇ-ਭਾਲ਼ੇ ਲੋਕ ਵਿਸ਼ਵਾਸ ਕਰਕੇ ਪੈਸੇ ਜਮ੍ਹਾ ਕਰਵਾਉਣੇ ਸ਼ੁਰੂ ਕਰ ਦਿੰਦੇ ਹਨ। ਫਿਰ ਕੁਝ ਹੀ ਦਿਨਾਂ ਬਾਅਦ ਇਹ ਸਕੀਮਾਂ ਦੇ ਸੰਚਾਲਕ ਲੋਕਾਂ ਨੂੰ ਚਕਮਾ ਦੇ ਕੇ ਖਿਸਕ ਜਾਂਦੇ ਹਨ ਤੇ ਵਿਚਾਰੇ ਗਾਹਕ ਹੱਥ ਮਲ਼ਦੇ ਰਹਿ ਜਾਂਦੇ ਹਨ। ਇਹਨਾਂ ਸੰਚਾਲਕਾਂ ਦੇ ਨਾ ਕਿਸੇ ਥਾਂ-ਟਿਕਾਣੇ ਦਾ ਪਤਾ ਹੁੰਦਾ ਹੈ, ਨਾ ਕੋਈ ਅੱਗਾ-ਪਿੱਛਾ। ਕਦੇ-ਕਦੇ ਪੁਲਿਸ ਵੀ ਇਹਨਾਂ ਨਾਲ਼ ਰਲ਼ੀ ਹੋਣ ਕਰਕੇ ਕੋਈ ਪੁੱਛ-ਪੜਤਾਲ ਨਹੀਂ ਕਰਦੀ।

ਇਹਨਾਂ ਸਕੀਮਾਂ ਦੇ ਸੰਚਾਲਕਾਂ ਕੋਲ਼ ਠੱਗੀ ਦਾ ਇੱਕ ਹੋਰ ਤਰੀਕਾ ਵੀ ਹੈ। ਅਖ਼ਬਾਰ ਵਿੱਚ ਸੋਲ਼ਾਂ ਜਾਂ ਪੱਚੀ ਖ਼ਾਨਿਆਂ ਦਾ ਇੱਕ ਵਰਗ ਦਿੱਤਾ ਜਾਂਦਾ ਹੈ ਅਤੇ ਇਸ ਵਰਗ ਵਿੱਚ ਵਿਸ਼ੇਸ਼ ਤਰਤੀਬ ਨਾਲ਼ ਅੰਕਾਂ ਨੂੰ ਭਰਨ ਲਈ ਕਿਹਾ ਜਾਂਦਾ ਹੈ ਤੇ ਇਸ ਦਾ ਅੰਤਿਮ ਫ਼ੈਸਲਾ ਸਕੀਮ ਦੇ ਜੱਜਾਂ ਦੇ ਹੱਥਾਂ ਵਿੱਚ ਦਿੱਤਾ ਜਾਂਦਾ ਹੈ ਤੇ ਇਸ ਦੇ ਵਿਰੁੱਧ ਕੋਈ ਅਪੀਲ ਵੀ ਨਹੀਂ ਹੋ ਸਕਦੀ। ਵਰਗ ਵਿੱਚ ਠੀਕ ਅੰਕ ਭਰਨ ਵਾਲ਼ੇ ਨੂੰ ਅੱਧੀ ਕੀਮਤ ਤੇ ਵਿਦੇਸ਼ੀ ਰੇਡੀਓ, ਘੜੀ ਜਾਂ ਕੈਮਰਾ ਆਦਿ ਦੇਣ ਦਾ ਵਾਇਦਾ ਕੀਤਾ ਜਾਂਦਾ ਹੈ। ਵਰਗ ਭਰਨ ਵਾਲ਼ਿਆਂ ਕੋਲ਼ੋਂ ਕੋਈ ਦਾਖ਼ਲਾ-ਫ਼ੀਸ ਵੀ ਨਹੀਂ ਲਈ ਜਾਂਦੀ ਕੇਵਲ ਉੱਤਰ-ਟਿਕਟਾਂ ਮੰਗੀਆਂ ਜਾਂਦੀਆਂ ਹਨ। ਜਿਨ੍ਹਾਂ ਦੇ ਉੱਤਰ ਠੀਕ ਹੁੰਦੇ ਹਨ, ਸਕੀਮ ਦੇ ਸੰਚਾਲਕ ਉਹਨਾਂ ਨੂੰ ਵੀ.ਪੀ.ਪੀ. ਰਾਹੀਂ ਬੰਦ ਕਰਕੇ ਰੇਡੀਓ, ਕੈਮਰਾ ਜਾਂ ਘੜੀ ਆਦਿ ਭੇਜ ਦਿੰਦੇ ਹਨ। ਇਨਾਮ-ਜੇਤੂ ਆਪਣੇ ਖ਼ਿਆਲ ਮੁਤਾਬਕ ਅੱਧੀ ਕੀਮਤ 'ਤੇ ਵਿਦੇਸ਼ੀ ਵਸਤੂ ਲੈ ਰਿਹਾ ਹੁੰਦਾ ਹੈ। ਉਹ ਖ਼ੁਸ਼ੀ-ਖ਼ੁਸ਼ੀ ਬੜੇ ਚਾਅ ਵਿੱਚ ਅੱਧੀ ਕੀਮਤ ਭਰ ਕੇ ਪਾਰਸਲ ਛੁਡਾ ਲੈਂਦਾ ਹੈ ਪਰ ਜਦੋਂ ਪਾਰਸਲ ਖੋਲ੍ਹਿਆ ਜਾਂਦਾ ਹੈ ਤਾਂ ਬਾਹਰੀ ਲਿਸ਼ਕ-ਪੁਸ਼ਕ ਤਾਂ ਵਿਦੇਸ਼ੀ ਹੀ ਹੁੰਦੀ ਹੈ ਪਰ ਅੰਦਰਲੀ ਮਸ਼ੀਨਰੀ ਅਤਿ ਦਰਜੇ ਦੀ ਘਟੀਆ ਤੇ ਨਕਲੀ ਹੁੰਦੀ ਹੈ ਜਿਸ ਦੀ ਕੀਮਤ ਮਸਾਂ ਦੋ ਵਾਈ

ਸੌ ਰੁਪਏ ਤੋਂ ਵੱਧ ਨਹੀਂ ਹੁੰਦੀ ਤੇ ਗਾਹਕ ਨੇ ਪੰਜ ਸੌ ਤੋਂ ਹਜ਼ਾਰ ਰੁਪਏ ਕੀਮਤ ਭਰੀ ਹੁੰਦੀ ਹੈ। ਉਹ ਵਿਚਾਰਾ ਸਿਰ ਫੜ ਕੇ ਬੈਠ ਜਾਂਦਾ ਹੈ, ਉਸ ਦੀ ਹਾਲਤ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲ਼ੀ ਹੋ ਜਾਂਦੀ ਹੈ।

ਮੇਰੀ ਸਮਝ ਵਿੱਚ ਇਹ ਲੱਕੀ ਸਕੀਮਾਂ, ਲਾਟਰੀਆਂ ਤੇ ਡ੍ਰਾਅ ਆਦਿ ਸਭ ਜੂਏਬਾਜ਼ੀ ਦੇ ਆਧੁਨਿਕ ਰੂਪ ਹੀ ਹਨ ਜੋ ਭਿੰਨ-ਭਿੰਨ ਨਾਂਵਾਂ ਹੇਠ ਚਲਾਏ ਜਾਂਦੇ ਹਨ ਅਤੇ ਦਿਨ-ਦਿਹਾੜੇ ਭੋਲ਼ੇ-ਭਾਲ਼ੇ ਲੋਕਾਂ ਦੀਆਂ ਜੇਬਾਂ ਕੱਟੀਆਂ ਜਾਂਦੀਆਂ ਹਨ। ਇਹ ਲੋਕ ਸਰਕਾਰ ਦਾ ਮੂੰਹ ਬੰਦ ਕਰਨ ਲਈ ਵੀ ਥੋੜ੍ਹਾ-ਬਹੁਤ ਟੈਕਸ ਭਰ ਕੇ ਆਪਣੇ ਆਪ ਨੂੰ ਦੁੱਧ-ਧੋਤੇ ਸਾਬਤ ਕਰ ਲੈਂਦੇ ਹਨ।

ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਅਜਿਹੀਆਂ ਧਨ-ਲੋਟੂ ਸਕੀਮਾਂ ਨੂੰ ਤੁਰੰਤ ਕਨੂੰਨ-ਵਿਰੋਧੀ ਕਰਾਰ ਦੇ ਕੇ ਬੰਦ ਕਰ ਦੇਵੇ ਤਾਂਜੋ ਭੋਲ਼ੇ-ਭਾਲ਼ੇ ਲੋਕਾਂ ਨੂੰ ਇਸ ਲੁੱਟ ਤੋਂ ਬਚਾਇਆ ਜਾ ਸਕੇ। ਜਦ ਵੀ ਕਿਸੇ ਸ਼ਹਿਰ ਜਾਂ ਕਸਬੇ ਵਿੱਚ ਅਜਿਹੀ ਸਕੀਮ ਦੀ ਭਿਣਕ ਪਵੇ, ਫੌਰੀ ਤੌਰ 'ਤੇ ਸਰਕਾਰੀ ਅਮਲਾ ਉਸ ਦੀ ਖ਼ਬਰ ਲਵੇ ਤੇ ਪੂਰੀ ਪੁੱਛ-ਪੜਤਾਲ ਕਰੇ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਅਜਿਹੇ ਚਾਲਬਾਜ਼ਾਂ ਤੋਂ ਗੁਰੇਜ਼ ਕਰਨ ਤੇ ਆਪਣਾ ਧਨ ਕੇਵਲ ਸਰਕਾਰੀ ਸਕੀਮਾਂ, ਜਿਵੇਂ ਡਾਕਖਾਨੇ ਤੇ ਬੈਂਕਾਂ ਆਦਿ ਵਿੱਚ ਹੀ ਲਾਉਣ।

ਧੰਨਵਾਦ ਸਹਿਤ,

ਆਪ ਜੀ ਦੀ ਸ਼ੁੱਭਚਿੰਤਕ,

ਅਮਾਨਤ ਕੌਰ,

ਪਿੰਡ ਝੰਡੂਵਾਲਾ,

21 ਅਪਰੈਲ, 2022

ਜ਼ਿਲ੍ਹਾ ਫਿਰੋਜ਼ਪੁਰ।

## 16.

ਸੇਵਾ ਵਿਖੇ

ਸੰਪਾਦਕ ਸਾਹਿਬ,

'ਸਪੋਕਸਮੈਨ'

ਮੁਹਾਲ਼ੀ।

**ਵਿਸ਼ਾ : ਪਿੰਡਾਂ ਅਤੇ ਕਸਬਿਆਂ ਵਿੱਚ ਲਾਇਬ੍ਰੇਰੀਆਂ ਦੀ ਘਾਟ ਸੰਬੰਧੀ ।**

ਸ੍ਰੀਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਮੈਂ ਇਸ ਪੱਤਰ ਰਾਹੀਂ ਪਿੰਡਾਂ ਅਤੇ ਕਸਬਿਆਂ ਵਿੱਚ ਲਾਇਬ੍ਰੇਰੀਆਂ ਦੀ ਘਾਟ ਬਾਰੇ ਆਪਣੇ ਵਿਚਾਰ ਤੁਹਾਡੇ ਪਾਠਕਾਂ ਨਾਲ਼ ਸਾਂਝੇ ਕਰ ਕੇ ਇਸ ਦੀ ਅਹਿਮੀਅਤ ਅਤੇ ਸੁਝਾਅ ਲਿਖ ਕੇ ਭੇਜ ਰਿਹਾ ਹਾਂ। ਕਿਰਪਾ ਕਰਕੇ ਇਸ ਨੂੰ ਆਪਣੇ ਅਖ਼ਬਾਰਾਂ ਵਿੱਚ ਛਾਪਣ ਦੀ ਕਿਰਪਾਲਤਾ ਕਰਨੀ।

ਲਾਇਬ੍ਰੇਰੀ ਗਿਆਨ ਦਾ ਸ੍ਰੋਤ ਹੈ। ਇਸ ਦਾ ਸਾਡੇ ਆਧੁਨਿਕ ਜੀਵਨ ਵਿੱਚ ਬੜਾ ਮਹੱਤਵ ਹੈ। ਇੱਥੇ ਬੈਠ ਕੇ ਆਮ ਆਦਮੀ ਗਿਆਨ ਦੀ ਮਹੱਤਤਾ ਤੋਂ ਜਾਣੂ ਹੋ ਸਕਦਾ ਹੈ ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਨਾ ਕੇਵਲ ਪਿੰਡਾਂ ਵਿੱਚ ਹੀ ਸਗੋਂ ਸ਼ਹਿਰਾਂ ਵਿੱਚ ਵੀ ਲਾਇਬ੍ਰੇਰੀਆਂ ਦੀ ਭਾਰੀ ਘਾਟ ਹੈ।

ਭਾਰਤ ਦੀ ਹਰ ਭਾਸ਼ਾ ਵਿੱਚ ਮਣਾਂ-ਮੂੰਹੀਂ ਸਾਹਿਤ ਹਰ ਰੋਜ਼ ਛਪ ਰਿਹਾ ਹੈ। ਅਨੇਕਾਂ ਰਿਸਾਲੇ, ਅਖ਼ਬਾਰਾਂ ਅਤੇ ਪੁਸਤਕਾਂ ਹਰ ਪੱਖੋਂ ਹੋ ਰਹੀ ਤਬਦੀਲੀ ਨੂੰ ਪੇਸ਼ ਕਰਨ ਲਈ ਛਪ ਰਹੀਆਂ ਹਨ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਹਨਾਂ ਪੁਸਤਕਾਂ ਅਤੇ ਰਿਸਾਲਿਆਂ ਦੀਆਂ ਕੀਮਤਾਂ ਆਮ ਪਾਠਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਹਨ ਇਸ ਲਈ ਉਹ ਇਹਨਾਂ ਨੂੰ ਨਹੀਂ ਖ਼ਰੀਦਦੇ। ਇਸ ਦਾ ਸਭ ਤੋਂ ਸੌਖਾ ਤੇ ਵਧੀਆ ਹੱਲ ਇਹ ਹੈ ਕਿ ਹਰ ਸ਼ਹਿਰ ਅਤੇ ਪਿੰਡ ਵਿੱਚ ਲਾਇਬ੍ਰੇਰੀ ਸਥਾਪਿਤ ਕੀਤੀ ਜਾਵੇ ਜਿਸ ਵਿੱਚ ਹਰ ਪ੍ਰਕਾਰ ਦੀਆਂ ਕਿਤਾਬਾਂ ਹੋਣ ਜਿਨ੍ਹਾਂ ਨੂੰ ਪੜ੍ਹ ਕੇ ਲੋਕੀਂ ਗਿਆਨ ਪ੍ਰਾਪਤ ਕਰ ਸਕਣ।

ਪਿੰਡਾਂ ਦੀ ਮੌਜੂਦਾ ਹਾਲਤ ਇਹ ਹੈ ਕਿ ਲੋਕੀਂ ਵਿਹਲੇ ਸਮੇਂ ਵਿੱਚ ਜਾਂ ਟੋਲੀਆਂ ਬਣਾ ਕੇ ਘੰਟਿਆਂਬੱਧੀ ਤਾਸ਼ ਖੇਡਦੇ ਹਨ ਜਾਂ ਨਸ਼ਿਆਂ ਵਿੱਚ ਗ਼ਲਤਾਨ ਹੋ ਕੇ ਲਹੂ ਸੁਕਾ ਰਹੇ ਹਨ। ਜ਼ਰਦਾ ਖਾ-ਖਾ ਕੇ ਆਪਣਾ ਸਰੀਰ ਅਤੇ ਦੰਦ ਖ਼ਰਾਬ ਕਰ ਰਹੇ ਹਨ। ਉਹ ਪੋਸਤ

ਦੇ ਡੋਡੇ ਉਬਾਲ ਕੇ ਪੀਂਦੇ ਹਨ। ਆਥਣੇ ਅਧੀਆ-ਪਊਆ ਪੀਣੀ ਵੀ ਟਹੁਰ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਇਹ ਸਭ ਕੁਝ ਅਗਿਆਨਤਾ ਕਰਕੇ ਹੀ ਤਾਂ ਹੈ। ਸ੍ਵੈ-ਕਾਬੂ ਜਾਂ ਸੰਜਮ ਦੀ ਜਾਚ ਵਿਚਾਰੇ ਪੇਂਡੂ ਅਸਾਨੀ ਨਾਲ਼ ਨਹੀਂ ਸਿੱਖਦੇ। ਲਗ-ਪਗ ਇਹੀ ਹਾਲ ਕਸਬਿਆਂ ਅਤੇ ਸ਼ਹਿਰਾਂ ਦਾ ਹੈ। ਸੋ, ਜੇ ਪਿੰਡਾਂ ਤੇ ਸ਼ਹਿਰਾਂ ਵਿੱਚ ਲਾਇਬ੍ਰੇਰੀਆਂ ਹੋਣ ਤਾਂ ਲੋਕੀਂ ਚੰਗੇਰੀ ਜੀਵਨ-ਜਾਚ ਗ੍ਰਹਿਣ ਕਰਕੇ ਵਧੀਆ ਮਨੁੱਖ ਬਣ ਸਕਦੇ ਹਨ। ਜਾਗ੍ਰਿਤੀ ਦੇ ਆਉਣ ਨਾਲ਼ ਲੜਾਈ-ਝਗੜੇ ਵੀ ਘਟਣਗੇ ਅਤੇ ਆਪਸੀ ਪ੍ਰੇਮ ਵੀ ਵਧੇਗਾ।

ਪੰਜਾਬ ਸਰਕਾਰ ਨੇ ਬੇਸ਼ੱਕ ਜ਼ਿਲ੍ਹਾ-ਪੱਧਰ 'ਤੇ ਇਹਨਾਂ ਲਾਇਬ੍ਰੇਰੀਆਂ ਦੀ ਸਥਾਪਨਾ ਕੀਤੀ ਹੋਈ ਹੈ ਪਰ ਇਹ ਕੇਵਲ ਵੱਡੇ ਸ਼ਹਿਰਾਂ ਵਿੱਚ ਹੀ ਨਜ਼ਰ ਆਉਂਦੀਆਂ ਹਨ। ਛੋਟੇ ਕਸਬਿਆਂ ਅਤੇ ਪਿੰਡਾਂ ਵਿੱਚ ਤਾਂ ਇਹਨਾਂ ਦਾ ਨਾਂ-ਨਿਸ਼ਾਨ ਹੀ ਨਹੀਂ। ਜੇ ਕਿਧਰੇ ਇਹਨਾਂ ਦੇ ਉਪਰਾਲੇ ਕੀਤੇ ਵੀ ਗਏ ਹਨ ਤਾਂ ਉੱਥੇ ਕੁਝ ਕੁ ਅਖ਼ਬਾਰਾਂ ਤੇ ਘਸੇ-ਪਿਟੇ ਰਿਸਾਲਿਆ ਤੋਂ ਬਿਨਾਂ ਹੋਰ ਕੁਝ ਨਹੀਂ ਮਿਲ਼ਦਾ। ਪੁਸਤਕਾਂ ਤਾਂ ਮਿਲ਼ਦੀਆਂ ਹੀ ਨਹੀਂ। ਜੇ ਹੈ ਵੀ ਤਾਂ ਬਾਬੇ ਆਦਮ ਵੇਲ਼ੇ ਦਾ ਸਾਹਿਤ ਤੇ ਉਹ ਵੀ ਫਟਿਆ-ਪੁਰਾਣਾ ਤੇ ਬੋਦਾ ਹੋਇਆ ਮਿਲ਼ਦਾ ਹੈ।

ਅੱਜ ਦੇ ਵਿਗਿਆਨ ਦੇ ਯੁੱਗ ਵਿੱਚ ਖੇਤੀ ਵਰਗਾ ਧੰਦਾ ਵੀ ਤਕਨੀਕੀ ਬਣਦਾ ਜਾ ਰਿਹਾ ਹੈ। ਇਸ ਲਈ ਖੇਤੀ ਕਰਨ ਵਾਲ਼ੇ ਪਿੰਡਾਂ ਦੇ ਅੱਸੀ ਫ਼ੀਸਦੀ ਲੋਕਾਂ ਲਈ ਵਿਸ਼ੇਸ਼ ਗਿਆਨ ਦੀ ਲੋੜ ਹੈ ਜੋ ਕੇਵਲ ਇਹ ਲਾਇਬ੍ਰੇਰੀਆਂ ਹੀ ਪੂਰਾ ਕਰ ਸਕਦੀਆਂ ਹਨ। ਪਰ ਇਹ ਸਹੂਲਤ ਪਿੰਡਾਂ ਅਤੇ ਕਸਬਿਆਂ ਤੱਕ ਪਹੁੰਚਦੀ ਹੀ ਨਹੀਂ, ਇਸ ਦਾ ਵੱਡਾ ਕਾਰਨ ਸਾਹਿਤ ਦੀ ਘਾਟ ਹੈ।

ਮੇਰੀ ਸਰਕਾਰ ਅੱਗੇ ਪੁਰਜ਼ੋਰ ਬੇਨਤੀ ਹੈ ਕਿ ਉਹ ਪਿੰਡਾਂ ਤੇ ਕਸਬਿਆਂ ਵਿੱਚ ਇਸ ਦੀ ਅਹਿਮੀਅਤ ਨੂੰ ਧਿਆਨ ਵਿੱਚ ਰੱਖਦੇ ਹੋਏ, ਪਬਲਿਕ-ਲਾਇਬ੍ਰੇਰੀਆਂ ਖੋਲ੍ਹੇ। ਇਹਨਾਂ ਦਾ ਪ੍ਰਬੰਧ ਪੰਚਾਇਤਾਂ ਅਤੇ ਨਗਰ-ਪੰਚਾਇਤਾਂ ਨੂੰ ਸੌਂਪਿਆ ਜਾ ਸਕਦਾ ਹੈ। ਇਹਨਾਂ ਲਾਇਬ੍ਰੇਰੀਆਂ ਨੂੰ ਚਲਾਉਣ ਲਈ ਸਰਕਾਰ ਨੂੰ ਦਿਲ ਖੋਲ੍ਹ ਕੇ ਗ੍ਰਾਂਟਾਂ ਦੇਣੀਆਂ ਚਾਹੀਦੀਆਂ ਹਨ। ਖੇਤੀ ਦੀ ਨਵੀਂ ਤਕਨੀਕ ਨਾਲ਼ ਸੰਬੰਧਿਤ ਸਾਹਿਤ, ਲੋਕਾਂ ਨੂੰ ਖ਼ੁਸ਼ੀ ਪ੍ਰਦਾਨ ਕਰਨ ਵਾਲ਼ੀਆਂ ਮਨੋਰੰਜਕ ਪੁਸਤਕਾਂ, ਬੱਚਿਆਂ ਦੇ ਮਤਲਬ ਦੀਆਂ ਕਿਤਾਬਾਂ ਅਤੇ ਘਰੇਲੂ ਕੰਮ-ਕਾਜ ਕਰਨ ਵਾਲ਼ੀਆਂ ਸੁਆਣੀਆਂ ਲਈ ਵੀ ਕੁਝ ਸਾਹਿਤ ਇਹਨਾਂ ਲਾਇਬ੍ਰੇਰੀਆਂ ਵਿੱਚ ਉਪਲਬਧ ਕਰਨਾ ਚਾਹੀਦਾ ਹੈ ਤਾਂਜੋ ਸਮੁੱਚੇ ਪੇਂਡੂ-ਜੀਵਨ ਦਾ ਵਿਕਾਸ ਹੋ ਸਕੇ। ਨੌਜਵਾਨ-ਸਭਾਵਾਂ ਅਤੇ ਸਮਾਜ-ਭਲਾਈ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਕੰਮ ਵਿੱਚ ਸਰਕਾਰ ਨੂੰ ਸਹਿਯੋਗ ਦੇਣ। ਇਸ ਤਰ੍ਹਾਂ ਕਰਨ ਨਾਲ਼ ਕੁਝ ਵਰ੍ਹਿਆਂ ਵਿੱਚ ਹੀ ਦੇਸ ਦੀ ਨੁਹਾਰ ਬਦਲ ਸਕਦੀ ਹੈ। ਇਹ ਮੇਰਾ ਪੱਕਾ ਯਕੀਨ ਹੈ।

ਧੰਨਵਾਦ ਸਹਿਤ,

ਆਪ ਜੀ ਦੀ ਵਿਸ਼ਵਾਸਪਾਤਰ,
ਪ੍ਰਭਜੋਤ ਕੌਰ,
15 ਮਈ, 2022 ਨਰੂਆਣਾ ਰੋਡ,
ਬਠਿੰਡਾ।

**ਸੰਪਾਦਕ ਨੂੰ ਪੱਤਰ ਲਿਖਣ ਦੇ ਅਭਿਆਸ ਲਈ ਕੁਝ ਹੋਰ ਵਿਸ਼ੇ ਹੇਠਾਂ ਦਿੱਤੇ ਜਾ ਰਹੇ ਹਨ—**

1. ਬੱਚੇ ਚੁੱਕਣ ਦੀਆਂ ਵਾਰਦਾਤਾਂ ਬਾਰੇ।
2. ਸੜਕਾਂ ਉੱਤੇ ਖੁੱਲ੍ਹੇ ਸ਼ਰਾਬ ਦੇ ਠੇਕਿਆਂ ਬਾਰੇ।
3. ਨਸ਼ਿਆਂ ਦੀ ਸਮੱਸਿਆ ਬਾਰੇ।
4. ਝੁੱਗੀਆਂ-ਝੌਂਪੜੀਆਂ ਵਾਲ਼ਿਆਂ ਦੀ ਸਮੱਸਿਆ ਬਾਰੇ।
5. ਕਿਸੇ ਸੱਭਿਆਚਾਰਿਕ ਪ੍ਰੋਗ੍ਰਾਮ ਬਾਰੇ।
6. ਪੇਂਡੂ ਹਸਪਤਾਲਾਂ ਦੀ ਹਾਲਤ ਬਾਰੇ।
7. ਆਪਣੇ ਇਲਾਕੇ ਦੀ ਬੱਸ-ਸੇਵਾ ਬਾਰੇ।
8. ਕਿਸੇ ਚੰਗੇ ਕਰਮਚਾਰੀ ਦੀ ਸਿਫ਼ਤ ਬਾਰੇ।

9. ਨਕਲੀ ਦਵਾਈਆਂ ਦੇ ਖ਼ਤਰੇ ਬਾਰੇ।
10. ਅਵਾਰਾ ਪਸ਼ੂਆਂ ਦੀਆਂ ਸਮੱਸਿਆਵਾਂ ਬਾਰੇ
11. ਆਲ਼ਾ-ਦੁਆਲ਼ਾ ਸਾਫ਼-ਸੁਥਰਾ ਰੱਖਣ ਬਾਰੇ।
12. ਟ੍ਰੈਫ਼ਿਕ ਦੀ ਸਮੱਸਿਆ ਬਾਰੇ
13. ਸਰਬ-ਜਨਿਕ ਥਾਂਵਾਂ ਨੂੰ ਸੁੰਦਰ ਬਣਾਉਣ ਬਾਰੇ।
14. ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਇਬ੍ਰੇਰੀਆਂ ਦੀ ਘਾਟ ਬਾਰੇ।
15. ਸਮਾਜਿਕ ਬੁਰਾਈਆਂ ਬਾਰੇ।
16. ਪਛੜੇ ਇਲਾਕੇ ਦੇ ਵਿਕਾਸ ਦੀ ਮੰਗ ਬਾਰੇ।
17. ਸੜਕਾਂ ਦੀ ਹਾਲਤ ਸੁਧਾਰਨ ਬਾਰੇ।
18. ਵਾਤਾਵਰਨ 'ਚ ਫੈਲ ਰਹੇ ਪ੍ਰਦੂਸ਼ਣ ਬਾਰੇ।
19. ਇੰਟਰਨੈੱਟ ਰਾਹੀਂ ਹੁੰਦੀਆਂ ਠੱਗੀਆਂ ਬਾਰੇ।
20. ਕਿਸਾਨਾਂ ਦੀਆਂ ਅਹਿਮ ਸਮੱਸਿਆਵਾਂ ਬਾਰੇ।

❋ ❋ ❋

# ਅਧਿਆਇ-4

# ਇਸ਼ਤਿਹਾਰ/ਸੱਦਾ-ਪੱਤਰ

## ਇਸ਼ਤਿਹਾਰ

ਅੱਜ ਦੇ ਯੁੱਗ ਨੂੰ ਇਸ਼ਤਿਹਾਰਬਾਜ਼ੀ ਦਾ ਯੁੱਗ ਕਿਹਾ ਜਾਂਦਾ ਹੈ। ਕਿਸੇ ਅਖ਼ਬਾਰ ਜਾਂ ਮੈਗਜ਼ੀਨ ਦੇ ਪੰਨੇ ਫਰੋਲੋ ਤਾਂ ਭਾਂਤ-ਭਾਂਤ ਦੇ ਇਸ਼ਤਿਹਾਰ ਛਪੇ ਮਿਲਨਗੇ। ਸਨਿੱਚਰਵਾਰ ਅਤੇ ਐਤਵਾਰ ਦੇ ਅੰਕਾਂ ਵਿੱਚ ਤਾਂ ਅਨੇਕਾਂ ਪੰਨੇ ਇਸ਼ਤਿਹਾਰਾਂ ਨਾਲ ਹੀ ਭਰੇ ਹੁੰਦੇ ਹਨ।

ਇਹ ਇਸ਼ਤਿਹਾਰ ਮੁੱਖ ਤੌਰ 'ਤੇ ਦੋ ਪ੍ਰਕਾਰ ਦੇ ਹੁੰਦੇ ਹਨ। ਇੱਕ ਤਾਂ ਉਹ ਜਿਹੜੇ ਕਿਸੇ ਨੇ ਨਿੱਜੀ ਛਪਵਾਏ ਹੁੰਦੇ ਹਨ, ਜਿਵੇਂ : ਵਿਆਹ ਸੰਬੰਧੀ, ਗੁੰਮ ਗਈ ਕਿਸੇ ਵਸਤ ਸੰਬੰਧੀ, ਨਾਂ ਬਦਲਣ ਸੰਬੰਧੀ, ਕਰਜ਼ਾ, ਅਸਾਮੀਆਂ, ਜ਼ਮੀਨ-ਵਿਕਾਊ ਦੀ ਸੂਚਨਾ, ਕਤੂਰੇ-ਵਿਕਾਊ ਸੂਚਨਾ ਆਦਿ ਬਾਰੇ। ਦੂਜੇ ਇਸ਼ਤਿਹਾਰ ਪ੍ਰਾਈਵੇਟ ਜਾਂ ਸਰਕਾਰੀ ਸੰਸਥਾਵਾਂ ਦੇ ਹੁੰਦੇ ਹਨ। ਇਸ ਅਧਿਆਇ ਵਿੱਚ ਪਹਿਲੀ ਕਿਸਮ ਦੇ ਇਸ਼ਤਿਹਾਰਾਂ ਬਾਰੇ ਵਿਚਾਰ ਕੀਤੀ ਜਾ ਰਹੀ ਹੈ। ਇਸ ਵੰਨਗੀ ਦੇ ਇਸ਼ਤਿਹਾਰ ਲਿਖਣ ਦੀ ਲੋੜ ਆਮ ਨਾਗਰਿਕ ਨੂੰ ਪੈਂਦੀ ਹੈ।

ਇਸ਼ਤਿਹਾਰਬਾਜ਼ੀ ਤਰ੍ਹਾਂ-ਤਰ੍ਹਾਂ ਦੇ ਸਾਧਨਾਂ ਰਾਹੀਂ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਅਖ਼ਬਾਰ, ਰੇਡੀਓ ਅਤੇ ਟੀ.ਵੀ. ਮੁੱਖ ਸਾਧਨ ਹਨ।

ਇਸ਼ਤਿਹਾਰ ਕਿਉਂ ਦਿੱਤੇ ਜਾਂਦੇ ਹਨ ? ਆਮ ਅਰਥਾਂ ਵਿੱਚ ਇਸ਼ਤਿਹਾਰ ਨੂੰ ਮਸ਼ਹੂਰੀ ਕਿਹਾ ਜਾਂਦਾ ਹੈ ਭਾਵ ਕਿਸੇ ਚੀਜ਼ ਜਾਂ ਗੱਲ ਬਾਰੇ ਸੂਚਨਾ ਬਹੁਤਿਆਂ ਤੱਕ ਪਹੁੰਚਾਉਣੀ। ਇਸ਼ਤਿਹਾਰ ਰਾਹੀਂ ਅਸੀਂ ਕਿਸੇ ਸੂਚਨਾ ਨੂੰ ਵਧੇਰੇ ਲੋਕਾਂ ਤੱਕ ਛੇਤੀ ਪਹੁੰਚਾ ਸਕਦੇ ਹਾਂ।

ਪਹਿਲੇ ਸਮਿਆਂ ਵਿੱਚ ਢੋਲ ਵਜਾ ਕੇ ਪਹਿਲਾਂ ਲੋਕਾਂ ਦਾ ਧਿਆਨ ਖਿੱਚਿਆ ਜਾਂਦਾ ਸੀ ਫਿਰ ਉੱਚੀ ਅਵਾਜ਼ ਵਿੱਚ ਸੂਚਨਾ ਸੁਣਾ ਦਿੱਤੀ ਜਾਂਦੀ ਸੀ। ਇਸ ਨੂੰ ਮੁਨਾਦੀ ਕਰਨਾ ਅਰਥਾਤ ਢੰਡੋਰਾ ਜਾਂ ਡੌਂਡੀ ਪਿੱਟਣਾ ਕਿਹਾ ਜਾਂਦਾ ਸੀ ਪਰ ਇਹ ਮੁਨਾਦੀ ਕੀਤੀ ਸੂਚਨਾ ਜ਼ਿਆਦਾਤਰ ਹਾਕਮਾਂ ਦੇ ਹੁਕਮ ਦੇ ਰੂਪ ਵਿੱਚ ਹੀ ਹੁੰਦੀ ਸੀ। ਅਜੋਕੀ ਇਸ਼ਤਿਹਾਰਬਾਜ਼ੀ ਵੰਨਗੀ ਤੇ ਪਸਾਰ ਪੱਖੋਂ ਕਾਫ਼ੀ ਭਿੰਨ ਹੈ। ਵੱਡੀ ਗਿਣਤੀ ਵਿੱਚ ਛਪਦੀਆਂ ਅਖ਼ਬਾਰਾਂ, ਰਿਸਾਲੇ ਅਤੇ ਦੂਰ-ਦੂਰ ਤੱਕ ਪ੍ਰਸਾਰਨ ਕਰਦੇ ਰੇਡੀਓ, ਟੀ.ਵੀ. ਜਿਹੇ ਸਾਧਨਾਂ ਸਦਕਾ ਇਸ਼ਤਿਹਾਰ ਦੇ ਰੂਪ ਵਿੱਚ ਕੋਈ ਵੀ ਸੂਚਨਾ ਲੱਖਾਂ ਲੋਕਾਂ ਤੱਕ ਸਹਿਜੇ ਹੀ ਪਹੁੰਚਾਈ ਜਾ ਸਕਦੀ ਹੈ।

ਵਰ ਦੀ ਚੋਣ ਸੰਬੰਧੀ ਸੂਚਨਾ ਦੇਣ ਦਾ ਹੀ ਮਸਲਾ ਲਈਏ। ਬੀਤੇ ਸਮੇਂ ਵਿੱਚ ਯੋਗ ਵਰ ਦੀ ਢੂੰਡ ਲਈ ਨਾਈ, ਬ੍ਰਾਹਮਣ, ਰਿਸ਼ਤੇਦਾਰਾਂ ਤੇ ਜਾਣ-ਪਛਾਣ ਦੇ ਲੋਕਾਂ 'ਤੇ ਨਿਰਭਰ ਰਹਿਣਾ ਪੈਂਦਾ ਸੀ। ਹੁਣ ਥੋੜ੍ਹੇ ਖ਼ਰਚ ਨਾਲ ਵਿਆਹ ਸੰਬੰਧੀ ਇਸ਼ਤਿਹਾਰ ਛਪਵਾ ਕੇ ਇਹ ਸੂਚਨਾ ਹਜ਼ਾਰਾਂ-ਲੱਖਾਂ ਪਰਿਵਾਰਾਂ ਤੱਕ ਪਹੁੰਚਾ ਦਿੱਤੀ ਜਾਂਦੀ ਹੈ।

ਕਈ ਵਾਰੀ ਆਪਣਾ ਅਤਾ-ਪਤਾ ਇਸ਼ਤਿਹਾਰ ਵਿੱਚ ਦੇਣ ਦੀ ਥਾਂ ਬਾਕਸ-ਨੰਬਰ ਦੇ ਦਿੱਤਾ ਜਾਂਦਾ ਹੈ ਅਤੇ ਇਸ਼ਤਿਹਾਰ ਵਿੱਚ ਕੇਵਲ ਬਾਕਸ-ਨੰਬਰ ਛਪਦਾ ਹੈ। ਇਸ਼ਤਿਹਾਰ ਦੇ ਉੱਤਰ ਵਿੱਚ ਸਾਰੀਆਂ ਚਿੱਠੀਆਂ ਬਾਕਸ ਨੰਬਰ ਅਨੁਸਾਰ ਅਖ਼ਬਾਰ ਦੇ ਪਤੇ 'ਤੇ ਜਾਂਦੀਆਂ ਹਨ। ਉੱਥੋਂ ਇਹ ਸੰਬੰਧਿਤ ਧਿਰ ਨੂੰ ਇਕੱਠੀਆਂ ਭੇਜ ਦਿੱਤੀਆਂ ਜਾਂਦੀਆਂ ਹਨ।

ਨਿੱਜੀ ਇਸ਼ਤਿਹਾਰਾਂ ਦੇ ਅਨੇਕਾਂ ਵਿਸ਼ੇ ਹੋ ਸਕਦੇ ਹਨ। ਇਹਨਾਂ ਦੀ ਕੋਈ ਸੀਮਾ ਨਹੀਂ ਹੈ। ਸਮਾਜਿਕ ਤਬਦੀਲੀਆਂ ਅਨੁਸਾਰ ਨਵੇਂ ਤੋਂ ਨਵੇਂ ਵਿਸ਼ਿਆਂ ਬਾਰੇ ਇਸ਼ਤਿਹਾਰ ਦਿੱਤੇ ਜਾਂਦੇ ਹਨ। ਇਹ ਇਸ਼ਤਿਹਾਰ ਕਿਸੇ ਸਮੇਂ ਦੀਆਂ ਸਮਾਜਿਕ ਲੋੜਾਂ ਜਾਂ ਸਮਾਜਿਕ ਤਬਦੀਲੀਆਂ ਦਾ ਸ਼ੀਸ਼ਾ ਵੀ ਹੁੰਦੇ ਹਨ। ਉਦਾਹਰਨ ਵਜੋਂ : ਪਿਛਲੇ-ਸਾਲਾਂ ਤੋਂ ਪਿਤਾ ਜਾਂ ਮਾਤਾ ਵੱਲੋਂ ਆਪਣੇ ਕਿਸੇ ਪੁੱਤ ਜਾਂ ਧੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਨ ਦੇ ਇਸ਼ਤਿਹਾਰ ਵਧੇ ਹਨ। ਇਹ ਵਧ ਰਹੇ ਸਮਾਜਿਕ ਤਣਾਅ ਵੱਲ ਸੰਕੇਤ ਕਰਦੇ ਹਨ। ਅਖ਼ਬਾਰਾਂ/ਰਿਸਾਲਿਆਂ 'ਚ ਛਪਦੇ ਇਸ਼ਤਿਹਾਰਾਂ 'ਤੇ ਅਮਲ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ ਕਰ ਲੈਣੀ ਚਾਹੀਦੀ ਹੈ।

ਅੱਗੇ ਵੱਖ-ਵੱਖ ਵੰਨਗੀਆਂ ਦੇ ਇਸ਼ਤਿਹਾਰਾਂ ਦੇ ਕੁਝ ਨਮੂਨੇ ਦਿੱਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਸਿਰਲੇਖਵਾਰ ਇਸ਼ਤਿਹਾਰ ਦੇ ਕੁਝ ਨਮੂਨੇ ਦਿੱਤੇ ਗਏ ਹਨ:

## 1. ਕੰਨਿਆਂ ਦੀ ਲੋੜ

ਸਿਵਲ ਇੰਜੀਨੀਅਰ, ਕੱਦ 5 ਫੁੱਟ 10 ਇੰਚ, 27 ਸਾਲਾ, ਸਿਹਤਮੰਦ, ਸਰਕਾਰੀ ਨੌਕਰੀ ਕਰਦੇ ਲੜਕੇ ਲਈ ਡਾਕਟਰ ਜਾਂ ਇੰਜੀਨੀਅਰ ਲੜਕੀ ਦੀ ਜੀਵਨ-ਸਾਥਣ ਵਜੋਂ ਲੋੜ ਹੈ। ਕੋਈ ਦਾਜ-ਦਹੇਜ ਨਹੀਂ। ਵਿਆਹ ਛੇਤੀ । ਬਾਕਸ ਨੰ: 109, ਰੋਜ਼ਾਨਾ ਅਜੀਤ, ਜਲੰਧਰ।

## 2. ਵਰ ਦੀ ਲੋੜ

ਐੱਮ.ਏ. ਪੰਜਾਬੀ, ਕੱਦ 5' 8" ਉਮਰ 23 ਸਾਲ ਪੰਜਾਬ-ਪੁਲਿਸ ਵਿੱਚ ਬਤੌਰ ਸਿਪਾਹੀ ਸੇਵਾ ਨਿਭਾ ਰਹੀ ਸੁੰਦਰ ਲੜਕੀ ਲਈ ਸਰਕਾਰੀ ਨੌਕਰੀ ਕਰਦੇ ਲੜਕੇ ਦੀ ਵਰ ਵਜੋਂ ਜ਼ਰੂਰਤ ਹੈ। ਦਾਜ ਮੰਗਣ ਵਾਲ਼ੇ ਮਾਫ਼ ਕਰਨ। ਵਿਆਹ ਛੇਤੀ। ਬਠਿੰਡਾ-ਮਾਨਸਾ ਨੂੰ ਪਹਿਲ। ਬਾਕਸ ਨੰ: 903, ਰੋਜ਼ਾਨਾ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ।

## 3. ਨਾਂ ਬਦਲੀ ਬਾਰੇ

ਇਹ ਕਿ ਮੈਂ ਗੁਰਵੀਰ ਸਿੰਘ ਸਪੁੱਤਰ ਸਰਬਜੀਤ ਸਿੰਘ ਜ਼ੈਲਦਾਰ ਪਿੰਡ ਤੇ ਡਾਕਖ਼ਾਨਾ ਬੰਗੀ ਰੁੱਘੂ, ਜ਼ਿਲ੍ਹਾ ਬਠਿੰਡਾ ਨੇ ਆਪਣਾ ਨਾਂ ਬਦਲ ਕੇ ਗੁਰਵੀਰ ਸਿੰਘ ਤੋਂ ਗੁਰਵੀਰ ਸਿੰਘ ਸਿੱਧੂ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## 4. ਬੇਦਖ਼ਲੀ ਨੋਟਿਸ

ਮੈਂ ਆਪਣੇ ਸਪੁੱਤਰ ਰਾਜਿੰਦਰ ਸਿੰਘ ਤੇ ਨੂੰਹ ਪਰਮਜੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ,ਆਪਣੀ ਹਰ ਕਿਸਮ ਦੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਅੱਜ ਤੋਂ ਬਾਅਦ ਇਹਨਾਂ ਨਾਲ਼ ਲੈਣ-ਦੇਣ ਕਰਨ ਵਾਲ਼ੇ ਖ਼ੁਦ ਜ਼ੁੰਮੇਵਾਰ ਹੋਣਗੇ। ਹਰਕੀਰਤ ਸਿੰਘ, ਸਪੁੱਤਰ ਮੱਖਣ ਸਿੰਘ, ਪਿੰਡ ਤੇ ਡਾਕ. ਬਹਿਣੀਵਾਲ, ਜ਼ਿਲ੍ਹਾ ਮਾਨਸਾ।

## 5. ਬੇਦਖ਼ਲੀ-ਨੋਟਿਸ ਰੱਦ ਕਰਨ ਬਾਰੇ

ਮੈਂ ਆਪਣੇ ਸਪੁੱਤਰ ਰਾਜਿੰਦਰ ਸਿੰਘ ਤੇ ਨੂੰਹ ਪਰਮਜੀਤ ਕੌਰ ਨੂੰ ਕਿਸੇ ਗ਼ਲਤ-ਫ਼ਹਿਮੀ ਕਾਰਨ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ। ਹੁਣ ਸਾਰੀ ਗੱਲ ਸਪਸ਼ਟ ਹੋ ਜਾਣ 'ਤੇ ਮੈਂ ਆਪਣਾ ਬੇਦਖ਼ਲੀ-ਨੋਟਿਸ ਵਾਪਸ ਲੈਂਦਾ ਹਾਂ। ਹਰਕੀਰਤ ਸਿੰਘ, ਸਪੁੱਤਰ ਮੱਖਣ ਸਿੰਘ ਪਿੰਡ ਤੇ ਡਾਕ. ਬਹਿਣੀਵਾਲ, ਜ਼ਿਲ੍ਹਾ ਮਾਨਸਾ ।

## 6. ਕਾਰ ਵਿਕਾਊ ਹੈ

ਚਿੱਟੇ ਰੰਗ ਦੀ ਸਵਿਫ਼ਟ ਵੀ.ਡੀ.ਆਈ. ਮਾਡਲ 2013, ਸ਼ੋਅ-ਰੂਮ ਕੰਡੀਸ਼ਨ, ਘੱਟ ਚੱਲੀ, ਅਲਾਏ ਵੀਲ੍ਹ, ਛੋਟੇ ਨੰਬਰ ਵਾਲ਼ੀ, ਇੱਕ ਹੱਥ ਚੱਲੀ ਕਾਰ ਵਿਕਾਊ ਹੈ। ਡੀਲਰ ਮਾਫ਼ ਕਰਨ। ਮਿਲੋ : ਰਾਜਦੀਪ ਸਿੰਘ ਸਪੁੱਤਰ ਸੂਬੇਦਾਰ ਮਨਜੀਤ ਸਿੰਘ, ਫ਼ਿਰੋਜ਼ਪੁਰ ਛਾਉਣੀ, ਸੰਪਰਕ :- XXXXX-24724

## 7. ਜ਼ਮੀਨ ਵਿਕਾਊ ਹੈ

ਪਿੰਡ ਖਟਕੜ ਕਲਾਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਵਾਹੀਯੋਗ 5 ਏਕੜ ਜ਼ਮੀਨ ਸਮੇਤ ਮੋਟਰ-ਕੁਨੈੱਕਸ਼ਨ ਵਿਕਾਊ ਹੈ। ਖੇਤ ਦੀਆਂ ਵੱਟਾਂ 'ਤੇ ਸਫ਼ੈਦੇ ਲੱਗੇ ਹੋਏ ਹਨ। ਸੰਪਰਕ ਕਰੋ....XX171-34249

## 8. ਮਕਾਨ ਵਿਕਾਊ ਹੈ

ਮਾਡਲ ਟਾਊਨ ਜਲੰਧਰ ਵਿਖੇ ਚਾਰ ਮਰਲਿਆਂ 'ਚ ਬਣਿਆ ਤਿੰਨ ਕਮਰਿਆਂ ਵਾਲ਼ਾ ਮਕਾਨ ਵਿਕਾਊ ਹੈ। ਬਿਜਲੀ, ਪਾਣੀ, ਸੀਵਰੇਜ, ਲੱਕੜ, ਰੰਗ ਤੇ ਫ਼ਰਸ਼ਾਂ ਦਾ ਕੰਮ ਮੁਕੰਮਲ। ਚਾਹਵਾਨ ਤੁਰੰਤ ਸੰਪਰਕ ਕਰੋ : 0181-222XXX

## 9. ਕਤੂਰੇ ਵਿਕਾਊ

ਪੱਗ, ਜਰਮਨ ਸ਼ੈਫ਼ਰਡ, ਪਮੇਰੀਅਨ ਤੇ ਲੈਬਰੇ ਆਦਿ ਵੱਖ-ਵੱਖ ਸ਼ੁੱਧ ਨਸਲਾਂ ਦੇ 3 ਤੋਂ 5 ਹਫ਼ਤਿਆਂ ਦੀ ਉਮਰ ਦੇ ਤੰਦਰੁਸਤ ਕਤੂਰੇ ਵਿਕਾਊ ਹਨ। ਮਿਲੋ ਰਛਪਾਲਦੀਪ ਸ਼ਰਮਾ, ਪਿੰਡ ਝੰਡੂਵਾਲਾ, ਜ਼ਿਲ੍ਹਾ ਫ਼ਿਰੋਜ਼ਪੁਰ। ਸੰਪਰਕ : 981XX-62100

## 10. ਘਰ ਬੈਠੇ ਨਸ਼ਾ ਛੱਡੋ

ਅਫ਼ੀਮ, ਭੁੱਕੀ, ਸ਼ਰਾਬ, ਸਮੈਕ, ਤਮਾਕੂ, ਪੋਸਤ, ਸਿਗਰਟ, ਟੀਕੇ, ਗੋਲ਼ੀਆਂ ਆਦਿ ਹਰ ਪ੍ਰਕਾਰ ਦੇ ਨਸ਼ੇ ਬਿਨਾਂ ਕਿਸੇ ਤਕਲੀਫ਼ ਦੇ ਘਰ ਬੈਠੇ ਛੱਡੋ। ਕੋਈ ਉਲਟਾ ਅਸਰ ਨਹੀਂ। ਘੱਟ ਖ਼ਰਚ। ਮਿਲੋ :- ਡਾ. ਰਵਿੰਦਰ ਕੁਮਾਰ, ਗੁਰੂ ਕੀ ਨਗਰੀ, ਬਠਿੰਡਾ। ਸੰਪਰਕ XX791-02080

## 11. ਟੂਰ ਐਂਡ ਟ੍ਰੈਵਲਜ਼

ਕਨੇਡਾ, ਨਿਊਜ਼ੀਲੈਂਡ ਤੇ ਆਸਟਰੇਲੀਆ ਦੀਆਂ ਮਸ਼ਹੂਰ ਕੰਪਨੀਆਂ ਨੂੰ ਕਾਰਪੈਂਟਰ, ਪੇਂਟਰ, ਕੁੱਕ, ਬਿਜਲੀ-ਮਕੈਨਿਕ, ਵੈੱਲਡਰ ਤੇ ਡ੍ਰਾਈਵਰਾਂ ਦੀ ਤੁਰੰਤ ਜ਼ਰੂਰਤ ਹੈ। 100% ਵੀਜ਼ਾ। ਘੱਟ ਖ਼ਰਚ। ਪਾਸਪੋਰਟ ਤੇ ਯੋਗਤਾ ਸੰਬੰਧੀ ਦਸਤਾਵੇਜ਼ਾਂ ਸਮੇਤ ਮਿਲੋ : ਮਨਵੀਰ ਟ੍ਰੈਵਲਜ਼, ਭਵਾਨੀਗੜ੍ਹ, ਸੰਗਰੂਰ।

## 12. ਕੁੱਕਿੰਗ ਸਿੱਖੋ

ਲਵੀ ਕੁੱਕਿੰਗ ਸਕੂਲ (ਸਰਕਾਰ ਤੋਂ ਮਨਜ਼ੂਰਸ਼ੁਦਾ) ਰੁਜ਼ਗਾਰ ਤੇ ਸਿਖਲਾਈ ਸੰਸਥਾਨ ਤੋਂ ਪ੍ਰਮਾਣਿਤ, ਲੰਮਾ ਤਜਰਬਾ, ਚੰਗੇ ਨਤੀਜੇ, ਵਿਦੇਸ਼ ਜਾਣ 'ਚ ਸਹਾਇਤਾ, ਹੋਸਟਲ ਦੀ ਸੁਵਿਧਾ, ਸੰਪਰਕ : ਲਵਸ਼ਰਨ ਸਿੰਘ, ਮੈਨੇਜਿੰਗ-ਡਾਇਰੈਕਟਰ XXXXX-44955

## 13. ਗੀਤ-ਸੰਗੀਤ

ਘੱਟ ਖ਼ਰਚੇ ਵਿੱਚ ਵਧੀਆ ਐਲਬਮ/ਗੀਤ ਰਿਕਾਰਡ ਕਰਵਾਉਣ ਲਈ ਜਾਂ ਵੀਡੀਓ ਬਣਵਾਉਣ ਲਈ ਗਾਇਕ, ਗੀਤਕਾਰ ਤੇ ਮਾਡਲ ਮਿਲਨ। ਸਾਂਈਂ ਸਟੂਡੀਓ, ਛੇਹਰਟਾ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ 81XXX-89809

## 14. ਵਿਆਹ-ਸ਼ਾਦੀ

ਹਰ ਪ੍ਰਕਾਰ ਦੇ ਐੱਨ. ਆਰ. ਆਈ, ਵਪਾਰੀ, ਖੇਤੀ-ਬਾੜੀ, ਸਰਕਾਰੀ ਨੌਕਰੀ ਵਾਲ਼ੇ ਰਿਸ਼ਤਿਆਂ ਲਈ ਸੰਪਰਕ ਕਰੋ। ਕੋਈ ਓਹਲਾ ਨਹੀਂ। ਫੋਟੋ, ਉਮਰ ਤੇ ਵਿੱਦਿਅਕ ਯੋਗਤਾ ਦੇ ਦਸਤਾਵੇਜ਼ਾਂ ਸਮੇਤ ਮਿਲ਼ੋ :- ਸੰਗਮ ਮੈਰਿਜ ਬਿਊਰੋ, ਨੇੜੇ ਬੱਸ-ਸਟੈਂਡ, ਮੋਗਾ। ਸੰਪਰਕ : XXXXX-62152

## 15. ਕਲਾਕਾਰਾਂ ਦੀ ਲੋੜ

ਪੰਜਾਬੀ ਰੰਗ-ਮੰਚ ਤੇ ਸੱਭਿਆਚਾਰਿਕ ਸਮਾਗਮਾਂ 'ਚ ਰੁਚੀ ਤੇ ਮੁਹਾਰਤ ਰੱਖਣ ਵਾਲ਼ੇ ਕਲਾਕਾਰਾਂ ਦੀ ਤੁਰੰਤ ਜ਼ਰੂਰਤ ਹੈ। ਚਾਹਵਾਨ ਤਾਜ਼ਾ ਫੋਟੋ, ਤਜਰਬੇ ਤੇ ਵਿੱਦਿਅਕ ਯੋਗਤਾ ਦੇ ਅਸਲ ਦਸਤਾਵੇਜ਼ਾਂ ਸਮੇਤ ਮਿਲ਼ੋ ਜਾਂ ਲਿਖੋ :- ਕਮਰਾ ਨੰ: 22, ਦੂਰਦਰਸ਼ਨ ਕੇਂਦਰ, ਜਲੰਧਰ।

## 16. ਅਸਾਮੀਆਂ

ਨਿੱਜੀ ਕੰਪਨੀਆਂ ਨੂੰ ਪ੍ਰਬੰਧਕ, ਸੁਪਰਵਾਈਜ਼ਰ, ਸੁਰੱਖਿਆ-ਕਰਮੀ, ਕਲਰਕ, ਚੌਕੀਦਾਰ ਤੇ ਸੇਵਾਦਾਰਾਂ ਦੀ ਤੁਰੰਤ ਜ਼ਰੂਰਤ ਹੈ। ਤਨਖ਼ਾਹ ਯੋਗਤਾ ਤੇ ਤਜਰਬੇ ਅਨੁਸਾਰ। ਖਾਣਾ, ਰਹਾਇਸ਼ ਤੇ ਵਰਦੀ ਮੁਫ਼ਤ। ਚਾਹਵਾਨ ਸੰਪਰਕ ਕਰਨ 0175-XXXX351 (ਪਟਿਆਲਾ)

## 17. ਕਰਜ਼ਾ

ਪਲਾਟ ਖ਼ਰੀਦਣ, ਮਕਾਨ ਬਣਾਉਣ, ਉਦਯੋਗਿਕ ਇਕਾਈ ਲਾਉਣ, ਵਪਾਰ ਸੰਬੰਧੀ ਤੇ ਮਸ਼ੀਨਰੀ ਦੀ ਖ਼ਰੀਦਾਰੀ ਲਈ ਘੱਟ ਵਿਆਜ ਤੇ ਅਸਾਨ ਕਿਸ਼ਤਾਂ 'ਤੇ ਕਰਜ਼ਾ ਲਓ। ਕੋਈ ਫ਼ਾਈਲ-ਖ਼ਰਚਾ ਨਹੀਂ। ਘੱਟ ਕਾਗ਼ਜ਼ੀ ਕਾਰਵਾਈ। ਚਾਹਵਾਨ ਸੰਪਰਕ ਕਰਨ। ਮਿਲੋ : ਬਖਤੂ ਫ਼ਾਈਨਾਂਸ ਕੰਪਨੀ, ਨੇੜੇ ਬੱਸ-ਸਟੈਂਡ, ਬੁਢਲਾਢਾ, ਜ਼ਿਲ੍ਹਾ ਮਾਨਸਾ। ਸੰਪਰਕ XXXX-XX731 (ਅਸ਼ੋਕ ਕੁਮਾਰ, ਮੁੱਖ ਪ੍ਰਬੰਧਕ)

## 18. ਪਰਸ ਲੱਭਿਆ

ਇੱਕ ਪਰਸ ਬੱਸ-ਅੱਡਾ,ਮੁਹਾਲ਼ੀ ਤੋਂ ਪਿਛਲੇ ਦਿਨੀਂ ਲੱਭਾ ਹੈ। ਇਸ ਪਰਸ ਵਿੱਚ ਕੁਝ ਨਕਦੀ, ਸੋਨੇ ਦੇ ਗਹਿਣੇ ਤੇ ਕੁਝ ਹੋਰ ਵਸਤਾਂ ਹਨ। ਇਸ ਪਰਸ ਦਾ ਮਾਲਕ/ਮਾਲਕਣ ਪਰਸ ਦਾ ਰੰਗ ਤੇ ਹੋਰ ਪਛਾਣ ਦੱਸ ਕੇ ਹਾਸਲ ਕਰ ਸਕਦਾ ਹੈ।ਗਿਆਨੀ ਗੁਰਚਰਨ ਸਿੰਘ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-ਸੰਪਰਕ : 81XXX-00635

## 19. ਮਕਾਨ ਕਿਰਾਏ 'ਤੇ ਦੇਣ ਲਈ

ਮਾਡਲ ਟਾਊਨ, ਲੁਧਿਆਣਾ ਵਿਖੇ ਦੋ ਕਮਰਿਆਂ ਵਾਲ਼ਾ ਮਕਾਨ ਜਿਸ ਵਿੱਚ ਰਸੋਈ ਤੇ ਗ਼ੁਸਲਖ਼ਾਨਾ ਸ਼ਾਮਲ ਹਨ, ਕਿਰਾਏ 'ਤੇ ਦੇਣ ਲਈ ਖ਼ਾਲੀ ਹੈ। ਛੋਟੇ ਪਰਿਵਾਰ ਵਾਲ਼ੇ ਮਿਲ਼ੋ ਜਾਂ ਸੰਪਰਕ ਕਰੋ। ਵਿੱਕੀ ਪੁੱਤਰ ਰਾਜ ਕੁਮਾਰ, ਮਾਡਲ ਟਾਊਨ, ਲੁਧਿਆਣਾ 0161-XXXX359

## 20. ਸਿੱਖਿਆ

ਮਾਨਤਾ-ਪ੍ਰਾਪਤ ਯੂਨੀਵਰਸਿਟੀਆਂ ਤੋਂ ਦੂਰਵਰਤੀ ਸਿੱਖਿਆ ਅਧੀਨ ਘਰ ਬੈਠੇ ਬੀ.ਏ., ਐੱਮ.ਏ., ਬੀ.ਐੱਸ-ਸੀ., ਐੱਮ.ਐੱਸ-ਸੀ., ਬੀ.ਕਾਮ., ਐੱਮ.ਕਾਮ, ਵੱਖ-ਵੱਖ ਕਿਸਮ ਦੇ ਡਿਪਲੋਮੇ ਆਦਿ ਪਾਰਦਰਸ਼ੀ ਢੰਗ ਨਾਲ਼, ਯੂਨੀਵਰਸਿਟੀ-ਨਿਯਮਾਂ ਅਨੁਸਾਰ ਕਰਨ ਲਈ ਮਿਲ਼ੋ। ਫ਼ੀਸ ਨਿਯਮਾਂ ਅਨੁਸਾਰ, ਸ਼ਾਮ ਨੂੰ ਜਮਾਤਾਂ। ਮਿਲ਼ੋ : ਗੁਰਪ੍ਰੀਤ ਸਿੰਘ ਗੌਰੀ, ਦੁਆਬਾ ਕੋਚਿੰਗ ਸੈਂਟਰ, ਨੇੜੇ ਡੀ.ਏ.ਵੀ. ਕਾਲਜ, ਹੁਸ਼ਿਆਰਪੁਰ, XXXXX-44988

❋ ❋ ❋

# ਸੱਦਾ-ਪੱਤਰ

## (ਖ਼ੁਸ਼ੀ, ਗ਼ਮੀ ਜਾਂ ਕਿਸੇ ਹੋਰ ਸਮਾਗਮ ਦਾ ਸੱਦਾ-ਪੱਤਰ)

'ਸੱਦਾ-ਪੱਤਰ' ਦੋ ਸ਼ਬਦਾਂ ਦਾ ਸਮਾਸ ਹੈ : 'ਸੱਦਾ' + 'ਪੱਤਰ'। ਅਰਥ ਬਿਲਕੁਲ ਸਪਸ਼ਟ ਹੈ ਕਿ ਉਹ ਪੱਤਰ ਜਿਸ ਰਾਹੀਂ ਸੱਦਾ ਦਿੱਤਾ ਗਿਆ ਹੋਵੇ ਅਰਥਾਤ ਸੱਦੇ ਵਾਲ਼ਾ ਪੱਤਰ। ਸੱਦਾ ਦੇਣ ਦਾ ਇਹ ਇੱਕ ਤਰੀਕਾ ਹੈ।

ਪਹਿਲਾਂ ਬੁਲਾਵਾ ਜਾਂ ਸੱਦਾ ਜ਼ੁਬਾਨੀ ਕਿਸੇ ਵਿਅਕਤੀ ਦੇ ਹੱਥ ਭੇਜ ਦਿੱਤਾ ਜਾਂਦਾ ਸੀ। ਗੰਢ ਭੇਜਣੀ ਇਸੇ ਦਾ ਇੱਕ ਰੂਪ ਸੀ। ਫਿਰ ਪੱਤਰ ਲਿਖ ਕੇ ਖ਼ੁਸ਼ੀ, ਗ਼ਮੀ ਨਾਲ਼ ਸੰਬੰਧਿਤ ਸਮਾਗਮਾਂ 'ਤੇ ਬੁਲਾਵਾ ਭੇਜਿਆ ਜਾਣ ਲੱਗਿਆ। ਹੁਣ ਸੱਦੇ ਆਮ ਤੌਰ 'ਤੇ ਕਾਰਡਾਂ ਉੱਤੇ ਛਪਵਾ ਕੇ ਭੇਜੇ ਜਾਂਦੇ ਹਨ।

ਪੱਤਰ ਦੇ ਰੂਪ ਵਿੱਚ ਸੱਦਾ ਦੇਣ ਪਿੱਛੇ ਇਹ ਮਨੌਤ ਕੰਮ ਕਰਦੀ ਹੈ ਕਿ ਸੱਦਾ ਦੇਣ ਵਾਲ਼ਾ ਅਤੇ ਪ੍ਰਾਪਤ ਕਰਨ ਵਾਲ਼ਾ ਦੋਵੇਂ ਪੜ੍ਹਨਾ-ਲਿਖਣਾ ਜਾਣਦੇ ਹਨ। ਅੱਜ-ਕੱਲ੍ਹ ਸੱਦਾ-ਪੱਤਰ ਭੇਜਣ ਦਾ ਵਧ ਰਿਹਾ ਰੁਝਾਨ ਇੱਕ ਤਰ੍ਹਾਂ ਪੜ੍ਹੇ-ਲਿਖਿਆਂ ਵਿੱਚ ਹੋ ਰਹੇ ਵਾਧੇ ਦਾ ਸੂਚਕ ਹੈ। ਇੱਕ ਵਾਰੀ ਰਿਵਾਜ ਤੁਰ ਪਵੇ ਅਤੇ ਉਸ ਰਿਵਾਜ ਨੂੰ ਅਪਣਾਉਣ ਵਿੱਚ ਸੌਖ ਹੋਵੇ, ਸ਼ਾਨ ਵੀ ਹੋਵੇ ਤਾਂ ਇਹ ਰਿਵਾਜ ਜਾਂ ਫ਼ੈਸ਼ਨ ਵਧਦਾ ਜਾਂਦਾ ਹੈ। ਇਸ ਤਰ੍ਹਾਂ "ਸੱਦਾ-ਪੱਤਰ" ਭਾਵ ਛਪੇ ਪੱਤਰਾਂ ਰਾਹੀਂ ਸੱਦੇ ਭੇਜਣ ਦਾ ਰਿਵਾਜ ਪਹਿਲਾਂ ਸ਼ਹਿਰਾਂ ਵਿੱਚ ਅਤੇ ਹੁਣ ਪਿੰਡਾਂ ਵਿੱਚ ਵੀ ਪਹੁੰਚ ਗਿਆ ਹੈ।

ਛਪੇ ਸੱਦਾ-ਪੱਤਰਾਂ ਦੀ ਵਰਤੋਂ ਕਰਨ ਵਿੱਚ ਇੱਕ ਤਾਂ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿੰਦੀ। ਜ਼ੁਬਾਨੀ ਸੱਦਾ ਦੇਣ ਵਿੱਚ ਦੱਸਦਿਆਂ ਜਾਂ ਸੁਣਦਿਆਂ ਟਪਲ਼ਾ ਲੱਗ ਸਕਦਾ ਹੈ ਪਰ ਛਪੇ ਸੱਦਾ-ਪੱਤਰ ਵਿੱਚ ਅਜਿਹਾ ਨਹੀਂ ਹੁੰਦਾ। ਦੂਜਾ, ਇਕੱਲਾ-ਇਕੱਲਾ ਪੱਤਰ ਹੱਥੀਂ ਲਿਖਣ ਦੀ ਖੇਚਲ਼ ਨਹੀਂ ਕਰਨੀ ਪੈਂਦੀ। ਫਿਰ ਆਪਣੀ ਮਨਸ਼ਾ ਅਤੇ ਸੁਹਜ-ਭਾਵਨਾ ਅਨੁਸਾਰ ਕਾਗ਼ਜ਼ ਦੀ ਚੋਣ ਅਤੇ ਛਪਾਈ ਦੀ ਵਿਓਂਤ ਕਰਕੇ ਸੱਦਾ-ਪੱਤਰ ਦੀ ਦਿੱਖ ਸੁੰਦਰ ਬਣਾ ਲਈ ਜਾਂਦੀ ਹੈ।

ਸੱਦਾ-ਪੱਤਰ ਦਾ ਮਹੱਤਵਪੂਰਨ ਪੱਖ ਇਸ ਦਾ ਵਸਤੂ ਜਾਂ ਮੈਟਰ ਹੁੰਦਾ ਹੈ। ਹਰ ਕੋਈ ਚਾਹੁੰਦਾ ਹੈ ਕਿ ਉਸ ਵੱਲੋਂ ਭੇਜੇ ਜਾਣ ਵਾਲ਼ੇ ਸੱਦਾ-ਪੱਤਰ ਦੇ ਸ਼ਬਦ ਉਸ ਦੇ ਮਨ ਵਿੱਚ ਉਪਜੇ ਭਾਵਾਂ ਦੇ ਮੇਚ ਦੇ ਹੋਣ। ਉਹ ਜਿਸ ਖ਼ੁਸ਼ੀ ਜਾਂ ਗ਼ਮੀ ਨੂੰ ਅਨੁਭਵ ਕਰ ਰਿਹਾ ਹੈ, ਸੱਦਾ-ਪੱਤਰ ਦਾ ਇੱਕ-ਇੱਕ ਸ਼ਬਦ ਉਸ ਦੀ ਤਰਜਮਾਨੀ ਕਰ ਰਿਹਾ ਹੋਵੇ। ਆਮ ਤੌਰ 'ਤੇ ਸੱਦਾ-ਪੱਤਰ ਤਿਆਰ ਕਰਨ ਵੇਲ਼ੇ ਪਹਿਲਾਂ ਦੇ ਛਪੇ ਹੋਏ ਲੋਕਾਂ ਦੇ ਸੱਦਾ-ਪੱਤਰ ਵੇਖ ਲਏ ਜਾਂਦੇ ਹਨ। ਇਸ ਲਈ ਆਮ ਸੱਦਾ-ਪੱਤਰਾਂ ਦੀ ਭਾਸ਼ਾ ਅਕਸਰ ਇੱਕੋ-ਜਿਹੀ ਹੁੰਦੀ ਹੈ। ਕਦੇ-ਕਦਾਈਂ ਹੀ ਕੋਈ ਵੱਖਰੀ ਵੰਨਗੀ ਦਾ ਸੱਦਾ-ਪੱਤਰ ਹੁੰਦਾ ਹੈ।

ਇੱਥੇ ਅਸੀਂ ਸੱਦਾ-ਪੱਤਰ ਲਿਖਣ ਦੀ ਜਾਚ ਬਾਰੇ ਕੁਝ ਵਿਚਾਰ ਕਰਨੀ ਹੈ। ਮਨੋਰਥ ਇਹ ਹੈ ਕਿ ਵਿਦਿਆਰਥੀ ਸੱਦਾ-ਪੱਤਰ ਲਿਖਣ ਦੀ ਵਿਧੀ ਨੂੰ ਸਮਝ ਲਵੇ ਅਤੇ ਫਿਰ ਆਪਣੀ ਲੋੜ ਅਨੁਸਾਰ ਢੁਕਵਾਂ ਸੱਦਾ-ਪੱਤਰ ਤਿਆਰ ਕਰ ਸਕੇ।

ਆਮ ਤੌਰ 'ਤੇ ਕਿਸੇ ਸੱਦਾ-ਪੱਤਰ ਦੇ ਹੇਠ ਲਿਖੇ ਅੰਗ ਹੁੰਦੇ ਹਨ—

1. ਸੱਦਾ-ਪੱਤਰ ਭੇਜਣ ਵਾਲ਼ੇ ਦਾ ਨਾਂ ਅਤੇ ਪਤਾ
2. ਸੱਦਾ-ਪੱਤਰ ਪ੍ਰਾਪਤ ਕਰਨ ਵਾਲ਼ੇ ਦਾ ਨਾਂ ਅਤੇ ਪਤਾ (ਇਹ ਸੱਦਾ-ਪੱਤਰ ਉੱਤੇ ਜਾਂ ਉਸ ਦੇ ਦੂਜੇ ਪਾਸੇ ਜਾਂ ਜੇ ਸੱਦਾ-ਪੱਤਰ ਲਿਫ਼ਾਫ਼ੇ ਵਿੱਚ ਹੈ ਤਾਂ ਲਿਫ਼ਾਫ਼ੇ ਉੱਤੇ ਹੱਥ ਨਾਲ਼ ਲਿਖ ਦਿੱਤਾ ਜਾਂਦਾ ਹੈ)।
3. ਖ਼ੁਸ਼ੀ ਜਾਂ ਗ਼ਮੀ ਦੀ ਘਟਨਾ ਜਾਂ ਸਮਾਗਮ ਦੇ ਸੰਬੰਧ ਵਿੱਚ ਸੂਚਨਾ।
4. ਪ੍ਰੋਗ੍ਰਾਮ ਦਾ ਵੇਰਵਾ (ਸਥਾਨ, ਮਿਤੀ ਅਤੇ ਸਮਾਂ ਜਿਸ ਅਨੁਸਾਰ ਪਹੁੰਚਣ ਦੀ ਤਾਕੀਦ ਹੁੰਦੀ ਹੈ)।
5. ਸਮਾਗਮ ਦੀ ਵਿਸ਼ੇਸ਼ ਖਿੱਚ।
6. ਭਾਵਨਾ ਪ੍ਰਗਟਾਉਂਦੇ ਸ਼ਬਦ।

ਉਪਰੋਕਤ ਵਿੱਚੋਂ ਪਹਿਲੇ ਚਾਰ ਨੁਕਤਿਆਂ ਨੂੰ ਇਉਂ ਹੀ ਪ੍ਰਗਟ ਕੀਤਾ ਜਾ ਸਕਦਾ ਹੈ- ਵੱਲੋਂ, ਵੱਲ, ਕੀ, ਕਿੱਥੇ, ਕਦੋਂ।

ਇਹ ਸਪਸ਼ਟ ਹੀ ਹੈ ਕਿ ਪਹਿਲੇ, ਦੂਜੇ ਅਤੇ ਚੌਥੇ ਨੁਕਤੇ ਕੇਵਲ ਸੂਚਨਾ ਜਾਂ ਜਾਣਕਾਰੀ ਨਾਲ਼ ਸੰਬੰਧਿਤ ਹਨ। ਇਸ ਲਈ ਸੱਦਾ-ਪੱਤਰ ਵਿੱਚ ਇਹ ਸੂਚਨਾ ਸਪਸ਼ਟ ਤੇ ਸੰਖੇਪ ਰੂਪ ਵਿੱਚ ਦਰਜ ਕਰਨੀ ਹੁੰਦੀ ਹੈ। ਇੱਥੇ ਸ਼ਾਬਦਿਕ ਕਲਾ ਵਿਖਾਉਣ ਦੀ ਜ਼ਰੂਰਤ ਨਹੀਂ ਹੁੰਦੀ। ਹਾਂ, ਤੀਜੇ, ਪੰਜਵੇਂ ਅਤੇ ਛੇਵੇਂ ਨੁਕਤੇ ਬਾਰੇ ਵਿਸਤਾਰ ਨਾਲ਼ ਵਿਚਾਰ ਕਰਨ ਦੀ ਲੋੜ ਹੈ।

ਤੀਜਾ ਨੁਕਤਾ : ਸੱਦਾ-ਪੱਤਰ ਦਾ ਕੇਂਦਰੀ ਨੁਕਤਾ, ਖ਼ੁਸ਼ੀ ਜਾਂ ਗ਼ਮੀ ਦੀ ਘਟਨਾ ਆਦਿ ਬਾਰੇ ਸੰਖੇਪ ਵਿੱਚ ਸੂਚਨਾ ਦੇਣਾ ਹੁੰਦਾ ਹੈ। ਇਹ ਸੂਚਨਾ ਦਿੰਦਿਆਂ ਕਈ ਤਰ੍ਹਾਂ ਦੇ ਭਾਵ ਮਨ ਵਿੱਚ ਉੱਠਦੇ ਹਨ। ਇਹਨਾਂ ਦਾ ਸੰਕੇਤ ਸੂਚਨਾ ਦੇਣ ਦੇ ਤਰੀਕੇ ਤੋਂ ਸਪਸ਼ਟ ਹੋ ਜਾਂਦਾ ਹੈ ।

ਉਦਾਹਰਨ ਵਜੋਂ :

(ੳ) ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਡੇ ਪੜਦਾਦਾ ਸਾਵਣ ਮੱਲ ਜੀ 4 ਜੂਨ, 2014 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ।

(ਅ) ਅਸੀਂ ਭਰੇ ਮਨ ਨਾਲ਼ ਇਹ ਸੂਚਨਾ ਦੇ ਰਹੇ ਹਾਂ ਕਿ ਸਾਡੇ ਦਾਦਾ ਸ. ਹਜ਼ਾਰਾ ਸਿੰਘ ਸੜਕ-ਹਾਦਸੇ ਵਿੱਚ ਸਾਨੂੰ 19 ਅਪ੍ਰੈਲ, 2022 ਨੂੰ ਸਦੀਵੀ ਵਿਛੋੜਾ ਦੇ ਗਏ ਹਨ।

(ੲ) ਸੱਚੇ ਵਾਹਿਗੁਰੂ ਦੀ ਅਪਾਰ ਮਿਹਰ ਸਦਕਾ ਸਾਡੇ ਸਪੁੱਤਰ ਤੇਜਪ੍ਰੀਤ ਸਿੰਘ ਅਤੇ ਨੂੰਹ ਨਿਰਮਲ ਅਰਪਨ ਕੌਰ ਨੂੰ ਇੱਕ ਬੱਚੀ ਦੀ ਬਖ਼ਸ਼ਸ਼ ਹੋਈ ਹੈ।

(ਸ) ਸਤਿਗੁਰੂ ਜੀ ਦੀ ਅਪਾਰ ਬਖ਼ਸ਼ਸ਼ ਸਦਕਾ ਸੇਵਕ-ਪਰਿਵਾਰ ਨੂੰ ਭੁਜੰਗੀ ਦੀ ਦਾਤ ਪ੍ਰਾਪਤ ਹੋਈ ਹੈ।

(ਹ) ਸਾਡੀ ਧੀ ਆਪਣੇ ਪਰਿਵਾਰ ਸਮੇਤ ਵਿਦੇਸ਼ੋਂ ਪਰਤੀ ਹੈ।

(ਕ) ਪਰਮਾਤਮਾ ਦੀ ਮਿਹਰ ਹੋਈ ਹੈ ਕਿ ਮੇਰੇ ਪਤੀ ਇੰਦਰ ਸਿੰਘ ਨੇ ਸੇਵਾ-ਮੁਕਤ ਹੋਣ ਪਿੱਛੋਂ ਪੰਦਰਾਂ ਸਾਲ ਰਾਜ਼ੀ-ਖ਼ੁਸ਼ੀ ਲੰਘਾ ਲਏ ਹਨ।

(ਖ) ਆਪਣੇ ਬਜ਼ੁਰਗਾਂ ਦੀਆਂ ਅਸੀਸਾਂ ਸਦਕਾ ਅਸੀਂ ਲੋਹੇ ਦੀ ਇੱਕ ਹੋਰ ਦੁਕਾਨ ਉੱਚੇ ਬਜ਼ਾਰ ਵਿੱਚ ਖੋਲ੍ਹ ਰਹੇ ਹਾਂ।

ਸੂਚਨਾ ਦਿੰਦੇ ਇਹਨਾਂ ਵਾਕਾਂ ਵਿੱਚ ਖ਼ੁਸ਼ੀ-ਗ਼ਮੀ ਦੀ ਘਟਨਾ ਨੂੰ ਆਪਣੇ ਤੋਂ ਬਾਹਰ ਕਿਸੇ ਧਿਰ ਨਾਲ਼ ਜੋੜਿਆ ਗਿਆ ਹੈ। ਇਸ ਅਨੁਸਾਰ ਹੀ ਕੋਈ ਨਾ ਕੋਈ ਵਿਸ਼ਵਾਸ ਪ੍ਰਗਟਾਉਂਦਾ ਸ਼ਬਦ ਫ਼ਿਕਰੇ ਵਿੱਚ ਜੁੜ ਗਿਆ ਹੈ। ਕੇਵਲ (ਹ) ਵਾਕ ਵਿੱਚ ਸੂਚਨਾ ਸਿੱਧੀ ਦਿੱਤੀ ਗਈ ਹੈ।

ਇਹਨਾਂ ਭਾਵਾਂ ਨੂੰ ਪ੍ਰਗਟਾਉਣ ਲਈ ਕਈ ਵਾਰੀ ਪੱਤਰ ਦੇ ਅਰੰਭ ਵਿੱਚ ਕਿਸੇ ਗ੍ਰੰਥ ਜਾਂ ਪੁਸਤਕ ਵਿੱਚੋਂ ਕੋਈ ਟੂਕ ਦੇ ਦਿੱਤੀ ਜਾਂਦੀ ਹੈ।

**ਪੰਜਵਾਂ ਨੁਕਤਾ :** ਇਸ ਵਿੱਚ ਸਮਾਗਮ ਦੀ ਵਿਸ਼ੇਸ਼ ਖਿੱਚ ਵੱਲ ਇਸ਼ਾਰਾ ਕੀਤਾ ਹੁੰਦਾ ਹੈ। ਉਦਾਹਰਨ ਲਈ ; ਕਿਸੇ ਧਾਰਮਿਕ ਰਸਮ ਸਮੇਂ ਕਿਸੇ ਵਿਦਵਾਨ ਦਾ ਵਿਖਿਆਨ ਜਾਂ ਕਿਸੇ ਉੱਘੇ ਕੀਰਤਨੀਏ ਦੇ ਕੀਰਤਨ ਦੀ ਸੂਚਨਾ ਹੋ ਸਕਦੀ ਹੈ । ਇਵੇਂ ਹੀ, ਕਿਸੇ ਸਾਹਿਤਿਕ ਸਮਾਗਮ ਵਿੱਚ ਕਿਸੇ ਚੋਟੀ ਦੇ ਅਤੇ ਹਰਮਨ-ਪਿਆਰੇ ਸਾਹਿਤਕਾਰ ਦੇ ਪਹੁੰਚਣ ਬਾਰੇ ਦੱਸਿਆ ਹੋ ਸਕਦਾ ਹੈ ।

**ਛੇਵਾਂ ਨੁਕਤਾ :** ਭਾਵਨਾ ਪ੍ਰਗਟਾਉਂਦੇ ਸ਼ਬਦਾਂ ਦੀ ਵਰਤੋਂ

ਸੱਦਾ-ਪੱਤਰ ਭੇਜਣ ਵਾਲ਼ੇ ਵਿਅਕਤੀ ਦੀ ਭਾਵਨਾ ਸੱਦਾ-ਪੱਤਰ ਦੀ ਨੁਹਾਰ ਨੂੰ ਇੱਕ ਵੱਖਰਾ ਰੰਗ ਦਿੰਦੀ ਹੈ। ਇਹ ਭਾਵਨਾ ਹੇਠ ਲਿਖੇ ਰੂਪ ਵਿੱਚ ਪ੍ਰਗਟ ਹੁੰਦੀ ਹੈ।

(ੳ) ਸੱਦਾ-ਪੱਤਰ ਦੇ ਸ਼ੁਰੂ ਵਿੱਚ ਕੋਈ ਟੂਕ ਜਾਂ ਚਿੰਨ੍ਹ ਦੇਣਾ। ਇਹ ਟੂਕ ਜਾਂ ਚਿੰਨ੍ਹ ਜਾਂ ਦੋਵੇਂ ਹੀ ; ਵਿਅਕਤੀ ਦੇ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਿਕ ਪਿਛੋਕੜ ਅਨੁਸਾਰ ਹੁੰਦੀਆਂ ਹਨ। ਉਦਾਹਰਨ ਲਈ ਵਿਆਹ ਦਾ ਸੱਦਾ-ਪੱਤਰ ਅਕਸਰ ਇੰਞ ਸ਼ੁਰੂ ਕੀਤਾ ਹੁੰਦਾ ਹੈ :

ੴ

**ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰ ਤੁਠਾ**

ਜਾਂ

ੴ

**ਜਿਸ ਕਾ ਕਾਰਜ ਤਿਨ ਹੀ ਕੀਆ ਮਾਣਸ ਕਿਆ ਵੇਚਾਰਾ ਰਾਮ।**

ਜਾਂ

ਓਮ

**ਸ਼ੁੱਭ ਵਿਵਾਹ**

(ਅ) ਸੱਦਾ-ਪੱਤਰ ਵਿੱਚ ਬੇਨਤੀ-ਭਾਵ ਦੇ ਸ਼ਬਦ ਵਿਸ਼ੇਸ਼ ਹੁੰਦੇ ਹਨ। ਇਹ ਸਾਡੇ ਸੱਭਿਆਚਾਰਿਕ ਰੰਗ ਵਿੱਚ ਰੰਗੇ ਹੁੰਦੇ ਹਨ। ਵਿਆਹ ਜਾਂ ਹੋਰ ਅਜਿਹੇ ਖ਼ੁਸ਼ੀ ਦੇ ਸਮਾਗਮਾਂ ਦੇ ਸੱਦਾ-ਪੱਤਰਾਂ ਵਿੱਚ ਇਹ ਵਾਕ ਅਕਸਰ ਵੇਖਣ ਨੂੰ ਮਿਲ਼ਦਾ ਹੈ—

— ਇਹੋ-ਜਿਹੇ ਸ਼ੁੱਭ ਮੌਕੇ ਆਪ ਜਿਹੇ ਸੱਜਣਾਂ ਅਤੇ ਸ਼ੁੱਭਚਿੰਤਕਾਂ ਨਾਲ਼ ਹੀ ਸੋਂਹਦੇ ਹਨ।

— ਆਪ ਜੀ ਨੂੰ ਨਿਮਰਤਾ ਸਹਿਤ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਜਾਂ

— ਜ਼ਰੂਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨਾ।

ਇਸ ਬੇਨਤੀ-ਭਾਵ ਨੂੰ ਤੀਬਰ ਬਣਾਉਣ ਲਈ ਲਿਖ ਦਿੱਤਾ ਜਾਂਦਾ ਹੈ-

— ਤੁਹਾਡੇ ਰਾਹ 'ਤੇ ਅਸੀਂ ਆਪਣੀਆਂ ਅੱਖਾਂ ਵਿਛਾਈਆਂ ਹੋਈਆਂ ਹਨ।

ਇਵੇਂ ਹੀ ਅੰਤ ਵਿੱਚ ਲਿਖ ਦਿੱਤਾ ਜਾਂਦਾ ਹੈ-

ਸਾਡਾ ਨਿਮਾਣਾ ਪਰਿਵਾਰ ਸਾਧ-ਸੰਗਤ ਦੀ ਚਰਨ-ਧੂੜ ਵਰਗੀ ਅਮੁੱਲੀ ਵਸਤ ਨਾਲ਼ ਨਿਵਾਜਿਆ ਜਾਵੇਗਾ।

'ਤੁਹਾਡੇ ਉਡੀਕਵਾਨ'

ਸੋਗੀ ਘਟਨਾ ਨਾਲ਼ ਜੁੜੇ ਕਿਸੇ ਸਮਾਗਮ ਲਈ ਸੱਦਾ-ਪੱਤਰਾਂ ਵਿੱਚ ਭਾਵ-ਪ੍ਰਗਟਾਵੇ ਪੱਖੋਂ ਸੰਕੋਚ ਕੀਤਾ ਜਾਂਦਾ ਹੈ। ਏਨੀ ਕੁ ਬੇਨਤੀ ਕਾਫ਼ੀ ਮੰਨੀ ਜਾਂਦੀ ਹੈ-

'ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਬੇਨਤੀ ਹੈ'

ਜਾਂ

'ਆਪ ਜੀ ਨੂੰ ਅਰਦਾਸ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।'

ਗ਼ਮੀ ਦੇ ਸੱਦਾ-ਪੱਤਰਾਂ ਵਿੱਚ ਵਿਖਾਵਾ ਜਾਂ ਉਚੇਚ ਨਹੀਂ ਹੁੰਦਾ। ਮੌਤ ਦੀ ਘਟਨਾ ਨੂੰ ਵਾਹਿਗੁਰੂ ਦਾ ਭਾਣਾ ਜਾਂ ਹੁਕਮ ਮੰਨਿਆ ਜਾਂਦਾ ਹੈ। ਮੌਤ ਦੇ ਅਟੱਲ ਹੋਣ ਜਾਂ ਮੌਤ ਨੂੰ ਜੀਵ ਦੇ ਮੁੜ ਆਪਣੇ ਅਸਲੇ ਨਾਲ਼ ਮਿਲ਼ਨ ਦੇ ਭਾਵ ਨੂੰ ਪ੍ਰਗਟਾਉਂਦੇ ਕਥਨ ਸੱਦਾ-ਪੱਤਰ ਦੇ ਅਰੰਭ ਵਿੱਚ ਦਿੱਤੇ ਜਾਂਦੇ ਹਨ।

(ੲ) ਇਸ ਤਰ੍ਹਾਂ ਸੱਦਾ-ਪੱਤਰ ਵਿੱਚ ਕੁਝ ਸ਼ਬਦ ਹੁੰਦੇ ਹਨ ਜਿੱਥੇ ਸੱਦਾ-ਪੱਤਰ ਲੇਖਕ ਆਪਣਾ ਸ਼ਖ਼ਸੀ ਰੰਗ ਭਰ ਸਕਦਾ ਹੈ ਪਰ ਵਿਸ਼ੇਸ਼ ਗੱਲ ਇਹ ਹੈ ਕਿ ਸੱਦਾ-ਪੱਤਰ ਇੱਕ ਸਮਾਜਿਕ ਕਰਮ ਹੈ। ਇਸ ਲਈ ਸੱਦਾ-ਪੱਤਰ ਦਾ ਹਰ ਸ਼ਬਦ ਸਮਾਜਿਕ ਵਾਤਾਵਰਨ ਦੀਆਂ ਬੰਦਸ਼ਾਂ ਅਨੁਸਾਰ ਹੁੰਦਾ ਹੈ।

ਉਦਾਹਰਨ ਲਈ : 'ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ' ਵਾਕ ਵਿੱਚ 'ਦਰਸ਼ਨ' ਸ਼ਬਦ ਵੇਖਿਆ ਜਾ ਸਕਦਾ ਹੈ। ਇਸ ਦੇ ਬਦਲ ਵਜੋਂ 'ਜ਼ਰੂਰ ਪਹੁੰਚਣਾ', 'ਜ਼ਰੂਰ ਆਉਣਾ' ਸ਼ਬਦ ਹਨ ਪਰ ਇਹ ਪੂਰਾ ਬਦਲ ਨਹੀਂ ਹਨ। ਧਾਰਮਿਕ ਪ੍ਰਸੰਗ ਵਿੱਚ ਤੁਹਾਡੀ ਚਰਨ-ਧੂੜ ਨਾਲ਼ ਸਾਡਾ ਘਰ ਪਵਿੱਤਰ ਹੋ ਜਾਵੇਗਾ' ਜਿਹੇ ਵਾਕ ਵੀ ਲਿਖ ਦਿੱਤੇ ਜਾਂਦੇ ਹਨ।

ਗ਼ਮੀ ਦੇ ਸੱਦਾ-ਪੱਤਰਾਂ ਵਿੱਚ ਮਿਰਤਕ ਲਈ ਉਸ ਦੀ ਸ਼ਖ਼ਸੀਅਤ ਅਨੁਸਾਰ ਇਸ ਪ੍ਰਕਾਰ ਦੇ ਸ਼ਬਦ ਜਾਂ ਵਾਕਾਂਸ਼ ਵਰਤੇ ਜਾਂਦੇ ਹਨ :

**ਪਰਲੋਕ ਸਿਧਾਰ ਗਏ ਹਨ**

ਜਾਂ

**ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ**

ਜਾਂ

**ਕੂਚ ਕਰ ਗਏ ਹਨ**

ਜਾਂ

**ਚੜ੍ਹਾਈ ਕਰ ਗਏ ਹਨ**

ਜਾਂ

**ਸੁਰਗਵਾਸ ਹੋ ਗਏ ਹਨ**

ਜਾਂ

**ਸਦੀਵੀ ਵਿਛੋੜਾ ਦੇ ਗਏ ਹਨ**

ਜਾਂ

**ਪੂਰੇ ਹੋ ਗਏ ਹਨ, ਆਦਿ।**

ਇਵੇਂ ਹੀ 'ਅੰਤਿਮ ਅਰਦਾਸ' ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ 'ਵਿਛੜੀ ਆਤਮਾ ਦੀ ਆਤਮਿਕ ਸ਼ਾਂਤੀ ਲਈ ਜਾਂ 'ਵਿਛੜੇ ਜੀਵ ਦੇ ਨਿਮਿਤ ਰੱਖੇ ਪਾਠ ਦਾ ਭੋਗ' ਆਦਿ ਵਾਕਾਸ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਖ਼ੁਸ਼ੀ ਦੇ ਸੱਦਾ-ਪੱਤਰਾਂ ਵਿੱਚ 'ਬੱਚੇ ਦੀ ਬਖ਼ਸ਼ਸ਼ ਹੋਈ ਹੈ', 'ਸੁੰਦਰ ਗ੍ਰਹਿ ਦੀ ਬਖ਼ਸ਼ਸ਼ ਹੋਈ ਹੈ' ਆਦਿ ਵਾਕਾਂਸ਼ ਵਰਤੇ ਜਾਂਦੇ ਹਨ।

ਇਹ ਵੀ ਚੇਤੇ ਰੱਖਣ ਵਾਲ਼ੀ ਗੱਲ ਹੈ ਕਿ ਸਮਾਜਿਕ ਤੇ ਸੱਭਿਆਚਾਰਿਕ ਵਾਤਾਵਰਨ ਵੀ ਤਬਦੀਲ ਹੁੰਦਾ ਰਹਿੰਦਾ ਹੈ। ਇਸ ਅਨੁਸਾਰ ਸੱਦਾ-ਪੱਤਰ ਵਿੱਚ ਵਰਤੀ ਜਾਂਦੀ ਸ਼ਬਦਾਵਲੀ ਦਾ ਰੰਗ ਬਦਲ ਜਾਂਦਾ ਹੈ। ਉਦਾਹਰਨ ਲਈ : ਅੱਜ-ਕੱਲ੍ਹ ਇਸ ਪ੍ਰਕਾਰ ਦੇ ਵਾਕ ਸੱਦਾ-ਪੱਤਰਾਂ ਵਿਚ ਵੇਖਣ ਨੂੰ ਮਿਲ਼ਦੇ ਹਨ-ਮੌਤ ਲਈ ; 'ਸਾਡੇ ਪਿਆਰੇ ....ਦਾ ਦਿਹਾਂਤ ਹੋ ਗਿਆ ਹੈ। ਬੱਚੇ ਦੇ ਜਨਮ ਦੀ ਖ਼ੁਸ਼ੀ ਲਈ ; 'ਸਾਡੇ ਘਰ ਇੱਕ ਨਿੱਕਾ ਮਹਿਮਾਨ ਆਇਆ ਹੈ।' ਇਵੇਂ ਹੀ 'ਸਕੂਲ ਦੀ ਇਮਾਰਤ ਨੇਪਰੇ ਚੜ੍ਹ ਗਈ ਹੈ, 'ਇਸ ਦਾ ਉਦਘਾਟਨ ਕੀਤਾ ਜਾਣਾ ਹੈ। ਇਸ ਸਮੇਂ ਤੁਹਾਡੀ ਹਾਜ਼ਰੀ ਬਹੁਤ ਜ਼ਰੂਰੀ ਹੈ।'

(ਸ) ਕਿਸੇ ਸਾਹਿਤਿਕ ਤੇ ਸੱਭਿਆਚਾਰਿਕ ਸਮਾਗਮ ਦੇ ਸੱਦਾ-ਪੱਤਰ ਵਿੱਚ ਨਿਮੰਤਰਨ ਦੇ ਸ਼ਬਦ ਲਿਖੇ ਹੋ ਸਕਦੇ ਹਨ।

'ਕਵੀ-ਦਰਬਾਰ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ'

'ਤੁਸੀਂ ਨਾਟਕ-ਮੇਲੇ ਵਿੱਚ ਸ਼ਾਮਲ ਹੋ ਕੇ ਇਸ ਮੇਲੇ ਦੀ ਰੌਣਕ ਵਧਾਉਣਾ ਜੀ'

ਜਾਂ

'ਸਭਾ ਦਾ ਸਲਾਨਾ ਸਮਾਗਮ ਨਿਸ਼ਚੇ ਹੀ ਦੇਖਣਯੋਗ ਹੋਵੇਗਾ'

## ਸੱਦਾ-ਪੱਤਰਾਂ ਦੀਆਂ ਕਿਸਮਾਂ

## (ੳ) ਸੱਦਾ-ਪੱਤਰਾਂ ਦੀ ਪਹਿਲੀ ਵੰਡ

**1. ਖ਼ੁਸ਼ੀ ਦੇ ਸਮਾਗਮਾਂ ਲਈ ਸੱਦਾ-ਪੱਤਰ :** ਮਨੁੱਖ ਦੇ ਜੀਵਨ-ਚੱਕਰ ਵਿੱਚ ਕਈ ਘਟਨਾਵਾਂ ਨੂੰ ਖ਼ੁਸ਼ੀ ਦੇ ਮੌਕੇ ਮੰਨਿਆ ਜਾਂਦਾ ਹੈ। ਵੱਖ-ਵੱਖ ਸਮਾਜਾਂ ਵਿੱਚ ਖ਼ੁਸ਼ੀ ਦੇ ਮੌਕੇ ਵੱਖ-ਵੱਖ ਹੁੰਦੇ ਹਨ। ਪੰਜਾਬ ਵਿੱਚ ਬੱਚੇ ਦਾ ਜਨਮ, ਨਾਮਕਰਨ, ਦਸਤਾਰਬੰਦੀ, ਸ਼ਗਨ ਦੀ ਰਸਮ ਅਰਥਾਤ ਮੰਗਣੀ, ਵਿਆਹ, ਜਨਮ-ਦਿਨ, ਵਿਆਹ-ਦਿਨ, ਗ੍ਰਹਿ-ਪ੍ਰਵੇਸ਼/ਚੱਠ ਆਦਿ ਆਉਂਦੇ ਹਨ। ਸਮੇਂ ਦੇ ਬਦਲਣ ਨਾਲ਼ ਕੁਝ ਨਵੇਂ ਮੌਕੇ ਖ਼ੁਸ਼ੀ ਦੇ ਮੌਕਿਆਂ ਵਿੱਚ ਸ਼ਾਮਲ ਹੋ ਜਾਂਦੇ ਹਨ ਤੇ ਕੁਝ ਇਸ ਵਿੱਚੋਂ ਹਟਦੇ ਜਾਂਦੇ ਹਨ। ਉਦਾਹਰਨ ਵਜੋਂ : ਪਹਿਲਾਂ ਧੀ ਦੇ ਜਨਮ ਨੂੰ ਖ਼ੁਸ਼ੀ ਦਾ ਮੌਕਾ ਨਹੀਂ ਸੀ ਸਮਝਿਆ ਜਾਂਦਾ ਪਰ ਹੁਣ ਬਹੁਤੇ ਮਾਪੇ ਬੱਚੀਆਂ ਦੇ ਜਨਮ ਸਮੇਂ ਵੀ ਖ਼ੁਸ਼ੀ ਮਨਾਉਂਦੇ ਹਨ। ਫਿਰ ਹਰ ਸਾਲ ਜਨਮ-ਦਿਨ ਵੀ। ਇਵੇਂ ਹੀ, ਮੌਤ ਨੂੰ ਸੋਗੀ ਘਟਨਾ ਮੰਨਿਆ ਜਾਂਦਾ ਹੈ ਪਰ ਲੰਮੀ ਉਮਰ ਭੋਗ ਕੇ ਭਰੇ ਪਰਿਵਾਰ ਵਿੱਚੋਂ ਤੁਰ ਜਾਣ ਵਾਲ਼ੇ ਕਿਸੇ ਬਜ਼ੁਰਗ ਦੀ ਮੌਤ ਉਪਰੰਤ ਕੁਝ ਰਸਮਾਂ ਸਮੇਂ ਜਸ਼ਨ ਜਿਹਾ ਮਾਹੌਲ ਹੁੰਦਾ ਹੈ।

ਨਿੱਜੀ ਜਾਂ ਪਰਿਵਾਰਕ ਖ਼ੁਸ਼ੀਆਂ ਨੂੰ ਮਨਾਉਣ ਲਈ ਆਪਣੇ ਸਾਕ-ਸੰਬੰਧੀਆਂ ਮਿੱਤਰਾਂ-ਸਹੇਲੀਆਂ, ਸਹਿਕਰਮੀਆਂ, ਆਂਢੀਆਂ-ਗੁਆਂਢੀਆਂ ਨੂੰ ਜਾਂ ਜਿਵੇਂ, ਵਿਅਕਤੀ ਜਾਂ ਪਰਿਵਾਰ ਦੀ ਇੱਛਾ, ਲੋੜ ਜਾਂ ਭਾਵਨਾ ਹੋਵੇ ਜਾਂ ਜਿਵੇਂ ਸਮਾਜਿਕ ਦਾਇਰਾ ਹੋਵੇ, ਬੁਲਾ ਲਿਆ ਜਾਂਦਾ ਹੈ। ਇਸ ਪ੍ਰਕਾਰ ਦੇ ਸਮਾਗਮਾਂ ਲਈ ਭੇਜੇ ਜਾਣ ਵਾਲ਼ੇ ਸੱਦਾ-ਪੱਤਰ ਇਸ ਵੰਨਗੀ ਦੇ ਹਨ।

**2. ਸ਼ੁਕਰਾਨੇ ਲਈ ਸਮਾਗਮ :** ਕਿਸੇ ਵਿਅਕਤੀ ਜਾਂ ਉਸ ਦੇ ਪਰਿਵਾਰ ਨੂੰ ਕੋਈ ਲਾਭ ਜਾਂ ਸਫਲਤਾ ਪ੍ਰਾਪਤੀ ਹੋਣ 'ਤੇ ਜਾਂ ਕਿਸੇ ਸੰਕਟ ਵਿੱਚੋਂ ਸਹੀ-ਸਲਾਮਤ ਬਚ ਜਾਣ 'ਤੇ ਜਾਂ ਕਿਸੇ ਬਿਪਤਾ ਦੇ ਟਲ ਜਾਣ ਦੇ ਸ਼ੁਕਰਾਨੇ ਵਜੋਂ ਕੋਈ ਧਾਰਮਿਕ ਰਸਮ ਕੀਤੀ ਜਾਂਦੀ ਹੈ। ਇਸ ਮੰਤਵ ਲਈ ਰਚੇ ਸਮਾਗਮ ਲਈ ਸੱਦਾ-ਪੱਤਰ ਦੀ ਇੱਕ ਵੱਖਰੀ ਵੰਨਗੀ ਬਣ ਜਾਂਦੀ ਹੈ।

**3. ਮਹੂਰਤ, ਅਰੰਭ ਜਾਂ ਉਦਘਾਟਨ :** ਕਿਸੇ ਕਾਰੋਬਾਰ ਜਾਂ ਵਿਸ਼ੇਸ਼ ਕਾਰਜ ਦੇ ਅਰੰਭ ਸਮੇਂ ਆਪਣੇ ਇਸ਼ਟ ਤੋਂ ਕਾਮਯਾਬੀ ਦੀ ਕਾਮਨਾ ਕਰਨ ਅਤੇ ਆਪਣੇ ਸਨੇਹੀਆਂ ਤੇ ਸ਼ੁੱਭਚਿੰਤਕਾਂ ਦੀਆਂ ਸ਼ੁੱਭ-ਭਾਵਨਾਵਾਂ ਹਾਸਲ ਕਰਨ ਲਈ ਸਮਾਗਮ ਕੀਤਾ ਜਾਂਦਾ ਹੈ। ਸਮਾਗਮ ਦੀ ਇਸ ਵੱਖਰੀ ਕਿਸਮ ਅਨੁਸਾਰ ਹੀ ਸੱਦਾ-ਪੱਤਰਾਂ ਦੀ ਵੰਨਗੀ ਹੋ ਜਾਂਦੀ ਹੈ ।

**4. ਗ਼ਮੀ ਦੇ ਸਮਾਗਮ :** ਖ਼ੁਸ਼ੀਆਂ ਵਾਂਗ ਦੁੱਖ ਵੀ ਜ਼ਿੰਦਗੀ ਦਾ ਭਾਗ ਹਨ। ਇਸ ਅਨੁਸਾਰ ਗ਼ਮੀ ਦੇ ਮੌਕਿਆਂ ਨਾਲ਼ ਸੰਬੰਧਿਤ ਸਮਾਗਮ ਹੁੰਦੇ ਹਨ। ਕਿਸੇ ਦੇ ਦਿਹਾਂਤ ਉਪਰੰਤ ਕੀਤੀਆਂ ਜਾਂਦੀਆਂ ਰਸਮਾਂ, ਜਿਵੇਂ : ਭੋਗ, ਅੰਤਿਮ ਅਰਦਾਸ, ਉਠਾਲ਼ਾ, ਪਗੜੀ ਦੀ ਰਸਮ ਆਦਿ ਦੇ ਮੌਕੇ 'ਤੇ ਪਹੁੰਚਣ ਲਈ ਵੱਖਰੀ ਤਰ੍ਹਾਂ ਦੇ ਸੱਦਾ-ਪੱਤਰ ਭੇਜੇ ਜਾਂਦੇ ਹਨ। ਇਹਨਾਂ ਸੱਦਾ-ਪੱਤਰਾਂ ਦੀ ਦਿੱਖ ਸਾਦਾ, ਛਪਾਈ ਕਾਲ਼ੇ ਅੱਖਰਾਂ ਵਿੱਚ ਅਤੇ ਸੱਦਾ-ਪੱਤਰ ਦਾ ਮਜ਼ਮੂਨ ਆਮ ਤੌਰ 'ਤੇ ਕਾਲ਼ੇ ਹਾਸ਼ੀਏ ਦੇ ਅੰਦਰ ਦਿੱਤਾ ਜਾਂਦਾ ਹੈ। ਮਜ਼ਮੂਨ ਸੰਖੇਪ ਅਤੇ ਕੇਵਲ ਸੂਚਨਾ ਦੇਣ ਵਾਲ਼ਾ ਹੁੰਦਾ ਹੈ। ਮੌਕੇ ਦੇ ਅਨੁਕੂਲ ਹੀ ਸ਼ਬਦ ਸੋਗੀ ਰੰਗ ਦੇ ਜਾਂ ਭਾਣਾ ਮੰਨਣ ਦੀ ਭਾਵਨਾ ਨੂੰ ਪ੍ਰਗਟਾਉਂਦੇ ਹੁੰਦੇ ਹਨ ।

**5. ਸਭਾ-ਸਭਾਵਾਂ ਦੇ ਸਮਾਗਮ :** ਨਿੱਜੀ ਜਾਂ ਪਰਿਵਾਰਕ ਜੀਵਨ ਤੋਂ ਵਡੇਰੇ ਦਾਇਰੇ ਵਿੱਚ ਜਾਈਏ ਤਾਂ ਸਭਾ, ਸੁਸਾਇਟੀਆਂ, ਸੰਸਥਾਵਾਂ ਆਦਿ ਦੇ ਸਮਾਗਮ ਆ ਜਾਂਦੇ ਹਨ। ਇਹਨਾਂ ਵਿੱਚ ਸਾਹਿਤ-ਸਭਾਵਾਂ ਦੇ ਫ਼ੰਕਸ਼ਨ, ਪੁਸਤਕ-ਪ੍ਰੇਮੀਆਂ, ਖੇਡ-ਪ੍ਰੇਮੀਆਂ, ਪਰਉਪਕਾਰੀ ਸਭਾਵਾਂ, ਸੇਵਾ-ਦਲਾਂ, ਖ਼ੂਨ-ਦਾਨ ਕਲੱਬਾਂ, ਸੱਭਿਆਚਾਰਿਕ ਮੰਚਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਵਿਭਾਗਾਂ, ਅਕਾਦਮੀਆਂ ਆਦਿ ਦੇ ਅਨੇਕਾਂ ਵੰਨਗੀਆਂ ਦੇ ਸਮਾਗਮ ਸ਼ਾਮਲ ਹਨ। ਇਹਨਾਂ ਫ਼ੰਕਸ਼ਨਾਂ ਦੇ ਸੱਦਾ-ਪੱਤਰ ਧਾਰਮਿਕ ਰੰਗਤ ਤੋਂ ਕਾਫ਼ੀ ਮੁਕਤ ਹੁੰਦੇ ਹਨ। ਕਈ ਵਾਰੀ ਇਹਨਾਂ ਸਮਾਗਮਾਂ ਉੱਤੇ ਸੱਦਾ ਆਮ ਪਬਲਿਕ ਨੂੰ ਹੁੰਦਾ ਹੈ। ਇਸ ਲਈ ਮੁੱਖ-ਸੂਚਨਾ ਦੇਣ ਉਪਰੰਤ 'ਆਪ ਜੀ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ' ਲਿਖ ਦਿੱਤਾ ਜਾਂਦਾ ਹੈ।

## (ਅ) ਸੱਦਾ-ਪੱਤਰਾਂ ਦੀ ਦੂਜੀ ਵੰਡ

ਉਪਰੋਕਤ ਸਾਰੇ ਸੱਦਾ-ਪੱਤਰਾਂ ਦੀ ਵੰਡ ਇਸ ਤਰ੍ਹਾਂ ਵੀ ਹੋ ਸਕਦੀ ਹੈ-

(1) ਪਰਿਵਾਰਕ ਜੀਵਨ ਨਾਲ਼ ਸੰਬੰਧਿਤ ਸਮਾਗਮਾਂ ਦੇ ਸੱਦਾ-ਪੱਤਰ।

(2) ਜਨਤਿਕ ਜੀਵਨ ਨਾਲ਼ ਸੰਬੰਧਿਤ ਸਮਾਗਮਾਂ ਦੇ ਸੱਦਾ-ਪੱਤਰ।

## (ੲ) ਸੱਦਾ-ਪੱਤਰਾਂ ਦੀ ਤੀਜੀ ਵੰਡ

ਸੰਬੋਧਨ ਅਨੁਸਾਰ ਵੀ ਸੱਦਾ-ਪੱਤਰਾਂ ਦੀ ਵੰਡ ਕੀਤੀ ਜਾਂਦੀ ਹੈ-

(1) ਕੁੱਝ ਸੱਦਾ-ਪੱਤਰ ਚਿੱਠੀਨੁਮਾ ਹੁੰਦੇ ਹਨ। ਇਹਨਾਂ ਵਿੱਚ ਕਿਸੇ ਵਿਅਕਤੀ ਨੂੰ ਉਸ ਦੇ ਨਾਂ, ਰਿਸ਼ਤੇ ਜਾਂ ਅਹੁਦੇ ਅਨੁਸਾਰ ਨਿੱਜੀ ਤੌਰ 'ਤੇ ਸੰਬੋਧਿਤ ਕੀਤਾ ਜਾਂਦਾ ਹੈ।

(2) ਆਮ ਭੇਜੇ ਜਾਣ ਵਾਲ਼ੇ ਸੱਦਾ-ਪੱਤਰ ਵਿੱਚ ਪੱਤਰਾਂ ਦੇ ਦੂਜੇ ਪਾਸੇ ਜਾਂ ਲਿਫ਼ਾਫ਼ੇ ਉੱਤੇ ਵਿਅਕਤੀ-ਵਿਸ਼ੇਸ਼ ਦਾ ਨਾਂ ਅਤੇ ਪਤਾ ਦਿੱਤਾ ਜਾਂਦਾ ਹੈ।

(3) ਆਮ ਪਬਲਿਕ ਨੂੰ ਸੰਬੋਧਿਤ ਕੀਤੇ ਸੱਦਾ-ਪੱਤਰ ਇੱਕ ਪ੍ਰਕਾਰ ਦੇ ਇਸ਼ਤਿਹਾਰ ਹੀ ਹੁੰਦੇ ਹਨ। ਅਖ਼ਬਾਰ ਵਿੱਚ ਛਪਣ ਵਾਲ਼ੇ ਕਿਸੇ ਦੇ ਅਕਾਲ-ਚਲਾਣਾ ਕਰ ਜਾਣ ਉਪਰੰਤ ਭੋਗ ਆਦਿ ਦੇ ਇਸ਼ਤਿਹਾਰ ਇਸ ਵੰਨਗੀ ਦੇ ਹੁੰਦੇ ਹਨ।

## (ਸ) ਸੱਦਾ-ਪੱਤਰਾਂ ਦੀ ਚੌਥੀ ਵੰਡ

**ਸਮਾਜਿਕ ਦਰਜੇ ਜਾਂ ਰਿਸ਼ਤੇ ਦੀ ਨੇੜਤਾ ਅਨੁਸਾਰ ਸੱਦਾ-ਪੱਤਰ—** ਕਈ ਸੱਜਣ ਬੁਲਾਏ ਜਾਣ ਵਾਲ਼ੇ ਮਹਿਮਾਨਾਂ ਦੀ ਦਰਜਾਬੰਦੀ ਕਰਕੇ ਦੋ ਜਾਂ ਤਿੰਨ ਪ੍ਰਕਾਰ ਦੇ ਸੱਦਾ-ਪੱਤਰ ਬਣਾ ਲੈਂਦੇ ਹਨ। ਵਿਆਹ ਦੇ ਸੱਦਾ-ਪੱਤਰਾਂ ਵਿੱਚ ਇਸ ਪ੍ਰਕਾਰ ਦੀ ਵੰਡ ਕਦੇ-ਕਦਾਈਂ ਵੇਖਣ ਨੂੰ ਮਿਲ਼ਦੀ ਹੈ। ਅਜਿਹਾ ਵੀ ਹੁੰਦਾ ਹੈ ਕਿ ਬਰਾਤ ਵਿੱਚ ਸ਼ਾਮਲ ਹੋਣ ਵਾਲ਼ਿਆਂ ਲਈ ਵੱਖਰੇ, ਕੇਵਲ ਪ੍ਰੀਤੀ-ਭੋਜ 'ਤੇ ਬੁਲਾਏ ਜਾਣ ਵਾਲ਼ਿਆਂ ਲਈ ਵੱਖਰੇ ਕਾਰਡ ਬਣਵਾ ਲਏ ਜਾਂਦੇ ਹਨ ।

❋ ❋ ❋

# ਸੱਦਾ-ਪੱਤਰ

## ਵਿਆਹ ਲਈ

**ਲੱਖ ਖੁਸੀਆਂ ਪਾਤਿਸਾਹੀਆਂ, ਜੇ ਸਤਿਗੁਰੂ ਨਦਰਿ ਕਰੇਇ।**

ਸਰਦਾਰਨੀ ਅਤੇ ਸਰਦਾਰ ਦੀਦਾਰ ਸਿੰਘ ਕਰਵਾਸੜਾ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਨ ਕਿ ਉਹਨਾਂ ਦੇ ਸਪੁੱਤਰ ਕਾਕਾ ਮਨਦੀਪ ਸਿੰਘ ਦਾ ਸ਼ੁਭ ਵਿਆਹ ਬੀਬੀ ਕੁਲਵਿੰਦਰ ਕੌਰ ਸਪੁੱਤਰੀ ਸ: ਭੋਲਾ ਸਿੰਘ, ਵਾਸੀ ਤਲਵੰਡੀ ਸਾਬੋ (ਬਠਿੰਡਾ) ਨਾਲ਼ ਹੋਣਾ ਨਿਯਤ ਹੋਇਆ ਹੈ। ਸੋ, ਆਪ ਜੀ ਨੇ ਇਸ ਖ਼ੁਸ਼ੀਆਂ ਭਰੇ ਮੌਕੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਵਕਤ ਕੱਢ ਕੇ ਸਾਡੇ ਗ੍ਰਹਿ-ਸਥਾਨ ਪਿੰਡ ਗਹਿਰੀ ਬੁੱਟਰ (ਬਠਿੰਡਾ) ਵਿਖੇ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ ।ਅਸੀਂ ਹੱਥਾਂ ਦੀਆਂ ਤਲ਼ੀਆਂ 'ਤੇ ਮੋਹ ਦੇ ਦੀਵੇ ਬਾਲ਼ ਕੇ ਤੁਹਾਡਾ ਅੱਡੀਆਂ ਚੁੱਕ-ਚੁੱਕ ਕੇ ਸ਼ਿੱਦਤ ਨਾਲ਼ ਇੰਤਜ਼ਾਰ ਕਰਾਂਗੇ।

ਪ੍ਰੋਗ੍ਰਾਮ

**ਮਿਤੀ 01-12-2022**

| | |
|---|---|
| ਸਧਾਰਨ ਪਾਠ ਦਾ ਭੋਗ : | 10:00 ਵਜੇ ਸਵੇਰੇ |
| ਸ਼ਗਨ : | 10:30 ਵਜੇ ਸਵੇਰੇ |
| ਚਾਹ-ਪਾਰਟੀ : | 11:00 ਵਜੇ ਸਵੇਰੇ |
| | **02-12-2022** |
| ਰਵਾਨਗੀ ਬਰਾਤ : | 9:00 ਵਜੇ ਸਵੇਰੇ |

ਉਡੀਕਵਾਨ,

ਸਮੂਹ ਪਰਿਵਾਰ,

ਸੰਪਰਕ-97XX-00418

## ਧੀ ਦਾ ਜਨਮ-ਦਿਨ ਮਨਾਉਣਾ

ਸਰਦਾਰਨੀ ਮਨਜਿੰਦਰ ਕੌਰ ਤੇ ਸਰਦਾਰ ਯਾਦਵਿੰਦਰ ਸਿੰਘ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਨ ਕਿ ਉਹ ਆਪਣੀ ਧੀ ਮਨਰੂਪ ਕੌਰ ਦਾ ਜਨਮ-ਦਿਨ 28 ਨਵੰਬਰ, 2022 ਨੂੰ ਪਿੰਡ ਸਰਾਵਾਂ, ਜ਼ਿਲ੍ਹਾ ਫ਼ਰੀਦਕੋਟ ਵਿਖੇ ਮਨਾਉਣ ਜਾ ਰਹੇ ਹਨ। ਆਪ ਜੀ ਨੂੰ ਇਸ ਦਿਨ ਸ਼ਾਮੀਂ 4 ਵਜੇ ਪਰਿਵਾਰ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ।

ਨੋਟ :- ਸਾਡੇ ਲਈ ਤੁਹਾਡੇ ਦਰਸ਼ਨ ਹੀ ਉਪਹਾਰ ਹੋਣਗੇ, ਹੋਰ ਕਿਸੇ ਤਰ੍ਹਾਂ ਦਾ ਤੋਹਫ਼ਾ ਲਿਆਉਣ ਦੀ ਖੇਚਲ਼ ਨਾ ਕਰਨਾ।

## ਬੇਟੀ ਦੀ ਲੋਹੜੀ ਦਾ ਸੱਦਾ

ਲੱਖ ਖੁਸੀਆਂ ਪਾਤਿਸਾਹੀਆਂ, ਜੇ ਸਤਿਗੁਰੂ ਨਦਰਿ ਕਰੇਇ।

ਸਰਦਾਰਨੀ ਅਤੇ ਸਰਦਾਰ ਮਹਿੰਦਰ ਸਿੰਘ ਪ੍ਰਸੰਨਤਾ ਸਹਿਤ ਇਹ ਸੂਚਿਤ ਕਰਨਾ ਚਾਹੁੰਦੇ ਹਨ ਕਿ ਉਹਨਾਂ ਦੇ ਘਰ ਪੋਤਰੀ ਸੁਖਮੀਤ ਕੌਰ ਦੀ ਪਹਿਲੀ ਲੋਹੜੀ ਮਿਤੀ 13 ਜਨਵਰੀ, 2023 ਨੂੰ ਮਨਾਈ ਜਾਣੀ ਹੈ। ਆਪ ਜੀ ਨੂੰ ਸ਼ਾਮ 5 ਵਜੇ ਪਰਿਵਾਰ ਸਹਿਤ ਸਾਡੇ ਗ੍ਰਹਿ ਵਿਖੇ ਪਹੁੰਚਣ ਲਈ ਬੇਨਤੀ ਹੈ। ਰਾਤ ਦਾ ਖਾਣਾ ਠੀਕ 8:00 ਵਜੇ ਹੋਵੇਗਾ।

ਬੇਨਤੀ ਕਰਤਾ : ਮਹਿੰਦਰ ਸਿੰਘ, ਮਕਾਨ ਨੰ: 111, ਵਾਰਡ ਨੰ : 2, ਸ੍ਰੀ ਅੰਮ੍ਰਿਤਸਰ ਸਾਹਿਬ।

## ਭੋਗ ਤੇ ਅੰਤਿਮ ਅਰਦਾਸ

ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ।

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ਼ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਜਰਨੈਲ ਸਿੰਘ 12-12-22 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਚੱਲ ਵੱਸੇ ਹਨ। ਉਹਨਾਂ ਨਿਮਿੱਤ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਮਿਤੀ 21/12/22 ਨੂੰ ਦੁਪਹਿਰ 1 ਵਜੇ ਸਾਡੇ ਗ੍ਰਹਿ-ਸਥਾਨ ਪਿੰਡ ਬੀਜਾ, ਜ਼ਿਲ੍ਹਾ ਲੁਧਿਆਣਾ ਵਿਖੇ ਹੋਵੇਗੀ। ਆਪ ਜੀ ਨੇ ਇਸ ਦੁੱਖ ਦੀ ਘੜੀ ਸਮੇਂ ਜ਼ਰੂਰ ਹਾਜ਼ਰ ਹੋਣ ਦੀ ਕਿਰਪਾਲਤਾ ਕਰਨੀ।

ਦੁਖੀ ਹਿਰਦੇ :

ਮਹਿੰਦਰ ਸਿੰਘ, ਨਾਜਮ ਸਿੰਘ,

ਜਗਤਾਰ ਸਿੰਘ,

ਜਸਪਾਲ ਸਿੰਘ ਤੇ ਸਮੂਹ ਪਰਿਵਾਰ

## ਖ਼ੂਨਦਾਨ ਕੈਂਪ

ਇਲਾਕਾ-ਨਿਵਾਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਸਾਲ ਵਾਂਗ ਇਸ ਸਾਲ ਵੀ ਸਾਡੇ ਪਿੰਡ ਬੇਗੋਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਮਿਤੀ 13 ਅਪ੍ਰੈਲ, 2022 ਨੂੰ ਇੱਕ ਖ਼ੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਿਬ ਇਸ ਕੈਂਪ ਦਾ ਉਦਘਾਟਨ ਕਰਨਗੇ। ਪਿਛਲੇ ਸਾਲ ਦੇ ਖ਼ੂਨਦਾਨੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਚਾਹਵਾਨ ਖ਼ੂਨਦਾਨੀਆਂ ਨੂੰ ਇਸ ਕੈਂਪ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

ਵੱਲੋਂ : ਨੌਜਵਾਨ ਸਭਾ, ਪਿੰਡ ਬੇਗੋਵਾਲ਼, ਲੁਧਿਆਣਾ।

## ਪੇਂਡੂ ਖੇਡ-ਮੇਲਾ

ਹਰ ਸਾਲ ਦੀ ਤਰ੍ਹਾਂ ਯੁਵਕ-ਭਲਾਈ ਕਲੱਬ, ਪਿੰਡ ਬੁੱਟਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਪਿੰਡਵਾਸੀਆਂ ਦੇ ਸਹਿਯੋਗ ਨਾਲ਼ ਇਸ ਵਾਰ ਮਿਤੀ 18-08-2022 ਤੋਂ 20-08-2022 ਤੱਕ ਵਿਸ਼ਾਲ ਪੇਂਡੂ ਖੇਡ-ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਖੇਡ-ਮੇਲੇ ਵਿੱਚ ਕਬੱਡੀ 50 ਕਿਲੋ, ਕਬੱਡੀ 75 ਕਿਲੋ, ਕਬੱਡੀ ਓਪਨ, ਰੱਸਾ ਖਿੱਚਣ, ਵਾਲੀਬਾਲ, ਸ਼ੂਟਿੰਗ, ਕੁਸ਼ਤੀਆਂ ਤੇ ਟ੍ਰਾਲੀ ਬੈਕ ਕਰਨ ਦੇ ਮੁਕਾਬਲੇ ਹੋਣਗੇ। ਮੇਲੇ ਦਾ ਉਦਘਾਟਨ ਡਿਪਟੀ ਕਮਿਸ਼ਨਰ ਸਾਹਿਬ, ਸ੍ਰੀ ਫ਼ਤਿਹਗੜ੍ਹ ਸਾਹਿਬ ਕਰਨਗੇ। ਇਨਾਮ-ਵੰਡ ਸਮਾਰੋਹ 'ਚ ਜ਼ਿਲ੍ਹਾ ਖੇਡ-ਅਫ਼ਸਰ, ਸ੍ਰੀ ਫ਼ਤਿਹਗੜ੍ਹ ਸਾਹਿਬ ਸ਼ਿਰਕਤ ਕਰਨਗੇ। ਇਸ ਮੌਕੇ ਰੰਗਾ-ਰੰਗ ਪ੍ਰੋਗ੍ਰਾਮ ਵੀ ਹੋਵੇਗਾ। ਆਪ ਸਭ ਨੂੰ ਇਸ ਖੇਡ ਮੇਲੇ 'ਚ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

ਉਡੀਕਵਾਨ,

ਯੁਵਕ ਭਲਾਈ ਕਲੱਬ,

ਤੇ ਗ੍ਰਾਮ ਪੰਚਾਇਤ,

ਪਿੰਡ ਬੁੱਟਰ,

ਜ਼ਿਲ੍ਹਾ ਸ੍ਰੀ ਫ਼ਤਿਹਗੜ੍ਹ ਸਾਹਿਬ।

## ਪੁਸਤਕ-ਮੇਲਾ

ਨੈਸ਼ਨਲ ਬੁੱਕ ਟ੍ਰੱਸਟ ਦੇ ਸਹਿਯੋਗ ਨਾਲ਼ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵਿਖੇ ਮਿਤੀ 12-10-2022 ਤੋਂ 18-10-2022 ਤੱਕ ਇੱਕ ਵਿਸ਼ਾਲ ਪੁਸਤਕ-ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮੇਲੇ ਵਿੱਚ ਵੱਖ-ਵੱਖ ਭਾਸ਼ਾਵਾਂ ਦੇ 100 ਦੇ ਕਰੀਬ ਪ੍ਰਕਾਸ਼ਕ ਸਾਹਿਤਿਕ ਪ੍ਰੇਮੀਆਂ ਲਈ ਕਿਤਾਬਾਂ ਦੀ ਪ੍ਰਦਰਸ਼ਨੀ ਲਾਉਣਗੇ। ਮੇਲੇ ਦਾ ਉਦਘਾਟਨ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਕਰਨਗੇ। ਇਸ ਮੌਕੇ ਸ਼੍ਰੋਮਣੀ ਕਵੀਆਂ ਦਾ ਕਵੀ-ਦਰਬਾਰ ਵੀ ਹੋਵੇਗਾ । ਆਪ ਸਭ ਨੂੰ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਵੱਲੋਂ :

ਪੰਜਾਬੀ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ।

## ਮਾਪੇ-ਅਧਿਆਪਕ ਮਿਲ਼ਨੀ

ਸੂਚਿਤ ਕੀਤਾ ਜਾਂਦਾ ਹੈ ਕਿ ਸ.ਸ.ਸ.ਸ. ਝੰਜੇੜੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਵਿਖੇ ਮਿਤੀ 31 ਮਾਰਚ, 2022 ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਸ਼੍ਰੇਣੀ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਸਾਰੇ ਵਿਦਿਆਰਥੀ ਅਤੇ ਉਹਨਾਂ ਦੇ ਮਾਪੇ ਨਤੀਜਿਆਂ ਸੰਬੰਧੀ, ਸੰਬੰਧਿਤ ਜਮਾਤ ਇਨਚਾਰਜਾਂ ਤੇ ਵਿਸ਼ਾ-ਅਧਿਆਪਕਾਂ ਨਾਲ਼ ਸੰਪਰਕ ਕਰਨਗੇ। ਇਸ ਮਿਲ਼ਨੀ ਵਿੱਚ ਸ਼ਾਮਲ ਹੋਣਾ ਸਾਰੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਲਈ ਅਤਿ ਜ਼ਰੂਰੀ ਹੈ।

ਵੱਲੋਂ : ਪ੍ਰਿੰਸੀਪਲ, ਸ.ਸ.ਸ.ਸ. ਝੰਜੇੜੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ)।

## ਵਿਰਾਸਤੀ ਮੇਲਾ

ਇਲਾਕਾ-ਨਿਵਾਸੀਆਂ ਨੂੰ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਹਰੇਕ ਸਾਲ ਦੀ ਤਰ੍ਹਾਂ ਬਠਿੰਡਾ ਦੇ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ ਮਿਤੀ 20-11-22 ਤੋਂ 22-11-2022 ਤੱਕ ਵਿਰਾਸਤੀ-ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮੇਲੇ ਦਾ ਉਦਘਾਟਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਿਬ ਕਰਨਗੇ। ਮੇਲੇ ਵਿੱਚ ਕਵੀਸ਼ਰੀ, ਖੇਡਾਂ, ਪੁਸਤਕ-ਪ੍ਰਦਰਸ਼ਨੀ, ਪੁਰਾਣੀਆਂ ਵਸਤਾਂ ਦੀਆਂ ਨੁਮਾਇਸ਼ਾਂ, ਕਵੀ-ਦਰਬਾਰ, ਝਾਕੀਆਂ, ਗਿੱਧਾ-ਭੰਗੜਾ, ਬਾਜ਼ੀ ਤੇ ਗੀਤ-ਸੰਗੀਤ ਆਦਿ ਮੁੱਖ ਆਕਰਸ਼ਣ ਹੋਣਗੇ। ਇਲਾਕਾ-ਨਿਵਾਸੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

ਉਡੀਕਵਾਨ :

ਪ੍ਰਬੰਧਕ,

ਵਿਰਾਸਤੀ ਮੇਲਾ,

ਬਠਿੰਡਾ।

## ਸਟੂਡੀਓ ਦਾ ਮਹੂਰਤ

ਆਪ ਜੀ ਨੂੰ ਦੱਸਦਿਆਂ ਅਤਿ ਪ੍ਰਸੰਨਤਾ ਹੋ ਰਹੀ ਹੈ ਕਿ ਅਸੀਂ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਲਈ ਬੈਂਕ ਬਜ਼ਾਰ, ਰਾਮਾ ਮੰਡੀ (ਜ਼ਿਲ੍ਹਾ ਜਲੰਧਰ) ਵਿਖੇ ਕਪਿਲ ਸਟੂਡੀਓ ਮਿਤੀ 13-1-22 ਨੂੰ ਖੋਲ੍ਹਣ ਜਾ ਰਹੇ ਹਾਂ। ਆਪ ਜੀ ਨੂੰ ਮਹੂਰਤ ਮੌਕੇ ਪਰਿਵਾਰ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

| | |
|---|---|
| ਸ਼ੁੱਭ ਮਹੂਰਤ : | ਉਡੀਕਵਾਨ : |
| 10:00 ਵਜੇ | ਕਪਿਲ ਕੁਮਾਰ, |
| ਚਾਹ-ਪਾਰਟੀ ਨਾਲ਼ੋ-ਨਾਲ਼। | ਮਲਕੀਤ ਚੋਪੜਾ। |

## ਸਲਾਨਾ ਸਮਾਗਮ

ਆਪ ਜੀ ਨੂੰ ਦੱਸਦਿਆਂ ਅਤਿ ਪ੍ਰਸੰਨਤਾ ਹੋ ਰਹੀ ਹੈ ਕਿ ਪ.ਸ.ਸ.ਬ. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭਾਗੂ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਦਿਅਕ ਖੇਤਰ 'ਚ ਤਰੱਕੀਆਂ ਕਰ ਰਿਹਾ ਹੈ। ਸਕੂਲ ਦਾ ਸਲਾਨਾ ਸਮਾਗਮ ਮਿਤੀ 15-11-2022 ਨੂੰ 10 ਵਜੇ ਸਵੇਰੇ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀ ਪ੍ਰਧਾਨਗੀ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਕਰਨਗੇ। ਇਸ ਮੌਕੇ ਬੋਰਡ-ਪਰੀਖਿਆਵਾਂ ਦੀ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ, ਖੇਡਾਂ ਤੇ ਸਹਿ-ਗਤੀਵਿਧੀਆਂ ਦੇ ਖੇਤਰ 'ਚ ਮੱਲਾਂ ਮਾਰਨ ਵਾਲ਼ੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ। ਬੱਚਿਆਂ ਵੱਲੋਂ ਰੰਗਾ-ਰੰਗ ਪ੍ਰੋਗ੍ਰਾਮ ਵੀ ਪੇਸ਼ ਕੀਤਾ ਜਾਵੇਗਾ।

ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਤੇ ਇਲਾਕਾ-ਨਿਵਾਸੀਆਂ ਨੂੰ ਇਸ ਮੌਕੇ ਪਹੁੰਚਣ ਲਈ ਅਪੀਲ ਕੀਤੀ ਜਾਂਦੀ ਹੈ।

ਦਰਸ਼ਨ ਅਭਿਲਾਸ਼ੀ :<br>
ਪ੍ਰਿੰਸੀਪਲ ਅਸ਼ਵਨੀ ਕੌਸ਼ਲ ਤੇ<br>
ਸਮੂਹ ਸਟਾਫ਼,<br>
ਪ.ਸ.ਸ.ਬ ਆਦਰਸ਼<br>
ਸੀਨੀ. ਸੈਕੰਡਰੀ ਸਕੂਲ,<br>
ਭਾਗੂ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ)।

## ਸੱਭਿਆਚਾਰਿਕ ਪ੍ਰੋਗ੍ਰਾਮ

ਸ਼ਹੀਦ ਭਗਤ ਸਿੰਘ ਨਸ਼ਾ-ਵਿਰੋਧੀ ਮੰਚ, ਤਲਵੰਡੀ ਸਾਬੋ ਦੇ ਸਹਿਯੋਗ ਨਾਲ ਮਾਲਵਾ ਵੈੱਲਫ਼ੇਅਰ ਕਲੱਬ, ਬੰਗੀ ਨਿਹਾਲ ਸਿੰਘ (ਬਠਿੰਡਾ) ਵੱਲੋਂ ਮਿਤੀ 15-10-22 ਨੂੰ ਸ਼ਾਮੀਂ 6 ਵਜੇ ਅਜਮੇਰ ਔਲਖ ਨਾਟਕਕਾਰ ਦੇ ਨਾਟਕਾਂ 'ਬਿਗਾਨੇ ਬੋਹੜ ਦੀ ਛਾਂ', 'ਅਵੇਸਲੇ ਯੁੱਧਾਂ ਦੀ ਨਾਇਕਾ' ਤੇ 'ਅਰਬਦ-ਨਰਬਦ ਧੁੰਧੂਕਾਰਾ' ਦਾ ਮੰਚਨ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਦਰਸ਼ਕ ਪੰਡਤ ਰੇਵਤੀ ਪ੍ਰਸ਼ਾਦ, ਸੁਖਰਾਜ ਸੰਦੋਹਾ ਤੇ ਜਥੇ ਦੀ ਕਵੀਸ਼ਰੀ, ਮੋਤੀ ਕੋਟ-ਬਖਤੂ ਦੀ ਕੋਰੀਓਗ੍ਰਾਫ਼ੀ, ਲੋਕ-ਗਾਇਕ ਨਵਦੀਪ ਸੰਧੂ ਦੀ ਗਾਇਕੀ ਆਦਿ ਦਾ ਵੀ ਅਨੰਦ ਮਾਣ ਸਕਦੇ ਹਨ। ਮੁੱਖ ਬੁਲਾਰੇ ਸ਼ਮਸ਼ੇਰ ਸਿੰਘ ਸਬ-ਇਨਸਪੈੱਕਟਰ, ਗੁਰਮੀਤ ਸਿੰਘ, ਮੇਜਰ ਕਮਾਲੂ, ਕ੍ਰਿਸ਼ਨ ਕੁਮਾਰ ਹੋਣਗੇ।

ਉਡੀਕਵਾਨ :<br>
ਸ਼ਹੀਦ ਭਗਤ ਸਿੰਘ ਨਸ਼ਾ-ਵਿਰੋਧੀ ਮੰਚ,<br>
ਮਾਲਵਾ ਵੈਲਫ਼ੇਅਰ ਕਲੱਬ,<br>
ਗ੍ਰਾਮ ਪੰਚਾਇਤ,<br>
ਪਿੰਡ ਬੰਗੀ ਨਿਹਾਲ ਸਿੰਘ,<br>
ਬਠਿੰਡਾ।

# ਅਧਿਆਇ 5

## ਪੈਰਾ-ਰਚਨਾ

ਲੇਖ ਵਾਂਗ ਪੈਰਾ ਰਚਨਾ ਨੂੰ ਲੇਖ-ਰਚਨਾ (ਕੰਪੋਜੀਸ਼ਨ) ਦਾ ਇੱਕ ਮਹੱਤਵਪੂਰਨ ਅੰਗ ਮੰਨਿਆ ਜਾਂਦਾ ਹੈ। ਇਸ ਵਿੱਚ ਕਿਸੇ ਵਿਸ਼ੇ ਜਾਂ ਉਸ ਦੇ ਕਿਸੇ ਪੱਖ, ਕਿਸੇ ਘਟਨਾ, ਸਥਿਤੀ, ਸਮੱਸਿਆ ਜਾਂ ਸੰਕਲਪ ਬਾਰੇ ਸੰਖੇਪ ਰੂਪ ਵਿੱਚ ਰਚਨਾ ਕੀਤੀ ਹੁੰਦੀ ਹੈ।

ਪੈਰਾ-ਰਚਨਾ ਇੱਕ ਸੁਤੰਤਰ ਰਚਨਾ ਹੁੰਦੀ ਹੈ। ਇਸ ਵਿੱਚ ਵਿਸ਼ੇ ਨੂੰ ਇਸ ਦੀ ਸਮੁੱਚਤਾ ਵਿੱਚ ਪੇਸ਼ ਕਰਨ ਦੀ ਕੋਸ਼ਸ਼ ਹੁੰਦੀ ਹੈ। ਪੈਰਾ-ਰਚਨਾ ਵਿੱਚ ਫੈਲਾਅ ਅਤੇ ਕਿਸੇ ਪ੍ਰਕਾਰ ਦੇ ਦੁਹਰਾਅ ਦੀ ਗੁੰਜਾਇਸ਼ ਨਹੀਂ ਹੁੰਦੀ। ਸੰਖੇਪਤਾ ਅਤੇ ਸੰਘਣਾਪਣ ਪੈਦਾ ਕਰ ਕੇ ਥੋੜ੍ਹੇ ਵਿੱਚ ਬਹੁਤ ਕਹਿਣ ਦੀ ਕੋਸ਼ਸ਼ ਕੀਤੀ ਜਾਂਦੀ ਹੈ। ਸਫਲ ਪੈਰਾ-ਰਚਨਾ ਗੁੰਦਵੀਂ ਹੁੰਦੀ ਹੈ ਅਤੇ ਆਪਣੇ-ਆਪ ਵਿੱਚ ਮੁਕੰਮਲ ਹੋਣ ਦਾ ਪ੍ਰਭਾਵ ਪਾਉਂਦੀ ਹੈ।

ਗਿਆਰ੍ਹਵੀਂ ਸ਼੍ਰੇਣੀ ਵਿੱਚ ਪੈਰਾ-ਰਚਨਾ ਦੇ ਆਕਾਰ ਦੀ ਸੀਮਾ ਲਗ-ਪਗ 150 ਸ਼ਬਦਾਂ ਦੀ ਕੀਤੀ ਗਈ ਹੈ ਪਰ ਇਸ ਸੀਮਾ ਨੂੰ ਪੱਕੀ ਨਹੀਂ ਸਮਝਣਾ ਚਾਹੀਦਾ। ਇਸ ਦੇ ਨੇੜੇ-ਤੇੜੇ ਰਹਿਣਾ ਚਾਹੀਦਾ ਹੈ ; ਲਗ-ਪਗ ਸ਼ਬਦ ਦਾ ਇਹੋ ਭਾਵ ਹੈ। ਜਤਨ ਹੋਣਾ ਚਾਹੀਦਾ ਹੈ ਕਿ ਪੈਰਾ-ਰਚਨਾ ਵਿੱਚ ਵਿਚਾਰ ਦੀ ਏਕਤਾ ਭੰਗ ਨਾ ਹੋਵੇ।

ਚੰਗੀ ਪੈਰਾ-ਰਚਨਾ ਲਈ ਵਿਸ਼ਾਲ ਗਿਆਨ ਅਤੇ ਨਿਰੰਤਰ ਅਭਿਆਸ ਕਰਨ ਦੀ ਲੋੜ ਹੈ। ਗਿਆਨ ਪ੍ਰਾਪਤ ਕਰਨ ਲਈ ਵਿਦਿਆਰਥੀ ਆਪਣੀਆਂ ਪਾਠ-ਪੁਸਤਕਾਂ ਤੋਂ ਇਲਾਵਾ ਹੋਰ ਪੁਸਤਕਾਂ, ਮੈਗਜ਼ੀਨ, ਅਖ਼ਬਾਰਾਂ ਆਦਿ ਦਾ ਅਧਿਐਨ ਕਰੇ। ਫਿਰ ਉਹ ਵੱਖ-ਵੱਖ ਵਿਸ਼ਿਆਂ ਬਾਰੇ ਪੈਰਾ-ਰਚਨਾ ਕਰਨ ਦਾ ਅਭਿਆਸ ਕਰੇ। ਮੁੜ-ਮੁੜ ਪੜ੍ਹਨ ਤੇ ਸੋਧਣ ਨਾਲ਼ ਚੰਗੀ ਪੈਰਾ-ਰਚਨਾ ਕਰਨ ਵਿੱਚ ਸਫਲਤਾ ਜ਼ਰੂਰ ਮਿਲ਼ਦੀ ਹੈ।

ਪੈਰਾ-ਰਚਨਾ ਕਰਨ ਸਮੇਂ ਲੇਖਕ ਦੀ ਸ਼ਖ਼ਸੀਅਤ ਅਨੁਸਾਰ ਵਿਸ਼ੇ ਦੀ ਪੇਸ਼ਕਾਰੀ ਪੱਖੋਂ ਵਿਭਿੰਨਤਾ ਆ ਜਾਣੀ ਸੁਭਾਵਿਕ ਹੈ। ਵੇਖਣ ਵਾਲ਼ੀ ਗੱਲ ਇਹ ਹੀ ਹੁੰਦੀ ਹੈ ਕਿ ਪੈਰਾ-ਰਚਨਾ ਜਚਵੀਂ ਅਤੇ ਪ੍ਰਭਾਵਸ਼ਾਲੀ ਹੋਵੇ ਅਤੇ ਸੰਪੂਰਨ ਜਾਪੇ ।

### ਪੈਰਾ-ਰਚਨਾ ਦਾ ਲਾਭ

ਅੱਜ-ਕੱਲ੍ਹ ਪੈਰਾ-ਰਚਨਾ ਕਈ ਪੱਖਾਂ ਤੋਂ ਲਾਭਦਾਇਕ ਹੈ। ਇਸ ਨਾਲ਼ ਆਪਣੇ ਵਿਚਾਰ ਸੰਖੇਪ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਪ੍ਰਗਟ ਕਰਨ ਦੀ ਜਾਚ ਆ ਜਾਂਦੀ ਹੈ। ਕਿਸੇ ਚੰਗੀ ਪੁਸਤਕ, ਦ੍ਰਿਸ਼ ਜਾਂ ਕਿਸੇ ਵਿਅਕਤੀ ਬਾਰੇ ਵਿਚਾਰ ਇੱਕ ਪੈਰੇ ਵਿੱਚ ਸਮੇਟੇ ਜਾ ਸਕਦੇ ਹਨ। ਪੈਰਾ-ਰਚਨਾ ਪੱਤਰਕਾਰੀ ਵਿੱਚ ਤਾਂ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੁੰਦੀ ਹੈ। ਅਖ਼ਬਾਰਾਂ, ਰਿਸਾਲਿਆਂ ਆਦਿ ਵਿੱਚ ਡੱਬੀ ਲਾ ਕੇ ਜੋ ਵਿਚਾਰ ਦਿੱਤੇ ਹੁੰਦੇ ਹਨ ਉਹ ਪੈਰਾ-ਰਚਨਾ ਹੀ ਤਾਂ ਹੁੰਦੇ ਹਨ। ਅਖ਼ਬਾਰਾਂ ਨੂੰ ਕਿਸੇ ਸਮੱਸਿਆ ਬਾਰੇ ਲਿਖੇ ਜਾਂਦੇ ਪਾਠਕਾਂ ਦੇ ਪੱਤਰ ਵੀ ਪੈਰੇ ਦੇ ਰੂਪ ਵਿੱਚ ਹੀ ਹੁੰਦੇ ਹਨ। ਪੈਰਾ-ਰਚਨਾ ਕਰਨ ਸਮੇਂ ਸਾਨੂੰ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਸੰਬੰਧਿਤ ਵਿਸ਼ਾ ਸਾਡੀ ਪਕੜ ਵਿੱਚ ਕਿੰਨਾ ਕੁ ਆ ਗਿਆ ਹੈ। ਹੌਲ਼ੀ-ਹੌਲ਼ੀ, ਅਭਿਆਸ ਨਾਲ਼ ਹਰ ਵਿਸ਼ੇ ਨੂੰ ਇੱਕ ਪੈਰੇ ਵਿੱਚ ਪ੍ਰਗਟ ਕਰਨ ਦੀ ਜਾਚ ਵੀ ਆ ਜਾਂਦੀ ਹੈ।

ਅਗਲੇ ਪੰਨਿਆਂ 'ਤੇ ਪੈਰਾ-ਰਚਨਾ ਦੇ ਕੁਝ ਨਮੂਨੇ ਦਿੱਤੇ ਗਏ ਹਨ।

❋ ❋ ❋

## 1. ਘਰ ਤੇ ਰੁੱਖ

ਘਰ ਇੱਕ ਰੁੱਖ ਵਾਂਗ ਹੁੰਦਾ ਹੈ। ਰੁੱਖ ਵਾਂਗ ਹੀ ਇਹ ਵਧਦਾ, ਫੈਲਦਾ ਤੇ ਆਕਾਰ ਬਣਾਉਂਦਾ ਹੈ। ਰੁੱਖ ਵਾਂਗ ਹੀ ਇੱਥੇ ਉਮੀਦਾਂ ਦੇ ਫੁੱਲ 'ਤੇ ਫਲ ਲੱਗਦੇ ਹਨ। ਰੁੱਖ ਵਾਂਗ ਹੀ ਘਰ-ਪਰਿਵਾਰ ਦੇ ਮੈਂਬਰਾਂ ਲਈ ਛਾਂ ਦਿੰਦੇ ਹਨ। ਜਿਵੇਂ ਪੰਛੀ ਰੁੱਖ 'ਤੇ ਚਹਿਚਹਾਉਂਦੇ ਹਨ, ਤਿਵੇਂ ਘਰ ਦੇ ਜੀਅ ਘਰ ਦੀ ਰੌਣਕ ਬਣਦੇ ਹਨ। ਰੁੱਖ ਵਾਂਗ ਹੀ ਘਰ ਦੀਆਂ ਟਾਹਣੀਆਂ ਬਣਦੀਆਂ ਹਨ ਭਾਵ ਘਰ ਦੇ ਜੀਆਂ ਦੀ ਆਪਣੀ-ਆਪਣੀ ਨਵੇਕਲੀ ਸ਼ਖ਼ਸੀਅਤ ਉੱਸਰਦੀ ਹੈ। ਜਿਵੇਂ ਰੁੱਖ ਅਨੇਕਾਂ ਟਾਹਣੀਆਂ ਦੇ ਹੁੰਦਿਆਂ ਅਤੇ ਹਰ ਟਾਹਣੀ ਨੂੰ ਲਿਫ-ਲਿਫ ਝੂਮਣ ਦੀ ਖੁੱਲ੍ਹ ਦਿੰਦਿਆਂ ਵੀ ਇੱਕ ਸਮੁੱਚੀ ਹੋਂਦ ਰੱਖਦਾ ਹੈ, ਤਿਵੇਂ ਘਰ ਹੁੰਦਾ ਹੈ। ਰੁੱਖ ਦੀ ਹਰ ਟਾਹਣੀ ਵਾਂਗ, ਘਰ ਦਾ ਹਰ ਜੀਅ ਉਸ ਦਾ ਅਨਿੱਖੜਵਾ ਅੰਗ ਹੁੰਦਾ ਹੈ। ਰੁੱਖ ਦੀ ਭਾਂਤ ਹੀ ਘਰ ਸਜੀਵ ਤੇ ਪਰਿਵਰਤਨਸ਼ੀਲ ਹੁੰਦਾ ਹੈ। ਸੋਹਣੇ ਪ੍ਰਫੁਲਿਤ ਰੁੱਖ ਨੂੰ ਵੇਖ ਕੇ ਜਿਵੇਂ ਰੂਹ ਨਸ਼ਿਆ ਜਾਂਦੀ ਹੈ,ਤਿਵੇਂ ਵੱਸਦੇ-ਰੱਸਦੇ ਘਰਾਂ ਨੂੰ ਵੇਖ ਮਨ ਖੇੜੇ ਵਿੱਚ ਆ ਜਾਂਦਾ ਹੈ। ਜਿਵੇਂ ਇਕੱਲੇ-ਇਕੱਲੇ ਰੁੱਖਾਂ ਨਾਲ਼ੋਂ ਰੁੱਖਾਂ ਦੇ ਸਮੂਹ ਬਾਗ਼ਾਂ ਦੇ ਰੂਪ ਵਿੱਚ ਵਧੇਰੇ ਸੋਂਹਦੇ ਹਨ, ਤਿਵੇਂ ਹੀ ਘਰਾਂ ਤੋਂ ਨਿਰਮਿਤ ਪਿੰਡ, ਨਗਰ ਤੇ ਸ਼ਹਿਰ ਤ੍ਰਿਪਤੀ ਦੇ ਨਜ਼ਾਰੇ ਪੇਸ਼ ਕਰਦੇ ਹਨ ।

## 2. ਸਫ਼ਰ ਕਰਨਾ

ਇਸ ਧਰਤੀ ਨੂੰ ਦੂਰ-ਦੂਰ ਤੱਕ ਜਾ ਕੇ ਵੇਖਣ ਦੀ ਲਾਲਸਾ ਮਨੁੱਖ ਵਿੱਚ ਮੁੱਢੋਂ ਹੀ ਰਹੀ ਹੈ। ਜਿਸ ਥਾਂ ਅਤੇ ਸ਼ਹਿਰ-ਗਰਾਂਅ ਨੂੰ ਆਪ ਜਾ ਕੇ ਵੇਖ ਲਈਏ ਉਹ ਸਾਨੂੰ ਕਦੇ ਭੁੱਲਦਾ ਨਹੀਂ ਹੈ। ਧਰਤੀ ਦੇ ਵੱਖ-ਵੱਖ ਹਿੱਸਿਆਂ 'ਤੇ ਵੱਸੇ ਲੋਕ ਉੱਥੋਂ ਦੇ ਭੂਗੋਲਿਕ ਤੇ ਰਾਜਨੀਤਿਕ ਕਾਰਨਾਂ ਕਰਕੇ ਕਿਵੇਂ ਰਹਿੰਦੇ ਹਨ, ਇਸ ਦਾ ਗਿਆਨ ਸਫ਼ਰ ਕਰਨ ਤੋਂ ਹੁੰਦਾ ਹੈ। ਅਨੇਕਾਂ ਗੱਲਾਂ ਵਿੱਚ ਉਹ ਸਾਡੇ ਵਾਂਗ ਰਹਿੰਦੇ ਹਨ, ਕੁਝ ਗੱਲਾਂ ਵਿੱਚ ਭਿੰਨ ਵੀ ਹੋ ਸਕਦੇ ਹਨ। ਆਪਣੀ ਸੌੜੀ ਦੁਨੀਆ ਵਿੱਚ ਇਕਰਸ ਬਣੀ ਜ਼ਿੰਦਗੀ ਤੋਂ ਸਫ਼ਰ ਸਦਕਾ, ਕੁਝ ਸਮੇਂ ਲਈ ਮੁਕਤ ਹੋਇਆ ਜਾ ਸਕਦਾ ਹੈ। ਸਫ਼ਰ ਦੀਆਂ ਕਈ ਤਰ੍ਹਾਂ ਦੀਆਂ ਔਕੜਾਂ ਦੇ ਬਾਵਜੂਦ ਸਫ਼ਰ ਇੱਕ ਨਵੇਕਲਾ ਅਤੇ ਤਾਜ਼ਗੀ ਦੇਣ ਵਾਲ਼ਾ ਅਨੁਭਵ ਹੁੰਦਾ ਹੈ। ਸਾਡੇ ਬਹੁਤੇ ਲੋਕ ਆਰਥਿਕ ਔਕੜਾਂ ਕਾਰਨ ਸ਼ੌਕੀਆ ਸਫ਼ਰ ਨਹੀਂ ਕਰ ਸਕਦੇ। ਉਹ ਸਾਕ-ਸੰਬੰਧੀਆਂ ਨੂੰ ਮਿਲ਼ਨ, ਕੰਮ-ਕਾਰ ਦੇ ਸੰਬੰਧ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਜਾਂ ਧਾਰਮਿਕ ਵਿਸ਼ਵਾਸਾਂ ਅਧੀਨ ਤੀਰਥ-ਯਾਤਰਾ ਕਰਨ ਲਈ ਹੀ ਘਰੋਂ ਬਾਹਰ ਨਿਕਲ਼ਦੇ ਹਨ ਪਰ ਚੰਗੀ ਗੱਲ ਇਹ ਹੈ ਕਿ ਕੁਝ ਘੁਮੱਕੜ ਆਪਣੀਆਂ ਯਾਤਰਾਵਾਂ ਦਾ ਹਾਲ ਕਾਨੀਬੰਦ ਕਰ ਦਿੰਦੇ ਹਨ। ਉਹਨਾਂ ਦੇ ਲਿਖੇ ਸਫ਼ਰਨਾਮੇ ਸਫ਼ਰ ਦਾ ਜੇ ਸਾਰਾ ਨਹੀਂ ਤਾਂ ਅੱਧਾ ਕੁ ਅਨੰਦ ਤਾਂ ਦੇ ਹੀ ਦਿੰਦੇ ਹਨ।

## 3. ਭੀੜ

ਹੁਣ ਤੁਹਾਨੂੰ ਭੀੜ ਵੇਖਣ ਲਈ ਕਿਸੇ ਮੇਲੇ ਜਾਂ ਤੀਰਥ-ਸਥਾਨ 'ਤੇ ਜਾਣ ਦੀ ਜ਼ਰੂਰਤ ਨਹੀਂ। ਘਰ ਤੋਂ ਬਾਹਰ ਪੈਰ ਪੁੱਟਦਿਆਂ ਹੀ ਕਈ ਥਾਂਈਂ ਭੀੜ ਦਾ ਦ੍ਰਿਸ਼ ਵੇਖਿਆ ਜਾ ਸਕਦਾ ਹੈ। ਬੱਸ-ਅੱਡਾ, ਰੇਲਵੇ ਸਟੇਸ਼ਨ, ਹਸਪਤਾਲ, ਡਾਕਖ਼ਾਨਾ, ਬਜ਼ਾਰ ਆਦਿ ਅਨੇਕਾਂ ਥਾਂਵਾਂ ਉੱਤੇ ਭੀੜ ਦੇ ਨਜ਼ਾਰੇ ਵੇਖੇ ਜਾ ਸਕਦੇ ਹਨ। ਹਫੜਾ-ਦਫੜੀ ਅਤੇ ਕਾਂਵਾਂ-ਰੌਲ਼ੀ ਭੀੜ ਦੇ ਦੋ ਉੱਘੜਵੇਂ ਚਿੰਨ੍ਹ ਹਨ। ਤੁਸੀਂ ਮੂੰਹ ਵਿੱਚ ਉਂਗਲ਼ਾਂ ਪਾ ਲਓਗੇ ਕਿ ਐਨਾ ਮੁਲਖੱਈਆ ਕਿੱਥੋਂ ਆ ਗਿਆ? ਦੋ ਕਾਰਨ ਬੜੇ ਸਪਸ਼ਟ ਹਨ, ਇੱਕ ਤਾਂ ਦਿਨੋਂ ਦਿਨ ਵਧ ਰਹੀ ਅਬਾਦੀ। ਦੂਜਾ, ਸ਼ਹਿਰ ਵਿੱਚ, ਉੱਥੇ ਮਿਲ਼ਦੀਆਂ ਕੰਮ ਦੀਆਂ ਸਹੂਲਤਾਂ ਤੇ ਹੋਰ ਸੇਵਾਵਾਂ ਦੀ ਉਪਲਬਧੀ ਕਾਰਨ ਅਬਾਦੀ ਦਾ ਜਮਘਟਾ ਹੋਣਾ। ਗ਼ਰੀਬ ਲੋਕਾਂ ਦੀਆਂ ਬਸਤੀਆਂ ਵਿੱਚ ਤਾਂ ਜਾਣੋ ਕੁਰਬਲ-ਕੁਰਬਲ ਹੋ ਰਹੀ ਹੈ। ਤੀਜਾ, ਲੋਕੀਂ ਕੰਮ-ਕਾਰ, ਪੜ੍ਹਾਈ, ਹਸਪਤਾਲਾਂ ਤੋਂ ਇਲਾਜ ਕਰਵਾਉਣ ਆਦਿ ਕਰਕੇ ਕਿਤੇ ਨਾ ਕਿਤੇ ਜਾਣ ਲਈ ਸੜਕ ਉੱਤੇ ਆਏ ਹੁੰਦੇ ਹਨ। ਮੋਟਰਾਂ-ਗੱਡੀਆਂ ਦੀ ਗਿਣਤੀ ਵਿੱਚ ਵੀ ਬੇਸ਼ੁਮਾਰ ਵਾਧਾ ਹੋਇਆ ਹੈ। ਇੰਞ ਥਾਂ ਪੁਰ ਥਾਂ ਵਧ ਰਹੀ ਭੀੜ ਸਭਨਾਂ ਲਈ ਸਿਰਦਰਦੀ ਬਣ ਰਹੀ ਹੈ।

## 4. ਹਸਪਤਾਲ

ਹਸਪਤਾਲ ਜਾਣ ਦੇ ਨਾਂ ਤੋਂ ਡਰਨ ਦੀ ਲੋੜ ਨਹੀਂ। ਹਸਪਤਾਲ ਵਿੱਚ ਅਸੀਂ ਆਪਣੇ ਰੋਗਾਂ ਦੇ ਇਲਾਜ ਲਈ ਜਾਂਦੇ ਹਾਂ, ਸਰੀਰਿਕ ਜਾਂ ਮਾਨਸਿਕ ਪੀੜ ਹੋਵੇ ਤਾਂ ਸਾਨੂੰ ਝੱਟ ਹਸਪਤਾਲ ਜਾਣ ਦਾ ਖ਼ਿਆਲ ਆਉਂਦਾ ਹੈ। ਸਾਡੇ ਬਹੁਤੇ ਹਸਪਤਾਲ ਸਰਕਾਰੀ ਹਨ ਜਿਸ ਦਾ ਮਤਲਬ ਹੈ ਕਿ ਇਹ ਲੋਕਾਂ ਦੇ ਹਸਪਤਾਲ ਹਨ ਅਤੇ ਉਹਨਾਂ ਦੀ ਸੇਵਾ ਲਈ ਹੀ ਬਣੇ ਹਨ। ਵਿੱਦਿਆ, ਸਿਹਤ-

ਸਹੂਲਤਾਂ, ਆਵਾਜਾਈ ਲਈ ਸੜਕਾਂ ਅਤੇ ਰੇਲ-ਮਾਰਗ ਇਹ ਸਮਾਜ ਦੇ ਸਾਂਝੇ ਜਤਨਾਂ ਨਾਲ਼ ਬਣਦੇ ਹਨ। ਸਾਡੇ ਵੱਲੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਟੈਕਸਾਂ ਦੀ ਅਦਾਇਗੀ ਇਹਨਾਂ ਸਾਂਝੀਆਂ ਸੰਸਥਾਵਾਂ ਨੂੰ ਉਸਾਰਨ ਲਈ ਹੀ ਤਾਂ ਹੁੰਦੀ ਹੈ। ਇਸ ਲਈ ਹਸਪਤਾਲ ਨੂੰ ਆਪਣਾ ਹਸਪਤਾਲ ਕਹਿਣਾ ਚਾਹੀਦਾ ਹੈ ਅਤੇ ਹਸਪਤਾਲ ਜਾਣ ਨੂੰ ਬਿਪਤਾ ਨਹੀਂ ਸਗੋਂ ਲੋੜ ਪੈਣ 'ਤੇ ਨਿਰੋਗ ਰਹਿਣ ਲਈ ਇੱਕ ਜਤਨ ਮੰਨਣਾ ਚਾਹੀਦਾ ਹੈ। ਹਸਪਤਾਲ ਨੂੰ ਆਸ਼ਾਵਾਦੀ ਹੋ ਕੇ ਹੀ ਜਾਣਾ ਚਾਹੀਦਾ ਹੈ। ਜ਼ਰਾ ਸੋਚੋ, ਹਸਪਤਾਲ ਦੇ ਡਾਕਟਰ ਤੇ ਨਰਸਾਂ ਤੁਹਾਡੀ ਸਹਾਇਤਾ ਕਰਨ ਲਈ ਹਨ। ਇਹ ਵੀ ਸੱਚ ਹੈ ਕਿ ਮਦਦ ਲੈਣ ਦੇ ਨਾਲ਼-ਨਾਲ਼ ਸਾਨੂੰ ਵੀ ਉਹਨਾਂ ਨੂੰ ਸਹਿਯੋਗ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਹਸਪਤਾਲ ਨੂੰ ਸਾਫ਼-ਸੁਥਰਾ ਰੱਖਣ ਵਿੱਚ ਯੋਗਦਾਨ ਦੇਣਾ ਚਾਹੀਦਾ ਹੈ। ਹਸਪਤਾਲ ਦੀ ਸੇਵਾ ਉੱਥੋਂ ਮਿਲ਼ ਸਕਦੀਆਂ ਮੁਫ਼ਤ ਦਵਾਈਆਂ ਦੇ ਅਰਥਾਂ ਵਿੱਚ ਨਹੀਂ ਸਗੋਂ ਮਾਹਰ ਡਾਕਟਰਾਂ ਦੇ ਮਸ਼ਵਰੇ ਦੇ ਰੂਪ ਵਿੱਚ ਮੰਨਣੀ ਚਾਹੀਦੀ ਹੈ। ਹਸਪਤਾਲ ਦੇ ਮਾਹੌਲ ਨੂੰ ਖ਼ੁਸ਼ਗਵਾਰ ਬਣਾਉਣਾ ਵੀ ਸਾਡਾ ਫ਼ਰਜ਼ ਹੈ।

## 5. ਚੰਗੀ ਬੋਲ-ਚਾਲ

ਚੰਗੀ ਬੋਲ-ਚਾਲ ਸਦਕਾ ਔਖੇ ਤੋਂ ਔਖੇ ਕਾਰਜ ਸੁਖਾਲ਼ੇ ਹੋ ਜਾਂਦੇ ਹਨ। ਸੰਕਟ ਟਲ਼ ਜਾਂਦੇ ਹਨ। ਦੁਸ਼ਮਣਾਂ ਤੋਂ ਮਿੱਤਰ ਬਣ ਜਾਂਦੇ ਹਨ। ਕਾਰੋਬਾਰ ਵਿੱਚ ਵਾਧਾ ਹੁੰਦਾ ਹੈ। ਮੌਕੇ ਮੁਤਾਬਕ ਢੁਕਵੀਂ 'ਤੇ ਜਚਵੀਂ ਬੋਲ-ਚਾਲ ਉਹ ਕਰਾਮਾਤ ਕਰ ਜਾਂਦੀ ਹੈ ਜੋ ਨਾ ਪੈਸਾ ਕਰ ਸਕਦਾ ਹੈ ਅਤੇ ਨਾ ਹੀ ਕੋਈ ਹਥਿਆਰ। ਕੀ ਇਹ ਅਚੰਭਾ ਨਹੀਂ ਹੈ ਕਿ ਤਬਾਹੀ ਮਚਾਉਂਦੇ ਜੰਗਾਂ-ਯੁੱਧਾਂ ਤੋਂ ਪਿੱਛੋਂ ਮਸਲਿਆਂ ਦੇ ਹੱਲ ਲਈ ਆਖ਼ਰ ਬੋਲ-ਚਾਲ ਦਾ ਰਾਹ ਹੀ ਅਪਣਾਇਆ ਜਾਂਦਾ ਹੈ। ਅਸਲ ਵਿੱਚ ਬੋਲ-ਚਾਲ ਸਾਡੇ ਲਈ ਬਾਹਰਲੇ ਸੰਸਾਰ ਵੱਲ ਬੂਹੇ ਖੋਲ੍ਹਦੀ ਹੈ। ਚੰਗੀ ਬੋਲ-ਚਾਲ ਦਾ ਗੁਣ ਹੋਵੇ ਤਾਂ ਸੰਸਾਰ ਸਾਨੂੰ ਸਾਡਾ ਸੁਆਗਤ ਕਰਦਾ ਮਿਲ਼ਦਾ ਹੈ। ਤਦੇ ਤਾਂ ਸਾਡੀਆਂ ਪੜ੍ਹਾਈਆਂ ਵਿੱਚ ਭਾਸ਼ਾਵਾਂ ਨੂੰ ਵਿਸ਼ਿਆਂ ਵਜੋਂ ਰੱਖਿਆ ਜਾਂਦਾ ਹੈ। ਭਾਸ਼ਾ ਉੱਤੇ ਜਿੰਨਾ ਕਿਸੇ ਦਾ ਅਧਿਕਾਰ ਹੋਵੇਗਾ, ਓਨਾ ਹੀ ਉਸ ਦੀ ਬੋਲ-ਚਾਲ ਵਿੱਚ ਨਿਖਾਰ ਆਉਂਦਾ ਜਾਵੇਗਾ। ਨੌਕਰੀਆਂ, ਮੁਕਾਬਲੇ ਦੇ ਇਮਤਿਹਾਨਾਂ, ਇੱਥੋਂ ਤੱਕ ਕਿ ਸੁੰਦਰਤਾ ਦੇ ਮੁਕਾਬਲਿਆਂ ਵਿੱਚ ਵੀ ਚੰਗੀ ਬੋਲ-ਚਾਲ ਦੇ ਗੁਣ ਨੂੰ ਆਂਕਿਆ ਜਾਂਦਾ ਹੈ। ਘਰ ਹੋਵੇ ਜਾਂ ਉਹ ਥਾਂ ਜਿੱਥੇ ਅਸੀਂ ਉਪਜੀਵਕਾ ਲਈ ਦਿਨ-ਭਰ ਕੰਮ ਕਰਦੇ ਹਾਂ, ਚੰਗੀ ਬੋਲ-ਚਾਲ ਸਾਨੂੰ ਸੁਚੱਜੇ ਅਤੇ ਸਹਿਯੋਗ ਲੈ ਸਕਣ ਦੇ ਯੋਗ ਬਣਾ ਦਿੰਦੀ ਹੈ। ਚੰਗੀ ਬੋਲ-ਚਾਲ ਸਮਾਜਿਕ ਮਹੱਤਤਾ ਵਾਲ਼ਾ ਗੁਣ ਹੈ। ਆਪਣੀ ਬੋਲ-ਚਾਲ ਪ੍ਰਤਿ ਥੋੜ੍ਹਾ ਸੁਚੇਤ ਹੋਇਆਂ ਇਸ ਗੁਣ ਨੂੰ ਦੂਜਿਆਂ ਦੀ ਅਤੇ ਆਪਣੀ ਖ਼ੁਸ਼ੀ ਅਤੇ ਕਾਮਯਾਬੀ ਲਈ ਵੀ ਵਰਤਿਆ ਜਾ ਸਕਦਾ ਹੈ।

## 6. ਸੁਚੇਤ ਗਾਹਕ

ਪੈਸੇ ਦੇ ਕੇ ਜਦੋਂ ਅਸੀਂ ਆਪਣੀ ਕਿਸੇ ਜ਼ਰੂਰਤ ਨੂੰ ਪੂਰਾ ਕਰਨ ਲਈ ਕੋਈ ਵੀ ਵਸਤੂ ਖ਼ਰੀਦਦੇ ਹਾਂ ਤਾਂ ਸਾਡੀ ਭੂਮਿਕਾ ਇੱਕ ਗਾਹਕ ਵਾਲ਼ੀ ਹੁੰਦੀ ਹੈ। ਅਜੋਕੇ ਸਮੇਂ ਵਿੱਚ ਸਾਨੂੰ ਇਹ ਭੂਮਿਕਾ ਨਿਤਾਪ੍ਰਤੀ ਦਿਨ ਵਿੱਚ ਕਈ ਵਾਰੀ ਨਿਭਾਉਣੀ ਪੈਂਦੀ ਹੈ। ਉਹ ਦਿਨ ਲਦ ਗਏ ਜਦੋਂ ਗਿਣਤੀ ਦੀਆਂ ਲੋੜਾਂ ਪਿੰਡ ਵਿੱਚ ਹੀ ਪੂਰੀਆਂ ਹੋ ਜਾਂਦੀਆਂ ਸਨ ਅਤੇ ਸਾਲ ਵਿੱਚ ਇੱਕ-ਅੱਧ ਵਾਰੀ ਹੀ ਸ਼ਹਿਰ ਦੇ ਬਜ਼ਾਰ ਵਿੱਚ ਜਾਣਾ ਪੈਂਦਾ ਸੀ। ਹੁਣ ਤਾਂ ਵੱਡੇ ਪਿੰਡ ਕਸਬਿਆਂ ਵਰਗੇ ਤੇ ਕਸਬੇ ਸ਼ਹਿਰਾਂ ਜਿਹੇ ਬਣ ਗਏ ਹਨ। ਵੱਡੇ ਸ਼ਹਿਰਾਂ ਦੀ ਗਿਣਤੀ ਵੀ ਵਧ ਗਈ ਹੈ। ਇਹਨਾਂ ਕਸਬਿਆਂ ਤੇ ਸ਼ਹਿਰਾਂ ਵਿੱਚ ਬਜ਼ਾਰ ਹਨ, ਮੰਡੀਆਂ ਹਨ। ਇਹਨਾਂ ਬਜ਼ਾਰਾਂ ਅਤੇ ਮੰਡੀਆਂ ਦੇ ਗਾਹਕ ਅਸੀਂ-ਤੁਸੀਂ ਹੀ ਹਾਂ। ਗਾਹਕਾਂ ਦੀ ਗਿਣਤੀ ਵੀ ਦਿਨੋ-ਦਿਨ ਵਧ ਰਹੀ ਹੈ। ਸਾਰੇ ਗਾਹਕ ਚੁਕੰਨੇ ਹੋ ਜਾਣ ਤਾਂ ਸਹਿਜੇ ਹੀ ਕਿੰਨੀ ਵੱਡੀ ਤਬਦੀਲੀ ਆ ਜਾਵੇਗੀ। ਗਾਹਕ ਕਿਵੇਂ ਸੁਚੇਤ ਹੋਵੇ ? ਦਵਾਈ ਖ਼ਰੀਦਣ ਲੱਗਿਆਂ ਉਸ ਦੀ ਮਿਆਦ ਪੁੱਗਣ ਦੀ ਤਰੀਕ ਤੋਂ ਜਾਣੂ ਹੋਣਾ, ਕੀਮਤ ਵੇਖਣੀ ਅਤੇ ਰਸੀਦ ਲੈਣਾ ਇੱਕ ਸਧਾਰਨ ਗੱਲ ਹੈ। ਇਵੇਂ ਵਸਤੂ ਦੇ ਗੁਣ ਭਾਵ ਕੁਆਲਿਟੀ ਵੇਖਣੀ ਵੀ ਜ਼ਰੂਰੀ ਹੈ। ਕੋਈ ਚੀਜ਼ ਖ਼ਰੀਦਣ ਲਈ ਬਜ਼ਾਰ ਜਾਈਏ ਤਾਂ ਅਸੀਂ ਵੇਖਦੇ ਹਾਂ ਕਿ ਵੱਖ-ਵੱਖ ਕੰਪਨੀਆਂ ਦੀ ਬਣੀ ਇੱਕ ਹੀ ਚੀਜ਼ ਦੀਆਂ ਕੀਮਤਾਂ ਵਿੱਚ ਬਹੁਤ ਅੰਤਰ ਹੁੰਦਾ ਹੈ। ਜੇ ਦੁਕਾਨਦਾਰ ਕਿਸੇ ਇੱਕ ਵਸਤੂ ਦੀ ਦੂਜੀ ਕੰਪਨੀ ਦੀ ਵਸਤੂ ਨਾਲ਼ੋਂ ਵੱਧ ਕੀਮਤ ਦੱਸਦਾ ਹੈ ਤਾਂ ਵੱਧ ਕੀਮਤ ਵਾਲ਼ੀ ਵਸਤੂ ਦੀ ਖ਼ੂਬੀ ਬਾਰੇ ਜਾਣਨਾ ਸਾਡਾ ਹੱਕ ਬਣਦਾ ਹੈ। ਸੁਚੇਤ ਗਾਹਕ ਆਪਣੇ ਪੈਸੇ ਦਾ ਠੀਕ ਮੁੱਲ ਹਾਸਲ ਕਰਨ ਲਈ ਅਜਿਹੀਆਂ ਆਮ ਸੂਝ ਵਾਲ਼ੀਆਂ ਕਿੰਨੀਆਂ ਗੱਲਾਂ ਜਾਣਦਾ ਹੁੰਦਾ ਹੈ।

# 7. ਸਾਈਕਲ ਦੀ ਵਰਤੋਂ

ਅੱਜ ਜਦੋਂਕਿ ਸੜਕਾਂ ਤੇਜ਼ ਗਤੀ ਵਾਲੀਆਂ ਮੋਟਰ-ਗੱਡੀਆਂ, ਕਾਰਾਂ, ਸਕੂਟਰਾਂ, ਮੋਟਰ-ਸਾਈਕਲਾਂ ਨਾਲ ਭਰੀਆਂ ਮਿਲਦੀਆਂ ਹਨ, ਵਿਚਾਰੇ ਸਾਈਕਲ ਦੀ ਗੱਲ ਕਰਨੀ ਓਪਰੀ ਲੱਗ ਸਕਦੀ ਹੈ ਪਰ ਸੱਚੀ ਗੱਲ ਇਹ ਹੈ ਕਿ ਸਾਈਕਲ ਅਜੇ ਵੀ ਜਨ-ਸਧਾਰਨ ਵੱਲੋਂ ਸਫ਼ਰ ਕਰਨ ਤੇ ਛੋਟਾ-ਮੋਟਾ ਭਾਰ ਢੋਣ ਵਾਲਾ ਸਭ ਤੋਂ ਵੱਧ ਵਰਤਿਆ ਜਾਣਾ ਵਾਲਾ ਵਾਹਨ ਹੈ। ਛੋਟੇ ਫ਼ਾਸਲਿਆਂ ਤੱਕ ਆਉਣ-ਜਾਣ ਲਈ ਸਾਈਕਲ ਦੀ ਕੋਈ ਰੀਸ ਨਹੀਂ। ਸਾਈਕਲ ਦੀ ਵਰਤੋਂ ਨਾਲ ਵਾਤਾਵਰਨ ਦੂਸ਼ਿਤ ਨਹੀਂ ਹੁੰਦਾ, ਜਿਵੇਂ ਪਟਰੋਲ ਤੇ ਡੀਜ਼ਲ ਨਾਲ ਚੱਲਣ ਵਾਲੇ ਹੋਰ ਵਾਹਨਾਂ ਨਾਲ ਹੁੰਦਾ ਹੈ। ਦੇਸ ਦੇ ਊਰਜਾ ਸੋਮਿਆਂ ਨੂੰ ਮੁਕਾਉਣ ਲਈ ਸਾਈਕਲ ਕਦੇ ਵੀ ਦੋਸ਼ੀ ਨਹੀਂ ਹੋ ਸਕਦਾ। ਪੱਕੀਆਂ-ਖੁੱਲ੍ਹੀਆਂ ਸੜਕਾਂ ਉੱਤੇ ਤਾਂ ਸਾਰੇ ਵਾਹਨ ਭੱਜੇ ਜਾਂਦੇ ਹਨ ਪਰ ਸਾਈਕਲ ਕੱਚੇ ਤੇ ਤੰਗ ਰਾਹਾਂ ਉੱਤੇ ਵੀ ਆਪਣੇ ਮਾਲਕ ਦਾ ਸਾਥ ਦਿੰਦਾ ਹੈ। ਰਸਤਾ ਬਹੁਤਾ ਔਖਾ ਹੋਵੇ ਤਾਂ ਇਹ ਅੜ ਨਹੀਂ ਖਲੋਂਦਾ। ਬੱਸ, ਜ਼ਰਾ ਜਿੰਨਾ ਚੁੱਕ ਕੇ ਲੰਘਾ ਲਓ ਤੇ ਫਿਰ ਇਸ ਉੱਤੇ ਸਵਾਰ ਹੋ ਜਾਓ। ਇਹ ਨਹੀਂ ਕਿ ਇਸ ਨੂੰ ਧੱਕਾ ਲਾਉਣਾ ਪਵੇ। ਸਾਈਕਲ ਸਰਫ਼ੇ ਪੱਖੋਂ ਹੀ ਸਿਫ਼ਤ ਦਾ ਹੱਕਦਾਰ ਨਹੀਂ, ਸਿਹਤ-ਸੰਭਾਲ ਦੇ ਪੱਖੋਂ ਵੀ ਇਸ ਦੀ ਰੀਸ ਨਹੀਂ। ਸਾਈਕਲ ਚਲਾਉਣਾ ਇੱਕ ਚੰਗੀ ਕਸਰਤ ਹੈ। ਸਾਈਕਲ ਦੀ ਵਰਤੋਂ ਕਰਨ ਨਾਲ ਕਿਸੇ ਦਾ ਰੁਤਬਾ ਘਟ ਨਹੀਂ ਜਾਂਦਾ। ਕੁਝ ਦਹਾਕੇ ਪਹਿਲਾਂ ਚੰਗੇ ਰੁਤਬਿਆਂ ਵਾਲੇ ਸਾਈਕਲ ਉੱਤੇ ਚੜ੍ਹਨਾ ਫ਼ਖ਼ਰ ਸਮਝਦੇ ਸਨ। ਇਹ ਤਾਂ ਫ਼ੈਸ਼ਨ ਦੀ ਗੱਲ ਹੈ। ਜੇ ਸਾਈਕਲ ਦੀ ਵਰਤੋਂ ਆਪਣੇ ਤੇ ਸਮਾਜ ਦੇ ਹਿਤ ਵਿੱਚ ਹੋਵੇ ਤਾਂ ਇਸ ਵਿੱਚ ਸੰਕੋਚ ਨਹੀਂ ਹੋਣਾ ਚਾਹੀਦਾ।

# 8. ਖ਼ੂਨਦਾਨ

ਜੀਵਨ-ਦਾਨ ਸਭ ਤੋਂ ਵੱਡਾ ਦਾਨ ਹੈ। ਗੰਭੀਰ ਬਿਮਾਰੀ, ਦੁਰਘਟਨਾ ਆਦਿ ਦੀ ਹਾਲਤ ਵਿੱਚ ਮਰੀਜ਼ ਨੂੰ ਕਿਸੇ ਦੂਜੇ ਮਨੁੱਖ ਦੇ ਖ਼ੂਨ ਦੀ ਲੋੜ ਪੈ ਸਕਦੀ ਹੈ। ਲੁੜੀਂਦਾ ਖ਼ੂਨ ਵਕਤ ਸਿਰ ਨਾ ਮਿਲ ਸਕੇ ਤਾਂ ਮਰੀਜ਼ ਦੀ ਜੀਵਨ-ਜੋਤ ਬੁਝ ਸਕਦੀ ਹੈ। ਇਸ ਤੋਂ ਉਲਟ ਸਮੇਂ ਸਿਰ ਸਹੀ ਖ਼ੂਨ ਮਿਲ ਜਾਵੇ ਤਾਂ ਮਰੀਜ਼ ਨੂੰ ਇੱਕ ਤਰ੍ਹਾਂ ਮੁੜ-ਜੀਵਨ ਮਿਲ ਜਾਂਦਾ ਹੈ। ਇਸ ਲੇਖੇ ਹਰ ਖ਼ੂਨਦਾਨੀ ਜੀਵਨ-ਦਾਨੀ ਹੀ ਤਾਂ ਹੁੰਦਾ ਹੈ। ਖ਼ੂਨਦਾਨ ਕਰਨ ਵਾਲਾ ਸਮਾਜ ਦੇ ਸੱਚੇ ਸਨਮਾਨ ਤੇ ਸ਼ਲਾਘਾ ਦਾ ਪਾਤਰ ਹੁੰਦਾ ਹੈ। ਉਹ ਜੀਵਨ ਨੂੰ ਸਹੀ ਅਰਥਾਂ ਵਿੱਚ ਪਿਆਰ ਕਰਦਾ ਹੈ। ਉਸ ਦੇ ਇਸ ਨੇਕ ਕਾਰਜ ਸਦਕਾ ਕੇਵਲ ਕਿਸੇ ਇੱਕ ਵਿਅਕਤੀ ਦੀ ਹੀ ਜਾਨ ਨਹੀਂ ਬਚਦੀ, ਉਸ ਬਚਣ ਵਾਲੇ ਵਿਅਕਤੀ ਨਾਲ ਸਮੁੱਚੇ ਪਰਿਵਾਰ ਦਾ ਬਚਾਅ ਹੋ ਜਾਂਦਾ ਹੈ। ਕਿੰਨੇ ਪਰਿਵਾਰ ਮੁੜ ਖਿੜ ਉੱਠਦੇ ਹਨ, ਕਿੰਨੀਆਂ ਜ਼ੁੰਮੇਵਾਰੀਆਂ ਦੇ ਅਧੂਰੇ ਰਹਿ ਜਾਣ ਦਾ ਖ਼ਤਰਾ ਟਲ ਜਾਂਦਾ ਹੈ। ਸਮਾਜਿਕ ਜੀਵਨ ਵਿੱਚ ਪੈਂਦੇ ਵਿਘਨ ਕੁਝ ਘਟ ਜਾਂਦੇ ਹਨ। ਇਸ ਤਰ੍ਹਾਂ ਖ਼ੂਨਦਾਨ ਪਰਉਪਕਾਰ ਹੈ, ਇਹ ਰੱਬੀ ਕਾਰਜ ਹੈ। ਖ਼ੂਨਦਾਨੀ ਦੇ ਜੀਵਨ ਵਿੱਚ ਨਿਰਸੁਆਰਥ ਹੋ ਕੇ ਆਪਣਾ ਖ਼ੂਨਦਾਨ ਕਰਨ ਦੀ ਘੜੀ ਮਹਾਨ ਹੁੰਦੀ ਹੈ। ਉਸ ਦੇ ਖ਼ੂਨ ਦੇ ਇੱਕ-ਇੱਕ ਕਤਰੇ ਨੇ ਕਿਸੇ ਦੀ ਬੁਝਦੀ ਜੀਵਨ-ਜੋਤ ਨੂੰ ਸਹਾਰਾ ਦੇਣਾ ਹੁੰਦਾ ਹੈ ਤਾਂਜੋ ਇਹ ਫਿਰ ਆਪਣੇ-ਆਪ ਲੰਮੇ ਸਮੇਂ ਲਈ ਜਗਦੀ ਰਹੇ। ਇੱਕ ਉਹ ਹਨ ਜੋ ਬਦੀ ਦੇ ਪੁਤਲੇ ਬਣ ਕੇ ਬੇਕਸੂਰਾਂ ਦਾ ਖ਼ੂਨ ਵਹਾਉਣ ਤੋਂ ਨਹੀਂ ਝਿਜਕਦੇ। ਇੱਕ ਇਹ ਵੀ ਹਨ ਜਿਹੜੇ ਆਪਣੇ ਖ਼ੂਨ ਨਾਲ ਜ਼ਿੰਦਗੀ ਦੀ ਬਾੜੀ ਨੂੰ ਸਿੰਜਦੇ ਹਨ। ਭਾਈ ਘਨੱਈਆ, ਭਗਤ ਪੂਰਨ ਸਿੰਘ ਦੀ ਸੇਵਾ-ਭਾਵਨਾ ਅਤੇ ਮਦਰ ਟੈਰੇਸਾ ਦੀ ਤਿਆਗ ਤੇ ਕੁਰਬਾਨੀ ਦੀ ਭਾਵਨਾ ਵਿੱਚ ਜੀਵਨ ਨੂੰ ਜਿਉਂਦਾ ਰੱਖਣ ਦੀ ਭਾਵਨਾ ਹੈ। ਖ਼ੂਨਦਾਨ ਕਰਨ ਵਾਲਿਆਂ ਰਾਹੀਂ ਵੀ ਇਹ ਜੀਵਨ-ਧਾਰਾ ਬਰਾਬਰ ਬਲਵਾਨ ਹੋ ਰਹੀ ਹੈ।

# 9. ਲਾਇਬ੍ਰੇਰੀ ਜਾਣਾ

ਲਾਇਬ੍ਰੇਰੀ ਜਾਣਾ ਕਦੇ ਵੀ ਘਾਟੇ ਦਾ ਸੌਦਾ ਨਹੀਂ ਹੁੰਦਾ। ਜਿਗਿਆਸੂਆਂ ਅਤੇ ਗਿਆਨ ਦੇ ਅਭਿਲਾਸ਼ੀਆਂ ਲਈ ਲਾਇਬ੍ਰੇਰੀ ਤੋਂ ਵੱਧ ਲਾਭਕਾਰੀ ਥਾਂ ਹੋਰ ਕਿਹੜੀ ਹੋ ਸਕਦੀ ਹੈ? ਵੱਡੇ-ਵੱਡੇ ਵਿਦਵਾਨ ਜਿਨ੍ਹਾਂ ਦੀਆਂ ਨਵੀਆਂ ਸੋਚਾਂ ਨੇ ਦੁਨੀਆਂ ਦੀ ਨੁਹਾਰ ਬਦਲ ਦਿੱਤੀ ਹੈ, ਪਤਾ ਨਹੀਂ ਕਿੰਨਾ-ਕਿੰਨਾ ਸਮਾਂ ਲਾਇਬ੍ਰੇਰੀ ਵਿੱਚ ਗੁਜ਼ਾਰਦੇ ਰਹੇ। ਪਹਿਲੇ ਸਮਿਆਂ ਵਿੱਚ ਲਾਇਬ੍ਰੇਰੀਆਂ ਅੱਜ-ਕੱਲ੍ਹ ਵਾਂਗ ਆਮ ਨਹੀਂ ਹੁੰਦੀਆਂ ਸਨ ਅਤੇ ਨਾ ਏਨੀਆਂ ਸੰਗਠਿਤ। ਇਸ ਕਰਕੇ ਉਦੋਂ ਗਿਆਨੀ ਲੋਕ ਥਾਂ-ਥਾਂ ਘੁੰਮਦੇ ਸਨ। ਜਿੱਥੇ ਵੀ ਗ੍ਰੰਥ ਪੜ੍ਹਨ ਨੂੰ ਮਿਲ ਜਾਂਦੇ, ਉੱਥੇ ਬੈਠ ਕੇ ਅਧਿਐਨ ਕਰਦੇ। ਹੁਣ ਸਹੂਲਤਾਂ ਜ਼ਿਆਦਾ ਹਨ। ਚੰਗੇ ਕਾਗਜ਼, ਉੱਤਮ ਛਪਾਈ ਅਤੇ ਆਕਰਸ਼ਕ ਜਿਲਦਾਂ ਵਿੱਚ ਵੱਖ-ਵੱਖ ਵਿਸ਼ਿਆਂ ਦੀਆਂ ਬੇਸ਼ੁਮਾਰ ਕਿਤਾਬਾਂ ਇੱਕੋ ਥਾਂ ਮਿਲ ਜਾਂਦੀਆਂ ਹਨ। ਲੰਮੇ ਨੋਟਸ ਲੈਣ ਦੀ ਜ਼ਰੂਰਤ ਨਹੀਂ ਹੁੰਦੀ, ਨਕਲਾਂ ਕਰਨ ਵਾਲੀਆਂ ਮਸ਼ੀਨਾਂ ਲਾਇਬ੍ਰੇਰੀ ਵਿੱਚ ਵੀ ਹੁੰਦੀਆਂ ਹਨ। ਸਾਫ਼-ਸੁਥਰਾ ਆਲਾ-ਦੁਆਲਾ, ਚਾਨਣ, ਹਵਾ, ਬੈਠਣ ਦਾ ਪ੍ਰਬੰਧ—ਪੜ੍ਹਨ ਵਾਲਾ ਹੋਵੇ ਤਾਂ ਗਿਆਨ ਲਾਲਸਾ ਨੂੰ ਰੱਜ-ਰੱਜ ਤ੍ਰਿਪਤ ਕਰ ਸਕਦਾ ਹੈ। ਹੋਰ ਪੜ੍ਹਨ

ਵਾਲ਼ਿਆਂ ਦੀ ਸੰਗਤ ਵਿੱਚ ਮਨ ਮੱਲੋ-ਮੱਲੀ ਪੜ੍ਹਨ ਨੂੰ ਕਰਦਾ ਹੈ। ਨਾਲ਼ੇ ਗਿਆਨ ਦਾ ਵਿਸ਼ਾਲ ਸਮੁੰਦਰ ਤੱਕ ਕੇ ਆਪਣੇ ਤੁੱਛ ਗਿਆਨ ਦਾ ਅਹਿਸਾਸ ਸਾਡੇ ਅੰਦਰ ਉਸ ਨਿਮਰਤਾ-ਭਾਵ ਨੂੰ ਜਗਾਉਂਦਾ ਹੈ ਜਿਸ ਦਾ ਧਾਰਨੀ ਹਰ ਪੜ੍ਹਿਆ-ਲਿਖਿਆ ਮਨੁੱਖ ਹੋਣਾ ਚਾਹੀਦਾ ਹੈ। ਸੱਚ ਤਾਂ ਇਹ ਵੀ ਹੈ ਕਿ ਇੱਕ ਕਤਰਾ ਜਦੋਂ ਸਮੁੰਦਰ ਦੇ ਨਜ਼ਦੀਕ ਹੁੰਦਾ ਹੈ ਤਾਂ ਸਮੁੰਦਰ ਦੀ ਵਿਸ਼ਾਲਤਾ ਅਤੇ ਗਹਿਰਾਈ ਉਸ ਵਿੱਚ ਝਲਕਣ ਲਗਦੀ ਹੈ। ਤਦੇ ਤਾਂ ਅੱਜ ਵੀ ਲਾਇਬ੍ਰੇਰੀ ਕੇਵਲ ਵਿਦਿਆਰਥੀ ਲਈ ਨਹੀਂ ਹੁੰਦੀ, ਇਹ ਹਰ ਉਮਰ ਦੇ ਵਿਅਕਤੀਆਂ ਦੀ ਲੋੜ ਬਣ ਗਈ ਹੈ। ਲਾਇਬ੍ਰੇਰੀ ਵਿੱਚ ਕੀ ਪੜ੍ਹਨਾ ਹੈ ਅਤੇ ਕਿਵੇਂ ਪੜ੍ਹਨਾ ਹੈ, ਲਾਇਬ੍ਰੇਰੀ ਵਿੱਚ ਅਕਸਰ ਜਾਣ ਵਾਲ਼ੇ ਇਸ ਜਾਚ ਨੂੰ ਆਪ ਹੀ ਗ੍ਰਹਿਣ ਕਰ ਲੈਂਦੇ ਹਨ। ਸਮੇਂ ਦੀ ਸਾਰਥਕਤਾ ਦਾ ਅਰਥ ਸਮੇਂ ਨੂੰ ਅਜਿਹੇ ਪਾਸੇ ਖ਼ਰਚ ਕਰਨਾ ਹੈ ਕਿ ਪਿੱਛੋਂ ਪਛਤਾਵਾ ਨਾ ਹੋਵੇ। ਲਾਇਬ੍ਰੇਰੀ ਜਾਣਾ ਲਾਹੇ ਦਾ ਰਾਹ ਹੈ, ਇਸ ਰਾਹੇ ਪਛਤਾਵੇ ਦਾ ਪਰਛਾਂਵਾਂ ਵੀ ਨਹੀਂ ਪੈ ਸਕਦਾ।

## 10. ਵਕਤ ਦੀ ਪਾਬੰਦੀ

ਵੱਡੇ ਆਕਾਰ ਦੀ ਘੜੀ ਵੇਖੀਏ ਜਾਂ ਨਿੱਕੇ ਆਕਾਰ ਦੀ, ਦਿਨ-ਰਾਤ ਦੇ ਗੇੜ ਵਿੱਚ ਉਹੀ ਚੌਵੀ ਘੰਟੇ ਨਿਕਲ਼ਦੇ ਹਨ। ਇੱਕ ਊਸ਼ਾ ਦੀ ਲਾਲੀ ਤੋਂ ਦੂਜੀ ਊਸ਼ਾ ਦੀ ਲਾਲੀ ਤੱਕ ਵਕਤ ਦੀ ਇਹ ਪੂੰਜੀ ਸਭ ਨੂੰ ਬਰਾਬਰ ਮਿਲ਼ਦੀ ਹੈ। ਫਿਰ ਵੀ ਅਚੰਭਾ ਹੁੰਦਾ ਹੈ ਕਿ ਕੋਈ ਇਸ ਪੂੰਜੀ ਦਾ ਵੱਡਾ ਮੁੱਲ ਪੁਆ ਜਾਂਦਾ ਹੈ ਅਤੇ ਕੋਈ ਖ਼ਾਲੀ ਦਾ ਖ਼ਾਲੀ ਰਹਿ ਜਾਂਦਾ ਹੈ। ਇਸ ਵਿੱਚ ਭੇਤ ਕੋਈ ਗੁੱਝਾ ਨਹੀਂ ਹੈ। ਸਕੂਲ ਵਿੱਚ ਸ਼ੁਰੂ ਤੋਂ ਹੀ ਇਸ ਦੀ ਦੱਸ ਪਾਈ ਜਾਂਦੀ ਹੈ ਕਿ ਹਮੇਸ਼ਾਂ ਵਕਤ ਦੇ ਪਾਬੰਦ ਰਹੋ। ਦਿਲਚਸਪੀ ਦੀ ਗੱਲ ਇਹ ਹੈ ਕਿ ਵਕਤ ਨੂੰ ਪਕੜਨ ਲਈ ਆਪ ਇਸ ਦੀ ਪਕੜ ਵਿੱਚ ਰਹਿਣਾ ਪੈਂਦਾ ਹੈ। ਸ੍ਵੈ-ਅਨੁਸ਼ਾਸਨ ਦਾ ਜੀਵਨ ਜਿਉਂਦਿਆਂ ਹੀ ਪ੍ਰਾਪਤ ਸਮੇਂ ਨੂੰ ਸੰਭਾਲ਼ਿਆ ਤੇ ਸਾਰਥਕ ਕੀਤਾ ਜਾ ਸਕਦਾ ਹੈ। ਸਮਾਂ ਸਕਿੰਟਾਂ-ਮਿੰਟਾਂ ਦੇ ਰੂਪ ਵਿੱਚ ਲੰਘ ਰਿਹਾ ਹੈ। ਇਹਨਾਂ ਸਕਿੰਟਾਂ-ਮਿੰਟਾਂ ਉੱਤੇ ਹੀ ਨਜ਼ਰ ਰੱਖਣੀ ਪਵੇਗੀ ; ਜੇ ਘੰਟੇ, ਦਿਨ ਤੇ ਸਾਲ ਸੰਭਾਲ਼ਨੇ ਹਨ। ਤਦੇ ਤਾਂ ਹਰ ਕੰਮ ਮੁਕੱਰਰ ਵਕਤ ਉੱਤੇ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜ਼ਰੂਰੀ ਨਹੀਂ ਕਿ ਕਿਤੇ ਇੰਟਰਵਿਊ ਉੱਤੇ ਜਾਣ, ਸਮਾਗਮ ਉੱਤੇ ਪਹੁੰਚਣ ਜਾਂ ਮਿਥੀ ਮੁਲਾਕਾਤ 'ਤੇ ਹਾਜ਼ਰ ਹੋਣ ਲਈ ਹੀ ਸਮੇਂ ਦਾ ਧਿਆਨ ਰੱਖਿਆ ਜਾਵੇ। ਵਕਤ ਦੀ ਪਾਬੰਦੀ ਦੀ ਗੱਲ ਤਾਂ ਆਪਣੇ ਨਿਤਾਪ੍ਰਤੀ ਜੀਵਨ 'ਤੇ ਲਾਗੂ ਹੁੰਦੀ ਹੈ। ਨਿੱਜੀ ਜੀਵਨ ਹੋਵੇ ਜਾਂ ਸਮਾਜਿਕ ਜੀਵਨ, ਦੋਹਾਂ ਹਾਲਤਾਂ ਵਿੱਚ ਵਕਤ ਦੀ ਪਾਬੰਦੀ ਇੱਕ ਸਮਾਜਿਕ ਗੁਣ ਹੈ। ਵਕਤ ਦੇ ਪਾਬੰਦ ਰਹਿਣ ਨਾਲ਼ ਕੰਮ ਛੇਤੀ ਤੇ ਸੁਖਾਲ਼ੇ ਹੋ ਜਾਂਦੇ ਹਨ। ਬੇਮਤਲਬ ਉਡੀਕ ਨਹੀਂ ਕਰਨੀ ਪੈਂਦੀ ਜਿਸ ਕਾਰਨ ਖ਼ਾਹ-ਮਖ਼ਾਹ ਦੇ ਤਣਾਵਾਂ ਤੋਂ ਬਚਾਅ ਹੋ ਜਾਂਦਾ ਹੈ। ਵੱਡੀ ਗੱਲ ਪਰਸਪਰ ਭਰੋਸਾ ਮਜ਼ਬੂਤ ਹੁੰਦਾ ਹੈ। ਇਹ ਭਰੋਸਾ ਹੀ ਆਪਸੀ ਸੰਬੰਧਾਂ ਦੀ ਚੂਲ਼ ਹੁੰਦੀ ਹੈ।

## 11. ਜੀਵਨ-ਸੇਧ

ਅੱਜ-ਕੱਲ੍ਹ ਅਸੀਂ ਅਖ਼ਬਾਰਾਂ ਵਿੱਚ ਨੌਜਵਾਨ ਮੁੰਡੇ-ਕੁੜੀਆਂ ਦੀ ਹੁੱਲੜਬਾਜ਼ੀ, ਉਹਨਾਂ ਰਾਹੀਂ ਕੀਤੀਆਂ ਚੋਰੀਆਂ, ਕਤਲਾਂ ਆਦਿ ਦੀਆਂ ਖ਼ਬਰਾਂ ਆਮ ਪੜ੍ਹਦੇ ਹਾਂ। ਇਸ ਦੇ ਨਾਲ਼-ਨਾਲ਼ ਕਦੀ-ਕਦੀ ਆਤਮ-ਹੱਤਿਆਵਾਂ ਦੀਆਂ ਖ਼ਬਰਾਂ ਵੀ ਨਜ਼ਰ ਆਉਂਦੀਆਂ ਹਨ। ਜਦੋਂ ਵੀ ਦੋ ਪ੍ਰੌੜ੍ਹ ਮਨੁੱਖ ਗੱਲਾਂ ਕਰਦੇ ਹਨ ਤਾਂ ਇਸ ਦਾ ਇਹੋ ਨਤੀਜਾ ਕੱਢਦੇ ਹਨ ਕਿ ਅੱਜ-ਕੱਲ੍ਹ ਦੇ ਨੌਜਵਾਨਾਂ ਨੂੰ ਜੀਵਨ-ਸੇਧ ਪ੍ਰਾਪਤ ਨਹੀਂ ਹੋ ਰਹੀ ਇਸ ਕਰਕੇ ਇਹ ਮਾੜੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕੁਝ ਸੋਚਦੇ ਹਨ ਕਿ ਅੱਜ-ਕੱਲ੍ਹ ਤਾਂ ਸਕੂਲ-ਕਾਲਜ ਬਹੁਤੀ ਗਿਣਤੀ ਵਿੱਚ ਖੁੱਲ੍ਹੇ ਹਨ ਅਤੇ ਬਹੁਤੇ ਮਾਪੇ ਵੀ ਪੜ੍ਹੇ-ਲਿਖੇ ਹਨ। ਫਿਰ ਅਜਿਹਾ ਕਿਉਂ ਵਾਪਰਦਾ ਹੈ ? ਅਸਲ ਵਿੱਚ ਮਾਪੇ ਜਾਂ ਵਿੱਦਿਅਕ ਸੰਸਥਾਵਾਂ ਨੌਜਵਾਨਾਂ ਦੀ ਸੁਰੱਖਿਆ ਦੇ ਜਤਨ ਕਰਦੇ ਹਨ ਅਤੇ ਉਹਨਾਂ ਨੂੰ ਆਪਣੇ ਨਿਸ਼ਾਨੇ ਜਾਂ ਮੰਤਵ ਵੱਲ ਵਧਣ ਲਈ ਤਿਆਰ ਕਰਦੇ ਹਨ। ਜੀਵਨ-ਸੇਧ ਜਾਂ ਜੀਵਨ ਦਾ ਮਨੋਰਥ, ਨੌਜਵਾਨਾਂ ਨੂੰ ਆਪਣੇ ਹਾਲਾਤ, ਸਮਰੱਥਾ ਅਤੇ ਸ਼ੌਕ ਅਨੁਸਾਰ ਆਪ ਹੀ ਲੱਭਣਾ ਅਤੇ ਮਿਥਣਾ ਹੁੰਦਾ ਹੈ। ਮਾਪਿਆਂ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਇਸ ਸੰਸਾਰ ਦੀਆਂ ਬੰਦ ਖਿੜਕੀਆਂ ਖੋਲ੍ਹ ਦੇਣ ਅਤੇ ਉਹ ਨੌਜਵਾਨਾਂ ਨੂੰ ਆਪਣਾ ਨਿਸ਼ਾਨਾ ਆਪ ਚੁਣਨ ਦੇਣ। ਇਸ ਸੇਧ ਵੱਲ ਵਧਦਿਆਂ ਉਹਨਾਂ ਨੂੰ ਜਿਹੜੀਆਂ ਔਕੜਾਂ ਆ ਸਕਦੀਆਂ ਹੋਣ, ਉਹਨਾਂ ਬਾਰੇ ਉਹਨਾਂ ਨੂੰ ਸੁਚੇਤ ਕਰਕੇ ਉਹਨਾਂ ਦੀ ਮਦਦ ਕਰਨ। ਉਹਨਾਂ ਨੂੰ ਆਪਣੇ ਪਿੱਛੇ ਤੁਰਨ 'ਤੇ ਮਜਬੂਰ ਨਾ ਕਰਨ।

## 12. ਸ੍ਵੈ-ਅਧਿਐਨ

ਸ੍ਵੈ-ਅਧਿਐਨ ਜੀਵਨ-ਜਾਚ ਦਾ ਇੱਕ ਮਹੱਤਵਪੂਰਨ ਅੰਗ ਹੈ। ਕੁਝ ਲੋਕ ਸੋਚਦੇ ਹਨ ਕਿ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੀਆਂ ਸ਼੍ਰੇਣੀਆਂ ਪਾਸ ਕਰ ਲੈਣੀਆਂ ਅਧਿਐਨ ਦੀ ਉੱਤਮ ਸੀਮਾ ਹੈ। ਇਹ ਗੱਲ ਪੂਰੀ ਠੀਕ ਨਹੀਂ ਹੈ। ਸਕੂਲਾਂ- ਕਾਲਜਾਂ ਵਿੱਚ ਤਾਂ ਸਗੋਂ ਸ੍ਵੈ-ਅਧਿਐਨ ਕਰਨ ਦੀ ਜਾਚ ਸਿਖਾਈ ਜਾਂਦੀ ਹੈ। ਇੰਞ ਵੀ ਕਿਹਾ ਜਾ ਸਕਦਾ ਹੈ ਕਿ ਵਿੱਦਿਅਕ ਸੰਸਥਾਵਾਂ ਵਿਦਿਆਰਥੀ ਨੂੰ ਇੱਕ ਤੀਜਾ ਨੇਤਰ ਪ੍ਰਦਾਨ ਕਰਦੀਆਂ ਹਨ। ਉਸ ਨੇਤਰ ਰਾਹੀਂ ਵਿਦਿਆਰਥੀ ਨੇ ਜ਼ਿੰਦਗੀ ਦੀ ਕਿਤਾਬ ਦਾ ਅਧਿਐਨ ਆਪ ਕਰਨਾ ਹੈ। ਦੁਨੀਆਂ ਦੇ ਅਨੇਕਾਂ ਮਹਾਂਪੁਰਸ਼ਾਂ ਨੂੰ ਸਕੂਲਾਂ-ਕਾਲਜਾਂ ਵਿੱਚ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਉਹਨਾਂ ਨੇ ਸ੍ਵੈ-ਅਧਿਐਨ ਰਾਹੀਂ ਹੀ ਗਿਆਨ ਪ੍ਰਾਪਤ ਕਰਕੇ ਮਹਾਨ ਕਾਰਜ ਕੀਤੇ ਹਨ। ਅੱਜ-ਕੱਲ੍ਹ ਹਰ ਵਿਸ਼ੇ ਉੱਤੇ ਭਾਂਤ-ਭਾਂਤ ਦੀਆਂ ਪੁਸਤਕਾਂ ਲਿਖੀਆਂ ਮਿਲ਼ਦੀਆਂ ਹਨ। ਇਹਨਾਂ ਸਾਰੀਆਂ ਨੂੰ ਡੂੰਘਾਈ ਨਾਲ਼ ਪੜ੍ਹ ਸਕਣਾ ਹਰ ਇੱਕ ਮਨੁੱਖ ਲਈ ਸੰਭਵ ਨਹੀਂ ਪਰ ਸ੍ਵੈ-ਅਧਿਐਨ ਦੀ ਆਦਤ ਸਦਕਾ ਉਹ ਇਹਨਾਂ ਉੱਤੇ ਨਜ਼ਰ ਤਾਂ ਮਾਰ ਹੀ ਸਕਦਾ ਹੈ। ਅੱਗੋਂ ਚੋਣਵੀਆਂ ਉੱਤਮ ਰਚਨਾਵਾਂ ਨੂੰ ਪੜ੍ਹ ਸਕਦਾ ਹੈ। ਸ੍ਵੈ-ਅਧਿਐਨ ਲਈ ਹਰ ਮਨੁੱਖ ਕੀਮਤੀ ਪੁਸਤਕਾਂ ਨਹੀਂ ਖ਼ਰੀਦ ਸਕਦਾ। ਉਸ ਦੇ ਅਧਿਐਨ ਦੀ ਭੁੱਖ ਪੂਰੀ ਕਰਨ ਲਈ ਲਾਇਬ੍ਰੇਰੀਆਂ ਹਨ। ਵਿਅਕਤੀ ਉਹਨਾਂ ਦੀ ਸਹਾਇਤਾ ਨਾਲ ਸ੍ਵੈ-ਅਧਿਐਨ ਕਰਕੇ ਅਨੰਦ ਮਾਣ ਸਕਦਾ ਹੈ ਅਤੇ ਜੀਵਨ-ਸੋਝੀ ਵੀ ਹਾਸਲ ਕਰ ਸਕਦਾ ਹੈ। ਸ੍ਵੈ-ਅਧਿਐਨ ਦੀ ਆਦਤ ਮਨੁੱਖ ਨੂੰ ਅਨੇਕਾਂ ਬੁਰੀਆਂ ਆਦਤਾਂ ਤੋਂ ਵੀ ਬਚਾਉਂਦੀ ਹੈ। ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀ-ਜੀਵਨ ਵਿੱਚ ਹੀ ਕੋਰਸ ਦੀ ਪੜ੍ਹਾਈ ਦੇ ਨਾਲ਼-ਨਾਲ਼ ਵਾਧੂ ਪੜ੍ਹਨ ਦੀ ਆਦਤ ਵੀ ਪਾਏ।

## 13. ਭਾਸ਼ਣ-ਕਲਾ

ਚੰਗਾ ਭਾਸ਼ਣ ਕਰ ਸਕਣਾ ਇੱਕ ਮਹੱਤਵਪੂਰਨ ਕਲਾ ਹੈ। ਮਨੁੱਖ ਦੀ ਜ਼ਿੰਦਗੀ ਵਿੱਚ ਭਾਸ਼ਣ-ਕਲਾ ਦਾ ਆਪਣਾ ਹੀ ਸਥਾਨ ਹੈ। ਦੂਜਿਆਂ ਸਾਮ੍ਹਣੇ ਬੇਝਿਜਕ ਬੋਲ ਸਕਣਾ, ਜੋ ਕਹਿਣਾ ਹੈ ਉਸ ਬਾਰੇ ਚੰਗੀ ਤਰ੍ਹਾਂ ਜਾਣਦੇ ਹੋਣਾ, ਕੁਝ ਪੂਰਵ-ਵਿਓਂਤ ਅਨੁਸਾਰ ਅਤੇ ਕੁਝ ਮੌਕੇ 'ਤੇ ਫੁਰੇ ਨੂੰ ਆਤਮ-ਵਿਸ਼ਵਾਸ ਨਾਲ਼ ਕਹਿ ਸਕਣਾ ਵੀ ਭਾਸ਼ਣ-ਕਲਾ ਦੇ ਮੋਟੇ-ਮੋਟੇ ਗੁਣ ਹਨ। ਇੱਕ ਨੇਤਾ ਚੰਗਾ ਭਾਸ਼ਣ ਕਰਕੇ ਸਾਰੇ ਸ੍ਰੋਤਿਆਂ ਨੂੰ ਜਿਵੇਂ ਚਾਹੇ ਪ੍ਰੇਰ ਸਕਦਾ ਹੈ। ਕੇਵਲ ਨੇਤਾਵਾਂ ਲਈ ਹੀ ਨਹੀਂ, ਆਮ ਮਨੁੱਖ ਲਈ ਵੀ ਭਾਸ਼ਣ-ਕਲਾ ਜ਼ਰੂਰੀ ਹੈ। ਇੰਟਰਵਿਊ ਅਤੇ ਸਧਾਰਨ ਗੱਲ-ਬਾਤ ਵਿੱਚ ਵੀ ਇਹ ਕਲਾ ਅਹਿਮ ਭੂਮਿਕਾ ਨਿਭਾਉਂਦੀ ਹੈ। ਚੰਗਾ ਭਾਸ਼ਣ ਕਰਨਾ ਏਨੀ ਸੁਖਾਲ਼ੀ ਗੱਲ ਨਹੀਂ ਹੈ ਫਿਰ ਵੀ ਚੰਗੇ ਗਿਆਨ ਅਤੇ ਅਭਿਆਸ ਨਾਲ਼ ਇਹ ਗੁਣ ਹਾਸਲ ਕੀਤਾ ਜਾ ਸਕਦਾ ਹੈ। ਸਕੂਲਾਂ-ਕਾਲਜਾਂ ਵਿੱਚ ਇਸ ਕਲਾ ਦਾ ਵਿਕਾਸ ਕਰਨ ਦੇ ਅਨੇਕਾਂ ਮੌਕੇ ਮਿਲਦੇ ਹਨ। ਜੇ ਵਿਦਿਆਰਥੀ ਅਧਿਆਪਕਾਂ ਦੀ ਅਗਵਾਈ ਵਿੱਚ ਮਿਹਨਤ ਕਰੇ ਤਾਂ ਉਹ ਇਹ ਕਲਾ ਸਹਿਜੇ ਹੀ ਸਿੱਖ ਸਕਦਾ ਹੈ।

## 14. ਆਸ

ਆਸ ਦਾ ਅਰਥ ਹੈ—ਭਵਿੱਖ ਵਿੱਚ ਕੁਝ ਚੰਗਾ ਵਾਪਰਨ ਦੀ ਸੰਭਾਵਨਾ ਨੂੰ ਮੰਨਣਾ। ਇਸੇ ਆਸ ਸਦਕਾ ਮਨੁੱਖ ਆਪਣੇ ਵਰਤਮਾਨ ਵਿੱਚ ਸਖ਼ਤ ਮਿਹਨਤ ਕਰਦੇ ਹਨ। ਉਹਨਾਂ ਦੀ ਇਸ ਮਿਹਨਤ ਨੂੰ ਚੰਗੇ ਫ਼ਲ ਵੀ ਲੱਗਦੇ ਹਨ। ਜੇ ਆਸ ਨਾ ਹੋਵੇ ਤਾਂ ਮਨੁੱਖੀ ਜੀਵਨ ਦੀ ਕਿਰਿਆਸ਼ੀਲਤਾ ਖ਼ਤਮ ਹੀ ਹੋ ਜਾਵੇਗੀ। ਮਨੁੱਖ ਜਦੋਂ ਦੁੱਖਾਂ, ਤਕਲੀਫ਼ਾਂ ਅਤੇ ਚਿੰਤਾਵਾਂ ਵਿੱਚ ਘਿਰ ਜਾਂਦਾ ਹੈ ਤਾਂ ਆਸ ਹੀ ਉਸ ਨੂੰ ਇਹਨਾਂ ਦਾ ਮੁਕਾਬਲਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਆਸ ਚਿੰਤਾ ਦੀ ਵਿਰੋਧੀ ਹੈ। ਜਦੋਂ ਮਨੁੱਖ ਚਿੰਤਾ ਵਿੱਚ ਘਿਰ ਕੇ ਨਕਾਰਾ ਹੋ ਜਾਂਦਾ ਹੈ, ਉਹ ਕਿਸੇ ਬਿਮਾਰੀ ਵਿੱਚ ਜਾਂ ਕਿਸੇ ਹੋਰ ਕਸ਼ਟ ਵਿੱਚ ਹੁੰਦਾ ਹੈ ਤਾਂ ਜਦੋਂ ਕੋਈ ਉਸ ਨੂੰ ਕਹਿੰਦਾ ਹੈ ਇਹ ਔਖਾ ਸਮਾਂ ਸਦਾ ਨਹੀਂ ਰਹਿਣਾ ਤਦ ਉਹ ਮਨੁੱਖ ਫਿਰ ਆਸਵੰਦ ਹੋ ਕੇ ਚਿੰਤਾ ਅਤੇ ਬਿਮਾਰੀ ਦਾ ਮੁਕਾਬਲਾ ਕਰਦਿਆਂ ਚੰਗੇਰੇ ਭਵਿਖ ਲਈ ਕੁਝ ਨਾ ਕੁਝ ਜਤਨ ਕਰਨ ਲੱਗ ਪੈਂਦਾ ਹੈ। ਨਿਰਾਸ ਵਿਅਕਤੀ ਸੰਘਰਸ਼ ਜਾਂ ਜਤਨ ਕਰਨ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੇ ਹਨ ਪਰ ਆਸ਼ਾਵਾਦੀ ਹਮੇਸ਼ਾਂ ਇਹ ਸੋਚਦੇ ਹਨ ਕਿ ਜਦ ਤੱਕ ਸ੍ਵਾਸ ਤਦ ਤੱਕ ਆਸ। ਆਸ਼ਾਵਾਦੀ ਅਤੇ ਯਤਨਸ਼ੀਲ ਵਿਅਕਤੀ ਡੁੱਬਦਿਆਂ ਨੂੰ ਵੀ ਤਿਣਕੇ ਦਾ ਸਹਾਰਾ ਦੇ ਕੇ ਪਾਰ ਲੰਘਾ ਦਿੰਦੇ ਹਨ। ਆਸ ਨਾਲ਼ ਹੀ ਹਿੰਮਤ ਬੱਝਦੀ ਹੈ। ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਹਿੰਮਤੀ ਮਨੁੱਖ ਦੀ ਮਦਦ ਕਰਦੀਆਂ ਹਨ। ਇਸੇ ਲਈ ਕਿਹਾ ਗਿਆ ਹੈ : 'ਹਿੰਮਤੇ ਮਰਦਾਂ, ਮਦਦੇ ਖ਼ੁਦਾ' ਅਰਥਾਤ ਹਿੰਮਤੀ ਮਨੁੱਖ ਦੀ ਮਦਦ ਖ਼ੁਦਾ ਵੀ ਕਰਦਾ ਹੈ।

## 15. ਸਲੀਕਾ

ਸਲੀਕੇ ਤੋਂ ਭਾਵ ਕਿਸੇ ਕੰਮ ਨੂੰ ਕਰਨ ਜਾਂ ਜੀਵਨ ਵਿੱਚ ਵਿਚਰਨ ਦਾ ਅਜਿਹਾ ਸੁਚੱਜ ਹੈ ਜਿਸ ਨਾਲ਼ ਕੰਮ ਕਰਨ ਵਿੱਚ ਅਸਾਨੀ ਹੋਵੇ ਅਤੇ ਦੂਜਿਆਂ ਉੱਪਰ ਉਸ ਦਾ ਚੰਗਾ ਪ੍ਰਭਾਵ ਪਵੇ। ਸਾਡੇ ਜੀਵਨ ਦੇ ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਕੰਮਾਂ-ਕਾਰਾਂ ਵਿੱਚ ਸਲੀਕੇ ਦੀ ਬੜੀ ਮਹੱਤਤਾ ਹੈ। ਛੋਟੇ ਕੰਮਾਂ ਵਿੱਚ ਪ੍ਰਗਟ ਸਲੀਕੇ ਤੋਂ ਵੀ ਵੱਡੇ ਕੰਮਾਂ ਬਾਰੇ ਪਤਾ ਲੱਗ ਜਾਂਦਾ ਹੈ। ਖਾਣਾ ਪਕਾਉਣਾ, ਪਰੋਸਣਾ, ਕੱਪੜੇ ਪਹਿਨਣਾ, ਗੱਲ-ਬਾਤ ਕਰਨੀ, ਇਹਨਾਂ ਸਾਰੇ ਕੰਮਾਂ ਤੋਂ ਸਲੀਕਾ ਪ੍ਰਗਟ ਹੋ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿੱਚ ਕਿਹਾ ਜਾਂਦਾ ਸੀ ਕਿ ਆਦਮੀ ਆਪਣੀ ਦਸਤਾਰ ਜਾਂ ਪਗੜੀ, ਰਫ਼ਤਾਰ ਅਰਥਾਤ ਤੌਰ ਜਾਂ ਕੰਮ ਕਰਨ ਦੀ ਪ੍ਰਕਿਰਿਆ, ਗੁਫ਼ਤਾਰ ਭਾਵ ਬੋਲ-ਚਾਲ ਤੋਂ ਹੀ ਪਛਾਣਿਆ ਜਾਂਦਾ ਸੀ ਪਰ ਅੱਜ-ਕੱਲ੍ਹ ਤਾਂ ਸਲੀਕਾ ਸਿਖਾਉਣ ਬਾਰੇ ਛੋਟੇ-ਛੋਟੇ ਸਕੂਲ ਵੀ ਖੁੱਲ੍ਹ ਗਏ ਹਨ। ਜਿਵੇਂ-ਜਿਵੇਂ ਜੀਵਨ ਗੁੰਝਲ਼ਦਾਰ ਹੋ ਰਿਹਾ ਹੈ, ਤਿਵੇਂ-ਤਿਵੇਂ ਸਲੀਕੇ ਦੀ ਲੋੜ ਹੋਰ ਵਧਦੀ ਜਾ ਰਹੀ ਹੈ। ਸਮਾਜ ਵਿੱਚ ਵਿਚਰਨ ਸਮੇਂ ਹਰ ਮਨੁੱਖ ਚਾਹੁੰਦਾ ਹੈ ਕਿ ਦੂਜੇ ਉਸ ਨੂੰ ਚੰਗਾ ਸਮਝਣ। ਜੇ ਕਿਸੇ ਦੇ ਮਨ ਵਿੱਚ ਅਜਿਹੀ ਇੱਛਾ ਹੈ ਤਾਂ ਉਹ ਹੇਠ ਲਿਖੇ ਸਲੀਕੇ ਨੂੰ ਅਪਣਾ ਲਵੇ।

ਨਿੱਕੇ ਤੋਂ ਨਿੱਕੇ ਕੰਮ ਲਈ ਦੂਜਿਆਂ ਦਾ ਧੰਨਵਾਦ।

ਨਿੱਕੀ ਤੋਂ ਨਿੱਕੀ ਭੁੱਲ ਲਈ ਖ਼ਿਮਾ।

ਨਿੱਕੀ ਤੋਂ ਨਿੱਕੀ ਮਿਲ਼ਨੀ ਸਮੇਂ ਦੂਜੇ ਲਈ ਸ਼ੁੱਭ-ਇੱਛਾਵਾਂ।

## 16. ਮਨੋਰੰਜਨ

ਅੱਜ-ਕੱਲ੍ਹ ਮਨੋਰੰਜਨ ਦਾ ਅਰਥ ਫ਼ਿਲਮਾਂ ਵੇਖਣਾ, ਨਾਚ-ਗਾਣੇ ਸੁਣਨਾ ਆਦਿ ਤੋਂ ਲਿਆ ਜਾਂਦਾ ਹੈ ਪਰ ਇਹ ਗੱਲ ਏਨੀ ਢੁਕਵੀਂ ਨਹੀਂ ਹੈ। ਜ਼ਰਾ ਝਾਤ ਮਾਰੀਏ ਕਿ ਮਨੁੱਖ ਮੁੱਢ ਤੋਂ ਆਪਣਾ ਮਨਪਰਚਾਵਾ ਕਿਵੇਂ ਕਰਦਾ ਰਿਹਾ ਹੈ ਅਤੇ ਅਜੋਕੇ ਸਮੇਂ ਵਿੱਚ ਵੱਖ-ਵੱਖ ਲੋਕਾਂ ਦੇ ਮਨਪਰਚਾਵੇ ਕਿਵੇਂ ਵੱਖ-ਵੱਖ ਹਨ ? ਤਾਂ ਵੱਖਰੀ ਤਸਵੀਰ ਸਾਹਮਣੇ ਆਵੇਗੀ। ਸ਼ੁਗ਼ਲ ਤੇ ਸ਼ੌਕ ਮਨੋਰੰਜਨ ਦੇ ਮੁੱਖ ਸਾਧਨ ਰਹੇ ਹਨ। ਉਮਰ, ਆਰਥਿਕ ਦਰਜਾ, ਪੜ੍ਹਾਈ ਦਾ ਪੱਧਰ, ਸੱਭਿਆਚਾਰਿਕ ਪਿਛੋਕੜ, ਵਿਗਿਆਨਿਕ ਵਿਕਾਸ, ਵਿਹਲ ਆਦਿ ਪੱਖ ਕਿਸੇ ਮਨੁੱਖ ਦੇ ਮਨੋਰੰਜਨ ਦੀ ਕਿਸਮ ਨੂੰ ਨਿਸ਼ਚਿਤ ਕਰਦੇ ਹਨ। ਖਿਡਾਰੀ ਖੇਡ ਕੇ ਖ਼ੁਸ਼ ਹੁੰਦੇ ਹਨ, ਖੇਡ-ਪ੍ਰੇਮੀ ਖੇਡਦਿਆਂ ਨੂੰ ਵੇਖ ਕੇ। ਕਈ ਵਾਰੀ ਜੋ ਇੱਕ ਧਿਰ ਲਈ ਖੇਚਲ਼ ਦਾ ਕੰਮ ਹੁੰਦਾ ਹੈ, ਦੂਜਿਆਂ ਲਈ ਮਨੋਰੰਜਨ ਦਾ। ਫ਼ਿਲਮੀ ਕਲਾਕਾਰਾਂ ਲਈ ਅਦਾਕਾਰੀ ਅਤੇ ਨਾਚ ਕੰਮ ਹਨ, ਦਰਸ਼ਕਾਂ ਲਈ ਇਹੋ ਕੁਝ ਵੇਖਣਾ ਮਨੋਰੰਜਨ ਹੈ। ਸੈਰ-ਸਪਾਟਾ ਕਰਨ ਵਾਲ਼ੇ ਲਈ ਘੁੰਮਣਾ-ਫਿਰਨਾ ਮਨੋਰੰਜਨ ਹੈ ਪਰ ਉਸ ਦਾ ਭਾਰ ਚੁੱਕੀ ਜਾਂਦੇ ਕੁਲੀ ਲਈ ਇਹੋ ਔਖੀ ਵਾਟ ਹੈ। ਕਈ ਦੂਜਿਆਂ ਨੂੰ ਦੁੱਖ ਵਿੱਚ ਪਾ ਕੇ ਖ਼ੁਸ਼ ਹੁੰਦੇ ਹਨ। ਸਾਨ੍ਹਾਂ ਨੂੰ ਭਿੜਾਉਣ ਵਾਲ਼ੇ ਤੇ ਮੁਰਗੇ ਲੜਾਉਣ ਵਾਲ਼ੇ ਅਜਿਹੇ ਲੋਕ ਹਨ। ਕਸੀਦਾ ਕੱਢਦੀਆਂ ਤੇ ਤ੍ਰਿੰਞਣ ਕੱਤਦੀਆਂ ਮੁਟਿਆਰਾਂ ਆਪਣੇ ਕੰਮ ਵਿੱਚ ਹੀ ਮਨੋਰੰਜਨ ਲੱਭ ਲੈਂਦੀਆਂ ਹਨ, ਇਹ ਕਰਤਾਰੀ ਭਾਂਤ ਦਾ ਮਨੋਰੰਜਨ ਹੁੰਦਾ ਹੈ।

## 17. ਸ਼ਹਿਰੀਆਂ ਲਈ ਸੈਰ

ਸ਼ਹਿਰਾਂ ਵਿੱਚ ਰਹਿਣ ਵਾਲ਼ਿਆਂ ਲਈ ਸੈਰ ਕਰਨਾ ਇੱਕ ਲੋੜ ਹੈ। ਇੱਥੇ ਬਹੁਤੇ ਕੰਮ-ਧੰਦੇ ਬੈਠਣ ਵਾਲ਼ੇ ਜਾਂ ਇੱਕ ਨਿਸ਼ਚਿਤ ਥਾਂ 'ਤੇ ਖਲੋ ਕੇ ਕਰਨ ਵਾਲ਼ੇ ਹੁੰਦੇ ਹਨ। ਇਸ ਲਈ ਮਨ ਤੇ ਤਨ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਸੈਰ ਕਰਨ ਦੀ ਲੋੜ ਪੈਂਦੀ ਹੈ। ਬਾਗ਼, ਬਗ਼ੀਚੇ, ਪਾਰਕਾਂ, ਮੈਦਾਨਾਂ ਆਦਿ ਜੋ ਵੀ ਕੋਈ ਮੋਕਲ਼ੀ ਸਾਫ਼ ਤੇ ਸ਼ਾਂਤੀ ਵਾਲ਼ੀ ਥਾਂ ਹੋਵੇ, ਸੈਰ ਕਰਨ ਲਈ ਚੁਣ ਲਈ ਜਾਂਦੀ ਹੈ। ਆਪਣੀ ਰੁਚੀ ਤੇ ਵਿਹਲ ਅਨੁਸਾਰ ਕਈ ਸਵੇਰੇ ਸੈਰ ਕਰਦੇ ਹਨ। ਇਕੱਲਿਆਂ ਵੀ ਸੈਰ ਕੀਤੀ ਜਾਂਦੀ ਹੈ, ਮਨਭਾਉਂਦੇ ਸਾਥੀਆਂ ਦੀਆਂ ਨਿੱਕੀਆਂ-ਨਿੱਕੀਆਂ ਟੋਲੀਆਂ ਦੇ ਰੂਪ ਵਿੱਚ ਵੀ ਸੈਰ ਕਰਨ ਵਾਲ਼ਿਆਂ ਲਈ ਤਾਂ ਸੈਰ ਸੁਖਦਾਈ ਹੁੰਦੀ ਹੀ ਹੈ, ਵੇਖਣ ਵਾਲ਼ਿਆਂ ਲਈ ਵੀ ਸੈਰ ਕਰਦਿਆਂ ਦਾ ਦ੍ਰਿਸ਼ ਮਨਮੋਹਕ ਹੁੰਦਾ ਹੈ। ਆਖ਼ਰ ਕੋਈ ਤਾਂ ਸਮਾਂ ਹੁੰਦਾ ਹੈ ਜਦੋਂ ਬੰਦਾ ਝਮੇਲਿਆਂ ਦੀ ਦੁਨੀਆਂ ਵਿੱਚੋਂ ਨਿਕਲ਼ ਕੇ ਪੰਛੀਆਂ, ਫੁੱਲਾਂ-ਫਲਾਂ ਤੇ ਪਲ-ਪਲ ਬਦਲਦੇ ਪ੍ਰਕਿਰਤਿਕ ਨਜ਼ਾਰਿਆਂ ਦੀ ਨੇੜਤਾ ਨੂੰ ਮਾਣਦਾ ਹੈ। ਪੇਂਡੂ ਤਾਂ ਰਹਿੰਦੇ ਹੀ ਪ੍ਰਕਿਰਤੀ ਦੀ ਗੋਦ ਵਿੱਚ ਹਨ, ਸ਼ਹਿਰੀਆਂ ਨੂੰ ਸੈਰ ਰਾਹੀਂ ਨੱਠ-ਭੱਜ ਦੀ ਜ਼ਿੰਦਗੀ ਵਿੱਚੋਂ ਕੁਝ ਘੜੀਆਂ ਲਈ ਬਾਹਰ ਨਿਕਲ਼ਨ ਅਤੇ ਪ੍ਰਕਿਰਤੀ ਨਾਲ਼ ਜੁੜ ਕੇ ਤਰੋ-ਤਾਜ਼ਾ ਹੋਣ ਦਾ ਮੌਕਾ ਮਿਲ਼ ਜਾਂਦਾ ਹੈ।

# 18. ਅਜ਼ਾਦੀ

ਸੰਸਾਰ ਵਿੱਚ ਮਨੁੱਖ ਤਾਂ ਕੀ ਸਗੋਂ ਪਸ਼ੂ-ਪੰਛੀ ਤੇ ਕੀੜੇ-ਮਕੌੜੇ ਵੀ ਅਜ਼ਾਦੀ ਨੂੰ ਪਸੰਦ ਕਰਦੇ ਹਨ। ਜ਼ਰਾ ਕਿਸੇ ਪੰਛੀ ਨੂੰ ਪਿੰਜਰੇ ਵਿੱਚ ਪਾ ਕੇ ਦੇਖੋ ਜਾਂ ਕਿਸੇ ਕੀੜੇ-ਮਕੌੜੇ ਨੂੰ ਹੱਥ ਵਿੱਚ ਫੜ ਕੇ ਦੇਖੋ ਕਿ ਕਿਸ ਤਰ੍ਹਾਂ ਉਹ ਅਜ਼ਾਦ ਹੋਣ ਲਈ ਤੜਫ਼ਦਾ ਹੈ। ਅਜ਼ਾਦੀ ਦੀ ਅਸਲ ਮਹਾਨਤਾ ਉਦੋਂ ਹੀ ਪਤਾ ਲੱਗਦੀ ਹੈ ਜਦੋਂ ਕਿਸੇ ਪ੍ਰਕਾਰ ਦੀ ਗ਼ੁਲਾਮੀ ਵਿੱਚ ਰਹਿਣ ਦਾ ਦੁੱਖ ਸਹਿਣਾ ਪਵੇ। ਗ਼ੁਲਾਮੀ ਦੇ ਜੀਵਨ ਨੂੰ ਤਾਂ ਕੋਈ ਵੀ ਪਸੰਦ ਨਹੀਂ ਕਰਦਾ। ਇਸੇ ਕਰ ਕੇ ਸ਼ੇਖ਼ ਫ਼ਰੀਦ ਜੀ ਫ਼ਰਮਾਉਂਦੇ ਹਨ,

**"ਫਰੀਦਾ ਬਾਰਿ ਪਰਾਇਐ ਬੈਸਣਾ, ਸਾਂਈਂ ਮੁਝੈ ਨ ਦੇਹਿ।"**

ਗ਼ੁਲਾਮੀ ਦੇ ਜੀਵਨ ਨਾਲੋਂ ਤਾਂ ਮੌਤ ਚੰਗੀ ਸਮਝੀ ਗਈ ਹੈ ਇਸੇ ਕਰਕੇ ਗੁਰੂ ਅਰਜਨ ਦੇਵ, ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਰਾਣਾ ਪ੍ਰਤਾਪ, ਸ਼ਿਵਾ ਜੀ, ਰਾਣੀ ਝਾਂਸੀ, ਬਹਾਦਰਸ਼ਾਹ ਜ਼ਫ਼ਰ, ਕਰਤਾਰ ਸਿੰਘ ਸਰਾਭਾ ਤੇ ਸ਼ਹੀਦ ਭਗਤ ਸਿੰਘ ਨੇ ਹੱਸ-ਹੱਸ ਕੇ ਵਿਦਰੋਹ, ਕੁਰਬਾਨੀ ਤੇ ਸ਼ਹੀਦੀ ਦੀ ਰਾਹ ਨੂੰ ਤਰਜੀਹ ਦਿੱਤੀ। ਗ਼ੁਲਾਮ ਦਾ ਜੀਵਨ ਪਾਲਤੂ ਪਸ਼ੂ ਸਮਾਨ ਹੁੰਦਾ ਹੈ ਜੋ ਇੱਕ ਕਿੱਲੇ-ਨਾਲ਼ ਬੱਝਾ ਰਹਿੰਦਾ ਹੈ ਜਾਂ ਉਸ ਦੇ ਗਲ਼ ਵਿੱਚ ਪਟਾ ਪਿਆ ਰਹਿੰਦਾ ਹੈ ਅਤੇ ਉਸ ਨੂੰ ਮਾਲਕ ਦੇ ਹੁਕਮ ਅਤੇ ਮਰਜ਼ੀ ਦੇ ਅਧੀਨ ਰਹਿਣਾ ਪੈਂਦਾ ਹੈ। ਅਣਖ ਵਾਲ਼ਾ ਬੰਦਾ ਕਦੇ ਵੀ ਅਜਿਹੇ ਜੀਵਨ ਨੂੰ ਪਸੰਦ ਨਹੀਂ ਕਰਦਾ ਸਗੋਂ ਉਹ ਅਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਤੇ ਜੂਝਦਾ ਹੈ। ਅਜ਼ਾਦੀ ਵਿੱਚ ਸਾਹ ਲਏ ਬਿਨਾਂ ਉਸ ਨੂੰ ਚੈਨ ਨਹੀਂ ਆਉਂਦਾ। ਕਈ ਵਾਰੀ ਉਸ ਨੂੰ ਸਾਮਰਾਜੀ ਗ਼ੁਲਾਮੀ ਤੋਂ ਤਾਂ ਅਜ਼ਾਦੀ ਮਿਲ਼ ਜਾਂਦੀ ਹੈ ਪਰ ਸਰਮਾਏਦਾਰੀ-ਜਾਗੀਰਦਾਰੀ ਪ੍ਰਬੰਧ ਦੀ ਗ਼ੁਲਾਮੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਸਥਿਤੀ ਵਿੱਚ ਉਹ ਅਨੁਭਵ ਕਰਦਾ ਹੈ ਕਿ ਆਰਥਿਕ ਅਜ਼ਾਦੀ ਤੋਂ ਬਿਨਾਂ ਹੋਰ ਕਿਸੇ ਅਜ਼ਾਦੀ ਦਾ ਬਹੁਤਾ ਅਰਥ ਨਹੀਂ। ਮਨੁੱਖ ਧਾਰਮਿਕ, ਸਮਾਜਿਕ ਤੇ ਰਾਜਸੀ ਅਜ਼ਾਦੀ ਦਾ ਵੀ ਸੁੱਖ ਮਾਣ ਸਕਦਾ ਹੈ ਜੇਕਰ ਉਸ ਨੂੰ ਦੇਸ ਦੇ ਪੈਦਾਵਾਰੀ ਸਾਧਨਾਂ ਦਾ ਲਾਭ ਉਠਾਉਣ ਲਈ ਦੂਜਿਆਂ ਦੇ ਬਰਾਬਰ ਮੌਕੇ ਪ੍ਰਾਪਤ ਹੋਣ। ਇਸ ਸਥਿਤੀ ਵਿੱਚ ਉਸ ਨੂੰ ਆਪਣੇ ਸਾਥੀਆਂ ਨਾਲ ਮਿਲ਼ ਕੇ ਸਰਮਾਏਦਾਰਾਂ ਤੇ ਜਾਗੀਰਦਾਰਾਂ ਦੀ ਅਜਾਰੇਦਾਰੀ ਵਿਰੁੱਧ ਘੋਲ਼ ਕਰਨਾ ਪੈਂਦਾ ਹੈ ਤੇ ਪੁਲਿਸ ਦੀਆਂ ਮਾਰਾਂ ਤੇ ਜੇਲ੍ਹਾਂ ਦੇ ਦੁੱਖ ਸਹਿਣੇ ਪੈਂਦੇ ਹਨ ਪਰ ਉਹ ਇਹ ਸਭ ਕੁਝ ਖਿੜੇ ਮੱਥੇ ਸਹਾਰਦਾ ਹੈ ਤੇ ਆਪਣਾ ਨਿਸ਼ਾਨਾ ਪੂਰਾ ਕਰਕੇ ਹੀ ਸਾਹ ਲੈਂਦਾ ਹੈ। ਇਸ ਤਰ੍ਹਾਂ ਆਰਥਿਕ ਅਨਿਆਂ ਤੋਂ ਛੁਟਕਾਰਾ ਪਾ ਕੇ ਹੀ ਮਨੁੱਖ ਅਜ਼ਾਦੀ ਦਾ ਅਨੰਦ ਮਾਣਦਾ ਹੈ। ਸਾਡੇ ਦੇਸ ਦੇ ਬਹੁਗਿਣਤੀ ਲੋਕਾਂ ਨੂੰ ਅਜੇ ਅਜਿਹੀ ਅਜ਼ਾਦੀ ਦਾ ਸੁੱਖ ਪ੍ਰਾਪਤ ਨਹੀਂ ਹੋਇਆ। ਕੇਵਲ ਕੁਝ ਸਰਮਾਏਦਾਰ, ਜਗੀਰਦਾਰ ਤੇ ਅਜਾਰੇਦਾਰ ਹੀ ਅਜ਼ਾਦੀ ਦਾ ਸੁੱਖ ਮਾਣ ਰਹੇ ਹਨ। ਅਜਿਹੀ ਅਜ਼ਾਦੀ ਬਾਕੀ ਸਾਰੇ ਭਾਰਤੀਆਂ ਨੂੰ ਕਦੋਂ ਨਸੀਬ ਹੋਵੇਗੀ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।

# 19. ਅਨੁਸ਼ਾਸਨਹੀਣਤਾ

ਅਨੁਸ਼ਾਸਨਹੀਣਤਾ ਦਾ ਅਰਥ ਹੈ—ਅਨੁਸ਼ਾਸਨ ਵਿੱਚ ਨਾ ਰਹਿਣਾ ਅਰਥਾਤ ਨਿਯਮਾਂ ਤੇ ਕਨੂੰਨਾਂ ਦੀ ਪਾਲਣਾ ਨਾ ਕਰਨੀ। ਦੁਨੀਆ ਭਰ ਵਿੱਚ ਹਰ ਥਾਂ ਨਿਯਮਾਂ ਅਤੇ ਕਨੂੰਨਾਂ ਦਾ ਰਾਜ ਹੈ। ਇਹਨਾਂ ਦੀ ਉਲੰਘਣਾ ਕਰਨਾ ਅਨੁਸ਼ਾਸਨਹੀਣਤਾ ਹੈ। ਇਹ ਸੱਭਿਅਕ ਹੋਣ ਦੀ ਨਹੀਂ ਸਗੋਂ ਅਸੱਭਿਅਕ ਹੋਣ ਦੀ ਨਿਸ਼ਾਨੀ ਹੈ। ਜਿੱਥੇ ਨਿਯਮਾਂ ਤੇ ਕਨੂੰਨਾਂ ਦੀ ਪਰਵਾਹ ਨਾ ਕੀਤੀ ਜਾਵੇ, ਉੱਥੇ ਜੰਗਲ਼ ਦਾ ਰਾਜ ਹੁੰਦਾ ਹੈ। ਅਨੁਸ਼ਾਸਨਹੀਣਤਾ ਵਿੱਚ ਵਿਅਕਤੀ ਦੀ ਹਾਲਤ, 'ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ' ਵਾਲ਼ੀ ਗੱਲ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਇੱਕ ਸਧਾਰਨ ਵਿਅਕਤੀ ਦਾ ਜਿਊਣਾ ਦੁੱਭਰ ਹੀ ਨਹੀਂ ਸਗੋਂ ਅਸੰਭਵ ਹੋ ਜਾਂਦਾ ਹੈ ਕਿਉਂਕਿ ਉਸ ਵਿੱਚ ਸਿਰਫ਼ ਸਰੀਰਿਕ ਤਾਕਤ ਤੇ ਦਿਮਾਗੀ ਚਾਲਾਂ ਖੇਡਣ ਵਾਲ਼ੇ ਹੀ ਵਕਤੀ ਤੌਰ 'ਤੇ ਰਾਜ ਕਰਦੇ ਹਨ ਤੇ ਅਨੁਸ਼ਾਸਨ ਵਿੱਚ ਰਹਿਣ ਵਾਲੇ ਦੁੱਖ ਭੋਗਦੇ ਹਨ। ਫਲਸਰੂਪ ਹਰ ਪਾਸੇ ਗੜਬੜ ਤੇ ਖਲਬਲੀ ਮੱਚ ਜਾਂਦੀ ਹੈ। ਅਸਲ ਵਿੱਚ ਅਨੁਸ਼ਾਸਨਹੀਣਤਾ ਦੀ ਹਾਲਤ ਵਿੱਚ ਕਿਸੇ ਚੀਜ਼ ਦੀ ਹੋਂਦ ਸੰਭਵ ਨਹੀਂ। ਜੇਕਰ ਅਸੀਂ ਕੁਦਰਤ ਵੱਲ ਧਿਆਨ ਮਾਰੀਏ ਤਾਂ ਉਹ ਵੀ ਕੁਝ ਨਿਯਮਾਂ ਅਧੀਨ ਚੱਲ ਰਹੀ ਹੈ। ਸੂਰਜ, ਚੰਦ, ਤਾਰੇ, ਧਰਤੀ, ਹਵਾ ਅਤੇ ਪਾਣੀ ਆਦਿ ਸਭ ਨਿਯਮਾਂ ਵਿੱਚ ਬੱਝੇ ਕੰਮ ਕਰਦੇ ਹਨ। ਇਹਨਾਂ ਦੇ ਵੀ ਨਿਯਮ ਹਨ, ਇਹ ਉਹਨਾਂ ਦੀ ਉਲੰਘਣਾ ਬਿਲਕੁਲ ਨਹੀਂ ਕਰਦੇ। ਜੇਕਰ ਸੂਰਜ ਚੜ੍ਹਨਾ ਬੰਦ ਕਰ ਦੇਵੇ, ਪਾਣੀ ਪਹਾੜਾਂ ਦੇ ਹੇਠਾਂ ਵਗਣ ਦੀ ਥਾਂ ਉੱਪਰ ਵੱਲ ਵਗਣ ਲੱਗ ਪਵੇ, ਹਵਾ ਵਗਣਾ ਬੰਦ ਕਰ ਦੇਵੇ, ਧਰਤੀ ਕਦੇ ਕਿਸੇ ਪਾਸੇ ਤੇ ਕਦੇ ਕਿਸੇ ਪਾਸੇ ਘੁੰਮਣ ਲੱਗ ਪਵੇ ਤਾਂ ਅਜਿਹੀ ਅਨੁਸ਼ਾਸਨਹੀਣਤਾ ਦੀ ਹਾਲਤ ਦਾ ਨਤੀਜਾ ਸਰਬਨਾਸ ਹੀ ਨਿਕਲ਼ਦਾ ਹੈ। ਇਸ ਪ੍ਰਕਾਰ ਸਾਨੂੰ ਕੁਦਰਤ ਤੋਂ ਨਿਯਮਾਂ ਦੀ ਪਾਲਣਾ ਕਰਨ ਦਾ ਸਬਕ ਮਿਲ਼ਦਾ ਹੈ ਨਾ ਕਿ ਆਪਮੁਹਾਰੇ ਹੋਣ ਦਾ। ਇਸ ਕਰ ਕੇ ਸਾਨੂੰ ਆਪਣੇ ਜੀਵਨ ਵਿੱਚ ਕਦੇ ਵੀ

ਅਨੁਸ਼ਾਸਨਹੀਣਤਾ ਨਹੀਂ ਆਉਣ ਦੇਣੀ ਚਾਹੀਦੀ। ਇਹ ਸਾਡੇ ਨਿੱਜੀ ਜੀਵਨ ਤੇ ਦੇਸ-ਕੌਮ ਲਈ ਕਦੇ ਵੀ ਉਸਾਰੂ ਸਿੱਧ ਨਹੀਂ ਹੋ ਸਕਦੀ। ਇਸ ਦਾ ਨਤੀਜਾ ਕੇਵਲ ਤਬਾਹੀ ਤੇ ਬਰਬਾਦੀ ਹੋ ਸਕਦਾ ਹੈ। ਇਸ ਬਰਬਾਦੀ ਤੋਂ ਬਚਣ ਲਈ ਸਾਨੂੰ ਨਿਯਮਾਂ ਅਨੁਸਾਰ ਚੱਲਣਾ ਚਾਹੀਦਾ ਹੈ ਤਾਂਜੋ ਅਨੁਸ਼ਾਸਨ ਭੰਗ ਨਾ ਹੋ ਸਕੇ ਤੇ ਸਾਨੂੰ ਕਿਸੇ ਵੀ ਤਰ੍ਹਾਂ ਦੀ ਤਬਾਹੀ ਦਾ ਸਾਮ੍ਹਣਾ ਨਾ ਕਰਨਾ ਪਵੇ।

## 20. ਭਰੂਣ-ਹੱਤਿਆ

ਅਹਿੰਸਾ ਤੇ ਸ਼ਾਂਤੀ ਦੇ ਅਲੰਬਰਦਾਰ ਮੁਲਕ ਭਾਰਤ ਵਿੱਚ ਭਰੂਣ-ਹੱਤਿਆ ਇੱਕ ਬੇਹੱਦ ਅਮਾਨਵੀ ਤੇ ਘਿਣਾਉਣਾ ਕਰਮ ਹੈ। ਜਿਸ ਤਰ੍ਹਾਂ ਸਾਡੇ ਦੇਸ ਵਿੱਚੋਂ ਸਤੀ ਦੀ ਰਸਮ, ਬਾਲ-ਵਿਆਹ ਤੇ ਸ਼ਿਸ਼ੂ-ਹੱਤਿਆ ਦਾ ਅੰਤ ਕੀਤਾ ਗਿਆ ਹੈ ਜਾਂ ਕਰਨ ਲਈ ਉਪਰਾਲੇ ਕੀਤੇ ਗਏ ਹਨ, ਇਸੇ ਤਰ੍ਹਾਂ ਭਰੂਣ-ਹੱਤਿਆ ਵਿਰੁੱਧ ਵੀ ਅਵਾਜ਼ ਬੁਲੰਦ ਕਰਕੇ ਇਸ ਨੂੰ ਖ਼ਤਮ ਕਰਨਾ ਚਾਹੀਦਾ ਹੈ। ਅਸਲ ਵਿੱਚ ਸਤੀ, ਬਾਲ-ਵਿਆਹ, ਸ਼ਿਸ਼ੂ-ਹੱਤਿਆ ਤੇ ਭਰੂਣ-ਹੱਤਿਆ ਔਰਤ ਪ੍ਰਤਿ ਸਮਾਜ ਵਿੱਚ ਇੱਕੋ ਸੋਚ ਦੀ ਉਪਜ ਹਨ। ਇਹ ਸਮਾਜ ਵੱਲੋਂ ਔਰਤ ਪ੍ਰਤਿ ਜ਼ੁੰਮੇਵਾਰੀ ਤੋਂ ਛੁਟਕਾਰੇ ਲਈ ਅਪਣਾਇਆ ਸੌਖਾ ਰਾਹ ਹੈ। ਭਰੂਣ, ਜੋ ਅੱਠ ਹਫ਼ਤਿਆਂ ਮਗਰੋਂ ਬਣਦਾ ਹੈ, ਵਿੱਚ ਮਾਨਵੀ ਵਜੂਦ ਦੇ ਸਾਰੇ ਅੰਗ ਤੇ ਪ੍ਰਨਾਲ਼ੀਆਂ ਬਣ ਚੁੱਕੀਆਂ ਹੁੰਦੀਆਂ ਹਨ ਤੇ ਉਸ ਨੂੰ ਇੱਕ ਮੁਕੰਮਲ ਮਾਨਵੀ ਵਜੂਦ ਮੰਨਿਆ ਜਾ ਸਕਦਾ ਹੈ। ਇਸੇ ਕਰਕੇ ਉਸ ਦੀ ਹੱਤਿਆ, ਸ਼ਿਸ਼ੂ-ਹੱਤਿਆ ਦੇ ਸਮਾਨ ਹੀ ਅਪਰਾਧ ਹੈ। ਘਰ ਵਿੱਚ ਔਰਤ ਪ੍ਰਤਿ ਨੀਵੀਂ ਸੋਚ ਰੱਖਣ ਵਾਲ਼ੇ ਮਨੁੱਖ ਤੇ ਲੋਭੀ ਪ੍ਰਕਿਰਤੀ ਬਾਰੇ ਚਕਿਤਸਕਾਂ ਤੇ ਵਿਸ਼ੇਸ਼ੱਗਾਂ ਨੇ ਕਨੂੰਨ ਦੀ ਢਿੱਲ ਦਾ ਨਾਜਾਇਜ਼ ਫ਼ਾਇਦਾ ਉਠਾਉਂਦਿਆਂ ਗਿਆਨ-ਵਿਗਿਆਨ ਵੱਲੋਂ ਮਨੁੱਖ ਦੀ ਬਿਹਤਰੀ ਲਈ ਪ੍ਰਦਾਨ ਕੀਤੀ ਅਲਟਰਾ-ਸਾਊਂਡ ਸਕੈਨ ਦੀ ਦੁਰਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਤੇ ਕੁੜੀਆਂ ਨੂੰ ਜਨਮ ਤੋਂ ਪਹਿਲਾਂ, ਮਾਂ ਦੇ ਪੇਟ ਵਿੱਚ ਹੀ ਮਾਰਨਾ ਸ਼ੁਰੂ ਕਰ ਦਿੱਤਾ ਜਿਸ ਨਾਲ਼ ਚਿੰਤਾਜਨਕ ਅਸੰਤੁਲਨ ਪੈਦਾ ਹੋ ਗਿਆ ਹੈ ਜਿਸ ਅਨੁਸਾਰ ਦੇਸ ਵਿੱਚ ਜਿੱਥੇ 1991 ਵਿੱਚ ਇੱਕ ਹਜ਼ਾਰ ਮਰਦਾਂ ਪਿੱਛੇ 945 ਔਰਤਾਂ ਸਨ, ਉੱਥੇ 2001 ਵਿੱਚ ਇਹ ਗਿਣਤੀ ਕੇਵਲ 927 ਰਹਿ ਗਈ। ਪੰਜਾਬ ਵਿੱਚ ਇਹ ਗਿਣਤੀ ਕੇਵਲ 793 ਹੈ ਪਰ 2011 ਦੀ ਜਨਗਣਨਾ ਅਨੁਸਾਰ 1000 ਮੁੰਡਿਆਂ ਪਿੱਛੇ ਕੁੜੀਆਂ ਦੀ ਗਿਣਤੀ 940 ਹੋ ਗਈ ਹੈ। ਇੱਕ ਸਮਾਜਿਕ ਜਥੇਬੰਦੀ (CEHAT) ਦੀ ਬੇਨਤੀ ਉੱਤੇ ਸੁਪਰੀਮ ਕੋਰਟ ਹਰਕਤ ਵਿੱਚ ਆਈ ਤੇ ਉਸ ਨੇ ਵੱਸੋਂ ਦੇ ਵਿਗਾੜ ਵਾਲ਼ੇ 11 ਪ੍ਰਾਂਤਾਂ ਦੇ ਸਿਹਤ-ਸਕੱਤਰਾਂ ਨੂੰ ਬੁਲਾ ਕੇ 1994 ਦੇ ਐਕਟ ਨੂੰ ਲਾਗੂ ਕਰਨ ਲਈ ਕੀਤੀ ਕਾਰਵਾਈ ਨੂੰ ਬਿਆਨ ਕਰਨ ਲਈ ਕਿਹਾ ਤੇ ਕੁਝ ਹੋਰ ਕਦਮ ਵੀ ਚੁੱਕੇ। ਇਸ ਪਿੱਛੋਂ ਸਰਕਾਰ ਹਰਕਤ ਵਿੱਚ ਆਈ ਤੇ ਉਸ ਨੇ ਭਰੂਣ-ਹੱਤਿਆ ਨੂੰ ਰੋਕਣ ਲਈ ਕੁਝ ਸਖ਼ਤ ਕਦਮ ਚੁੱਕੇ ਹਨ। ਪਰ ਉਹ ਅਜੇ ਤੱਕ ਅਸਰਦਾਰ ਸਾਬਤ ਨਹੀਂ ਹੋਏ। ਇਸ ਪ੍ਰਤਿ ਸਮਾਜ ਦਾ ਜਾਗ੍ਰਿਤ ਹੋਣਾ ਬਹੁਤ ਜ਼ਰੂਰੀ ਹੈ। ਸਾਨੂੰ ਭਰੂਣ-ਹੱਤਿਆ ਨੂੰ ਰੋਕਣ ਲਈ ਜੀਵ-ਵਿਗਿਆਨੀਆਂ ਦੇ ਇਸ ਸਿਧਾਂਤ ਨੂੰ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ ਕਿ ਮੁੰਡਾ ਤੇ ਕੁੜੀ ਦੋਵੇਂ ਇੱਕੋ-ਜਿਹੇ ਵੰਸ਼ਗਤ ਗੁਣਾਂ ਦੇ ਧਾਰਨੀ ਹੁੰਦੇ ਹਨ ਤੇ ਦੋਹਾਂ ਨਾਲ਼ ਕੁਲ ਜਾਂ ਵੰਸ਼ ਅੱਗੇ ਚੱਲਦੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਮਾਜ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਘਟਦੀ ਜਾਵੇਗੀ। ਫਲਸਰੂਪ ਨਾ ਕੇਵਲ ਔਰਤਾਂ ਪ੍ਰਤਿ ਅਪਰਾਧਾਂ ਵਿੱਚ ਵਾਧਾ ਹੋਵੇਗਾ ਸਗੋਂ ਸਮਾਜ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਖੋਰਾ ਲੱਗੇਗਾ। ਇਸ ਸੰਬੰਧੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਕਨੂੰਨ ਨੂੰ ਸਖ਼ਤੀ ਨਾਲ਼ ਲਾਗੂ ਕਰੇ ਤੇ ਸਮਾਜ ਵਿੱਚ ਮੁੰਡਾ-ਪ੍ਰਾਪਤੀ ਦੀ ਇੱਛਾ ਨੂੰ ਘਟਾਉਣ ਸੰਬੰਧੀ ਲੋਕਾਂ ਨੂੰ ਇਸ ਪ੍ਰਤਿ ਜਾਗ੍ਰਿਤ ਕਰਨ ਦੇ ਨਾਲ਼-ਨਾਲ਼ ਉਹਨਾਂ ਦੇ ਬੁਢਾਪੇ ਨੂੰ ਵੀ ਸੁਰੱਖਿਅਤ ਬਣਾਏ।

## 21. ਆਂਢ-ਗੁਆਂਢ

ਮਨੁੱਖ ਇੱਕ ਸਮਾਜਿਕ ਜੀਵ ਹੈ। ਸਮਾਜ ਵਿੱਚ ਰਹਿੰਦਿਆਂ ਆਂਢ-ਗੁਆਂਢ ਉਸ ਦੀ ਪਹਿਲੀ ਪਛਾਣ ਹੈ। ਘਰ ਦੇ ਦਰਵਾਜ਼ੇ ਤੋਂ ਬਾਹਰ ਨਿਕਲਦਿਆਂ ਸੱਜੇ-ਖੱਬੇ ਵੱਸਦੇ ਆਂਢੀ-ਗੁਆਂਢੀ ਸਾਡੀ ਸੱਜੀ-ਖੱਬੀ ਬਾਂਹ ਹੁੰਦੇ ਹਨ। ਸਾਡੇ ਘਰ ਵਿੱਚੋਂ ਖ਼ੁਸ਼ੀ-ਗ਼ਮੀ ਦੀ ਬਾਹਰ ਨਿਕਲ਼ਨ ਵਾਲ਼ੀ ਪਹਿਲੀ ਕਨਸੋ ਨੂੰ ਸੁਣਨ ਵਾਲ਼ੇ ਸਾਡੇ ਆਂਢੀ-ਗੁਆਂਢੀ ਹੀ ਹੁੰਦੇ ਹਨ। 'ਹਮਸਾਏ' ਮਾਂ-ਪਿਓ ਜਾਏ ਹੁੰਦੇ ਹਨ। ਉਹ ਸਾਡੇ ਦੁੱਖ-ਸੁੱਖ ਵਿੱਚ ਸਭ ਤੋਂ ਨੇੜੇ ਦੇ ਸਾਂਝੀਦਾਰ ਹੁੰਦੇ ਹਨ। ਕੋਈ ਸਕਾ-ਸੰਬੰਧੀ, ਰਿਸ਼ਤੇਦਾਰ ਜਾਂ ਸ਼ੁੱਭਚਿੰਤਕ ਤਾਂ ਮਗਰੋਂ ਪਹੁੰਚਦਾ ਹੈ ਪਰ ਆਂਢ-ਗੁਆਂਢ ਹਰ ਵੇਲ਼ੇ ਹਾਜ਼ਰ ਹੁੰਦਾ ਹੈ। ਖ਼ੁਸ਼ੀ ਦੇ ਮੌਕਿਆਂ ਉੱਤੇ ਵੀ ਸਾਨੂੰ ਆਂਢ-ਗੁਆਂਢ ਦੀ ਜ਼ਰੂਰਤ ਪੈਂਦੀ ਹੈ। ਗੁਆਂਢੀਆਂ ਨੂੰ ਆਪਣੇ ਘਰ ਵਿੱਚ ਮਨਾਏ ਜਾਣ ਵਾਲ਼ੇ ਖ਼ੁਸ਼ੀ ਦੇ ਸਮਾਗਮ ਦਾ ਸੱਦਾ-ਪੱਤਰ ਭੇਜਣਾ ਕਦੇ ਨਹੀਂ ਭੁੱਲਣਾ ਚਾਹੀਦਾ। 'ਲਾਈਲੱਗ ਨਾ ਹੋਵੇ ਘਰ ਵਾਲ਼ਾ ਤੇ ਚੰਦਰਾ-ਗੁਆਂਢ ਨਾ ਹੋਵੇ' ਅਖਾਉਤ ਰਾਹੀਂ ਵੀ ਸਾਨੂੰ ਗੁਆਂਢੀਆਂ ਨਾਲ਼ ਭੈੜੇ ਸਲੂਕ ਕਰਨ ਤੋਂ ਵਰਜਿਆ ਗਿਆ ਹੈ। ਈਸਾਈ ਧਰਮ ਦੀ ਇੱਕ ਉਕਤੀ ਵਿੱਚ ਕਿਹਾ ਗਿਆ ਹੈ ਕਿ ਸਾਨੂੰ ਗੁਆਂਢੀਆਂ ਨਾਲ

ਉਹੋ-ਜਿਹਾ ਸਲੂਕ ਹੀ ਕਰਨਾ ਚਾਹੀਦਾ ਹੈ ਜਿਹੋ-ਜਿਹੇ ਸਲੂਕ ਦੀ ਤੁਸੀਂ ਉਹਨਾਂ ਤੋਂ ਆਸ ਕਰਦੇ ਹੋ। ਇਸ ਕਰਕੇ ਚੰਗੀਆਂ ਸੁਆਣੀਆਂ ਆਪਣੇ ਘਰ ਖਾਣ ਲਈ ਬਣੀ ਚੰਗੀ ਚੀਜ਼ ਪਹਿਲੀ ਸਬਜ਼ੀ, ਪਹਿਲੇ ਫਲ਼ ਅਤੇ ਅੰਨ ਵਿਚੋਂ ਕੁੱਝ ਹਿੱਸਾ ਗੁਆਂਢੀਆਂ ਦੇ ਘਰ ਜ਼ਰੂਰ ਭੇਜਦੀਆਂ ਹਨ। ਇਸ ਤਰ੍ਹਾਂ ਕਈ ਵਾਰੀ ਸਾਡੇ ਗੁਆਂਢੀਆਂ ਨਾਲ਼ ਸੰਬੰਧ ਘਰ ਵਰਗੇ ਹੋ ਜਾਂਦੇ ਹਨ। ਫਲਸਰੂਪ ਔਖ-ਸੌਖ ਵੇਲ਼ੇ ਸਾਨੂੰ ਇਕੱਲੇ ਰਹਿ ਜਾਣ ਦਾ ਕੋਈ ਡਰ ਨਹੀਂ ਰਹਿੰਦਾ। ਗੁਆਂਢੀਆਂ ਨਾਲ਼ ਰੋਜ਼ਾਨਾ ਜੀਵਨ ਵਿੱਚ ਲੈਣ-ਦੇਣ ਵੀ ਚੱਲਦਾ ਰਹਿਣਾ ਚਾਹੀਦਾ ਹੈ। ਜੇਕਰ ਨੀਤ ਹਮੇਸ਼ਾਂ ਚੀਜ਼ਾਂ ਨੂੰ ਸ੍ਵੀਕਾਰ ਕਰਨਾ ਹੀ ਹੋਵੇ ਤੇ ਆਪਣੇ ਵਲੋਂ ਦਿੱਤਾ ਕੁਝ ਨਾ ਜਾਵੇ ਤਾਂ ਵੀ ਸੰਬੰਧ ਠੀਕ ਨਹੀਂ ਰਹਿੰਦੇ। ਵਰਤਮਾਨ ਯੁੱਗ ਵਿੱਚ ਨੌਕਰੀ-ਪੇਸ਼ਾ ਲੋਕਾਂ ਨੂੰ ਆਪਣੇ ਸੰਬੰਧੀਆਂ ਤੇ ਰਿਸ਼ਤੇਦਾਰਾਂ ਨੂੰ ਛੱਡ ਕੇ ਆਪਣੇ ਘਰਾਂ ਤੋਂ ਬਾਹਰ ਰਹਿਣਾ ਪੈਂਦਾ ਹੈ। ਇਸ ਹਾਲਤ ਵਿੱਚ ਸਾਡੀ ਪਿਆਰ-ਭੁੱਖ ਨੂੰ ਸਾਡੇ ਗੁਆਂਢੀ ਹੀ ਪੂਰੀ ਕਰਦੇ ਹਨ। ਨਵੇਂ ਗੁਆਂਢੀਆਂ ਨਾਲ਼ ਸਾਡੀ ਸਾਂਝ ਪਹਿਲਾਂ ਬੱਚੇ ਸ਼ੁਰੂ ਕਰਦੇ ਹਨ। ਫਿਰ ਔਰਤਾਂ ਦੀ ਬੋਲ-ਚਾਲ ਸ਼ੁਰੂ ਹੁੰਦੀ ਹੈ। ਹੌਲ਼ੇ-ਹੌਲ਼ੇ ਪਰਸਪਰ ਪਿਆਰ, ਮਿਲ਼ਾਪ ਤੇ ਸਹਿਯੋਗ ਨਾਲ਼ ਸਾਰੇ ਘੁਲ਼-ਮਿਲ਼ ਜਾਂਦੇ ਹਨ। ਆਂਢ-ਗੁਆਂਢ ਨਾਲ਼ ਲੜਾਈ-ਝਗੜੇ ਤੋਂ ਬਚਣਾ ਚਾਹੀਦਾ ਹੈ। ਜੇਕਰ ਅਸੀਂ ਜ਼ਰਾ ਸਿਆਣਪ ਤੋਂ ਕੰਮ ਲਈਏ, ਤਾਂ ਝਗੜੇ ਪੈਦਾ ਹੀ ਨਹੀਂ ਹੁੰਦੇ। ਇਸ ਮੰਤਵ ਲਈ ਸਾਨੂੰ ਨਿੰਦਿਆਂ-ਚੁਗਲੀ ਤੋਂ ਬਚਣਾ ਚਾਹੀਦਾ ਹੈ। ਤੀਵੀਆਂ ਨੂੰ ਬੱਚਿਆਂ ਪਿੱਛੇ ਨਹੀਂ ਲੜਨਾ ਚਾਹੀਦਾ ਤੇ ਨਾ ਹੀ ਦੂਜਿਆਂ ਦੇ ਬੱਚਿਆਂ ਨਾਲ਼ ਬੁਰਾ ਸਲੂਕ ਕਰਨਾ ਚਾਹੀਦਾ ਹੈ ਕਿਉਂਕਿ ਬੱਚੇ ਆਪਣੀ ਲੜਾਈ ਝੱਟ ਭੁੱਲ ਜਾਂਦੇ ਹਨ ਪਰ ਵੱਡਿਆਂ ਦੇ ਦਿਲਾਂ ਵਿੱਚ ਵੱਡੀਆਂ ਤ੍ਰੇੜਾਂ ਪੈ ਜਾਂਦੀਆਂ ਹਨ। ਸਾਨੂੰ ਗੁਆਂਢੀਆਂ ਦੇ ਸੁੱਖ-ਅਰਾਮ ਦਾ ਪੂਰਾ-ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ। ਜੇਕਰ ਸਾਡਾ ਗੁਆਂਢੀ ਪੜ੍ਹਨ ਵਿੱਚ ਮਗਨ ਹੈ ਤਾਂ ਸਾਨੂੰ ਉਸ ਦਾ ਮਨ ਉਚਾਟ ਕਰਨ ਲਈ ਰੌਲ਼ਾ ਆਦਿ ਨਹੀਂ ਪਾਉਣਾ ਚਾਹੀਦਾ। ਯਿਸੂ ਮਸੀਹ, ਹਜ਼ਰਤ ਮੂਸਾ ਤੇ ਭਾਈ ਗੁਰਦਾਸ ਸਾਰੇ ਧਾਰਮਿਕ ਆਗੂ ਸਾਨੂੰ ਗੁਆਂਢੀਆਂ ਨਾਲ਼ ਪਿਆਰ ਕਰਨ ਦਾ ਉਪਦੇਸ਼ ਦਿੰਦੇ ਹਨ। ਸਾਨੂੰ ਗੁਆਂਢੀਆਂ ਦੇ ਕੰਮ ਵਿੱਚ ਬਿਨਾਂ ਲੋੜ ਤੋਂ ਦਖ਼ਲ-ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਅਗਲੇ ਦੇ ਓਨਾ ਕੁ ਹੀ ਨੇੜੇ ਹੋਣਾ ਚਾਹੀਦਾ ਹੈ  ਜਿੰਨਾ ਅਗਲਾ ਪਸੰਦ ਕਰੇ। ਕਿਸੇ ਦੇ ਘਰ ਜਾ ਕੇ ਫਰੋਲ਼ਾ-ਫਰਾਲ਼ੀ ਜਾਂ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾ ਸਾਨੂੰ ਗੁਆਂਢੀਆਂ ਨਾਲ਼ ਚੰਗੇ ਸੰਬੰਧ ਬਣਾਉਣੇ ਚਾਹੀਦੇ ਹਨ। ਗੁਆਂਢੀਆਂ ਨਾਲ਼ ਚੰਗੇ ਸੰਬੰਧਾਂ ਤੋਂ ਸਾਡੀ ਸੂਝ-ਸਿਆਣਪ ਦਾ ਪਤਾ ਲੱਗਦਾ ਹੈ।

## 22. ਵਾਤਾਵਰਨ ਦੀ ਸੰਭਾਲ਼

ਵਾਤਾਵਰਨ ਤੋਂ ਭਾਵ ਹੈ,ਸਾਡਾ ਆਲ਼ਾ-ਦੁਆਲ਼ਾ ਜਿਸ ਵਿੱਚ ਅਸੀਂ ਰਹਿ ਰਹੇ ਹਾਂ। ਸੂਰਜ ਨਾਲ਼ੋਂ ਟੁੱਟਣ ਮਗਰੋਂ ਧਰਤੀ ਨੂੰ ਠੰਢਾ ਹੋਣ ਅਤੇ ਫਿਰ ਉਸ ਉੱਤੇ ਅਜਿਹਾ ਵਾਤਾਵਰਨ ਬਣਨ ਨੂੰ ਕਰੋੜਾਂ ਸਾਲ ਲੱਗ ਗਏ ਜਿਸ ਵਿੱਚ ਮਨੁੱਖਾਂ, ਜੀਵਾਂ ਅਤੇ ਬਨਸਪਤੀ ਦੀ ਹੋਂਦ ਦਾ ਵਧਣਾ-ਫੁੱਲਣਾ ਸੰਭਵ ਹੋ ਸਕਿਆ। ਧਰਤੀ ਉਤਲੇ ਇਸ ਵਾਤਾਵਰਨ ਵਿੱਚ ਹਵਾ ਪਾਣੀ, ਮਿੱਟੀ, ਸੂਰਜ ਦੀ ਗਰਮੀ ਅਤੇ ਹੋਰ ਅਨੇਕਾਂ ਊਰਜਾਵਾਂ ਦਾ ਮਿਸ਼ਰਨ ਹੈ। ਮਨੁੱਖ ਸਮੇਤ ਸਾਰੇ ਜੀਵਾਂ ਤੇ ਬਨਸਪਤੀ ਦੀ ਹੋਂਦ ਤਦ ਹੀ ਸੰਭਵ ਹੈ ਜੇਕਰ ਧਰਤੀ ਉਤਲੇ ਵਾਤਾਵਰਨ ਵਿੱਚ ਇਹਨਾਂ ਸਾਰੇ ਤੱਤਾਂ ਦਾ ਆਪਣਾ ਰੂਪ, ਮਿਕਦਾਰ ਅਤੇ ਆਪਸੀ ਤਾਲ-ਮੇਲ ਉਸੇ ਸੰਤੁਲਿਤ ਮਾਤਰਾ ਵਿੱਚ ਕਾਇਮ ਰਹੇ ਜਿਸ ਵਿੱਚ ਜੀਵ-ਸੰਸਾਰ ਅਤੇ ਬਨਸਪਤੀ ਦਾ ਪੈਦਾ ਹੋਣਾ ਤੇ ਵਧਣਾ-ਫੁੱਲਣਾ ਸੰਭਵ ਹੋਇਆ ਸੀ। ਪਰੰਤੂ ਮਨੁੱਖ ਨੇ ਕਰੋੜਾਂ ਸਾਲਾਂ ਵਿੱਚ ਉਪਜੇ ਇਸ ਸੰਤੁਲਿਤ ਵਾਤਾਵਰਨ ਨੂੰ ਪਿਛਲੇ 60-65 ਸਾਲਾਂ ਵਿੱਚ ਬੁਰੀ ਤਰ੍ਹਾਂ ਬਰਬਾਦ ਕਰਕੇ ਰੱਖ ਦਿੱਤਾ ਹੈ। ਇਸ ਬਰਬਾਦੀ ਪਿੱਛੇ ਜਿੱਥੇ ਧਰਤੀ ਉੱਤੇ ਮਨੁੱਖਾਂ ਦੀ ਵਧਦੀ ਅਬਾਦੀ ਜ਼ੁੰਮੇਵਾਰ ਹੈ, ਉੱਥੇ ਵਿਗਿਆਨਿਕ ਵਿਕਾਸ ਅਤੇ ਮਨੁੱਖ ਦੀ ਪੈਸਾ ਕਮਾਉਣ ਦੀ ਹਵਸ ਅਤੇ ਵਪਾਰਿਕ ਰੁਚੀਆਂ ਵੀ ਜ਼ੁੰਮੇਵਾਰ ਹਨ। ਵਿਗਿਆਨਿਕ ਵਿਕਾਸ ਨੇ ਕਾਰਖ਼ਾਨੇ ਲਾ ਕੇ ਤੇ ਊਰਜਾ ਪ੍ਰਾਪਤ ਕਰਨ ਦੇ ਸੋਮੇ ਵਿਕਸਿਤ ਕਰਕੇ ਹਵਾ ਨੂੰ ਗੰਦੀਆਂ ਜ਼ਹਿਰਾਂ ਤੇ ਧੂੰਏਂ ਨਾਲ਼ ਪਲੀਤ ਕਰ ਦਿੱਤਾ ਹੈ, ਓਜ਼ੋਨ ਗੈਸ ਨੂੰ ਲੀਰੋ-ਲੀਰ ਕਰ ਦਿੱਤਾ ਹੈ, ਬੱਦਲ਼ਾਂ ਵਿੱਚ ਤਿਜ਼ਾਬ ਘੋਲ਼ ਦਿੱਤਾ ਹੈ। ਦਰਿਆ, ਸਮੁੰਦਰ ਤੇ ਧਰਤੀ ਹੇਠਲੇ ਪਾਣੀ ਨੂੰ ਕਾਰਖ਼ਾਨਿਆਂ ਦੇ ਜ਼ਹਿਰੀਲੇ ਤਰਲ ਤੇ ਸੀਵਰੇਜ ਦੇ ਪਾਣੀ ਦੀ ਗੰਦਗੀ ਨਾਲ਼ ਭਰ ਦਿੱਤਾ ਹੈ। ਵਿਕਾਸ ਦੇ ਨਾਂ ਉੱਤੇ ਹਵਾ ਨੂੰ ਸਾਫ਼ ਰੱਖਣ ਵਾਲ਼ੇ ਰੁੱਖ ਲਗਾਤਾਰ ਵੱਢੇ ਜਾ ਰਹੇ ਹਨ। ਕੀੜੇ-ਮਾਰ ਦਵਾਈਆਂ ਤੇ ਰਸਾਇਣਿਕ ਖਾਦਾਂ ਨਾਲ਼ ਹਵਾ, ਪਾਣੀ ਤੇ ਧਰਤੀ ਦੀ ਮਿੱਟੀ ਅਤੇ ਸਾਡੀ ਖ਼ੁਰਾਕ ਸਭ ਭਿਆਨਕ ਜ਼ਹਿਰਾਂ ਨਾਲ਼ ਭਰੇ ਜਾ ਰਹੇ ਹਨ। ਕੈਂਸਰ, ਦਮਾ, ਭਿੰਨ-ਭਿੰਨ ਪ੍ਰਕਾਰ ਦੀਆਂ ਐਲਰਜੀਆਂ ਤੇ ਲਾਇਲਾਜ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ। ਘਰਾਂ ਵਿੱਚ ਵਰਤੇ ਜਾਂਦੇ ਸੁੱਖ ਦੇ ਸਮਾਨ ਸੰਚਾਰ, ਆਵਾਜਾਈ ਤੇ ਊਰਜਾ ਲਈ ਵਰਤੇ ਜਾ ਰਹੇ ਸਾਰੇ ਸਾਧਨ ਮਨੁੱਖ ਲਈ ਕੋਈ ਨਾ ਕੋਈ ਭਿਆਨਕ ਬਿਮਾਰੀ ਜਾਂ ਮੁਸੀਬਤ ਦਾ ਸੁਨੇਹਾ ਲੈ ਕੇ ਆ ਰਹੇ ਹਨ। ਅਜਿਹੀ ਸਥਿਤੀ ਵਿੱਚ ਵਾਤਾਵਰਨ ਦੀ ਸੰਭਾਲ਼ ਲਈ ਕਦਮ ਪੁੱਟਣੇ ਬਹੁਤ ਜ਼ਰੂਰੀ ਹਨ, ਨਹੀਂ ਤਾਂ ਧਰਤੀ ਉੱਤੋਂ ਮਨੁੱਖਾਂ ਸਮੇਤ ਜੀਵ-ਜਗਤ ਦਾ ਵਿਨਾਸ਼ ਹੋ ਰਿਹਾ ਹੈ। ਰਸਾਇਣਿਕ ਖ਼ਾਦਾਂ ਤੇ ਕੀੜੇ ਮਾਰ ਦਵਾਈਆਂ ਦੀ ਥਾਂ

ਆਰਗੈਨਿਕ ਖਾਦਾਂ ਤੇ ਕੀਟ-ਨਾਸਿਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਬਿਜਲੀ-ਚੁੰਬਕੀ ਪ੍ਰਦੂਸ਼ਣ ਪੈਦਾ ਕਰਨ ਵਾਲ਼ੇ ਸੰਚਾਰ-ਸਾਧਨਾਂ ਦੀ ਵਰਤੋਂ ਵੀ ਸੀਮਿਤ ਕਰਨ ਦੀ ਲੋੜ ਹੈ। ਸਭ ਤੋਂ ਵੱਡੀ ਗੱਲ ਤਾਂ ਮਨੁੱਖ ਦੇ ਲਾਲਚ ਤੇ ਸ਼ੋਸ਼ਕ ਰੁਚੀ ਨੂੰ ਠੱਲ੍ਹ ਪਾਉਣ ਦੀ ਹੈ। ਜੇਕਰ ਨੇੜੇ ਦੇ ਭਵਿਖ ਵਿੱਚ ਅਜਿਹਾ ਨਾ ਕੀਤਾ ਗਿਆ ਤਾਂ ਮਨੁੱਖਾਂ ਸਮੇਤ ਧਰਤੀ ਉਤਲੇ ਜੀਵਨ ਦਾ ਖ਼ਾਤਮਾ ਹੋ ਸਕਦਾ ਹੈ।

## 23. ਸਾਈਬਰ-ਅਪਰਾਧ

ਜਿਸ ਜੁਰਮ ਵਿੱਚ ਕੰਪਿਊਟਰ ਜਾਂ ਮੋਬਾਈਲ ਸ਼ਾਮਿਲ ਹੋਵੇ, ਉਸ ਨੂੰ 'ਸਾਈਬਰ-ਕ੍ਰਾਈਮ' ਆਖਿਆ ਜਾਂਦਾ ਹੈ। ਆਧੁਨਿਕ ਸਮੇਂ 'ਚ ਸੂਚਨਾ ਤਕਨਾਲੋਜੀ ਦੇ ਸਾਧਨਾਂ ਨੇ ਜਿੱਥੇ ਜੀਵਨ ਵਿੱਚ ਨਵੀਂ ਕ੍ਰਾਂਤੀ ਲਿਆਂਦੀ ਹੈ, ਉੱਥੇ ਇਹਨਾਂ ਸਾਧਨਾਂ ਦਾ ਦੁਰਉਪਯੋਗ ਵੀ ਵੱਡੇ ਪੱਧਰ 'ਤੇ ਹੋ ਰਿਹਾ ਹੈ। ਅੱਜ-ਕੱਲ੍ਹ ਸ਼ਰਾਰਤੀ ਅਨਸਰਾਂ ਦੁਆਰਾ ਗਿਣੀ-ਮਿਥੀ ਸਾਜ਼ਸ਼ ਤਹਿਤ ਕੰਪਿਊਟਰ ਤੇ ਮੋਬਾਈਲ ਰਾਹੀਂ ਅਸ਼ਲੀਲ ਤੇ ਭੜਕਾਊ ਸ਼ਬਦਾਵਲੀ, ਤਸਵੀਰਾਂ ਤੇ ਵੀਡੀਓ ਭੇਜ ਕੇ ਸਮਾਜਿਕ ਮਾਹੌਲ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਸਾਈਬਰ-ਅਪਰਾਧ ਤਹਿਤ ਕਿਸੇ ਦੇ ਈ-ਮੇਲ ਖਾਤੇ ਨੂੰ ਹਾਈਜੈਕ ਕਰਨਾ, ਵਾਇਰਸ ਭੇਜਣਾ, ਕਾਪੀਰਾਈਟ ਦੀ ਉਲੰਘਣਾ ਕਰਨਾ, ਸੇਵਾਵਾਂ 'ਚ ਵਿਘਨ ਪਾਉਣਾ, ਬੈਂਕ-ਖਾਤਿਆਂ ਨਾਲ਼ ਛੇੜ-ਛਾੜ ਕਰਨ ਦੀਆਂ ਘਟਨਾਵਾਂ ਸਾਮ੍ਹਣੇ ਆ ਰਹੀਆਂ ਹਨ। ਸਾਈਬਰ-ਅਪਰਾਧੀਆਂ ਦੁਆਰਾ ਲੋਕਾਂ ਦਾ ਮਾਨਸਿਕ-ਸਰੀਰਿਕ ਸ਼ੋਸ਼ਣ ਕਰਨ ਦੇ ਨਾਲ਼-ਨਾਲ਼ ਲਾਟਰੀ ਦੇ ਗੋਰਖ-ਧੰਦੇ ਰਾਹੀਂ ਭੋਲ਼ੇ-ਭਾਲ਼ੇ ਲੋਕਾਂ ਦਾ ਆਰਥਿਕ ਸ਼ੋਸ਼ਣ ਵੀ ਕੀਤਾ ਜਾ ਰਿਹਾ ਹੈ। ਈ-ਮੇਲ ਤੇ ਮੋਬਾਈਲ ਦੇ ਸੁਨੇਹੇ ਦੀ ਵਰਤੋਂ ਨਾਲ਼ ਸਾਈਬਰ-ਅਪਰਾਧੀਆਂ ਦੁਆਰਾ ਲੋਕਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਅੱਜ-ਕੱਲ੍ਹ ਬਹੁਤੇ ਲੋਕ ਸਮਾਜਿਕ ਨੈੱਟਵਰਕ ਦੀਆਂ ਵੈੱਬਸਾਈਟਾਂ ਦੀ ਰੱਜ ਕੇ ਦੁਰਵਰਤੋਂ ਕਰ ਰਹੇ ਹਨ। ਏ. ਟੀ. ਐੱਮ. ਤੋਂ ਠੱਗੀ ਨਾਲ਼ ਪੈਸੇ ਕਢਵਾਉਣ ਦੀਆਂ ਖ਼ਬਰਾਂ ਸਾਮ੍ਹਣੇ ਆ ਰਹੀਆਂ ਹਨ। ਇਹੀ ਕਾਰਨ ਹੈ ਕਿ ਦਿਨੋ-ਦਿਨ ਵਧ ਰਹੇ ਸਾਈਬਰ-ਅਪਰਾਧ ਕਰਕੇ ਸਰਕਾਰ ਨੂੰ ਮਜਬੂਰੀਵੱਸ ਸਾਈਬਰ-ਕਨੂੰਨ ਤੇ ਸਾਈਬਰ-ਥਾਣਿਆਂ ਦਾ ਨਿਰਮਾਣ ਕਰਨਾ ਪਿਆ ਹੈ। ਲੋੜ ਇਸ ਗੱਲ ਦੀ ਹੈ ਕਿ ਅਸੀਂ ਕਿਸੇ ਵੀ ਅਜਨਬੀ ਨਾਲ਼ ਆਪਣਾ ਗੁਪਤ-ਪਾਸਵਰਡ ਸਾਂਝਾ ਨਾ ਕਰੀਏ। ਸਾਈਬਰ-ਕੈਫ਼ੇ ਵਿੱਚ ਬਾਹਰ ਆਉਣ ਤੋਂ ਪਹਿਲਾਂ ਆਪਣੀ ਆਈ. ਡੀ. ਲਾਗ-ਆਊਟ ਕਰਨਾ ਨਾ ਭੁੱਲੀਏ। ਰਾਸ਼ਟਰੀ, ਅੰਤਰਰਾਸ਼ਟਰੀ ਧੋਖਾਧੜੀ ਵਾਲ਼ੀਆਂ ਕਾਲਾਂ ਤੇ ਸੁਨੇਹਿਆਂ ਤੋਂ ਸੁਚੇਤ ਰਹੀਏ। ਦੂਜਿਆਂ ਨਾਲ਼ ਹਮੇਸ਼ਾਂ ਸਾਫ਼-ਸੁਥਰਾ ਡਾਟਾ ਸਾਂਝਾ ਕਰੀਏ। ਸਮਾਜਿਕ-ਨੈੱਟਵਰਕ ਦੀਆਂ ਸਾਈਟਾਂ ਦੀ ਵਰਤੋਂ ਸਾਵਧਾਨੀ ਪੂਰਬਕ ਕਰੀਏ।

## 24 ਖ਼ਬਰ-ਪੱਟੀ

ਆਧੁਨਿਕ ਸਮੇਂ ਟੈਲੀਵੀਜ਼ਨ ਮਨੋਰੰਜਨ ਤੇ ਗਿਆਨ ਦੇ ਨਾਲ਼-ਨਾਲ਼ ਸੂਚਨਾਵਾਂ ਪ੍ਰਦਾਨ ਕਰਨ ਦਾ ਬਹੁਤ ਵੱਡਾ ਸੋਮਾ ਹੈ। ਟੀ.ਵੀ.-ਸਕਰੀਨ ਦੇ ਬਿਲਕੁਲ ਹੇਠ ਲਿਖਤ-ਰੂਪ 'ਚ ਸੱਜੇ ਤੋਂ ਖੱਬੇ ਵੱਲ ਚੱਲਣ ਵਾਲ਼ੀ ਸ਼ਬਦਾਂ ਦੀ ਕਤਾਰ ਨੂੰ ਖ਼ਬਰ-ਪੱਟੀ ਕਿਹਾ ਜਾਂਦਾ ਹੈ। ਖ਼ਬਰ-ਪੱਟੀ ਦਾ ਸੰਬੰਧ ਰੋਜ਼ ਦੀਆਂ ਪ੍ਰਮੁੱਖ ਖ਼ਬਰਾਂ ਨਾਲ਼ ਹੁੰਦਾ ਹੈ। ਖ਼ਬਰ-ਪੱਟੀ ਦੇ ਜ਼ਰੀਏ ਕੁਝ ਮਿੰਟਾਂ ਵਿੱਚ ਹੀ ਪ੍ਰਮੁੱਖ ਖ਼ਬਰਾਂ ਦੀ ਜਾਣਕਾਰੀ ਦਰਸ਼ਕ ਹਾਸਲ ਕਰਦੇ ਹਨ। ਇਸ 'ਚ ਸੰਖੇਪਤਾ, ਸਰਲਤਾ, ਸਪਸ਼ਟਤਾ ਦੇ ਨਾਲ਼-ਨਾਲ਼ ਭਾਸ਼ਾ ਦੀ ਸ਼ੁੱਧਤਾ ਹੋਣੀ ਅਤਿ ਜ਼ਰੂਰੀ ਹੈ। ਕਈ ਚੈਨਲਾਂ ਵੱਲੋਂ ਖ਼ਬਰ-ਪੱਟੀ ਦੇ ਜ਼ਰੀਏ ਅੰਤਰਰਾਸ਼ਟਰੀ, ਰਾਸ਼ਟਰੀ ਤੇ ਰਾਜ ਦੇ ਸਿਰਲੇਖ ਤਹਿਤ ਖ਼ਬਰਾਂ ਸ਼ਬਦ ਰੂਪ 'ਚ ਪ੍ਰਸਤੁਤ ਕੀਤੀਆਂ ਜਾਂਦੀਆਂ ਹਨ। ਸਮੇਂ ਦੀ ਘਾਟ ਕਰਕੇ ਇਹ ਘੱਟ ਸਮੇਂ 'ਚ ਵੱਧ ਸੂਚਨਾਵਾਂ ਇਕੱਠੀਆਂ ਕਰਦਾ ਹੈ। ਕਈ ਵਾਰ ਅਸੀਂ ਖ਼ਬਰ-ਪੱਟੀ 'ਤੇ ਕੋਈ ਖ਼ਾਸ ਇਸ਼ਤਿਹਾਰਬਾਜ਼ੀ ਵੀ ਵੇਖਦੇ ਹਾਂ। ਚੈਨਲਾਂ ਵੱਲੋਂ ਖ਼ਬਰ-ਪੱਟੀ ਦੇ ਅੱਖਰ ਤੇ ਰੰਗਾਂ ਦਾ ਵੱਖੋ-ਵੱਖਰਾ ਪ੍ਰਯੋਗ ਹੁੰਦਾ ਹੈ। ਖ਼ਬਰ-ਪੱਟੀ ਦੇ ਚੱਲਣ ਦੀ ਗਤੀ ਏਨੀ ਕੁ ਹੁੰਦੀ ਹੈ ਕਿ ਦਰਸ਼ਕ ਅਸਾਨੀ ਨਾਲ਼ ਦਿੱਤੀ ਗਈ ਸੂਚਨਾ ਨੂੰ ਪੜ੍ਹ ਸਕੇ। ਕਈ ਚੈਨਲਾਂ 'ਤੇ ਇਹ ਇਸ਼ਤਿਹਾਰਬਾਜ਼ੀ ਦੌਰਾਨ ਬੰਦ ਹੋ ਜਾਂਦੀ ਹੈ ਪਰ ਕਈ ਖ਼ਬਰ-ਚੈਨਲਾਂ 'ਤੇ ਇਹ ਲਗਾਤਾਰ ਚੱਲਦੀ ਰਹਿੰਦੀ ਹੈ। ਹਮੇਸ਼ਾਂ ਮਹੱਤਵਪੂਰਨ ਖ਼ਬਰਾਂ ਨੂੰ ਹੀ ਖ਼ਬਰ-ਪੱਟੀ 'ਚ ਸ਼ਾਮਲ਼ ਕਰਨਾ ਚਾਹੀਦਾ ਹੈ। ਜੇਕਰ ਵਾਕ-ਬਣਤਰ, ਵਿਆਕਰਨਿਕ ਨਿਯਮਾਂ ਦਾ ਧਿਆਨ ਰੱਖਿਆ ਜਾਵੇ ਤਾਂ ਖ਼ਬਰ-ਪੱਟੀ ਹੋਰ ਵੀ ਆਕਰਸ਼ਣ-ਭਰਪੂਰ ਹੋਵੇਗੀ।

### ਅਭਿਆਸ ਲਈ ਪੈਰਾ-ਰਚਨਾ ਕਰਨ ਲਈ ਕੁਝ ਵਿਸ਼ੇ

1. ਸਾਡੇ ਸ਼ਹਿਰ ਦੀਆਂ ਲੋਕਲ-ਬੱਸਾਂ
2. ਮੇਰੇ ਮਾਤਾ ਜੀ
3. ਡਿਕਸ਼ਨਰੀ ਦੀ ਵਰਤੋਂ
4. ਕਿਰਤ

5. ਮੀਡੀਆ
6. ਮਨਭਾਉਂਦਾ ਲੇਖਕ
7. ਸਫ਼ਾਈ
8. ਬਚਾਅ ਵਿੱਚ ਹੀ ਬਚਾਅ ਹੈ
9. ਇੱਕੀਵੀਂ ਸਦੀ ਦੀਆਂ ਚੁਨੌਤੀਆਂ
10. ਮੇਰੀ ਡਾਇਰੀ
11. ਸੁਚੱਜ
12. ਸੁਆਣੀਆਂ ਦੀ ਕਲਾ
13. ਮਨੋਰੰਜਨ
14. ਗਿਆਨ ਕਾ ਬਧਾ ਮਨੁ ਰਹੈ
15. ਸਾਡੇ ਜੀਵਨ ਵਿੱਚ ਪੰਛੀ
16. ਪਾਣੀ
17. ਰਾਸ਼ਟਰੀ ਏਕਤਾ
18. ਕੇਬਲ-ਟੀ.ਵੀ.
19. ਵਧ ਰਿਹਾ ਫ਼ੈਸ਼ਨ
20. ਨੈਤਿਕ ਕਦਰਾਂ-ਕੀਮਤਾਂ

# ਅਧਿਆਇ 6

## ਮੁਹਾਵਰੇ

ਮੁਹਾਵਰੇ ਕਿਸੇ ਭਾਸ਼ਾ ਦੀ ਅਮੀਰੀ ਨੂੰ ਦਰਸਾਉਂਦੇ ਹਨ। ਭਾਸ਼ਾ ਦਾ ਜੁੱਸਾ ਉਸ ਦੇ ਮੁਹਾਵਰਿਆਂ ਤੋਂ ਜਾਣਿਆ ਜਾਂਦਾ ਹੈ। ਕਿਸੇ ਭਾਸ਼ਾ ਦੇ ਮੁਹਾਵਰੇ ਉਸ ਭਾਸ਼ਾ ਦੀ ਪ੍ਰਗਟਾਅ-ਸਮਰੱਥਾ ਦੀ ਜਿੰਦ-ਜਾਨ ਹੁੰਦੇ ਹਨ।

ਕਿਸੇ ਭਾਸ਼ਾ ਦੇ ਮੁਹਾਵਰਿਆਂ ਦੀ ਮਹਿਮਾ ਇਹਨਾਂ ਦੇ ਕਈ ਉੱਘੜਵੇਂ ਗੁਣਾਂ ਕਾਰਨ ਹੁੰਦੀ ਹੈ। ਇਹਨਾਂ ਗੁਣਾਂ ਕਾਰਨ ਮੁਹਾਵਰੇ ਪ੍ਰਗਟਾਅ ਵਿੱਚ ਸੰਖੇਪਤਾ, ਸੰਜਮ ਤੇ ਤਿੱਖਾ ਪ੍ਰਭਾਵ ਲੈ ਆਉਂਦੇ ਹਨ। ਮੁਹਾਵਰੇ ਦੇ ਸਤਹੀ ਅਰਥ ਹੋਰ ਜਾਪਦੇ ਹਨ ਪਰ ਅਸਲ ਅਰਥ ਹੋਰ ਹੁੰਦੇ ਹਨ। ਇਸ ਕਾਰਨ ਵੀ ਚਮਤਕਾਰੀ ਪ੍ਰਭਾਵ ਪੈਂਦਾ ਹੈ।

ਪੰਜਾਬੀ ਭਾਸ਼ਾ ਕੋਲ਼ ਮੁਹਾਵਰਿਆਂ ਦਾ ਅਤੁੱਟ ਭੰਡਾਰ ਹੈ। ਇਹਨਾਂ ਮੁਹਾਵਰਿਆਂ ਵਿੱਚ ਲੈਅ, ਰਵਾਨਗੀ ਅਤੇ ਕਾਵਿਕਤਾ ਤੋਂ ਇਲਾਵਾ ਪੰਜਾਬੀ ਸੁਭਾਅ ਦੀ ਰੰਗਤ ਹੈ। ਇਸੇ ਲਈ ਮੁਹਾਵਰਿਆਂ ਨੂੰ ਭਾਸ਼ਾ ਦਾ ਮੁਹਾਂਦਰਾ ਕਿਹਾ ਜਾਂਦਾ ਹੈ।

ਪੰਜਾਬੀ ਦੇ ਮੁਹਾਵਰੇ ਸਾਡਾ ਭਾਸ਼ਾਈ ਅਤੇ ਸੱਭਿਆਚਾਰਿਕ ਵਿਰਸਾ ਹਨ। ਇਹ ਲੋਕ-ਸਾਹਿਤ ਦਾ ਅੰਗ ਹਨ। ਭਾਸ਼ਾ ਦੇ ਵਹਾਅ ਵਿੱਚ ਚੱਲਦਿਆਂ-ਚੱਲਦਿਆਂ ਇਹਨਾਂ ਦੇ ਸਰੂਪ ਵਿੱਚ ਅਜੀਬ ਸੁੰਦਰਤਾ ਆ ਜਾਂਦੀ ਹੈ। ਲੋਕ-ਮਨ ਤੇ ਲੋਕ-ਅਨੁਭਵ ਦੀਆਂ ਝਲਕਾਂ ਵੀ ਇਹਨਾਂ ਵਿੱਚ ਮਿਲ਼ਦੀਆਂ ਹਨ। ਭਾਸ਼ਾ ਦੇ ਵਿਦਿਆਰਥੀ ਨੂੰ ਮੁਹਾਵਰੇ ਕੀਮਤੀ ਸਿੱਕਿਆਂ ਤੇ ਮੋਹਰਾਂ ਵਾਂਗ ਹੀ ਸਮਝਣੇ ਚਾਹੀਦੇ ਹਨ। ਵਾਕ ਵਿੱਚ ਮੁਹਾਵਰੇ ਦੀ ਮੋਹਰ ਵਾਕ ਨੂੰ ਸਟੀਕ ਹੀ ਤਾਂ ਬਣਾ ਦਿੰਦੀ ਹੈ।

ਪੰਜਾਬੀ ਦੇ ਕੁਝ ਮੁਹਾਵਰੇ, ਵੰਨਗੀ-ਮਾਤਰ ਇਸ ਪਾਠ-ਪੁਸਤਕ ਵਿੱਚ ਦਿੱਤੇ ਹਨ। ਇਹਨਾਂ ਮੁਹਾਵਰਿਆਂ ਦੇ ਅਰਥ ਦੇ ਕੇ ਵਾਕਾਂ ਵਿੱਚ ਵਰਤਿਆ ਗਿਆ ਹੈ।

❋ ❋ ❋

# ਮੁਹਾਵਰੇ

1. **ਉਂਗਲਾਂ 'ਤੇ ਨਚਾਉਣਾ** (ਆਪਣੀ ਮਰਜ਼ੀ ਮੁਤਾਬਕ ਕੰਮ ਕਰਵਾਉਣਾ)— ਅਮਰੀਕਾ ਵਰਗੇ ਵਿਕਸਿਤ ਦੇਸ, ਵਿਕਾਸਸ਼ੀਲ ਤੇ ਅਵਿਕਸਿਤ ਦੇਸਾਂ ਨੂੰ ਥੋੜ੍ਹੀ-ਬਹੁਤੀ ਆਰਥਿਕ ਮਦਦ ਦੇ ਕੇ ਆਪਣੀਆਂ ਉਂਗਲਾਂ 'ਤੇ ਨਚਾਉਣ ਦਾ ਯਤਨ ਕਰਦੇ ਹਨ।

2. **ਉੱਘ-ਸੁੱਘ ਮਿਲ਼ਨੀ** (ਪਤਾ ਲੱਗਣਾ, ਸੂਹ ਮਿਲ਼ਨੀ)— "ਸਵਰਨ ਸਿੰਘ ਜੀ, ਤੁਸੀਂ ਦਿਲ ਛੋਟਾ ਨਾ ਕਰੋ, ਭਰੋਸਾ ਰੱਖੋ, ਪੁਲਿਸ ਨੂੰ ਛੇਤੀ ਹੀ ਤੁਹਾਡੇ ਚੋਰੀ ਹੋਏ ਸਕੂਟਰ ਸੰਬੰਧੀ ਉੱਘ-ਸੁੱਘ ਮਿਲ਼ ਜਾਵੇਗੀ।" ਥਾਣੇਦਾਰ ਨੇ ਸਕੂਟਰ ਚੋਰੀ ਹੋਣ ਦੀ ਰਿਪੋਰਟ ਲਿਖਵਾਉਣ ਆਏ ਸਵਰਨ ਸਿੰਘ ਨੂੰ ਕਿਹਾ।

3. **ਉੱਚਾ ਸਾਹ ਨਾ ਕੱਢਣਾ** (ਸਹਿਮਿਆ ਰਹਿਣਾ)— ਪ੍ਰਿੰਸੀਪਲ ਸਾਹਿਬ ਨੇ ਸਵੇਰ ਦੀ ਸਭਾ ਵਿੱਚ ਬੋਲਦਿਆਂ ਕਿਹਾ, "ਮੇਰੇ ਧਿਆਨ ਵਿੱਚ ਆਇਆ ਹੈ ਕਿ ਕੁਝ ਵਿਦਿਆਰਥੀ ਜਮਾਤ ਵਿੱਚ ਉੱਚਾ ਸਾਹ ਵੀ ਨਹੀਂ ਕੱਢਦੇ। ਇਹ ਗੱਲ ਠੀਕ ਨਹੀਂ। ਤੁਸੀਂ ਆਪਣੇ ਸਵਾਲਾਂ ਦੇ ਜਵਾਬ ਅਧਿਆਪਕਾਂ ਨੂੰ ਬੇਝਿਜਕ ਹੋ ਕੇ ਪੁੱਛਿਆ ਕਰੋ।"

4. **ਉਧੜ-ਧੁੰਮੀ ਮਚਾਉਣਾ** (ਰੌਲਾ ਪਾਉਣਾ)— "ਭੂਆ ਜੀ, ਬੇਸ਼ੱਕ ਤੁਹਾਡੇ ਬੱਚਿਆਂ ਨੂੰ ਛੁੱਟੀਆਂ ਹੋ ਗਈਆਂ ਹਨ ਪਰ ਤੁਸੀਂ ਮੇਰੀ ਪਰੀਖਿਆ ਖ਼ਤਮ ਹੋਣ ਤੋਂ ਬਾਅਦ ਹੀ ਆਉਣਾ। ਤੁਹਾਨੂੰ ਪਤਾ ਹੀ ਹੈ, ਸਾਰੇ ਬੱਚੇ ਇਕੱਠੇ ਹੋ ਕੇ ਉੱਧੜ-ਧੁੰਮੀ ਮਚਾਈ ਰੱਖਦੇ ਹਨ।" ਟੈਲੀਫ਼ੂਨ 'ਤੇ ਗੱਲ ਕਰਦਿਆਂ ਅਮਿਤੋਜ ਨੇ ਆਪਣੇ ਭੂਆ ਜੀ ਨੂੰ ਨਿਮਰਤਾ ਨਾਲ਼ ਬੇਨਤੀ ਕੀਤੀ।

5. **ਊਠ ਦੇ ਮੂੰਹ ਵਿੱਚ ਜ਼ੀਰਾ ਦੇਣਾ** (ਬਹੁਤਾ ਖਾਣ ਵਾਲ਼ੇ ਨੂੰ ਥੋੜ੍ਹਾ ਜਿਹਾ ਦੇਣਾ)— ਏਕਮਜੋਤ ਨੇ ਪਿੰਡੋਂ ਆਏ ਮਹਿਮਾਨਾਂ ਨੂੰ ਛੋਟੇ-ਛੋਟੇ ਕੱਪਾਂ ਵਿੱਚ ਚਾਹ ਪਾ ਕੇ ਦਿੱਤੀ ਤਾਂ ਉਸ ਦੀ ਦਾਦੀ ਨੇ ਕਿਹਾ, "ਤੂੰ ਤਾਂ ਊਠ ਦੇ ਮੂੰਹ ਵਿੱਚ ਜ਼ੀਰਾ ਦੇਣ ਵਾਲ਼ੀ ਗੱਲ ਕਰਦਾ ਏਂ। ਚਾਹ ਦਾ ਜੱਗ ਭਰ ਕੇ ਲਿਆ। ਇੰਨੀ ਕੁ ਚਾਹ ਨਾਲ਼ ਇਹਨਾਂ ਦਾ ਕੀ ਬਣਨਾ ਹੈ ? "

6. **ਅਸਮਾਨ ਨੂੰ ਟਾਕੀਆਂ ਲਾਉਣੀਆਂ** (ਬਹੁਤ ਹੁਸ਼ਿਆਰੀ ਤੇ ਚਲਾਕੀ ਵਿਖਾਉਣਾ)— "ਗੁਰਸਿਮਰ, ਤੇਰੀ ਤੇ ਸੁਖਜੀਤ ਦੀ ਵਪਾਰਿਕ ਭਾਈਵਾਲੀ ਨਹੀਂ ਨਿਭਣੀ। ਤੂੰ ਸਿੱਧਾ ਤੇ ਇਮਾਨਦਾਰ ਬੰਦਾ ਹੈਂ ਪਰ ਸੁਖਜੀਤ ਤਾਂ ਅਸਮਾਨ ਨੂੰ ਟਾਕੀਆਂ ਲਾਉਂਦਾ ਹੈ।" ਗੁਰਸਿਮਰ ਦੇ ਪਿਤਾ ਜੀ ਨੇ ਉਸ ਨੂੰ ਸਮਝਾਉਂਦਿਆ ਕਿਹਾ।

7. **ਅੱਕੀਂ-ਪਲਾਹੀਂ ਹੱਥ ਮਾਰਨਾ** (ਨਿਰਾਸ਼ਾ ਜਾਂ ਬੇਵੱਸੀ ਦੀ ਹਾਲਤ ਵਿੱਚ ਮਾਮੂਲੀ ਸਹਾਰਾ ਭਾਲਣਾ, ਤਰਲੇ ਲੈਣੇ)— ਗੁਰਮੀਤ ਸਾਰਾ ਸਾਲ ਤਾਂ ਪੜ੍ਹਿਆ ਨਹੀਂ ਜਦ ਪਰੀਖਿਆ ਸਿਰ 'ਤੇ ਆ ਗਈ ਹੈ, ਹੁਣ ਅੱਕੀਂ–ਪਲਾਹੀਂ ਹੱਥ ਮਾਰਦਾ ਫਿਰਦਾ ਹੈ।

8. **ਅੱਖਾਂ ਅੱਗੇ ਖੋਪੇ ਚਾੜ੍ਹ ਦੇਣੇ** (ਮੱਤ ਮਾਰ ਦੇਣੀ, ਮੂਰਖ ਬਣਾ ਦੇਣਾ)— ਜਦੋਂ ਦਾ ਬਲਜਿੰਦਰ ਦੀਪੇ ਹੋਰਾਂ ਦੀ ਮਾੜੀ ਸੰਗਤ ਵਿੱਚ ਪਿਆ ਹੈ, ਉਸ ਦੀਆਂ ਅੱਖਾਂ ਅੱਗੇ ਤਾਂ ਜਿਵੇਂ ਖੋਪੇ ਹੀ ਚੜ੍ਹ ਗਏ ਹਨ। ਉਸ ਨੂੰ ਤਾਂ ਚੰਗੇ-ਮਾੜੇ ਦੀ ਪਛਾਣ ਵੀ ਨਹੀਂ ਰਹੀ।

9. **ਅੱਖਾਂ ਉੱਤੇ ਬਿਠਾਉਣਾ** (ਬਹੁਤ ਆਦਰ-ਸਤਿਕਾਰ ਦੇਣਾ)— "ਮਹਿਮਾਨਨਵਾਜ਼ੀ ਕਰਨਾ ਪੰਜਾਬੀਆਂ ਦਾ ਵਿਸ਼ੇਸ਼ ਗੁਣ ਹੈ। ਘਰ ਆਏ ਪਰਾਹੁਣਿਆਂ ਨੂੰ ਉਹ ਅੱਖਾਂ ਉੱਤੇ ਬਿਠਾਉਂਦੇ ਹਨ।" ਸੰਗਮਜੋਤ ਸਿੰਘ ਦੀ ਮਹਿਮਾਨਨਵਾਜ਼ੀ ਤੋਂ ਖ਼ੁਸ਼ ਹੋ ਕੇ ਉਸ ਦੇ ਪਰਦੇਸੀ ਮਿੱਤਰਾਂ ਰਮਨਦੀਪ ਤੇ ਮਨਪ੍ਰੀਤ ਨੇ ਕਿਹਾ।

10. **ਅੱਲੇ ਫੱਟਾਂ 'ਤੇ ਲੂਣ ਛਿੜਕਣਾ** (ਦੁਖੀ ਹੋਏ ਨੂੰ ਹੋਰ ਦੁਖੀ ਕਰਨਾ)— ਸਾਨੂੰ ਜਣੇ-ਖਣੇ ਕੋਲ਼ ਆਪਣਾ ਦੁੱਖ ਨਹੀਂ ਦੱਸਣਾ ਚਾਹੀਦਾ ਕਿਉਂਕਿ ਦੁੱਖ ਵੰਡਾਉਣ ਵਾਲ਼ੇ ਘੱਟ ਹੁੰਦੇ ਹਨ ਪਰ ਅੱਲੇ ਫੱਟਾਂ 'ਤੇ ਲੂਣ ਛਿੜਕਣ ਵਾਲ਼ੇ ਜ਼ਿਆਦਾ ਹੁੰਦੇ ਹਨ।

11. **ਆਪਣੇ ਅੱਗੇ ਕੰਡੇ ਬੀਜਣਾ** (ਅਜਿਹੇ ਕੰਮ ਕਰਨੇ ਜਿਨ੍ਹਾਂ ਦਾ ਸਿੱਟਾ ਮਾੜਾ ਹੋਵੇ)— ਤਰੱਕੀ ਦੀ ਆੜ ਹੇਠ ਵਾਤਾਵਰਨ ਪ੍ਰਦੂਸ਼ਿਤ ਕਰ ਕੇ ਮਨੁੱਖ ਨੇ ਆਪਣੇ ਅੱਗੇ ਕੰਡੇ ਬੀਜ ਲਏ ਹਨ।

12. **ਆਪਣੇ ਤਰਕਸ਼ ਵਿੱਚ ਤੀਰ ਹੋਣਾ** (ਆਪਣੇ ਕੋਲ਼ ਸਮਰੱਥਾ ਹੋਣੀ, ਹਿੰਮਤ ਹੋਣੀ)— ਸੁਘੜਤਾ ਤੇ ਸੰਜਮ ਵਾਲ਼ੇ ਮਨੁੱਖ ਮੁਸੀਬਤ ਵੇਲ਼ੇ ਕਿਸੇ ਦਾ ਸਹਾਰਾ ਨਹੀਂ ਲੱਭਦੇ ਸਗੋਂ ਆਪਣੇ ਤਰਕਸ਼ ਵਿਚਲੇ ਤੀਰਾਂ ਤੋਂ ਹੀ ਕੰਮ ਲੈਂਦੇ ਹਨ।

13. **ਇੱਲ ਦਾ ਨਾਂ ਕੋਕੋ ਵੀ ਨਾ ਆਉਣਾ** (ਉੱਕਾ ਅਨਪੜ੍ਹ ਹੋਣਾ)—ਪੜ੍ਹੇ-ਲਿਖੇ ਬੰਦੇ ਨੂੰ ਹੀ ਪਿੰਡ ਦਾ ਸਰਪੰਚ ਬਣਾਉਣਾ ਚਾਹੀਦਾ ਹੈ। ਜਿਸ ਨੂੰ ਇੱਲ ਦਾ ਨਾਂ ਕੋਕੋ ਵੀ ਨਾ ਆਉਂਦਾ ਹੋਵੇ ਉਸ ਨੇ ਭਲਾ ਪਿੰਡ ਦਾ ਕੀ ਸੁਆਰਨਾ ਹੈ|

14. **ਸੱਠੀ ਦੇ ਚੌਲ਼ ਖੁਆਉਣੇ** (ਝਾੜ-ਝੰਬ ਕਰਨੀ)— ਦੀਪਿੰਦਰ ਕਈ ਦਿਨਾਂ ਤੋਂ ਪੜ੍ਹਾਈ ਵੱਲ ਧਿਆਨ ਨਹੀਂ ਦੇ ਰਿਹਾ ਸੀ। ਸਾਰਾ ਦਿਨ ਮੋਬਾਈਲ 'ਤੇ ਖੇਡਾਂ ਖੇਡਣ ਜਾਂ ਟੀ.ਵੀ. ਵੇਖਣ ਵਿੱਚ ਬਰਬਾਦ ਕਰ ਰਿਹਾ ਸੀ। ਇਸੇ ਲਈ ਅੱਜ ਉਸ ਦੇ ਮਾਤਾ ਜੀ ਉਸ ਨੂੰ ਸੱਠੀ ਦੇ ਚੌਲ਼ ਖੁਆਉਣ ਲਈ ਮਜਬੂਰ ਹੋ ਗਏ।

15. **ਸਿਰ ਖੁਰਕਣ ਦੀ ਵਿਹਲ ਨਾ ਹੋਣਾ** (ਬਹੁਤ ਰੁੱਝੇ ਹੋਣਾ)— ਮੇਰੀ ਵੱਡੀ ਭੈਣ ਆਈ.ਏ.ਐੱਸ ਪਰੀਖਿਆ ਦੀ ਤਿਆਰੀ ਕਰ ਰਹੀ ਹੈ। ਉਸ ਕੋਲ਼ ਤਾਂ ਸਿਰ ਖੁਰਕਣ ਦੀ ਵਿਹਲ ਵੀ ਨਹੀਂ।

16. **ਸਿਰ ਮੜ੍ਹਨਾ** (ਗਲ਼ ਪਾਉਣਾ, ਇਲਜ਼ਾਮ ਲਾਉਣਾ)— ਆਪਣੀ ਗ਼ਲਤੀ ਕਿਸੇ ਦੇ ਸਿਰ ਮੜ੍ਹਨ ਨਾਲ਼ੋਂ ਗ਼ਲਤੀ ਮੰਨ ਕੇ ਉਸ ਵਿੱਚ ਸੁਧਾਰ ਕਰਨਾ ਚੰਗੀ ਆਦਤ ਹੈ।

17. **ਹੱਥ ਉੱਤੇ ਹੱਥ ਧਰ ਕੇ ਬਹਿਣਾ** (ਵਿਹਲਾ ਬੈਠਣਾ ਜਾਂ ਨਿਕੰਮਾ ਬੈਠਣਾ)— "ਨੌਕਰੀ ਦੀ ਉਡੀਕ ਵਿੱਚ ਮੈਂ ਹੱਥ ਉੱਤੇ ਹੱਥ ਧਰ ਕੇ ਨਹੀਂ ਬੈਠਣਾ ਸਗੋਂ ਆਪਣੇ ਪਿਤਾ ਜੀ ਨਾਲ਼ ਖੇਤੀ-ਬਾੜੀ ਦੇ ਕੰਮ ਵਿੱਚ ਮਦਦ ਕਰਾਂਗਾ," ਪੜ੍ਹਾਈ ਪੂਰੀ ਕਰ ਚੁੱਕੇ ਪੁਨੀਤ ਨੇ ਆਪਣੇ ਦੋਸਤ ਨੂੰ ਕਿਹਾ।

18. **ਹੱਥ ਵਟਾਉਣਾ** (ਦੂਜੇ ਦੇ ਕੰਮ ਵਿੱਚ ਸਹਾਇਤਾ ਕਰਨਾ)— ਜੇਕਰ ਨੌਕਰੀ-ਪੇਸ਼ਾ ਔਰਤਾਂ ਦੇ ਪਤੀ ਅਤੇ ਬੱਚੇ ਘਰ ਦੇ ਕੰਮ ਵਿੱਚ ਉਹਨਾਂ ਦਾ ਹੱਥ ਵਟਾਉਣ ਤਾਂ ਜ਼ਿੰਦਗੀ ਵਧੀਆ ਗੁਜ਼ਰਦੀ ਹੈ।

19. **ਹਵਾ ਦੇ ਘੋੜੇ ਸਵਾਰ ਹੋਣਾ** (ਹੈਂਕੜ ਵਿੱਚ ਰਹਿਣਾ)— "ਪੁਲਿਸ-ਅਫ਼ਸਰ ਦਾ ਪੁੱਤਰ ਹੋਣ ਕਾਰਨ ਤੂੰ ਹਮੇਸ਼ਾਂ ਹਵਾ ਦੇ ਘੋੜੇ ਸਵਾਰ ਨਾ ਹੋਇਆ ਕਰ।ਹੈਲਮਿੱਟ ਪਾ ਕੇ ਹੀ ਸਕੂਟਰ, ਮੋਟਰ-ਸਾਈਕਲ ਚਲਾਇਆ ਕਰ," ਚਲਾਨ ਕੱਟ ਕੇ ਦਮਨਜੀਤ ਦੇ ਹੱਥ ਫੜਾਉਂਦਿਆ ਪੁਲਿਸ-ਕਰਮਚਾਰੀ ਨੇ ਕਿਹਾ।

20. **ਕਸਵੱਟੀ ਉੱਪਰ ਲਾਉਣਾ** (ਪਰਖਣਾ)— ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਤੁਹਾਡੇ ਲਈ ਕਸਵੱਟੀ ਉੱਤੇ ਲੱਗਣ ਦਾ ਉਹ ਸਮਾਂ ਹੁੰਦਾ ਹੈ ਜਦੋਂ ਬਿਪਤਾ ਪੈਂਦੀ ਹੈ। ਸੌਖੇ ਸਮੇਂ ਵਿੱਚ ਤਾਂ ਸਾਰੇ ਦੋਸਤ ਅਤੇ ਰਿਸ਼ਤੇਦਾਰ ਚੰਗੇ ਹੁੰਦੇ ਹਨ।

21. **ਕਣਕ ਨਾਲ਼ ਘੁਣ ਵੀ ਪਿਸਣਾ** (ਦੋਸ਼ੀ ਨਾਲ਼ ਲੱਗ ਕੇ ਬੇਦੋਸ਼ੇ ਦਾ ਮਾਰਿਆ ਜਾਣਾ)— ਸ਼੍ਰੇਣੀ ਵਿੱਚ ਕੁਝ ਬੱਚੇ ਸ਼ੋਰ ਪਾ ਰਹੇ ਸਨ। ਅਧਿਆਪਕ ਨੇ ਆ ਕੇ ਸਾਰੇ ਬੱਚਿਆਂ ਨੂੰ ਖੜ੍ਹੇ ਕਰ ਦਿੱਤਾ। "ਆਪਾਂ ਤਾਂ ਪੜ੍ਹ ਰਹੇ ਸੀ, ਸਜ਼ਾ ਆਪਾਂ ਨੂੰ ਵੀ ਮਿਲ਼ ਗਈ।" ਗੁਨੀਤ ਨੇ ਆਪਣੇ ਦੋਸਤ ਰਿਸ਼ੀ ਨੂੰ ਕਿਹਾ। "ਕਣਕ ਨਾਲ਼ ਘੁਣ ਵੀ ਪਿਸ ਜਾਂਦਾ ਹੈ," ਰਿਸ਼ੀ ਨੇ ਉੱਤਰ ਦਿੱਤਾ।

22. **ਕੱਖ ਭੰਨ ਕੇ ਦੂਹਰਾ ਨਾ ਕਰਨਾ** (ਕੋਈ ਕੰਮ ਨਾ ਕਰਨਾ)— ਸਾਡੇ ਦਫ਼ਤਰ ਦੇ ਦੋ-ਤਿੰਨ ਕਰਮਚਾਰੀ ਸਾਰਾ ਦਿਨ ਕੱਖ ਭੰਨ ਕੇ ਦੂਹਰਾ ਨਹੀਂ ਕਰਦੇ। ਉਹਨਾਂ ਕਰਕੇ ਸਾਰਾ ਦਫ਼ਤਰੀ ਅਮਲਾ ਬਦਨਾਮ ਹੋ ਰਿਹਾ ਹੈ।

23. **ਕੱਚ ਤੋਂ ਕੰਚਨ ਬਣਾਉਣਾ** (ਗੁਣਹੀਣ ਮਨੁੱਖ ਨੂੰ ਗੁਣਵਾਨ ਬਣਾਉਣਾ)— "ਵਿੱਦਿਆ ਮਨੁੱਖ ਨੂੰ ਕੱਚ ਤੋਂ ਕੰਚਨ ਬਣਾ ਦਿੰਦੀ ਹੈ," ਸਕੂਲ-ਪ੍ਰਿੰਸੀਪਲ ਨੇ ਸਵੇਰ ਦੀ ਸਭਾ 'ਚ ਬੱਚਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ।

24. **ਕਲਮ ਦੇ ਧਨੀ ਹੋਣਾ** (ਵੱਡੇ ਲਿਖਾਰੀ ਹੋਣਾ)— ਗੁਰੂ ਗੋਬਿੰਦ ਸਿੰਘ ਜੀ ਜਿੱਥੇ ਇੱਕ ਮਹਾਨ ਯੋਧੇ ਸਨ,ਉੱਥੇ ਕਲਮ ਦੇ ਧਨੀ ਵੀ ਸਨ।

25. **ਕਿਤਾਬੀ ਕੀੜਾ ਹੋਣਾ** (ਹਰ ਵੇਲ਼ੇ ਕਿਤਾਬਾਂ ਪੜ੍ਹਦੇ ਰਹਿਣ ਵਾਲ਼ਾ)— ਵਰਤਮਾਨ ਸਿੱਖਿਆ-ਪ੍ਰਨਾਲ਼ੀ ਬੱਚਿਆਂ ਦੇ ਸਰਬਪੱਖੀ ਵਿਕਾਸ ਅਤੇ ਉਹਨਾਂ ਦੇ ਸਮੁੱਚੇ ਮੁਲਾਂਕਣ ਉੱਤੇ ਜ਼ੋਰ ਦਿੰਦੀ ਹੈ। ਇਸ ਲਈ ਪੜ੍ਹਾਈ ਦੇ ਨਾਲ਼-ਨਾਲ਼ ਖੇਡਾਂ ਤੇ ਸਹਿ-ਅਕਾਦਮਿਕ ਗਤੀਵਿਧੀਆਂ ਦਾ ਵੀ ਮਹਤਵ ਹੈ, ਨਿਰਾ ਕਿਤਾਬੀ ਕੀੜਾ ਬਣਨ ਨਾਲ਼ ਅੱਗੇ ਨਹੀਂ ਵਧਿਆ ਜਾ ਸਕਦਾ।

26. **ਕੁੱਜੇ ਵਿੱਚ ਸਮੁੰਦਰ ਬੰਦ ਕਰਨਾ** (ਵੱਡੀ ਸਾਰੀ ਗੱਲ ਨੂੰ ਥੋੜ੍ਹੇ ਸ਼ਬਦਾਂ ਵਿੱਚ ਮੁਕਾ ਦੇਣਾ)— ਚੰਗਾ ਪੱਤਰਕਾਰ ਬਣਨ ਲਈ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੀ ਸਮਰੱਥਾ ਦਾ ਹੋਣਾ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ।

27. **ਖ਼ਾਕ ਛਾਣਦੇ ਫਿਰਨਾ** (ਬਹੁਤ ਮਿਹਨਤ ਕਰਨੀ)— ਕਈ ਵਿਅਕਤੀ ਪਹਿਲਾਂ ਤਾਂ ਮਾਂ-ਪਿਓ ਦੇ ਸਿਰ 'ਤੇ ਐਸ਼ਾਂ ਕਰਦੇ ਹਨ ਪਰ ਜਦੋਂ ਜ਼ੁੰਮੇਵਾਰੀ ਸਿਰ 'ਤੇ ਪੈਂਦੀ ਹੈ ਤਾਂ ਖ਼ਾਕ ਛਾਣਦੇ ਫਿਰਦੇ ਹਨ।

28. **ਖੂਹ ਨਿਖੁੱਟ ਜਾਣੇ** (ਧਨ ਮੁੱਕ ਜਾਣਾ)— "ਪੁੱਤਰ, ਭਾਵੇਂ ਤੇਰੇ ਪਿਤਾ ਜੀ ਦੀ ਬਹੁਤ ਜਾਇਦਾਦ ਹੈ ਪਰ ਤੂੰ ਖ਼ੁਦ ਵੀ ਕੁਝ ਕੰਮ ਕਰਿਆ ਕਰ। ਵਿਹਲੇ ਬੈਠ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ," ਮਾਤਾ ਜੀ ਨੇ ਉਸ ਨੂੰ ਸਮਝਾਉਂਦਿਆ ਕਿਹਾ।

29. **ਖ਼ੂਨ ਸਫ਼ੇਦ ਹੋਣਾ** (ਰਿਸ਼ਤਿਆਂ ਵਿੱਚ ਮੋਹ-ਪਿਆਰ ਨਾ ਰਹਿਣਾ)— ਖ਼ੂਨ ਦੇ ਰਿਸ਼ਤਿਆਂ ਵਿੱਚ ਵੀ ਮੋਹ-ਪਿਆਰ ਨਹੀਂ ਰਿਹਾ। ਅਜੋਕੇ ਸਮੇਂ 'ਚ ਸਕੇ ਭੈਣ-ਭਰਾਵਾਂ ਦਾ ਵੀ ਖ਼ੂਨ ਸਫ਼ੇਦ ਹੋ ਗਿਆ ਹੈ।

30. **ਖੇਹ ਉਡਾਉਣੀ** (ਬਦਨਾਮੀ ਕਰਨੀ)—ਸਾਡੇ ਗੁਆਂਢੀਆਂ ਦੇ ਮੁੰਡੇ ਨੇ ਦਸਾਂ ਸਾਲਾਂ ਤੋਂ ਚੋਰੀਆਂ ਕਰਕੇ ਜੋ ਖੇਹ ਉਡਾਈ ਹੈ, ਉਸ ਨਾਲ਼ ਉਸ ਦਾ ਸਾਰਾ ਟੱਬਰ ਹੀ ਰੁਲ਼ ਗਿਆ ਹੈ।

31. ਖੰਭ ਲਾ ਕੇ ਉੱਡ ਜਾਣਾ (ਗੁੰਮ ਹੋ ਜਾਣਾ, ਥਹੁ-ਪਤਾ ਨਾ ਲੱਗਣਾ)— ਸਮਾਜ ਵਿੱਚ ਕੁਕਰਮ ਏਨੇ ਵੱਧ ਰਹੇ ਹਨ ਕਿ ਇਉਂ ਜਾਪਦਾ ਹੈ, ਜਿਵੇਂ ਨੈਤਿਕਤਾ ਤਾਂ ਖੰਭ ਲਾ ਕੇ ਹੀ ਉੱਡ ਗਈ ਹੈ।

32. ਖ਼ਾਨਾ ਖ਼ਰਾਬ ਹੋਣਾ (ਮੱਤ ਮਾਰੀ ਜਾਣੀ)— ਅਵਤਾਰ ਸਿੰਘ ਦਾ ਨਵਾਂ ਨੌਕਰ ਉਸ ਦੇ ਘਰੋਂ ਸਾਰੇ ਗਹਿਣੇ ਤੇ ਨਕਦੀ ਲੈ ਕੇ ਭੱਜ ਗਿਆ ਜਿਸ ਨਾਲ ਉਸ ਦਾ ਖ਼ਾਨਾ ਹੀ ਖ਼ਰਾਬ ਹੋ ਗਿਆ।

33. ਗੱਚ ਹੋਣਾ (ਬਿਲਕੁਲ ਗਿੱਲਾ ਹੋਣਾ)— ਕੱਲ੍ਹ ਸਕੂਲੋਂ ਛੁੱਟੀ ਹੋਣ ਵੇਲ਼ੇ ਏਨਾ ਤੇਜ਼ ਮੀਂਹ ਆਇਆ ਕਿ ਘਰ ਤੱਕ ਪਹੁੰਚਦਿਆਂ ਮੇਰੇ ਸਾਰੇ ਕੱਪੜੇ ਗੱਚ ਹੋ ਗਏ।

34. ਗੱਚ ਭਰ ਆਉਣਾ (ਦਿਲ ਭਰ ਆਉਣਾ)—ਪੜ੍ਹਨ ਦੀ ਉਮਰ ਵਿੱਚ ਛੋਟੇ-ਛੋਟੇ ਬੱਚਿਆਂ ਨੂੰ ਮਜ਼ਦੂਰੀ ਕਰਦਿਆਂ ਵੇਖ ਕੇ ਮੱਲੋ-ਮੱਲੀ ਗੱਚ ਭਰ ਆਉਂਦਾ ਹੈ।

ਜਾਂ

ਕੇਦਾਰਨਾਥ ਵਿੱਚ ਹੋਈ ਤਬਾਹੀ ਦੀਆਂ ਤਸਵੀਰਾਂ ਟੈਲੀਵੀਜ਼ਨ 'ਤੇ ਦੇਖ ਕੇ ਮੇਰਾ ਮੱਲੋ-ਮੱਲੀ ਗੱਚ ਭਰ ਆਇਆ।

35. ਗਲ਼ ਪੰਜਾਲ਼ੀ ਪਾ ਦੇਣਾ (ਜੰਜਾਲ਼ ਵਿੱਚ ਫਸਾ ਦੇਣਾ)— "ਬਿੱਟੀ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਹੈ। ਉਸ ਨੂੰ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹੀ ਹੋਣ ਦਿਓ। ਛੋਟੀ ਉਮਰ ਵਿੱਚ ਵਿਆਹ ਕਰਕੇ ਉਸ ਦੇ ਗਲ਼ ਪੰਜਾਲ਼ੀ ਨਾ ਪਾਓ," ਬਿੱਟੀ ਦੀ ਅਧਿਆਪਕਾ ਨੇ ਉਸ ਦੇ ਮਾਤਾ ਜੀ ਨੂੰ ਸਮਝਾਇਆ।

36. ਗਲ਼ੀਆਂ ਦੇ ਕੱਖਾਂ ਨਾਲ਼ੋਂ ਹੌਲ਼ੇ ਹੋਣਾ (ਕੋਈ ਸਤਿਕਾਰ ਨਾ ਰਹਿਣਾ)— ਗ਼ਰੀਬ ਦਾਸ ਦਾ ਰਿਸ਼ਵਤ ਨਾਲ਼ ਕਮਾਇਆ ਧਨ ਖ਼ਤਮ ਹੋ ਗਿਆ ਹੈ। ਹੁਣ ਉਸ ਨੂੰ ਕੋਈ ਨਹੀਂ ਪੁੱਛਦਾ। ਉਸ ਦੀ ਹਾਲਤ ਤਾਂ ਗਲ਼ੀਆਂ ਦੇ ਕੱਖਾਂ ਨਾਲ਼ੋਂ ਵੀ ਹੌਲ਼ੀ ਹੋ ਗਈ ਹੈ।

37. ਘਿਓ-ਸ਼ੱਕਰ ਹੋਣਾ (ਆਪੋ ਵਿੱਚ ਘੁਲ-ਮਿਲ਼ ਜਾਣਾ)— ਸੋਨੀਆ ਅਤੇ ਉਸ ਦੀ ਭਰਜਾਈ ਦੋਵੇਂ ਏਨਾ ਘਿਓ-ਸ਼ੱਕਰ ਹੋ ਕੇ ਰਹਿੰਦੀਆਂ ਹਨ ਕਿ ਵੇਖਣ ਵਾਲ਼ੇ ਦੋਂਹਾਂ ਨੂੰ ਸਕੀਆਂ ਭੈਣਾਂ ਹੀ ਸਮਝਦੇ ਹਨ।

38. ਚੱਟਮ ਕਰ ਜਾਣਾ (ਕੋਈ ਚੀਜ਼ ਸਾਰੀ ਖਾ ਜਾਣਾ)— ਮੇਰੇ ਮਾਤਾ ਜੀ ਨੇ ਹੋਸਟਲ ਵਿੱਚ ਰਹਿੰਦੀ ਮੇਰੀ ਵੱਡੀ ਭੈਣ ਪ੍ਰਭਜੋਤ ਕੌਰ ਨੂੰ ਕਾਫ਼ੀ ਸਾਰੀਆਂ ਖੋਏ ਦੀਆਂ ਪਿੰਨੀਆਂ ਬਣਾ ਕੇ ਦਿੱਤੀਆਂ। ਉਸ ਦੀਆਂ ਸਹੇਲੀਆਂ ਨੇ ਸਾਰੀਆਂ ਪਿੰਨੀਆਂ ਦੋ ਦਿਨਾਂ ਵਿੱਚ ਹੀ ਚੱਟਮ ਕਰ ਦਿੱਤੀਆਂ।

39. ਚਿੱਕੜ ਵਿੱਚ ਕੰਵਲ ਹੋਣਾ (ਬੇਦਾਗ਼ ਸ਼ਖ਼ਸੀਅਤ, ਸੁਘੜ ਮਨੁੱਖ ਹੋਣਾ, ਮਾਮੂਲੀ ਥਾਂ 'ਤੇ ਚੰਗੀ ਚੀਜ਼ ਦਾ ਹੋਣਾ)— ਉੱਘੇ ਸਾਹਿਤਕਾਰ, ਪੱਤਰਕਾਰ ਅਤੇ ਸਮਾਜ-ਸੁਧਾਰਕ ਗਿਆਨੀ ਦਿੱਤ ਸਿੰਘ ਆਪਣੇ ਇਹਨਾਂ ਗੁਣਾਂ ਕਾਰਨ ਹੀ ਜਿਵੇਂ ਚਿੱਕੜ ਵਿੱਚ ਉੱਗੇ ਕੰਵਲ ਵਾਂਗ ਸੀ।

40. ਚਿੜੀ ਨਾ ਫਟਕਣਾ (ਸ਼ਾਂਤੀ ਹੋਣੀ, ਕੋਈ ਨੇੜੇ ਨਾ ਆਉਣਾ)— "ਬੋਰਡ-ਪਰੀਖਿਆਵਾਂ ਲਈ ਕੇਂਦਰ ਬਣੀ ਇਸ ਸਕੂਲ ਦੀ ਇਮਾਰਤ ਨੇੜੇ ਪਰੀਖਿਆ ਦੇ ਸਮੇਂ ਦੌਰਾਨ ਚਿੜੀ ਵੀ ਨਹੀਂ ਫਟਕਣੀ," ਕੇਂਦਰ-ਸੁਪਰੰਡਟ ਬਲਜਿੰਦਰ ਸਿੰਘ ਨੇ ਪਰੀਖਿਆਰਥੀਆਂ ਨੂੰ ਸੰਬੋਧਨ ਕਰਦਿਆ ਹੋਇਆ ਕਿਹਾ।

41. ਢਿੱਲੀ ਹੋਣਾ (ਤਬੀਅਤ ਖ਼ਰਾਬ ਹੋਣਾ)— ਸਾਨੀਆ ਨਾ ਹਰੀਆਂ ਸਬਜ਼ੀਆਂ ਖਾਂਦੀ ਹੈ ਤੇ ਨਾ ਫਲ਼ ਖਾਣੇ ਪਸੰਦ ਕਰਦੀ ਹੈ। ਬੱਸ, ਨੂਡਲਜ਼ ਤੇ ਬਰਗਰ ਖਾਣੇ ਹੀ ਉਸ ਨੂੰ ਚੰਗੇ ਲੱਗਦੇ ਹਨ ਤਾਂ ਹੀ ਤਾਂ ਉਹ ਹਰ ਰੋਜ਼ ਢਿੱਲੀ ਰਹਿੰਦੀ ਹੈ।

42. ਛੱਤ ਸਿਰ 'ਤੇ ਚੁੱਕ ਲੈਣੀ (ਬਹੁਤ ਰੌਲ਼ਾ ਪਾਉਣਾ, ਬਹੁਤ ਉੱਚੀ-ਉੱਚੀ ਬੋਲਣਾ)— ਘੰਟੀ ਵੱਜਣ 'ਤੇ ਅਧਿਆਪਕ ਜੀ ਨੂੰ ਇੱਕ ਸ਼੍ਰੇਣੀ ਤੋਂ ਦੂਜੀ ਸ਼੍ਰੇਣੀ ਦੇ ਕਮਰੇ ਤੱਕ ਪਹੁੰਚਦਿਆਂ ਮਸਾਂ ਦੋ-ਤਿੰਨ ਮਿੰਟ ਲੱਗਦੇ ਹਨ ਪਰ ਏਨੀ ਦੇਰ ਵਿੱਚ ਹੀ ਸ਼ਰਾਰਤੀ ਬੱਚੇ ਛੱਤ ਸਿਰ 'ਤੇ ਚੁੱਕ ਲੈਂਦੇ ਹਨ।

43. ਛਾਈਂ-ਮਾਈਂ ਹੋਣਾ (ਲੁਕ ਜਾਣਾ, ਛੁਪ ਜਾਣਾ)— ਜਿਉਂ ਹੀ ਬਿੱਲੀ ਨੇ 'ਮਿਆਊਂ-ਮਿਆਊਂ' ਕੀਤਾ, ਚੂਹੇ ਸਕਿੰਟਾਂ ਵਿੱਚ ਹੀ ਛਾਈਂ-ਮਾਈਂ ਹੋ ਗਏ।

44. ਛਿੱਤਰ-ਪੌਲਾ ਹੋਣਾ (ਆਪਸ ਵਿੱਚ ਲੜਨਾ)— ਆਪਣੀ ਜਾਇਦਾਦ ਬੱਚਿਆਂ ਨੂੰ ਆਪਣੇ ਜਿਊਂਦੇ-ਜੀਅ ਹੀ ਵੰਡ ਦੇਣੀ ਚਾਹੀਦੀ ਹੈ, ਇਹ ਨਾ ਹੋਵੇ ਕਿ ਬਾਅਦ ਵਿੱਚ ਬੱਚੇ ਆਪਸ ਵਿੱਚ ਛਿੱਤਰ-ਪੌਲਾ ਹੁੰਦੇ ਰਹਿਣ।

ਜਾਂ

ਸੁਰਿੰਦਰ ਸਿੰਘ ਦਾ ਸੁਭਾਅ ਬਹੁਤ ਕੌੜਾ ਹੈ। ਅੱਗੋਂ ਉਸ ਦਾ ਗੁਆਂਢੀ ਦੇਵ ਰਾਜ ਵੀ ਘੱਟ ਨਹੀਂ। ਦੋਵੇਂ ਆਪਸ ਵਿੱਚ ਛਿੱਤਰ-ਪੌਲਾ ਹੁੰਦੇ ਰਹਿੰਦੇ ਹਨ।

45. **ਜਸ ਦਾ ਟਿੱਕਾ ਲੈਣਾ** (ਵਡਿਆਈ ਮਿਲਣਾ)— ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨ ਵਾਲਿਆਂ ਨੂੰ ਹਮੇਸ਼ਾਂ ਜਸ ਦਾ ਟਿੱਕਾ ਮਿਲਦਾ ਹੈ।

46. **ਜ਼ਮੀਨ-ਅਸਮਾਨ ਦੇ ਕਲਾਵੇ ਮੇਲ ਦੇਣੇ** (ਬੇਅੰਤ ਝੂਠੀਆਂ ਗੱਲਾਂ ਆਖਣੀਆਂ)— "ਜਿਸ ਦਿਨ ਤੋਂ ਤੂੰ ਗੁਰਮੀਤ ਦੇ ਮੂੰਹੋਂ ਉਸ ਦੇ ਵਿਦੇਸ਼ ਗਏ ਪੁੱਤਰ ਦੀਆਂ ਗੱਲਾਂ ਸੁਣੀਆਂ ਹਨ, ਉਸ ਦਿਨ ਤੋਂ ਹੀ ਤੂੰ ਵਿਦੇਸ਼ ਜਾਣ ਦਾ ਰੌਲ਼ਾ ਪਾ ਰਿਹਾ ਹੈਂ। ਉਸ ਦੀਆਂ ਗੱਲਾਂ ਸਚਾਈ ਤੋਂ ਕੋਹਾਂ ਦੂਰ ਹਨ। ਉਹ ਤਾਂ ਜ਼ਮੀਨ-ਅਸਮਾਨ ਦੇ ਕਲਾਵੇ ਮੇਲਣ ਵਿੱਚ ਮਾਹਰ ਹੈ।" ਪਿਤਾ ਨੇ ਪੁੱਤਰ ਨੂੰ ਸਮਝਾਉਂਦਿਆਂ ਕਿਹਾ।

47. **ਜਿਉਂਣਾ ਦੁੱਭਰ ਹੋਣਾ** (ਬੜੀ ਔਖ ਨਾਲ ਦਿਨ ਬਿਤਾਉਣਾ)— ਦਿਨੋ-ਦਿਨ ਵਧ ਰਹੀ ਮਹਿੰਗਾਈ ਕਾਰਨ ਲੋਕਾਂ ਲਈ ਜਿਊਂਣਾ ਦੁੱਭਰ ਹੋ ਰਿਹਾ ਹੈ।

48. **ਜੀਭ 'ਤੇ ਜਿੰਦਰਾ ਲਾਉਣਾ** (ਚੁੱਪ-ਚਾਪ ਰਹਿਣਾ, ਖ਼ਾਮੋਸ਼ ਰਹਿਣਾ)— ਕਮਜ਼ੋਰ ਧਿਰ ਨੂੰ ਜੀਭ 'ਤੇ ਜਿੰਦਰਾ ਲਾ ਕੇ ਤਾਕਤਵਰ ਧਿਰ ਦੇ ਜ਼ੁਲਮ ਸਹਿਣ ਨਹੀਂ ਕਰਨੇ ਚਾਹੀਦੇ ਸਗੋਂ ਇਹਨਾਂ ਵਿਰੁੱਧ ਅਵਾਜ਼ ਉਠਾਉਣੀ ਚਾਹੀਦੀ ਹੈ।

49. **ਜ਼ੁਬਾਨ ਪੂਰੀ ਕਰਨਾ** (ਬਚਨ ਪੂਰਾ ਕਰਨਾ, ਕਹੀ ਗੱਲ ਨਿਭਾਉਣੀ)— "ਗੁਰਨੂਰ ਨੇ ਦਸਵੀਂ ਸ਼੍ਰੇਣੀ ਦੀ ਮੈਰਿਟ-ਸੂਚੀ ਵਿੱਚ ਵਧੀਆ ਸਥਾਨ ਪ੍ਰਾਪਤ ਕਰ ਲਿਆ ਹੈ। ਹੁਣ ਤੁਸੀਂ ਵੀ ਆਪਣੀ ਜ਼ੁਬਾਨ ਪੂਰੀ ਕਰੋ, ਆਪਣੀ ਧੀ ਨੂੰ ਕੰਪਿਊਟਰ ਲੈ ਕੇ ਦਿਓ।" ਗੁਰਨੂਰ ਦੇ ਮਾਤਾ ਜੀ ਨੇ ਉਸ ਦੇ ਪਿਤਾ ਜੀ ਨੂੰ ਕਿਹਾ।

50. **ਝਾਂਸੇ ਵਿੱਚ ਆਉਣਾ** (ਕਿਸੇ ਦੇ ਦਿੱਤੇ ਲਾਲਚ ਜਾਂ ਗੱਲਾਂ ਵਿੱਚ ਫਸ ਜਾਣਾ)— "ਅਮਨ, ਜੇ ਤੂੰ ਵਿਦੇਸ਼ ਜਾਣਾ ਹੀ ਚਾਹੁੰਦਾ ਹੈਂ ਤਾਂ ਸਹੀ ਢੰਗ ਨਾਲ ਜਾਣ ਦਾ ਜਤਨ ਕਰ, ਐਵੇਂ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਕਿਤੇ ਆਪਣੇ ਪੱਲੇ ਦੀ ਪੂੰਜੀ ਵੀ ਨਾ ਗੁਆ, ਬੈਠੀਂ," ਅਮਨ ਨੂੰ ਉਸ ਦੇ ਅਧਿਆਪਕ ਨੇ ਸਮਝਾਇਆ।

51. **ਝੋਲ਼ੀ ਚੁੱਕਣੀ** (ਖ਼ੁਸ਼ਾਮਦ ਕਰਨੀ)— ਜਾਗਦੀ ਜ਼ਮੀਰ ਵਾਲ਼ਾ ਮਨੁੱਖ ਕਦੇ ਵੀ ਕਿਸੇ ਦੀ ਝੋਲ਼ੀ ਚੁੱਕਣੀ ਪਸੰਦ ਨਹੀਂ ਕਰਦਾ।

52. **ਟੱਸ ਤੋਂ ਮੱਸ ਨਾ ਹੋਣਾ** (ਰਤਾ ਵੀ ਪ੍ਰਵਾਹ ਨਾ ਕਰਨਾ)— ਸਰਹਿੰਦ ਦੇ ਨਵਾਬ ਨੇ ਸਾਹਿਬਜ਼ਾਦਿਆਂ ਨੂੰ ਬੜੇ ਲਾਲਚ ਦਿੱਤੇ ਕਿ ਉਹ ਆਪਣਾ ਧਰਮ ਤਿਆਗ ਕੇ ਇਸਲਾਮ ਧਰਮ ਗ੍ਰਹਿਣ ਕਰ ਲੈਣ ਪਰ ਉਹ ਟੱਸ ਤੋਂ ਮੱਸ ਨਾ ਹੋਏ।

53. **ਟਕੇ ਵਰਗਾ ਜਵਾਬ ਦੇਣਾ** (ਸਿੱਧੀ ਨਾਂਹ, ਕੋਰਾ ਜਵਾਬ)— ਅੱਜ ਸਵੇਰੇ ਖਾਣਾ ਬਣਾਉਂਦਿਆ ਅਚਾਨਕ ਗੈਸ ਖ਼ਤਮ ਹੋ ਗਈ, ਮੈਂ ਆਪਣੀ ਗੁਆਂਢਣ ਤੋਂ ਗੈਸ ਸਿਲੰਡਰ ਮੰਗਣ ਗਈ ਤਾਂ ਉਸ ਨੇ ਟਕੇ ਵਰਗਾ ਜਵਾਬ ਦੇ ਦਿੱਤਾ।

54. **ਠੰਢੇ ਦੁੱਧ ਨੂੰ ਫੂਕਾਂ ਮਾਰਨੀਆਂ** (ਬਹੁਤ ਸੋਹਲ ਹੋਣਾ, ਨਖ਼ਰੇ ਕਰਨੇ)— ਹਰਜੋਤ ਨੂੰ ਬਹੁਤ ਮੁਸ਼ਕਲ ਨਾਲ ਸਰਕਾਰੀ ਨੌਕਰੀ ਮਿਲ਼ੀ ਹੈ ਪਰ ਨੌਕਰੀ ਘਰ ਤੋਂ ਦੂਰ ਹੋਣ ਕਾਰਨ ਉਹ ਜਾਣਾ ਨਹੀਂ ਚਾਹੁੰਦਾ। ਉਸ ਦੇ ਪਿਤਾ ਜੀ ਨੇ ਕਿਹਾ,"ਹਰਜੋਤ, ਤੂੰ ਕਿਉਂ ਠੰਢੇ ਦੁੱਧ ਨੂੰ ਫੂਕਾਂ ਮਾਰਦਾ ਹੈ ? ਇੱਕ ਵਾਰ ਹਾਜ਼ਰ ਤਾਂ ਹੋ। ਫਿਰ ਘਰ ਦੇ ਨੇੜੇ ਦੀ ਬਦਲੀ ਵੀ ਹੋ ਜਾਵੇਗੀ।"

55. **ਡਾਡਾਂ ਨਿਕਲ ਜਾਣੀਆਂ** (ਆਪਮੁਹਾਰੇ ਉੱਚੀ-ਉੱਚੀ ਰੋ ਪੈਣਾ)— ਜਦੋਂ ਸੁਮਨ ਨੂੰ ਸੜਕ-ਦੁਰਘਟਨਾ ਵਿੱਚ ਆਪਣੇ ਮਾਤਾ ਜੀ ਦੀ ਮੌਤ ਹੋਣ ਦੀ ਖ਼ਬਰ ਮਿਲ਼ੀ ਤਾਂ ਉਸ ਦੀਆਂ ਡਾਡਾਂ ਨਿਕਲ ਗਈਆਂ।

56. **ਢਾਹੇ ਚੜ੍ਹਨਾ** (ਕਾਬੂ ਆ ਜਾਣਾ, ਕਿਸੇ ਦੀ ਚਲਾਕੀ ਵਿੱਚ ਫਸ ਜਾਣਾ)— ਸ਼ਰੀਕਾਂ ਦੇ ਢਾਹੇ ਚੜ੍ਹ ਕੇ ਪ੍ਰਿਤਪਾਲ ਨੇ ਆਪਣੇ ਸਕੇ ਭਰਾਵਾਂ ਤੋਂ ਵੀ ਮੂੰਹ ਮੋੜ ਲਿਆ।

57. **ਢੇਰੀ-ਢਾਹ ਬਹਿਣਾ** (ਹੌਸਲਾ ਛੱਡ ਦੇਣਾ, ਨਿਰਾਸ ਹੋਣਾ)— ਜ਼ਿੰਦਗੀ ਵਿੱਚ ਸੰਕਟਾਂ ਤੋਂ ਡਰ ਕੇ ਢੇਰੀ-ਢਾਹ ਦੇਣ ਨਾਲ ਕੁਝ ਨਹੀਂ ਬਣਦਾ ਸਗੋਂ ਅਜਿਹੇ ਵੇਲ਼ੇ ਹਿੰਮਤ ਨਾਲ ਸੰਘਰਸ਼ ਕਰਨਾ ਚਾਹੀਦਾ ਹੈ।

58. **ਤਰਲੋ-ਮੱਛੀ ਹੋਣਾ** (ਬਹੁਤ ਕਾਹਲ਼ਾ ਪੈਣਾ)— ਛੋਟਾ ਬੱਚਾ ਸੰਗਮਜੋਤ ਸਾਰਾ ਦਿਨ ਆਪਣੀ ਦਾਦੀ ਕੋਲ਼ ਖ਼ੁਸ਼ ਰਹਿੰਦਾ ਹੈ ਪਰ ਜਦੋਂ ਉਸ ਦੀ ਮਾਂ ਦਾ ਦਫ਼ਤਰੋਂ ਪਰਤਣ ਦਾ ਸਮਾਂ ਹੁੰਦਾ ਹੈ, ਉਦੋਂ ਉਹ ਤਰਲੋ-ਮੱਛੀ ਹੋਣ ਲੱਗ ਜਾਂਦਾ ਹੈ।

59. **ਤੱਤੀ 'ਵਾ ਵੀ ਨਾ ਲੱਗਣੀ** (ਜ਼ਰਾ ਵੀ ਤਕਲੀਫ਼ ਨਾ ਹੋਣ ਦੇਣਾ)— ਮਾਪੇ ਆਪ ਤਾਂ ਦੁੱਖ ਝੱਲ ਲੈਂਦੇ ਹਨ ਪਰ ਜਿੱਥੋਂ ਤੱਕ ਹੋ ਸਕੇ ਆਪਣੇ ਬੱਚਿਆਂ ਨੂੰ ਤੱਤੀ 'ਵਾ ਵੀ ਨਹੀਂ ਲੱਗਣ ਦਿੰਦੇ।

60. **ਤਿਲ ਧਰਨ ਨੂੰ ਥਾਂ ਨਾ ਹੋਣਾ** (ਬਹੁਤ ਭੀੜ ਹੋਣਾ)— ਬਸੰਤ-ਪੰਚਮੀ ਵਾਲੇ ਦਿਨ ਪਟਿਆਲੇ ਦੇ ਗੁਰਦਵਾਰੇ, ਦੁਖ ਨਿਵਾਰਨ ਸਾਹਿਬ ਵਿਖੇ ਤਿਲ ਧਰਨ ਨੂੰ ਥਾਂ ਵੀ ਨਹੀਂ ਹੁੰਦੀ।

61. **ਥਰ-ਥਰ ਕੰਬਣਾ** (ਬਹੁਤ ਡਰ ਜਾਣਾ)— ਭੀੜ ਭਰੇ ਬਜ਼ਾਰ ਵਿੱਚ ਚੋਰ ਇੱਕ ਔਰਤ ਦਾ ਪਰਸ ਖੋਹ ਕੇ ਭੱਜਣ ਲੱਗਾ ਸੀ ਪਰ ਅਚਾਨਕ ਪੁਲਿਸ-ਇਨਸਪੈੱਕਟਰ ਸ਼ਮਸ਼ੇਰ ਸਿੰਘ ਨੂੰ ਸਾਮ੍ਹਣੇ ਵੇਖ ਕੇ ਉਹ ਥਰ-ਥਰ ਕੰਬਣ ਲੱਗ ਪਿਆ।

62. **ਦਸਾਂ ਨਹੁੰਆਂ ਦੀ ਕਿਰਤ ਕਰਨਾ** (ਮਿਹਨਤ-ਮੁਸ਼ੱਕਤ ਦੀ ਕਮਾਈ ਕਰਨਾ, ਹੱਕ ਦੀ ਕਮਾਈ ਕਰਨਾ)— ਦਸਾਂ ਨਹੁੰਆਂ ਦੀ ਕਿਰਤ ਕਰਨਾ ਪੰਜਾਬੀਆਂ ਦੀ ਜੀਵਨ-ਜਾਚ ਦਾ ਪ੍ਰਸੰਸਾਯੋਗ ਗੁਣ ਹੈ।

63. **ਦੰਦਾਂ ਹੇਠਾਂ ਜੀਭ ਦੇਣਾ** (ਸਬਰ ਕਰਨਾ, ਚੁੱਪ-ਚਾਪ ਦੁੱਖ ਸਹਾਰਨਾ)— "ਮੈਂ ਬਥੇਰਾ ਸਹੁਰੇ-ਘਰ ਦੀਆਂ ਵਧੀਕੀਆਂ ਨੂੰ ਦੰਦ ਹੇਠ ਜੀਭ ਦੇ ਕੇ ਝੱਲ ਲਿਆ ਪਰ ਹੁਣ ਹੋਰ ਝੱਲਣਾ ਬਹੁਤ ਔਖਾ ਹੈ," ਦੁਖੀ ਹੋਈ ਧੀ ਨੇ ਆਪਣੀ ਮਾਂ ਨੂੰ ਕਿਹਾ।

64. **ਦਿਲ 'ਤੇ ਲਾਉਣਾ** (ਅਸਰ ਹੋਣਾ, ਬਹੁਤ ਫ਼ਿਕਰ ਕਰਨਾ)— ਜ਼ਿੰਦਗੀ ਵਿੱਚ ਬਥੇਰੇ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ, ਐਵੇਂ ਨਿੱਕੀ-ਨਿੱਕੀ ਗੱਲ ਨੂੰ ਦਿਲ 'ਤੇ ਲਾਉਣ ਨਾਲ਼ ਗੁਜ਼ਾਰਾ ਨਹੀਂ ਹੁੰਦਾ।

65. **ਧੁੜਕੂ ਲੱਗਣਾ** (ਚਿੰਤਾ ਰਹਿਣੀ)— ਦਸਵੀਂ ਸ਼੍ਰੇਣੀ ਵਿੱਚ ਸਾਰੇ ਪਰਚੇ ਬਹੁਤ ਵਧੀਆ ਹੋਏ ਸਨ ਪਰ ਫਿਰ ਵੀ ਜਦੋਂ ਤੱਕ ਮੈਂ ਇੰਟਰਨੈੱਟ 'ਤੇ ਆਪਣੀਆਂ ਅੱਖਾਂ ਨਾਲ਼ ਆਪਣਾ ਨਤੀਜਾ ਵੇਖ ਨਹੀਂ ਲਿਆ, ਉਦੋਂ ਤੱਕ ਮੈਨੂੰ ਧੁੜਕੂ ਲੱਗਿਆ ਰਿਹਾ।

66. **ਧੌਲ਼ਿਆਂ ਦੀ ਲਾਜ ਰੱਖਣਾ** (ਵੱਡਿਆਂ ਦੀ ਇੱਜ਼ਤ ਕਰਨਾ)— ਸਾਨੂੰ ਆਪਣੇ ਤੋਂ ਵੱਡਿਆਂ ਤੇ ਬਜ਼ੁਰਗਾਂ ਦੀ ਇੱਜ਼ਤ ਕਰਨੀ ਚਾਹੀਦੀ ਹੈ। ਜੇ ਕਦੇ ਗ਼ੁੱਸੇ ਵਿੱਚ ਕੁਝ ਕਹਿ ਵੀ ਦੇਣ ਤਾਂ ਵੀ ਅੱਗੇ ਨਹੀਂ ਬੋਲਣਾ ਚਾਹੀਦਾ ਸਗੋਂ ਉਹਨਾਂ ਦੇ ਧੌਲ਼ਿਆਂ ਦੀ ਲਾਜ ਰੱਖਣੀ ਚਾਹੀਦੀ ਹੈ।

67. **ਨਹੁੰ-ਮਾਸ ਦਾ ਰਿਸ਼ਤਾ ਹੋਣਾ** (ਬਹੁਤ ਗੂੜ੍ਹਾ ਸੰਬੰਧ ਹੋਣਾ)— ਪੰਜਾਬ ਵਿੱਚ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ, ਇਹ ਕਦੇ ਵੀ ਟੁੱਟ ਨਹੀਂ ਸਕਦਾ।

68. **ਨੱਕ ਥੱਲੇ ਨਾ ਆਉਣਾ** (ਬਿਲਕੁਲ ਪਸੰਦ ਨਾ ਕਰਨਾ)— "ਮਨਿੰਦਰ, ਆਪਣਾ ਸੂਟ ਖਰੀਦਣ ਲਈ ਤੂੰ ਮੇਰੇ ਨਾਲ਼ ਹੀ ਬਜ਼ਾਰ ਚੱਲ ਕਿਉਂਕਿ ਮੇਰਾ ਲਿਆਂਦਾ ਤਾਂ ਤੇਰੇ ਨੱਕ ਥੱਲੇ ਨਹੀਂ ਆਉਂਦਾ," ਮਨਿੰਦਰ ਦੇ ਮਾਤਾ ਜੀ ਨੇ ਕਿਹਾ।

69. **ਪਾਣੀ ਸਿਰੋਂ ਲੰਘਣਾ** (ਅਤਿ ਹੋ ਜਾਣਾ, ਹੱਦੋਂ ਵਧ ਜਾਣਾ)— ਗੁਰਜੀਤ ਨਸ਼ਿਆਂ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਫਸ ਚੁੱਕਿਆ ਹੈ। ਹੁਣ ਤਾਂ ਪਾਣੀ ਸਿਰੋਂ ਲੰਘ ਚੁੱਕਾ ਹੈ, ਕਿਸੇ ਤਰ੍ਹਾਂ ਉਸ ਨੂੰ ਇਸ ਦਲਦਲ ਵਿੱਚੋਂ ਬਾਹਰ ਕੱਢੀਏ।

ਜਾਂ

ਕਿਸੇ ਦੇ ਜ਼ੁਲਮ ਨੂੰ ਇੱਕ ਹੱਦ ਤੱਕ ਹੀ ਸਹਿਣ ਕੀਤਾ ਜਾ ਸਕਦਾ ਹੈ ਜਦੋਂ ਪਾਣੀ ਸਿਰੋਂ ਲੰਘ ਜਾਵੇ ਫਿਰ ਜ਼ੁਲਮ ਕਰਨ ਵਾਲ਼ੇ ਨੂੰ ਸਬਕ ਸਿਖਾਉਣਾ ਜ਼ਰੂਰੀ ਹੋ ਜਾਂਦਾ ਹੈ।

70. **ਪੁੱਠੀਆਂ ਛਾਲ਼ਾਂ ਮਾਰਨੀਆਂ** (ਬਹੁਤ ਖ਼ੁਸ਼ ਹੋਣਾ)— ਅੱਜ ਰਵੀ ਦਾ ਗਿਆਰ੍ਹਵੀਂ ਜਮਾਤ ਦਾ ਨਤੀਜਾ ਘੋਸ਼ਿਤ ਹੋਣਾ ਸੀ। ਉਹ ਪੁੱਠੀਆਂ ਛਾਲ਼ਾਂ ਮਾਰਦਾ ਆ ਰਿਹਾ ਹੈ। ਲੱਗਦਾ ਹੈ,ਉਸ ਨੇ ਬਹੁਤ ਚੰਗੇ ਅੰਕ ਪ੍ਰਾਪਤ ਕੀਤੇ ਹਨ।

71. **ਫ਼ਸਲੀ ਬਟੇਰਾ ਹੋਣਾ** (ਮਤਲਬ ਵੇਲ਼ੇ ਨੇੜੇ ਆਉਣ ਵਾਲ਼ਾ)— ਜਗਦੇਵ ਨੂੰ ਸੱਚਾ ਮਿੱਤਰ ਸਮਝਣ ਦੀ ਗ਼ਲਤੀ ਨਾ ਕਰ, ਉਹ ਤਾਂ ਫ਼ਸਲੀ ਬਟੇਰਾ ਹੈ ਅੱਜ ਉਹਨੂੰ ਪੈਸਿਆਂ ਦੀ ਲੋੜ ਹੈ ਤਾਂ ਹੀ ਉਹ ਤੇਰੇ ਨੇੜੇ ਲੱਗ ਰਿਹਾ ਹੈ।

72. **ਫੁੱਲੇ ਨਾ ਸਮਾਉਣਾ** (ਬਹੁਤ ਖ਼ੁਸ਼ ਹੋਣਾ)— ਜਦੋਂ ਸੰਗਮ ਨੇ ਬਾਰ੍ਹਵੀਂ ਵਿੱਚ ਵਜ਼ੀਫ਼ਾ ਪ੍ਰਾਪਤ ਕੀਤਾ ਤਾਂ ਉਸ ਦੇ ਮਾਪੇ ਖ਼ੁਸ਼ੀ ਵਿੱਚ ਫੁੱਲੇ ਨਾ ਸਮਾਏ।

73. **ਫੁੱਲਾਂ ਵਾਂਗ ਰੱਖਣਾ** (ਬਹੁਤ ਪਿਆਰ ਤੇ ਲਾਡ ਨਾਲ਼ ਰੱਖਣਾ)— ਪਰਮਜੀਤ ਕੌਰ ਨੇ ਆਪਣੀ ਨੂੰਹ ਗੁਰਪ੍ਰੀਤ ਕੌਰ ਨੂੰ ਫੁੱਲਾਂ ਵਾਂਗ ਰੱਖਿਆ ਹੋਇਆ ਹੈ।

74. **ਬਾਤ ਦਾ ਬਤੰਗੜ ਬਣਾਉਣਾ** (ਨਿੱਕੀ-ਜਿਹੀ ਗੱਲ ਨੂੰ ਵਧਾ ਕੇ ਝਗੜਾ ਖੜ੍ਹਾ ਕਰ ਦੇਣਾ)— ਜਗਨੇ ਕੋਲ਼ ਤਾਂ ਕੋਈ ਗੱਲ ਨਹੀਂ ਕਰਨੀ ਚਾਹੀਦੀ, ਬਾਤ ਦਾ ਬਤੰਗੜ ਬਣਾਉਣਾ ਉਸ ਦੀ ਪੁਰਾਣੀ ਆਦਤ ਹੈ।

75. **ਭਾਂਡਾ ਚੁਰਾਹੇ ਵਿੱਚ ਭੱਜਣਾ** (ਪਾਜ ਉੱਘੜ ਜਾਣਾ)— ਸੇਠ ਧਨਪਤ ਰਾਏ ਨੂੰ ਪੂਰੇ ਇਲਾਕੇ ਵਿੱਚ ਦਾਨੀ ਤੇ ਸਮਾਜ-ਸੇਵਕ ਸਮਝਿਆ ਜਾਂਦਾ ਸੀ ਪਰ ਜਦੋਂ ਉਸ ਦੁਆਰਾ ਛੋਟੇ ਬੱਚਿਆਂ ਤੋਂ ਆਪਣੀਆਂ ਫ਼ੈਕਟਰੀਆਂ ਵਿੱਚ ਕੰਮ ਕਰਵਾਉਣ ਦੀ ਅਸਲੀਅਤ ਸਾਮ੍ਹਣੇ ਆਈ ਤਾਂ ਉਸ ਦਾ ਭਾਂਡਾ ਚੁਰਾਹੇ ਵਿੱਚ ਭੱਜ ਗਿਆ।

76. **ਮੂੰਹ 'ਤੇ ਹਵਾਈਆਂ ਉੱਡਣੀਆਂ** (ਸਹਿਮ ਜਾਣਾ, ਡਰ ਜਾਣਾ)— ਪੁਲਿਸ ਦੇ ਘੇਰੇ ਵਿੱਚ ਆ ਜਾਣ 'ਤੇ ਸਮਗਲਰ ਦੇ ਮੂੰਹ 'ਤੇ ਹਵਾਈਆਂ ਉੱਡਣ ਲੱਗ ਪਈਆਂ।

77. **ਰੱਤ ਖੌਲਣ ਲੱਗਣੀ** (ਬੜਾ ਗੁੱਸਾ ਆ ਜਾਣਾ)— "ਜੱਲ੍ਹਿਆਂਵਾਲੇ ਬਾਗ਼ ਦੇ ਇਤਿਹਾਸ ਨੂੰ ਪੜ੍ਹ ਕੇ ਹੁਣ ਵੀ ਰੱਤ ਖੌਲਣ ਲੱਗ ਜਾਂਦੀ ਹੈ," ਅਧਿਆਪਕ ਨੇ ਜਮਾਤ ਵਿੱਚ ਬੱਚਿਆਂ ਨੂੰ ਕਿਹਾ।

78. **ਰੰਗ ਵਿੱਚ ਭੰਗ ਪਾਉਣਾ** (ਖ਼ੁਸ਼ੀ ਵਿੱਚ ਵਿਘਨ ਪਾਉਣਾ)— ਵਿਆਹ ਦਾ ਸਮਾਗਮ ਬਹੁਤ ਵਧੀਆ ਚੱਲ ਰਿਹਾ ਸੀ ਪਰ ਕੁਝ ਸ਼ਰਾਬੀ ਬਰਾਤੀਆਂ ਨੇ ਖ਼ਰੂਦ ਕਰਕੇ ਰੰਗ ਵਿੱਚ ਭੰਗ ਪਾ ਦਿੱਤਾ।

79. **ਲਗਾਮ ਢਿੱਲੀ ਛੱਡ ਦੇਣੀ** (ਹੱਦੋਂ ਵੱਧ ਖੁੱਲ੍ਹ ਦੇ ਕੇ ਰੱਖਣੀ)— ਬੇਸ਼ੱਕ ਇਹ ਗੱਲ ਠੀਕ ਹੈ ਕਿ ਬੱਚਿਆਂ ਉੱਤੇ ਬਹੁਤੀ ਸਖ਼ਤੀ ਨਹੀਂ ਕਰਨੀ ਚਾਹੀਦੀ ਪਰ ਉਹਨਾਂ ਦੀ ਲਗਾਮ ਏਨੀ ਢਿੱਲੀ ਵੀ ਨਹੀਂ ਛੱਡਣੀ ਚਾਹੀਦੀ ਕਿ ਬੱਚੇ ਆਪਹੁਦਰੇ ਹੋ ਕੇ ਆਪਣੇ ਰਾਹੋਂ ਭਟਕ ਜਾਣ।

80. **ਬਾਤ ਪੁੱਛਣੀ** (ਸਾਰ ਲੈਣੀ)— ਵਿਧਵਾ ਰਤਨ ਕੌਰ ਨੇ ਖ਼ੁਦ ਖੇਤੀ-ਬਾੜੀ ਕਰਕੇ ਆਪਣੇ ਬੱਚਿਆਂ ਨੂੰ ਪੈਰਾਂ 'ਤੇ ਖੜ੍ਹੇ ਹੋਣਯੋਗ ਬਣਾਇਆ ਹੈ, ਪੇਕਿਆਂ-ਸਹੁਰਿਆਂ ਨੇ ਕਦੇ ਉਸ ਦੀ ਬਾਤ ਨਹੀਂ ਪੁੱਛੀ।

81. **ਵਾਛਾਂ ਖਿੜ ਜਾਣੀਆਂ** (ਖ਼ੁਸ਼ ਹੋ ਜਾਣਾ)— ਦਿਵਾਲ਼ੀ ਮੌਕੇ ਮਾਂ ਵੱਲੋਂ ਦਿੱਤੇ ਗਏ ਸੋਹਣੇ-ਸੋਹਣੇ ਤੋਹਫ਼ੇ ਦੇਖ ਕੇ ਪ੍ਰਭਜੋਤ ਦੀਆਂ ਵਾਛਾਂ ਖਿੜ ਗਈਆਂ।

❋ ❋ ❋

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ**